ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Thursday, 8 May, 2025) ਪਟਿਆਲਾ ਵੀਰਵਾਰ, 8 ਮਈ, 2025, 26 ਵੈਸਾਖ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 126 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਮੋਦੀ ਵੱਲੋਂ ਤਿੰਨ ਦੇਸ਼ਾਂ ਦਾ ਦੌਰਾ ਰੱਦ

ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ 'ਤੇ ਕੀਤੇ ਹਵਾਈ ਹਮਲੇ ਤੋਂ ਕੁਝ ਘੰਟੇ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕ੍ਰੋਏਸ਼ੀਆ, ਨਾਰਵੇ ਤੇ ਨੀਦਰਲੈਂਡ ਦੀ ਆਪਣੀ ਅਗਾਮੀ ਤਿੰਨ ਮੁਲਕੀ ਫੇਰੀ ਰੱਦ ਕਰ ਦਿੱਤੀ ਹੈ।ਇਸ ਤੋਂ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮਾਸਕੋ ਦੀ ਵਿਕਟਰੀ ਡੇਅ ਪਰੇਡ ਸਮਾਗਮ ਲਈ ਰੂਸ ਦਾ ਆਪਣਾ ਦੌਰਾ ਰੱਦ ਕੀਤਾ ਸੀ। ਸਿੰਘ ਦੀ ਥਾਂ ਹੁਣ ਰੱਖਿਆ ਰਾਜ ਮੰਤਰੀ ਸੰਜੈ ਸੇਠ ਮਾਸਕੋ ਜਾਣਗੇ।



# ਫਿਰੋਜ਼ਪੁਰ 'ਚ ਸਰਹੱਦ ਪਾਰੋਂ ਚਲਾਏ ਜਾ ਰਹੇ ਨਾਰਕੋ ਨੈੱਟਵਰਕ ਦਾ ਪਰਦਾਫਾਸ਼, 5 ਕਿੱਲੋ ਹੈਰੋਇਨ, ਦੋ ਪਿਸਤੌਲਾਂ ਸਮੇਤ 3 ਕਾਬੂ

## ਪਾਕਿਸਤਾਨ ਅਧਾਰਤ ਤਸਕਰਾਂ ਵੱਲੋਂ ਡਰੋਨ ਦੀ ਵਰਤੋਂ ਕਰਕੇ ਭੇਜੀਆਂ ਗਈਆਂ ਸਨ ਖੇਪਾਂ : ਡੀ.ਜੀ.ਪੀ.




ਚੰਡੀਗੜ੍ਹ/ਫਿਰੋਜ਼ਪੁਰ, 7 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਅਤੇ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਫਿਰੋਜ਼ਪੁਰ ਨੇ ਦੋ ਵੱਖ -ਵੱਖ ਕਾਰਵਾਈਆਂ ਵਿੱਚ 5.4 ਕਿੱਲੋ ਹੈਰੋਇਨ, ਦੋ 7.65 ਐਮਐਮ ਚੀਨ ਦੀਆਂ ਬਣੀਆਂ ਪਿਸਤੌਲਾਂ, ਚਾਰ ਮੈਗਜ਼ੀਨਾਂ ਅਤੇ ਇੱਕ ਪਿਸਤੌਲ ਸਲਾਈਡ ਸਮੇਤ ਤਿੰਨ ਤਸਕਰਾਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਸਰਹੱਦ ਪਾਰੋਂ ਚਲਾਏ ਜਾਂਦੇ ਨਾਰਕੋ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੰਦੀਪ ਸਿੰਘ ਅਤੇ ਜੱਜ ਸਿੰਘ, ਦੋਵੇਂ ਵਾਸੀ ਪਿੰਡ ਕਮਾਲ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਅਤੇ ਬੱਬੂ ਸਿੰਘ ਉਰਫ਼ ਬੱਬੂ ਵਾਸੀ ਪਿੰਡ ਜੱਲੋ ਕੇ, ਫਿਰੋਜ਼ਪੁਰ ,ਵਜੋਂ ਹੋਈ ਹੈ ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਹ ਖੇਪ ਪਾਕਿਸਤਾਨ ਸਥਿਤ ਤਸਕਰਾਂ ਵੱਲੋਂ ਸਰਹੱਦ ਪਾਰੋਂ ਡਰੋਨ ਦੀ ਵਰਤੋਂ ਕਰਕੇ ਭੇਜੀ ਗਈ ਸੀ। ਉਹਨਾਂ ਕਿਹਾ ਕਿ ਪੂਰੇ ਨੈੱਟਵਰਕ ਦਾ ਪਤਾ ਲਗਾਉਣ ਲਈ ਅਗਲੇਰੇ ਪਿਛਲੇਰੇ ਸਬੰਧ ਸਥਾਪਤ ਕਰਨ ਲਈ ਜਾਂਚ ਜਾਰੀ ਹੈ।

ਪਹਿਲੇ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਏਆਈਜੀ ਸੀ.ਆਈ. ਫਿਰੋਜ਼ਪੁਰ ਗੁਰਸੇਵਕ ਸਿੰਘ ਨੇ ਕਿਹਾ ਕਿ ਭਰੋਸੇਯੋਗ ਸੂਤਰਾਂ ਦੀ ਖੁਫੀਆ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਸੀਆਈ ਫਿਰੋਜ਼ਪੁਰ ਦੀਆਂ ਪੁਲਿਸ ਟੀਮਾਂ ਨੇ ਫਿਰੋਜ਼ਪੁਰ ਦੇ ਪਿੰਡ ਕੋਤਵਾਲ ਦੇ ਲਿੰਕ ਰੋਡ 'ਤੇ ਸਥਿਤ ਸਰਕਾਰੀ ਕਾਲਜ, ਮੋਹਕਮ ਵਾਲਾ ਨੇੜੇ ਛਾਪੇਮਾਰੀ ਕੀਤੀ ਅਤੇ ਮੁਲਜ਼ਮ ਸੰਦੀਪ ਸਿੰਘ ਅਤੇ ਜੱਜ ਸਿੰਘ ਨੂੰ 465 ਗਰਾਮ ਹੈਰੋਇਨ ਅਤੇ ਦੋ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਪਿਸਤੌਲ ਸਲਾਈਡਰ ਨਾਲ ਗ੍ਰਿਫ਼ਤਾਰ ਕਰ ਲਿਆ ।

ਉਹਨਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਦੋਸ਼ੀ ਆਪਣੇ ਹੀਰੋ ਹੌਂਡਾ ਮੋਟਰਸਾਈਕਲ (ਪੀਬੀ- 05-ਆਰ-3298) ਤੇ ਕਿਸੇ ਨੂੰ ਖੇਪ ਪਹੁੰਚਾਉਣ ਜਾ ਰਹੇ ਸਨ। ਉਹਨਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਸ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ ਅਤੇ ਇਸ ਸਬੰਧ ਵਿੱਚ, ਫਿਰੋਜ਼ਪੁਰ ਦੇ ਥਾਣਾ ਕੁਲਗੜ੍ਹੀ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21 -ਸੀ ਅਤੇ 29 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰਬਰ 52 ਮਿਤੀ 06/05/2025 ਨੂੰ ਦੇਸ ਦਰਜ ਕੀਤਾ ਗਿਆ ਹੈ।

ਦੂਜੇ ਆਪ੍ਰੇਸ਼ਨ ਬਾਰੇ ਏਆਈਜੀ ਗੁਰਸੇਵਕ ਸਿੰਘ ਨੇ ਦੱਸਿਆ ਕਿ ਪ੍ਰਾਪਤ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਫਿਰੋਜ਼ਪੁਰ ਦੇ ਪਿੰਡ ਭਾਖੜਾ ਵਿੱਚ ਸਥਿਤ ਉਸਦੇ ਖੇਤ ਤੋਂ 5 ਕਿਲੋ ਹੈਰੋਇਨ ਬਰਾਮਦ ਕਰਕੇ ਨਸ਼ਾ ਤਸਕਰ ਬੱਬੂ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧ ਵਿੱਚ, ਥਾਣਾ ਸਦਰ ਫਿਰੋਜ਼ਪੁਰ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21- ਸੀ ਅਤੇ 29 ਤਹਿਤ ਐਫਆਈਆਰ ਨੰਬਰ 86 ਮਿਤੀ 07/05/2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਇੰਦਰਪਾਲ ਸਿੰਘ ਧੰਨਾ ਨੇ ਪੰਜਾਬ ਸੂਚਨਾ ਕਮਿਸ਼ਨ ਵਿੱਚ ਨਵੀਂ ਲਾਇਬ੍ਰੇਰੀ ਦਾ ਕੀਤਾ ਉਦਘਾਟਨ



ਚੰਡੀਗੜ੍ਹ, 7 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਸ੍ਰੀ ਇੰਦਰਪਾਲ ਸਿੰਘ ਧੰਨਾ ਨੇ ਅੱਜ ਪੰਜਾਬ ਸੂਚਨਾ ਕਮਿਸ਼ਨ ਵਿੱਚ ਨਵੀਂ ਸਥਾਪਿਤ ਕੀਤੀ ਗਈ ਲਾਇਬ੍ਰੇਰੀ ਦਾ ਉਦਘਾਟਨ ਕੀਤਾ।

ਇਸ ਮੌਕੇ 'ਤੇ ਸੂਚਨਾ ਕਮਿਸ਼ਨਰ ਸ੍ਰੀ ਸੰਦੀਪ ਸਿੰਘ ਧਾਲੀਵਾਲ, ਵਰਿੰਦਰਜੀਤ ਸਿੰਘ ਬਿਲਿੰਗ, ਡਾ. ਭੁਪਿੰਦਰ ਸਿੰਘ ਬਾਥ, ਹਰਪ੍ਰੀਤ ਸੰਧੂ ਅਤੇ ਸ੍ਰੀਮਤੀ ਪੂਜਾ ਗੁਪਤਾ ਵੀ ਮੌਜੂਦ ਸਨ।

ਉਹਨਾਂ ਕਿਹਾ ਕਿ ਲਾਇਬ੍ਰੇਰੀ ਵਿੱਚ ਖਾਸ ਤੌਰ 'ਤੇ ਪਾਰਦਰਸ਼ਤਾ ਕਾਨੂੰਨਾਂ, ਪ੍ਰਸ਼ਾਸਕੀ ਪ੍ਰਕਿਰਿਆਵਾਂ, ਸ਼ਾਸਨ ਸੁਧਾਰਾਂ ਅਤੇ ਵੱਖ—ਵੱਖ ਸੂਚਨਾ ਕਮਿਸ਼ਨਾਂ ਅਤੇ ਅਦਾਲਤਾਂ ਵੱਲੋਂ ਦਿੱਤੇ ਗਏ ਮਹੱਤਵਪੂਰਨ ਫੈਸਲਿਆਂ ਸੰਬੰਧੀ ਲਿਖਤਾਂ ਮੌਜੂਦ ਹੋਣਗੀਆਂ। ਇਹਨਾਂ ਵਿਚ ਪੰਜਾਬੀ ਅਤੇ ਅੰਗਰੇਜ਼ੀ ਦੋਵਾਂ ਭਾਸ਼ਾਵਾਂ ਕਿਤਾਬਾਂ ਉਪਬਲਬਧ ਕਰਵਾਉਣ ਦੀ ਕੋਸ਼ਿਸ਼ ਹੈ ਤਾਂ ਜੋ ਵਿਆਪਕ ਪਾਠਕ ਵਰਗ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।

ਮੁੱਖ ਸੂਚਨਾ ਕਮਿਸ਼ਨਰ ਸ੍ਰੀ ਇੰਦਰਪਾਲ ਸਿੰਘ ਧੰਨਾ ਨੇ ਲਾਇਬ੍ਰੇਰੀ ਦੀ ਸਥਾਪਨਾ ਵਿੱਚ ਸੂਚਨਾ ਕਮਿਸ਼ਨਰ ਸ੍ਰੀ ਹਰਪ੍ਰੀਤ ਸੰਧੂ ਵੱਲੋਂ ਪਾਏ ਗਏ ਯੋਗਦਾਨ ਅਤੇ ਇਮਾਨਦਾਰ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਲਾਇਬ੍ਰੇਰੀ ਦੇ ਰੂਪ ਵਿੱਚ ਇਹ ਵਡਮੁੱਲੀ ਸਹੂਲਤ ਸਿਰਫ਼ ਕਮਿਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਹੀ ਨਹੀਂ ਸਗੋਂ ਪਾਰਦਰਸ਼ਤਾ ਸਬੰਧੀ ਮਸਲਿਆਂ ਨੂੰ ਡੂੰਘਾਈ ਨਾਲ ਸਮਝਣ ਜਾਂ ਰੁਚੀ ਰੱਖਣ ਵਾਲੇ ਵਿਦਵਾਨਾਂ, ਖੋਜਾਰਥੀਆਂ ਅਤੇ ਹੋਰਨਾਂ ਲਈ ਵੀ ਇੱਕ ਅਹਿਮ ਸਰੋਤ ਕੇਂਦਰ ਵਜੋਂ ਕੰਮ ਕਰੇਗੀ।

# ਪੰਜਾਬ ਦੇ ਰਾਜਪਾਲ ਨੇ ਮੁੱਖ ਮੰਤਰੀ ਦੀ ਮੌਜੂਦਗੀ ਵਿੱਚ ਪੀ.ਪੀ.ਐਸ.ਸੀ. ਚੇਅਰਮੈਨ ਨੂੰ ਸਹੁੰ ਚੁਕਾਈ




ਚੰਡੀਗੜ੍ਹ, 7 ਮਈ, (ਚ.ਨ.ਸ.) : ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਮੌਜੂਦਗੀ ਵਿੱਚ ਪੰਜਾਬ ਲੋਕ ਸੇਵਾ ਕਮਿਸਨ (ਪੀ.ਪੀ.ਐਸ.ਸੀ.) ਨਵ-ਨਿਯੁਕਤ ਚੇਅਰਮੈਨ ਮੇਜਰ ਜਨਰਲ (ਸੇਵਾਮੁਕਤ) ਵਿਨਾਇਕ ਸੈਣੀ ਨੂੰ ਅਹੁਦੇ ਦੀ ਸਹੁੰ ਚੁਕਾਈ।

ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਇੱਥੇ ਪੰਜਾਬ ਰਾਜ ਭਵਨ ਵਿਖੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਚਲਾਈ।

ਨਵੇਂ ਪੀ.ਪੀ.ਐਸ.ਸੀ. ਚੇਅਰਮੈਨ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਰਦਰਸੀ ਢੰਗ ਨਾਲ ਵੱਖ-ਵੱਖ ਅਹੁਦਿਆਂ 'ਤੇ ਯੋਗ ਉਮੀਦਵਾਰਾਂ ਦੀ ਚੋਣ ਲਈ ਪੀ.ਪੀ.ਐਸ.ਸੀ. ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਦਸੰਬਰ 1987 ਵਿੱਚ ਕੋਰ ਆਫ ਇੰਜਨੀਅਰਜ ਵਿੱਚ ਕਮਿਸਨ ਪ੍ਰਾਪਤ ਮੇਜਰ ਜਨਰਲ (ਸੇਵਾਮੁਕਤ) ਸੈਣੀ, ਹੁਸ਼ਿਆਰਪੁਰ ਦੇ ਰਹਿਣ ਵਾਲੇ ਹਨ ਅਤੇ ਇਸ ਸਮੇਂ ਮੁਹਾਲੀ ਦੇ ਵਾਸੀ ਹਨ। ਉਹ ਪਿਛਲੇ ਸਾਲ ਅਕਤੂਬਰ ਵਿੱਚ ਭਾਰਤੀ ਫੌਜ ਤੋਂ ਸੇਵਾਮੁਕਤ ਹੋਏ ਸਨ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਰਾਜਪਾਲ ਦੇ ਪ੍ਰਮੁੱਖ ਸਕੱਤਰ ਵੀ.ਪੀ. ਸਿੰਘ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਰਵੀ ਭਗਤ ਅਤੇ ਹੋਰ ਪਤਵੰਤੇ ਹਾਜਰ ਸਨ।

# ਵਿਜੀਲੈਂਸ ਬਿਊਰੋ ਨੇ ਰਿਸ਼ਵਤ ਮਾਮਲੇ 'ਚ ਭਗੌੜੇ ਮੀਟਰ ਰੀਡਰ ਨੂੰ ਕੀਤਾ ਗ੍ਰਿਫ਼ਤਾਰ



ਪਟਿਆਲਾ 7 ਮਈ, (ਰੁਪਾਣਾ) : ਪੰਜਾਬ ਵਿਜੀਲੈਂਸ ਬਿਊਰੋ ਨੇ ਰਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਖੇੜੀ ਮੰਨੀਆਂ ਦੇ ਵਸਨੀਕ ਪਾਵਰਕੌਮ ਦੇ ਮੀਟਰ ਰੀਡਰ ਪ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਕਿ ਰਿਸ਼ਵਤਖੋਰੀ ਦੇ ਇੱਕ ਕੇਸ ਵਿੱਚ ਭਗੌੜਾ ਸੀ।

ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਵਿਰੁੱਧ 19.9.2024 ਨੂੰ ਬਿਉਰੋ ਦੇ ਪਟਿਆਲਾ ਰੇਂਜ ਦੇ ਥਾਣੇ ਵਿਖੇ ਐਫਆਈਆਰ ਨੰਬਰ 42 ਤਹਿਤ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਪਟਿਆਲਾ ਸ਼ਹਿਰ ਦੇ ਇੱਕ ਸ਼ਿਕਾਇਤਕਰਤਾ ਨੇ ਪੀਐਸਪੀਸੀਐਲ ਦਫ਼ਤਰ, ਪਟਿਆਲਾ ਵਿੱਚ ਤਾਇਨਾਤ ਉਕਤ ਮੁਲਜ਼ਮ ਪ੍ਰਿਤਪਾਲ ਸਿੰਘ ਵਿਰੁੱਧ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਔਨਲਾਈਨ ਸ਼ਿਕਾਇਤ ਦਰਜ ਕਰਵਾਈ ਸੀ।

ਸ਼ਿਕਾਇਤ ਅਨੁਸਾਰ ਉਕਤ ਮੀਟਰ ਰੀਡਰ ਨੇ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਵਜੋਂ ਮੰਗੇ ਸਨ, ਜਿਸਨੇ ਆਪਣੇ ਘਰ ਵਿੱਚ ਇੱਕ ਨਿੱਜੀ ਬਿਜਲੀ ਮੀਟਰ ਲਗਾਇਆ ਹੋਇਆ ਸੀ, ਪਰ ਸੌਦਾ 25,000 ਰੁਪਏ ਵਿੱਚ ਹੋਇਆ ਸੀ।

ਬੁਲਾਰੇ ਨੇ ਦੱਸਿਆ ਕਿ ਇਹ ਬਿਜਲੀ ਮੁਲਾਜ਼ਮ ਅੱਠ ਮਹੀਨਿਆਂ ਤੋਂ ਆਪਣੀ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ ਅਤੇ ਉਸਦੀ ਜ਼ਮਾਨਤ ਅਰਜ਼ੀ 4.12.2024 ਨੂੰ ਹਾਈ ਕੋਰਟ ਵੱਲੋਂ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਵਿਜੀਲੈਂਸ ਬਿਊਰੋ ਦੀ ਟੀਮ ਨੇ ਲਗਾਤਾਰ ਉਸਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ ਜਿਸ ਕਾਰਨ ਉਸਦੀ ਗ੍ਰਿਫ਼ਤਾਰੀ ਹੋਈ ਹੈ।

# ਆਪ੍ਰੇਸ਼ਨ ਸਿੰਦੂਰ : ਭਾਰਤੀ ਫ਼ੌਜ ਦੀ ਬਹਾਦਰੀ 'ਤੇ ਪੂਰੇ ਦੇਸ਼ ਨੂੰ ਮਾਣ : ਮੋਹਿੰਦਰ ਭਗਤ



ਚੰਡੀਗੜ੍ਹ, 7 ਮਈ, (ਚ.ਨ.ਸ.) : 22 ਅਪ੍ਰੈਲ 2025 ਨੂੰ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ ਇੱਕ ਕਾਇਰਾਨਾ ਅੱਤਵਾਦੀ ਹਮਲੇ ਵਿੱਚ 26 ਬੇਦੋਸ਼ੇ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਸੀ । ਇਸ ਬਰਬਰਤਾਪੂਰਨ ਘਟਨਾ ਦਾ ਮੂੰਹ ਤੋੜ ਜਵਾਬ ਦਿੰਦੇ ਹੋਏ, ਭਾਰਤੀ ਫੌਜ ਨੇ 6—7 ਮਈ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ (ਪੀਓਕੇ) ਵਿੱਚ ਸਥਿਤ ਨੌਂ ਅੱਤਵਾਦੀ ਟਿਕਾਣਿਆਂ ਨੂੰ ਇੱਕ ਸਫਲ ਹਵਾਈ ਹਮਲੇ ਰਾਹੀਂ ਨੇਸਤੇ— ਨਾਬੂਤ ਕਰ ਦਿੱਤਾ। ਇਸ ਦਾ ਮੋੜਵਾਂ ਜਵਾਬ ਦਿੰਦੇ ਹੋਏ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਭਾਰਤੀ ਫੌਜ ਦੀ ਇਸ ਦਲੇਰਾਨਾ ਕਾਰਵਾਈ 'ਤੇ ਪੂਰਾ ਦੇਸ਼ ਫ਼ਖ਼ਰ ਕਰ ਰਿਹਾ ਹੈ। ਉਹਨਾਂ ਕਿਹਾ ਕਿ ਫੌਜ ਨੇ ਜਿਸ ਸਿਆਣਪ, ਸਟੀਕ ਰਣਨੀਤੀ ਅਤੇ ਹਿੰਮਤ ਨਾਲ ਇਸ ਕਾਰਵਾਈ ਨੂੰ ਅੰਜਾਮ ਦਿੱਤਾ, ਉਹ ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ। ਪੂਰਾ ਦੇਸ਼ ਫੌਜ ਦੇ ਨਾਲ ਦ੍ਰਿੜਤਾ ਨਾਲ ਖੜ੍ਹਾ ਹੈ।

ਮੰਤਰੀ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਉਹਨਾਂ ਅੱਗੇ ਕਿਹਾ ਕਿ ਸਾਡਾ ਸੂਬਾ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ, ਇਸ ਲਈ ਸਾਨੂੰ ਵਧੇਰੇ ਸੁਚੇਤ ਅਤੇ ਜਾਗਰੂਕ ਰਹਿਣ ਦੀ ਲੋੜ ਹੈ।

ਸ਼੍ਰੀ ਭਗਤ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਤੋਂ ਡਰਿਆ ਹੋਇਆ ਦੁਸ਼ਮਣ ਦੇਸ਼ ਕਿਸੇ ਵੀ ਤਰ੍ਹਾਂ ਦੀ ਨਾਪਾਕ ਸਾਜਿਸ਼ ਰਚ ਸਕਦਾ ਹੈ । ਸਾਨੂੰ ਅਜਿਹੀ ਹਰ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਪਵੇਗਾ। ਉਹਨਾਂ ਨੇ ਸਾਰੇ ਸਬੰਧਤ ਅਧਿਕਾਰੀਆਂ ਨੂੰ ਸੁਚੇਤ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ 'ਤੇ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਪੰਜਾਬ ਵਿੱਚ 33 ਫੀਸਦੀ ਸਰਕਾਰੀ ਨੌਕਰੀਆਂ ਔਰਤਾਂ ਲਈ ਰਾਖਵੀਆਂ : ਡਾ. ਬਲਜੀਤ ਕੌਰ



ਚੰਡੀਗੜ੍ਹ, 7 ਮਈ, (ਚ.ਨ.ਸ.) : ਪੰਜਾਬ ਸਰਕਾਰ ਵੱਲੋਂ ਔਰਤਾਂ ਨੂੰ ਸਰਕਾਰੀ ਨੌਕਰੀਆਂ 'ਚ ਹੋਰ ਵਧੇਰੇ ਮੌਕੇ ਦੇਣ ਅਤੇ ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵੱਲ ਇਕ ਵੱਡਾ ਕਦਮ ਚੁੱਕਦਿਆਂ ਪੰਜਾਬ ਸਿਵਲ ਸੇਵਾਵਾਂ (ਔਰਤਾਂ ਲਈ ਅਸਾਮੀਆਂ 'ਚ ਰਿਜ਼ਰਵੇਸ਼ਨ) ਨਿਯਮ ਤਿਆਰ ਕਰਕੇ ਲਾਗੂ ਕਰ ਦਿੱਤੇ ਗਏ ਹਨ। ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਨੇ ਕਿਹਾ ਕਿ ਇਹ ਨਿਯਮ ਲਾਗੂ ਹੋਣ ਨਾਲ ਸੂਬੇ ਦੇ ਸਰਕਾਰੀ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਗਰੁੱਪ-ਏ, ਬੀ, ਸੀ ਅਤੇ ਡੀ ਦੀਆਂ ਨੌਕਰੀਆਂ 'ਚ ਹਰ ਵਰਗ ਦੀਆਂ ਔਰਤਾਂ ਲਈ 33% ਰਿਜ਼ਰਵੇਸ਼ਨ ਹੋਵੇਗੀ।

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਇਸ ਫੈਸਲੇ 'ਤੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੀ ਲਿੰਗ-ਨਿਰਪੱਖ, ਸਮਾਨ ਸਮਾਜ ਬਣਾਉਣ ਵੱਲ ਵਚਨਬੱਧਤਾ ਦਾ ਪ੍ਰਮਾਣ ਹੈ। ਇਹ ਨੀਤੀ ਔਰਤਾਂ ਦੀ ਸਰਕਾਰੀ ਪ੍ਰਸ਼ਾਸਨ ਅਤੇ ਨੀਤੀ-ਨਿਰਧਾਰਨ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ, ਜਿਸ ਨਾਲ ਰਾਜ ਦੀ ਪ੍ਰਸ਼ਾਸਨਿਕ ਅਤੇ ਸਮਾਜਿਕ ਸੰਰਚਨਾ ਹੋਰ ਮਜ਼ਬੂਤ ਹੋਵੇਗੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਔਰਤਾਂ ਨੂੰ ਸਰਕਾਰੀ ਸੇਵਾਵਾਂ ਵਿੱਚ ਹੋਰ ਵਧੇਰੇ ਮੌਕੇ ਮੁਹੱਈਆ ਕਰਵਾਉਣ ਨੂੰ ਆਪਣੀ ਪ੍ਰਾਥਮਿਕਤਾ ਬਣਾਇਆ ਹੈ। ਇਹ ਵੱਡਾ ਫੈਸਲਾ ਨਾ ਸਿਰਫ ਔਰਤਾਂ ਲਈ ਨਿਆਂਯੁਕਤ ਨੁਮਾਂਇੰਦਗੀ ਨੂੰ ਯਕੀਨੀ ਬਣਾਏਗਾ, ਸਗੋਂ ਸਰਕਾਰ ਦੇ ਤਰੱਕੀਸ਼ੀਲ ਅਤੇ ਰੰਗਲਾ ਪੰਜਾਬ ਦੇ ਸੁਪਨੇ ਨੂੰ ਹਕੀਕਤ ਬਣਾਉਣ ਵੱਲ ਵੀ ਇਕ ਅਹਿਮ ਕਦਮ ਸਾਬਤ ਹੋਵੇਗਾ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰੀ ਪ੍ਰਸ਼ਾਸਨ 'ਚ ਔਰਤਾਂ ਨੂੰ ਸਮਰੱਥ ਬਣਾਉਣਾ, ਰਾਜ ਦੇ ਸਮੁੱਚੇ ਵਿਕਾਸ ਅਤੇ ਚਮਕਦੇ ਭਵਿੱਖ ਵੱਲ ਇੱਕ ਮਹੱਤਵਪੂਰਣ ਫੈਸਲਾ ਹੈ।

ਉਨ੍ਹਾਂ ਆਖ਼ਰ 'ਚ ਕਿਹਾ ਕਿ ਇਹ ਉੱਦਮ ਲਾਗੂ ਕਰਕੇ ਪੰਜਾਬ ਸਰਕਾਰ ਨੇ ਫਿਰ ਸਾਬਤ ਕੀਤਾ ਹੈ ਕਿ ਉਹ ਸਰਕਾਰੀ ਅਤੇ ਜਨਤਕ ਖੇਤਰ 'ਚ ਔਰਤਾਂ ਨੂੰ ਬਰਾਬਰੀ ਦੇ ਮੌਕੇ ਅਤੇ ਨਿਆਂਯੁਕਤ ਨੁਮਾਂਇੰਦਗੀ ਦੇਣ ਲਈ ਵਚਨਬੱਧ ਹੈ, ਤਾਂ ਜੋ ਰਾਜ ਦੀ ਪ੍ਰਸ਼ਾਸਨਿਕ ਢਾਂਚਾ ਹੋਰ ਸੰਤੁਲਿਤ ਅਤੇ ਵਿਕਸਿਤ ਬਣ ਸਕੇ।

# ਡਿਪਟੀ ਕਮਿਸ਼ਨਰ-ਕਮ-ਡੀ.ਈ.ਓ. ਨੇ ਵੋਟਰ ਸੂਚੀ ਤੋਂ ਅਸੰਤੁਸ਼ਟ ਵਿਅਕਤੀਆਂ ਨੂੰ ਅਪੀਲ ਦਾਇਰ ਕਰਨ ਲਈ 15 ਦਿਨ ਦਾ ਸਮਾਂ ਦਿੱਤਾ

ਚੰਡੀਗੜ੍ਹ/ਲੁਧਿਆਣਾ, 7 ਮਈ, (ਚ.ਨ.ਸ.) : ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ (ਡੀਸੀ-ਕਮ-ਡੀਈਓ), ਲੁਧਿਆਣਾ ਹਿਮਾਂਸ਼ੂ ਜੈਨ ਨੇ ਦੱਸਿਆ ਹੈ ਕਿ ਵਿਧਾਨ ਸਭਾ ਹਲਕਾ 64-ਲੁਧਿਆਣਾ ਪੱਛਮੀ ਲਈ ਅੰਤਿਮ ਵੋਟਰ ਸੂਚੀਆਂ 5 ਮਈ, 2025 ਨੂੰ ਈਆਰਓ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ।

ਭਾਰਤ ਦੇ ਚੋਣ ਕਮਿਸ਼ਨ ਦੁਆਰਾ ਐਲਾਨੇ ਗਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀਆਂ ਦਾ ਖਰੜਾ 9 ਅਪ੍ਰੈਲ, 2025 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿੱਚ ਜਨਤਾ ਤੋਂ ਦਾਅਵੇ ਅਤੇ ਇਤਰਾਜ਼ ਮੰਗੇ ਗਏ ਸਨ ਅਤੇ 192 ਬੂਥ ਲੈਵਲ ਅਫ਼ਸਰਾਂ (ਬੀਐਲਓਜ਼) ਦੁਆਰਾ ਘਰ-ਘਰ ਜਾ ਕੇ ਤਸਦੀਕ ਕੀਤੀ ਗਈ ਸੀ।

ਉਨ੍ਹਾਂ ਅੱਗੇ ਦੱਸਿਆ ਕਿ ਈਆਰਓ ਦੁਆਰਾ ਅੰਤਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਇਸ ਸਮੇਂ ਦੌਰਾਨ ਪ੍ਰਾਪਤ ਹੋਏ ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਅੰਤਿਮ ਵੋਟਰ ਸੂਚੀਆਂ ਦੀਆਂ ਕਾਪੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ।

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਾਰਦਰਸ਼ਤਾ ਅਤੇ ਰਾਜਨੀਤਿਕ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਡਰਾਫਟ ਵੋਟਰ ਸੂਚੀਆਂ ਦੀ ਤਸਦੀਕ ਕਰਕੇ ਇਸ ਸਬੰਧੀ ਕੋਈ ਸੁਝਾਅ ਦੇਣ ਲਈ ਸਹਾਇਤਾ ਵਾਸਤੇ 384 ਬੂਥ ਲੈਵਲ ਏਜੰਟ (ਬੀਐਲਏ) ਨਿਯੁਕਤ ਕੀਤੇ ਗਏ ਸਨ।

ਡਿਪਟੀ ਕਮਿਸ਼ਨਰ, ਲੁਧਿਆਣਾ ਨੇ ਇਹ ਵੀ ਅਪੀਲ ਕੀਤੀ ਕਿ ਚੋਣ ਰਜਿਸਟ੍ਰੇਸ਼ਨ ਅਫ਼ਸਰ (ਈਆਰਓ) ਦੇ ਫੈਸਲਿਆਂ ਤੋਂ ਅਸੰਤੁਸ਼ਟ ਵਿਅਕਤੀ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 24(ਏ) ਦੇ ਅਨੁਸਾਰ ਈਆਰਓ ਦੇ ਫੈਸਲੇ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜ਼ਿਲ੍ਹਾ ਮੈਜਿਸਟਰੇਟ ਕੋਲ ਅਪੀਲ ਦਾਇਰ ਕਰ ਸਕਦੇ ਹਨ ਅਤੇ ਜੇਕਰ ਉਹ ਅਗਲੀ ਕਾਰਵਾਈ ਤੋਂ ਵੀ ਸੰਤੁਸ਼ਟ ਨਹੀਂ ਹੁੰਦੇ ਤਾਂ ਮੁੱਖ ਚੋਣ ਅਫ਼ਸਰ, ਪੰਜਾਬ ਕੋਲ ਇੱਕ ਹੋਰ ਅਪੀਲ ਦਾਇਰ ਕਰ ਸਕਦੇ ਹਨ।

# ਜਥੇਦਾਰ ਗੜਗੱਜ ਨੇ ਪੁੰਛ 'ਚ ਮਾਰੇ ਲੋਕਾਂ ਤੇ ਗੁਰਦੁਆਰੇ 'ਤੇ ਹਮਲੇ ਦੀ ਕੀਤੀ ਨਿੰਦਾ

## ਜੰਗ ਮਨੁੱਖਤਾ ਲਈ ਹਮੇਸ਼ਾ ਹੀ ਖ਼ਤਰਨਾਕ : ਜਥੇਦਾਰ



ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਤਲਖ਼ੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁੰਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਦੀ ਕਾਰਵਾਈ ਦੀ ਕਰੜੀ ਨਿੰਦਾ ਕੀਤੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁੰਛ ਵਿਖੇ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ। ਪੁੰਛ ਵਿਖੇ ਹੋਏ ਹਮਲਿਆਂ ਦੌਰਾਨ ਤਿੰਨ ਗੁਰਸਿੱਖ ਭਾਈ ਅਮਰੀਕ ਸਿੰਘ ਰਾਗੀ, ਭਾਈ ਅਮਰਜੀਤ ਸਿੰਘ ਸਾਬਕਾ ਫੌਜੀ ਅਤੇ ਭਾਈ ਰਣਜੀਤ ਸਿੰਘ ਸਥਾਨਕ ਦੁਕਾਨਦਾਰ ਮਾਰੇ ਗਏ ਹਨ। ਇਸ ਤੋਂ ਇਲਾਵਾ ਮਾਨਕੋਟ ਖੇਤਰ ਵਿੱਚ ਇੱਕ ਸਿੱਖ ਬੀਬੀ ਰੂਬੀ ਕੌਰ ਦੇ ਮਾਰੇ ਜਾਣ ਦੀ ਖ਼ਬਰ ਵੀ ਸਾਹਮਣੇ ਆ ਰਹੀ ਹੈ। ਇਸ ਦੌਰਾਨ ਪੁੰਛ ਵਿਖੇ ਹੋਰ ਲੋਕਾਂ ਦੇ ਮਾਰੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਜਥੇਦਾਰ ਗੜਗੱਜ ਨੇ ਪੁੰਛ ਵਿਖੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਅਰਦਾਸ ਵੀ ਕੀਤੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੰਗ ਹਮੇਸ਼ਾ ਹੀ ਮਨੁੱਖਤਾ ਦਾ ਵੱਡਾ ਘਾਣ ਕਰਦੀ ਹੈ ਜਿਸ ਵਿੱਚ ਬੇਗੁਨਾਹ ਲੋਕ ਵੀ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਇਸ ਲਈ ਮੌਜੂਦਾ ਸਥਿਤੀ ਨੂੰ ਸ਼ਾਂਤੀਪੂਰਵਕ ਕਰਨ ਲਈ ਵੱਧ ਤੋਂ ਵੱਧ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੇ 1947 ਤੋਂ ਲੈ ਕੇ ਹੁਣ ਤੱਕ ਆਪਸੀ ਕੁੜੱਤਣ ਕਾਰਨ ਵੱਡੇ ਨੁਕਸਾਨ ਝੱਲੇ ਹਨ, ਜਿਸ ਵਿੱਚ ਖ਼ਾਸਕਰ ਪੰਜਾਬ ਤੇ ਜੰਮੂ ਕਸ਼ਮੀਰ ਦੇ ਹਿੰਦੂ ਤੇ ਸਿੱਖਾਂ ਦਾ ਵੱਡਾ ਨੁਕਸਾਨ ਹੋਇਆ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਬਾਰਡਰ ਉੱਤੇ ਵੱਸਦੇ ਲੋਕ ਇਸ ਤਣਾਅ ਵਾਲੀ ਸਥਿਤੀ ਵਿੱਚ ਇੱਕ ਦੂਜੇ ਦਾ ਸਾਥ ਦੇਣ ਅਤੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਹੌਂਸਲਾ ਬਣਾਈ ਰੱਖਣ ਅਤੇ ਸ਼ਾਂਤੀ ਬਹਾਲੀ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਨ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਇਸ ਖੇਤਰ ਅੰਦਰ ਹਮੇਸ਼ਾ ਅਮਨ ਸ਼ਾਂਤੀ ਕਾਇਮ ਰਹੇ।

# ਆਪ੍ਰੇਸ਼ਨ ਸਿੰਦੂਰ, ਸੁਣੋ ਪਾਕਿਸਤਾਨ !



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ




ਕਿਸੇ ਖ਼ਬਰ ਥੀ ਕਿ ਯੇਹ ਵਾਕਿਆ ਵੀ ਹੋਣਾ ਥਾ ।

ਵਰ੍ਹਿਆਂ ਦੀ ਖੂਨੀ ਹੋਲੀ ਅਤੇ ਨਰਸੰਹਾਰਾਂ ਦੀ ਦਾਸਤਾਂ ਤੋਂ ਬਾਅਦ ਭਾਰਤ ਨੇ ਇੱਕ ਵਾਰ ਫ਼ਿਰ ਗੁਆਂਢੀ ਦੇਸ਼ ਪਾਕਿਸਤਾਨ ਦੀਆਂ ਇਹਨਾਂ ਹਰਕਤਾਂ 'ਤੇ ਫ਼ਿਰ ਇੱਕ ਵਾਰ ਇਹ ਏਅਰ ਸਟਰਾਈਕ ਕਰਕੇ ਅਪਰੇਸ਼ਨ ਸਿੰਦੂਰ ਦੇ ਰਾਹੀਂ ਗੁਆਂਢੀ ਮੁਲਕ ਨੂੰ ਇਹ ਦੱਸ ਦਿੱਤਾ ਹੈ ਕਿ ਅਮਨ ਦਾ ਰਸਤਾ ਸ਼ਾਇਦ ਜ਼ੰਗ ਤੋਂ ਹੀ ਹੋ ਕੇ ਜਾਵੇਗਾ। ਸਿੰਦੂਰ ਲਫ਼ਜ਼ ਅਸਲ ਵਿੱਚ ਭਾਰਤੀ ਸੰਸਕ੍ਰਿਤੀ ਦਾ ਅੰਮ੍ਰਿਤ ਤੇ ਅੰਮ੍ਰਿਤ ਸਨਾਤਨ ਦੀ ਨਿਸ਼ਾਨੀ ਸਿੰਦੂਰ ਸੈਨਾ ਦੇ ਇਸ ਆਪਰੇਸ਼ਨ ਸਿੰਦੂਰ ਦਾ ਪਰਾਕਰਮ ਦਿਖਾਉਂਦਾ ਹੈ ਕਿ ਅਸੀਂ ਭਾਰਤੀ ਸੈਨਾ ਦੇ ਇਸ ਜੋਸ਼ ਦੇ ਨਾਲ ਉਹਨਾਂ ਜੜ੍ਹਾਂ ਤੱਕ ਪਹੁੰਚ ਸਕਦੇ ਹਾਂ ਜਿਨ੍ਹਾਂ ਜੜਾਂ ਤੋਂ ਸਾਡੇ ਖ਼ੂਨ ਦੇ ਸੁਹਾਗ ਤੇ ਆਪਣੀਆਂ ਸੁਹਾਗ ਵਿਹੂਣੀਆਂ ਹੋਈਆਂ ਮਾਵਾਂ ਅਤੇ ਭੈਣਾਂ ਦਾ ਉਜੜਿਆ ਹੋਇਆ ਸੁਹਾਗ ਦੇਖ ਸਕਦੇ ਹਾਂ ।

ਜ਼ਿੰਦਗੀ ਦੇ ਸੂਤਰਾਂ ਦੀ ਕਹਾਣੀ ਨੂੰ ਪ੍ਰਗਟਾਉਂਦੇ ਹੋਏ ਪਿਛਲੇ 25 ਵਰਿਆਂ ਦੇ ਆਤੰਕ ਦੇ ਦਰਦੀਲੇ ਦਾਸਤਾਂ ਨੂੰ ਦੁਹਰਾਉਂਦੇ ਹੋਏ ਕਦੀ ਵੀ ਇਹ ਨਹੀਂ ਹੋਇਆ ਕਿ ਉਹਨਾਂ ਨੂੰ ਇੰਨਾ ਗਹਿਰਾ ਮੋੜਵਾਂ ਜਵਾਬ ਦਿੱਤਾ ਹੋਵੇ। ਇਹ ਪਰਾਕਰਮ ਨਾਲ ਭਰੇ ਹੋਏ ਆਪਰੇਸ਼ਨ ਸਿੰਦੂਰ ਦੇ ਦੁਆਰਾ ਅੱਜ ਹੋਇਆ ਹੈ । ਸ਼ਾਇਰ ਬਸ਼ੀਰ ਬਦਰ ਦਾ ਇੱਕ ਸ਼ੇਅਰ ਹੈ-

ਦੁਸ਼ਮਣੀ ਕਾ ਸਫ਼ਰ ਇਕ ਕਦਮ ਦੋ ਕਦਮ
ਤੁਮ ਵੀ ਥੱਕ ਜਾਓਗੇ ਹਮ ਵੀ ਥੱਕ ਜਾਏਂਗੇ
ਰਫ਼ਤਾ ਰਫ਼ਤਾ ਹਰ ਏਕ ਜ਼ਖ਼ਮ ਭਰ ਜਾਏਗਾ
ਸਭ ਸ਼ਨਾਖ਼ਤ ਫੂਲੋਂ ਸੇ ਢਕ ਜਾਏਂਗੇ॥

ਇਹ ਸੱਚ ਹੈ ਕਿ ਹਰ ਉਸ ਹਮਲੇ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ, ਜਿਸ ਨਾਲ ਜ਼ਿੰਦਗੀ ਜੀਣ ਦਾ ਖ਼ਤਰਾ ਢਲ ਜਾਵੇ ਪਰੰਤੂ ਉਹਨਾਂ ਸੂਰਜਾਂ ਅਤੇ ਉਹਨਾਂ ਪ੍ਰਚੰਡ ਇਰਾਦਿਆਂ ਦੀ ਇਹ ਹਿੰਮਤ ਹੈ ਕਿ ਉਹਨਾਂ ਨੇ ਸਿੰਦੂਰ ਦਾ ਪਰਚਮ ਇਕ ਵਾਰ ਫ਼ਿਰ ਉਹਨਾਂ ਸੇਵਾਵਾਂ ਤੇ ਉਹਨਾਂ ਥਾਵਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਹੈ, ਜਿਨ੍ਹਾਂ ਮਦਰਸਿਆਂ ਅਤੇ ਜਿਨ੍ਹਾਂ ਮਸਜਿਦਾਂ ਦੇ ਵਿੱਚੋਂ ਅਜਾਨ ਦੀ ਥਾਂ 'ਤੇ ਨਫ਼ਰਤ ਦੀ ਆਵਾਜ਼ ਅਤੇ ਉਹ ਨਾਅਰੇ ਆਉਂਦੇ ਸਨ, ਜਿਨ੍ਹਾਂ ਵਿੱਚ ਭਾਰਤ ਵਰਗੇ ਵੱਡੇ ਦੇਸ਼ ਨੂੰ ਵੰਡਣ ਅਤੇ ਨਫ਼ਰਤੀ ਬੋਲਾਂ ਦੀ ਆਵਾਜ਼ ਨੂੰ ਡਰਾਉਣਾ ਅਤੇ ਗੋਲੀਆਂ ਦੇ ਨਾਲ ਭਰਦੀਆਂ ਸਰਹੱਦਾਂ ਤੇ ਸ਼ਹਿਰਾਂ ਤੱਕ ਪਹੁੰਚਾਇਆ ਜਾਂਦਾ ਸੀ ।

ਇਸ ਡਰਾਉਣੇ ਖ਼ੌਫ਼ਨਾਕ ਮੰਜ਼ਰ ਤੋਂ ਬਾਅਦ ਇਹ ਜ਼ਰੂਰੀ ਹੋ ਗਿਆ ਹੈ ਕਿ ਹੁਣ ਜਿਉਣ ਲਈ ਮੌਤ ਦੀ ਜੰਗ ਲੜੀ ਜਾਏ ਅਤੇ ਇਹ ਬਾਖੂਬੀ ਪਾਕਿਸਤਾਨ ਵਿੱਚ ਇਸ ਤਰ੍ਹਾਂ ਦੀ ਸਟਰਾਈਕ ਕਰਕੇ ਭਾਰਤੀ ਸੈਨਾ ਨੇ ਦਿਖਾ ਦਿੱਤਾ ਹੈ ਕਿ ਜਿਉਣ ਵਾਸਤੇ ਅਤੇ ਅਮਨ ਵਾਸਤੇ ਇਹ ਲੜਾਈ ਬੜੀ ਲਾਜ਼ਮੀ ਹੈ। ਇਹ ਸਰਵ ਸ਼ਕਤੀ ਸਿਧਾਂਤ ਮਸਲਾ ਨਾ ਹੋ ਕੇ ਇਹ ਸੱਚਾਈ ਹੈ ਕਿ ਜ਼ਿੰਦਾ ਰਹਿਣ ਵਾਸਤੇ ਦੇਸ਼ਾਂ ਨੂੰ ਕੌਮੀਅਤਾ ਨੂੰ ਆਪਣੇ ਆਪ ਨੂੰ ਬਰਕਰਾਰ ਰੱਖਣ ਵਾਸਤੇ ਤਾਕਤ ਦਾ ਇਸਤੇਮਾਲ ਕਰਨਾ ਪੈਂਦਾ ਹੈ ਤੇ ਆਪਣਾ ਮਿਲਟਰੀ ਵਰਚਸਵ ਵੀ ਦਿਖਾਉਣਾ ਪੈਂਦਾ ਹੈ।

ਕਦੀ ਜ਼ਫ਼ਰਨਾਮਾ ਦੇ ਵਿੱਚ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਲਿਖਿਆ ਸੀ-

ਚੂੰਕਾਰ ਆਜ਼ ਹਮਾ ਹੀਲਤੇ ਦਰਗੁਜਸਤ
ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ

ਅਰਥਾਤ ਜਦੋਂ ਸਾਰੇ ਉਹ ਪ੍ਰਕਾਰ ਫੇਲ੍ਹ ਹੋ ਜਾਣ ਜਿਨਾਂ ਨਾਲ ਸ਼ਾਂਤੀ ਬਰਕਰਾਰ ਰੱਖੀ ਜਾਵੇ ਤੇ ਫਿਰ ਸ਼ਾਂਤੀ ਲਈ ਤਲਵਾਰ ਉਠਾਉਣਾ ਸਭ ਤੋਂ ਜਾਇਜ਼ ਕੰਮ ਹੈ। ਇਸ ਜਾਇਜ਼ ਕੰਮ ਵਿੱਚ ਦਿਸ਼ਾ ਨਿਰਧਾਰਤ ਕਰਨਾ ਅਤੇ ਇਸ ਚਮਕਦੀ ਹੋਈ ਤੇ ਤੇਜ਼ ਤਰਾਰ ਨਵੀਂ ਤਕਨੀਕ ਸਾਇੰਸ ਤੇ ਵਿਗਿਆਨ ਦੀ ਦੁਨੀਆ ਦੇ ਰਾਹੀਂ ਹੁਣ ਲੜਾਈਆਂ ਬਾਰਡਰ 'ਤੇ ਘਟ ਤੇ ਅਸਮਾਨ ਵਿੱਚ ਨਿਸ਼ਾਨੇ ਤੇ ਮਿਜ਼ਾਈਲਾਂ ਨਾਲ ਲੜੀਆਂ ਜਾਂਦੀਆਂ ਹਨ । ਡਰੋਨਾਂ ਦੇ ਨਾਲ ਬੰਬ ਬਰਸਾਏ ਜਾਂਦੇ ਹਨ ਅਤੇ ਸੋਸ਼ਲ ਮੀਡੀਆ 'ਤੇ ਇੱਕ ਲੰਬਾ ਲੜਾਈ ਦਾ ਮੈਦਾਨ ਤੁਹਾਡੇ ਦਿਮਾਗਾਂ ਨੂੰ ਜਰਖੇਜ਼ ਤੋਂ ਨਫ਼ਰਤੀ ਵਾਤਾਵਰਣ ਨਾਲ ਜਿਵੇਂ ਭਰਦਾ ਹੈ ।

ਅੱਜ ਉਹ ਲੜਾਈ ਹਰ ਮਨੁੱਖ ਹਰ ਦੇਸ਼ ਵਿੱਚ ਆਪਣੀ ਆਪਣੀ ਉਸ ਅਹਿਮੀਅਤ ਨਾਲ ਲੜਦਾ ਹੈ ਕਿ ਉਹਨਾਂ ਦੇ ਦਿਮਾਗਾਂ ਵਿੱਚ ਹੈ ਕੀ ਹੈ ।

ਪਾਕਿਸਤਾਨ ਨੇ ਪਿਛਲੇ ਇੰਨੇ ਵਰਿਆਂ ਦੇ ਵਿੱਚ ਜਿਸ ਤਰ੍ਹਾਂ ਭਾਰਤ ਨੂੰ ਜੇ ਸੱਚ ਕਿਹਾ ਜਾਵੇ ਤਾਂ ਸਤਾਇਆ ਹੈ, ਜਿਸ ਤਰਾਂ ਖ਼ੂਨ ਖ਼ਰਾਬਾ ਕੀਤਾ ਹੈ ਉਹ ਪੂਰੇ ਦੇਸ਼ ਵਿੱਚ ਖ਼ੂਨ ਦੇ ਨਿਸ਼ਾਨ ਛੱਡ ਗਿਆ ਹੈ । ਇਸ ਮੌਕੇ ਤੇ ਇਹ ਮੌਜੂ ਸਮਾਂ ਸੀ ਕਿ ਭਾਰਤ ਸਰਕਾਰ ਆਪਰੇਸ਼ਨ ਸਿੰਦੂਰ ਦੇ ਰਾਹੀਂ ਇਹ ਬਦਲਾ ਲੈਂਦੀ ਅਤੇ ਇਹ ਬਦਲਾ ਕੱਲ੍ਹ ਰਾਤ ਇਸ ਸਟਰਾਈਕ ਕਰਕੇ ਲੈ ਲਿਆ ਗਿਆ ਹੈ ਅਤੇ ਜਿਸ ਵਿੱਚ ਜਿਸ ਤਰ੍ਹਾਂ ਦੀ ਤਬਾਹੀ ਦੀਆਂ ਤਸਵੀਰਾਂ ਤੇ ਇਮੇਜਸ ਟੈਲੀਵਿਜ਼ਨ ਸਕਰੀਨ ਤੇ ਅਤੇ ਸੋਸ਼ਲ ਮੀਡੀਆ ਵਿੱਚ ਦਿਖਾਏ ਜਾ ਰਹੇ ਹਨ, ਉਹ ਦੱਸਦੇ ਹਨ ਕਿ ਇਸ ਵਾਰ ਇਸ ਸਿੰਦੂਰ ਦਾ ਅਸਰ ਬੇਹੱਦ ਤਿੱਖਾ ਤੇ ਗਹਿਰਾ ਹੋਇਆ ਹੈ।

ਸਿੰਦੂਰ ਨੂੰ ਭਾਰਤੀ ਸੰਸਕ੍ਰਿਤੀ ਦੇ ਵਿੱਚ ਅਤੇ ਇਤਿਹਾਸ ਵਿੱਚ ਸਨਾਤਨ ਧਰਮ ਦੇ ਵਿੱਚ ਬੇਹੱਦ ਅਹਿਮੀਅਤ ਪ੍ਰਾਪਤ ਹੈ ਅਤੇ ਇਹ ਸ਼ਬਦ ਜੀਵਨ ਭਾਰਤੀ ਮਹਿਲਾਵਾਂ ਦੇ ਸੁਹਾਗ ਦੇ ਪ੍ਰਤੀਕ ਨਾਲ ਜੁੜਿਆ ਹੋਇਆ ਹੈ ਕਿ ਤੁਸੀਂ ਜਾਣਦੇ ਹੋ ਤੇ ਇਹ ਜਾਣ ਕੇ ਤੁਹਾਨੂੰ ਹੈਰਾਨੀ ਹੋਏਗੀ ਕਿ ਪਾਕਿਸਤਾਨ ਦੇ ਹੀ ਕਦੀ ਭਾਰਤ ਦਾ ਹਿੱਸਾ ਰਹੇ ਬਲੋਚਿਸਤਾਨ ਦੇ ਮਿਹਰਗੜ੍ਹ ਵਿੱਚ ਖੁਦਾਈ ਦੇ ਦੌਰਾਨ ਪੁਰਾਣੀਆਂ ਪੱਥਰ ਦੀਆਂ ਮੂਰਤੀਆਂ ਵਿੱਚ ਜਿਨ੍ਹਾਂ ਔਰਤ ਮੂਰਤੀਆਂ ਨੂੰ ਲੱਭਿਆ ਗਿਆ ਸੀ ਉਹਨਾਂ ਦੇ ਵਾਲਾਂ ਦੇ ਵਿੱਚ ਸਿੰਦੂਰ ਵਰਗਾ ਰੰਗ ਲਗਾਇਆ ਜਾਂਦਾ ਦਿਖਾਈ ਦਿੰਦਾ ਹੈ ਅਤੇ ਇਹਨਾਂ ਕਿੰਨਵਤੀਆਂ ਦੇ ਨਾਲ ਭਾਰਤੀ ਸਨਾਤਨ ਵਿੱਚ ਕਿਹਾ ਜਾਂਦਾ ਹੈ ਕਿ ਭਗਵਾਨ ਕ੍ਰਿਸ਼ਨ ਦੀ ਪਤਨੀ ਰਾਧਾ ਨੇ ਆਪਣੇ ਮੱਥੇ 'ਤੇ ਅੱਗ ਦੀਆਂ ਲਪਟਾਂ ਜੈਸਾ ਜੋ ਨਿਸ਼ਾਨ ਬਣਾਇਆ ਸੀ ਉਹ ਸਿੰਦੂਰ ਲਹਰੀ ਗ੍ਰੰਥਾਂ ਦੇ ਵਿੱਚ ਵੀ ਮਿਲਦਾ ਹੈ ।

ਸਿੰਦੂਰ ਲਹਿਰੀ ਵਿੱਚ ਸਨਾਤਨ ਗੁਰੂ ਆਦਿ ਸ਼ੰਕਰਚਾਰੀ ਲਿਖਦੇ ਹਨ -

ਹੇ ਮਾਂ ਮੈਂ ਆਖਰੀ ਦਮ ਤੱਕ ਤੇਰੇ ਸਿੰਦੂਰ ਦੀ ਰੱਖਿਆ ਲਈ ਆਪਣੀ ਜਾਨ ਵੀ ਨਿਛਾਵਰ ਕਰ ਦਿਆਂਗਾ । ਇਹ ਸੱਚ ਹੈ ਕਿ ਇਹ ਸਿੰਦੂਰ ਦਾ ਸੰਦਰਭ ਭਾਰਤ ਤੇ ਭਾਰਤ ਦੀਆਂ ਔਰਤਾਂ ਵਾਸਤੇ ਕਿੰਨਾ ਸਮਾਜਿਕ ਤੇ ਉਸ ਜਿਉਣ ਦੀ ਇੱਛਾ ਨਾਲ ਜੁੜਿਆ ਹੋਇਆ ਹੈ ਅਤੇ ਇਹ ਉਹਨਾਂ ਔਰਤਾਂ ਦਾ ਸਿੰਦੂਰ ਜਿਨ੍ਹਾਂ ਨੂੰ ਵਿਧਵਾ ਬਣਾ ਦਿੱਤਾ ਗਿਆ । ਇਹ ਉਹਨਾਂ ਔਰਤਾਂ ਵਾਸਤੇ ਇਕ ਵਾਰ ਫ਼ਿਰ ਸ਼ਾਇਦ ਮੁਸਕਰਾਉਣ ਦਾ ਮੌਕਾ ਦੇ ਸਕੇ ਕਿ ਬਦਲਾ ਲੈ ਲਿਆ ਗਿਆ ਹੈ। ਉਹਨਾਂ ਦਾ ਸਿੰਦੂਰ ਐਵੇਂ ਨਹੀਂ ਗਿਆ ਹੈ ।

ਅਸਲ ਵਿੱਚ ਸਿੰਦੂਰ ਦਾ ਅਰਥ ਭਾਰਤੀਆਂ ਦੇ ਦਿਲਾਂ ਵਿੱਚ ਐਨਾ ਗਹਿਰਾ ਅਤੇ ਸਨਾਤਨ ਧਰਮ ਦੇ ਨਾਲ ਜੁੜਿਆ ਹੋਇਆ ਹੈ ਕਿ ਜ਼ਿੰਦਗੀ ਇਸਦੀ ਪਹਿਚਾਣ ਹੈ ਤੇ ਇਸ ਜਿਉਣ ਦੇ ਤਰੀਕੇ ਦੇ ਨਾਲ ਹੀ ਪਰਾਕਰਮ ਸਿੰਦੂਰ ਨਾਲ ਭਾਰਤੀ ਫ਼ੌਜਾਂ ਨੇ ਤੇ ਭਾਰਤੀ ਸਰਕਾਰ ਨੇ ਦਿਖਾ ਦਿੱਤਾ ਹੈ ਕਿ ਹੁਣ ਸਿੰਦੂਰ ਦੀ ਰੱਖਿਆ ਲਈ ਅਸੀਂ ਉਸ ਥਾਂ ਦੇ ਅੰਦਰ ਘੁਸ ਕੇ ਪਲਟਵਾਰ ਕਰ ਸਕਦੇ ਹਾਂ ਅਤੇ ਸਬਕ ਸਿਖਾ ਸਕਦੇ ਹਾਂ ਤੇ ਇਹ ਸਬਕ ਭਾਰਤੀ ਫੌਜਾਂ ਨੇ ਕੱਲ੍ਹ ਰਾਤ ਪਾਕਿਸਤਾਨ ਦੇ ਉਨ੍ਹਾਂ ਥਾਵਾਂ 'ਤੇ ਹਮਲਿਆਂ ਦੇ ਨਾਲ ਕਰਕੇ ਵਿਖਾ ਦਿੱਤਾ ਹੈ, ਜਿੱਥੇ ਲਸ਼ਕਰੇ ਤੋਇਬਾ ਦਾ ਤੇ ਜੈਸ਼ ਵਰਗੇ ਪਾਕਿਸਤਾਨ ਦੀ ਸਰਪ੍ਰਸਤੀ ਵਿੱਚ ਪਲਣ ਵਾਲੇ ਸਾਰੇ ਦੇ ਸਾਰੇ ਅਤੰਕੀ ਸੰਗਠਨ ਮਦਰੱਸਿਆਂ ਦੀ ਆੜ ਦੇ ਵਿੱਚ ਪਨਾਹ ਲੈਂਦੇ ਸਨ ।

ਹੁਣ ਇਸ ਪੁਸ਼ਤ ਪਨਾਹੀ ਪੁਸ਼ਟੀ 'ਤੇ ਉਹਨਾਂ ਗੁਨਾਹਗਾਰਾਂ ਨੂੰ ਵੀ ਬਖਸ਼ਿਆ ਨਹੀਂ ਗਿਆ ਹੈ, ਜਿਹੜੇ ਉਹਨਾਂ ਦੀ ਪਿੱਠ 'ਤੇ ਸਨ । ਹੁਣ ਪੂਰੀ ਦੁਨੀਆ ਨੇ ਭਾਰਤ ਦਾ ਆਪਰੇਸ਼ਨ ਸਿੰਦੂਰ ਦੇਖਿਆ ਹੈ ਤੇ ਹੁਣ ਤਵੱਕੋ ਕੀਤੀ ਜਾ ਰਹੀ ਹੈ ਕਿ ਸ਼ਾਇਦ ਕੁੱਝ ਸਮਝ ਉਹਨਾਂ ਲੋਕਾਂ ਨੂੰ ਆ ਜਾਏ ਕਿ ਹਰ ਅਵਾਮ ਦੀ ਇੱਛਾ ਜ਼ਿੰਦਗੀ ਨੂੰ ਜਿਉਣ ਦੀ ਹੈ ਨਾ ਕਿ ਖ਼ੂਨ ਵਿੱਚ ਲਥਪਥ ਹੋ ਕੇ ਕੁਰਬਾਨੀ ਦੇਣ ਦੀ ਪਰਤ 'ਤੇ । ਲੋਕਾਂ ਨੇ ਪਿਛਲੇ ਦਹਾਕਿਆਂ ਦੇ ਵਿੱਚ ਆਤੰਕਵਾਦ ਦੀਆਂ ਜੁੜੀਆਂ ਹੋਈਆਂ ਪਾਕਿਸਤਾਨ ਦੁਆਰਾ ਖੇਲ ਕੀਤੀਆਂ ਹੋਈਆਂ ਇਹਨਾਂ ਘਟਨਾਵਾਂ ਦੇ ਵਿੱਚ ਕਿੰਨੇ ਲੋਕਾਂ ਦੀ ਜਾਨ ਗਵਾਈ ਹੈ ।

ਇਹ ਇਤਿਹਾਸ ਗਵਾਹ ਹੈ ਕਸ਼ਮੀਰ ਦੇ ਜੰਨਤ ਨੂੰ ਜਿਸ ਤਰ੍ਹਾਂ ਇਹਨਾਂ ਘਟਨਾਵਾਂ ਦੇ ਨਾਲ ਖ਼ੂਨੀ ਹੱਲ ਖ਼ੂਨੀ ਸਥੱਲ ਅਤੇ ਦੁਨੀਆ ਦੀ ਸਭ ਤੋਂ ਖ਼ਤਰਨਾਕ ਥਾਂ ਨੂੰ ਗਰਦਾਨਿਆ ਗਿਆ ਹੈ ਅਤੇ ਇਹ ਵੀ ਇਹਨਾਂ ਕਰਕੇ ਹੀ ਹੋਇਆ ਹੈ ਪ੍ਰੰਤੂ ਹੁਣ ਭਾਰਤ ਸਰਕਾਰ ਨੇ ਜਿਸ ਤਰ੍ਹਾਂ ਵਰਤਮਾਨ ਸਰਕਾਰ ਦੇ ਹੌਸਲੇ ਦੇ ਨਾਲ ਉਸ ਦਾ ਵੀ ਤਕਨੀਕ ਅਤੇ ਪਲਾਨਿੰਗ ਦੇ ਨਾਲ ਖ਼ਤਮ ਕੀਤਾ ਹੈ ਉਹਨਾਂ ਨੂੰ ਘੇਰ ਕੇ ਆਪਰੇਸ਼ਨ ਸਿੰਦੂਰ ਦੇ ਨਾਲ ਉਹ ਸਬਕ ਸਿਖਾਇਆ ਹੈ ਜੋ ਆਉਣ ਵਾਲੀਆਂ ਕਈ ਪੀੜ੍ਹੀਆਂ ਤੱਕ ਪਾਕਿਸਤਾਨ ਅਤੇ ਉਨ੍ਹਾਂ ਦੇ ਪਨਾਹ ਪੁਸ਼ਤੀ ਕਰਨ ਵਾਲੇ ਲੋਕਾਂ ਨੂੰ ਵੀ ਯਾਦ ਆਉਂਦਾ ਰਹੇਗਾ ।

ਸ਼ੇਖ ਸਾਅਦੀ ਨੇ ਇੱਕ ਵਾਰ ਕਿਹਾ ਸੀ ਇਹ ਜ਼ਿੰਦਗੀ ਉਹਨਾਂ ਲੋਕਾਂ ਨੂੰ ਮੂਰਖ ਬਣਾਉਂਦੀ ਹੈ ਜੋ ਮੂਰਖ ਬਣ ਜਾਂਦੇ ਹਨ।

ਜ਼ਿੰਦਗੀ ਉਹਨਾਂ ਸਿਆਣਪਾਂ ਨਾਲ ਭਰੀ ਹੋਈ ਹੈ, ਜਿਨ੍ਹਾਂ ਨਾਲ ਇਸ ਨੂੰ ਅੰਮ੍ਰਿਤ ਤੇ ਅਮਰ ਹੋਣ ਦਾ ਤਰੀਕਾ ਹੈ।

ਇਹ ਜੰਨਤ ਅਤੇ ਕੁਰਬਾਨੀ ਦਾ ਤਰੀਕਾ ਹੈ, ਮਾਂ ਦੇ ਪੈਰਾਂ ਵਿੱਚ ਜੰਨਤ ਦੇਖਣ ਵਾਲੇ ਲੋਕ ਉਸੇ ਮਾਂ ਨੂੰ ਜਦ ਵਿਧਵਾ ਕਰ ਦਿੰਦੇ ਹਨ ਤਾਂ ਫ਼ਿਰ ਉਹਨਾਂ ਦਾ ਅੰਜ਼ਾਮ ਆਪਰੇਸ਼ਨ ਸਿੰਦੂਰ ਦੁਆਰਾ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਪਰ ਲੋਕ ਸਨਾਤਨ ਦੀ ਇਸ ਪਰੰਪਰਾ ਸਿੰਦੂਰ ਦੀ ਪਰੰਪਰਾ ਅਤੇ ਸਿੰਦੂਰ ਦੇ ਰੰਗ ਨੂੰ ਦੇਖ ਕੇ ਜਿਸ ਤਰ੍ਹਾਂ ਪ੍ਰਤਿਗਿਆ ਲੈਂਦੇ ਹਨ ਉਸ ਪ੍ਰਤਿਗਿਆ ਨੂੰ ਅੱਜ ਭਾਰਤੀ ਫ਼ੌਜ ਨੇ ਪੂਰਾ ਕਰਕੇ ਦਿਖਾ ਦਿੱਤਾ ਹੈ ।

ਹਾਲਾਂਕਿ ਇਤਿਹਾਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੰਗ ਕਿਸੇ ਚੀਜ਼ ਦਾ ਮਸਲਾ ਹੱਲ ਨਹੀਂ ਹੈ ਅਤੇ ਜੰਗ ਨੂੰ ਤਾਂ ਖੁਦ ਇੱਕ ਮਸਲਾ ਕਿਹਾ ਗਿਆ ਹੈ ਪਰੰਤੂ ਇਹ ਸ਼ਾਇਰੀ ਹੋ ਸਕਦੀ ਹੈ ਪਰੰਤੂ ਸੱਚ ਇਹ ਹੈ ਕਿ ਅਮਨ ਸ਼ਾਂਤੀ ਅਤੇ ਚੰਗਾ ਜਿਉਣ ਵਾਸਤੇ ਖ਼ੂਨ ਦੀ ਲੋੜ ਹੈ । ਕੁਰਬਾਨੀ ਦੀ ਲੋੜ ਹੈ। ਸ਼ਕਤੀ ਦੀ ਜ਼ਰੂਰਤ ਹੈ ਤੇ ਇਹ ਸ਼ਕਤੀ ਇਸ ਵਾਰ ਆਪਰੇਸ਼ਨ ਸਿੰਦੂਰ ਦੇ ਦੁਆਰਾ ਭਾਰਤੀ ਫ਼ੌਜਾਂ ਨੇ ਪਾਕਿਸਤਾਨ ਨੂੰ ਵਿਖਾ ਦਿੱਤੀ ਹੈ ।

ਪ੍ਰੰਤੂ ਜਦੋਂ ਸ਼ਾਇਰ ਸਾਹਿਰ ਲੁਧਿਆਣਵੀ ਕਹਿੰਦੇ ਹਨ।

ਹਮ ਅਮਨ ਚਾਹਤੇ ਹੈ ਮਗਰ ਜ਼ੁਲਮ ਕੇ ਖ਼ਿਲਾਫ਼ ਗਰ ਜੰਗ ਲਾਜ਼ਮੀ ਹੈ ਤੋ ਫਿਰ ਜੰਗ ਹੀ ਸਹੀ

ਜ਼ੁਲਮ ਕੋ ਜੋ ਨਾ ਰੋਕੇ ਉਹ ਸ਼ਾਮਿਲ ਹੈ ਜ਼ੁਲਮ ਮੇ
ਕਾਤਲ ਕੋ ਜੋ ਨਾ ਟੋਕੇ ਕਾਤਲ ਕੇ ਸਾਥ ਹੈ ਹਮ
ਸਰ ਕਾ ਮਜ਼ਹਬ ਨਾ ਕੋਈ ਕੌਮ ਜ਼ਾਲਮ ਕੇ ਲਗ ਪੇ ਜ਼ਿਕਰ ਵੀ ਇਸਕਾ ਗੁਨਾਹ ਹੈ
ਜਾਲਮ ਕੋ ਜੋ ਨਾ ਰੋਕੇ ਉਹ ਸ਼ਾਮਿਲ ਹੈ ਜ਼ੁਲਮ ਮੇਂ
ਕਾਤਲ ਕੋ ਜੋ ਨਾ ਟੋਕੇ ਕਾਤਲ ਕੇ ਸਾਥ ਹੈ॥

ਇਹ ਸਮਾਂ ਹੈ ਅਤੇ ਜ਼ਿੰਦਗੀ ਦੀ ਜੰਗ ਹੈ, ਜਿਸ ਨੂੰ ਲੜਨ ਵਾਸਤੇ ਭਾਰਤੀ ਫ਼ੌਜ ਅਤੇ ਭਾਰਤੀ ਸਮਾਜ ਨੂੰ ਤੇ ਰਾਜਨੀਤੀ ਦੇ ਇਹਨਾਂ ਲੋਕਾਂ ਵਿੱਚ ਜਿਸ ਤਰ੍ਹਾਂ ਦਾ ਨਫ਼ਰਤ ਦਾ ਵਰਤੀਰਾ ਗਵਾਂਢੀਆਂ ਨੇ ਪੇਸ਼ ਕੀਤਾ ਹੈ, ਇਹ ਪਾਕਿਸਤਾਨ ਦੀ ਜ਼ਮੀਨ ਅਤੇ ਪਾਕਿਸਤਾਨ ਵੱਲੋਂ ਭਾਰਤ ਦੇ ਪ੍ਰਤੀ ਪਿਛਲੇ 75 ਵਰ੍ਹਿਆਂ ਵਿੱਚ ਕੀਤਾ ਗਿਆ ਸਭ ਤੋਂ ਵੱਡਾ ਘਿਨਾਉਣਾ ਕਾਂਡ ਹੈ ਪਹਿਲਗਾਮ ਅਤੇ ਉਹ ਮੌਤਾਂ, ਜਿਨ੍ਹਾਂ ਤੋਂ 26 ਨਿਰਦੋਸ਼ ਲੋਕਾਂ ਦੀਆਂ ਜਾਨਾਂ ਲੈ ਲਈਆਂ ਗਈਆਂ ਹਨ ।

ਸਿੰਦੂਰ ਆਪਰੇਸ਼ਨ ਨੇ ਉਹ ਬਦਲਾ ਚੁਕਤਾ ਕਰ ਦਿੱਤਾ ਹੈ ਪ੍ਰੰਤੂ ਫੁੱਲਾਂ ਨਾਲ ਭਰੇ ਹੋਏ ਜਨਾਜ਼ੇ ਅਤੇ ਅਰਥੀ ਦੀਆਂ ਇਹਨਾਂ ਸ਼ਰਧਾਂਜਲੀਆਂ ਦੇ ਮੌਸਮ ਵਿੱਚ ਹੁਣ ਪਾਕਿਸਤਾਨ ਨੂੰ ਵੀ ਕੁੱਝ ਪਤਾ ਲੱਗੇਗਾ ਕਿ ਮੌਤ ਦਾ ਪੈਰਾ ਕੀ ਹੁੰਦਾ ਹੈ ਅਤੇ ਆਪਣਿਆਂ ਨੂੰ ਗਵਾਉਣ ਦੀ ਤਾਕਤ ਕਿਹੋ ਜਿਹੀ ਹੁੰਦੀ ਹੈ ਪ੍ਰੰਤੂ ਉਥੇ ਜਿੱਥੇ ਜਿਹਾਦ ਦੇ ਨਾਮ 'ਤੇ ਕਤਲੇਆਮ ਕੀਤਾ ਗਿਆ ਹੋਵੇ, ਇਹ ਇਸਲਾਮ ਨਹੀਂ ਹੈ, ਇਹ ਜੀਵਨ ਦਾ ਤਰੀਕਾ ਨਹੀਂ ਹੈ ।ਭਾਰਤ ਦਾ ਕੀਤਾ ਗਿਆ ਆਪਰੇਸ਼ਨ ਸਿੰਦੂਰ ਦੁਨੀਆਂ ਨੂੰ ਮਾਨਵਤਾ ਅਤੇ ਇਹ ਹੱਕ ਦਿੰਦਾ ਹੈ ਕਿ ਇਹਨਾਂ ਦਾ ਬਦਲਾ ਲਿਆ ਜਾਏ ਪ੍ਰੰਤੂ ਹਰ ਮੌਤ ਤੋਂ ਬਾਅਦ ਹਰ ਸਵੇਰ ਜ਼ਿੰਦਗੀ ਨੂੰ ਵੰਗਾਰਦੀ ਹੈ ਤੇ ਜੇ ਉਸ ਚਿਖ਼ਾ ਦੇ ਵਿੱਚ ਇਹਨਾਂ ਲੋਕਾਂ ਦਾ ਹੱਥ ਹੋਵੇ, ਜਿਨ੍ਹਾਂ ਨੂੰ ਦਹਿਸ਼ਤਗਰਦ ਕਿਹਾ ਜਾਂਦਾ ਹੈ ਤੇ ਉਸ ਮੌਤ ਦਾ ਦਰਦ ਵਧ ਜਾਂਦਾ ਹੈ।

ਇਸ ਤਰ੍ਹਾਂ ਦਾ ਅਪਰੇਸ਼ਨ ਸਿੰਦੂਰ ਬੇਹੱਦ ਜ਼ਰੂਰੀ ਹੈ ਤਾਂ ਕਿ ਜ਼ਿੰਦਗੀ ਇਕ ਵਾਰ ਫ਼ਿਰ ਅਮਨ ਦੇ ਰਾਹ 'ਤੇ ਚਲ ਸਕੇ ਤਾਂ ਹੀ ਤਾਂ ਸ਼ਾਇਦ ਸ਼ਾਇਰ ਬਸ਼ੀਰ ਬਦਰ ਨੇ ਲਿਖਿਆ ਹੈ।

ਰਫ਼ਤਾ ਰਫ਼ਤਾ ਏਕ ਜ਼ਖ਼ਮ ਭਰ ਜਾਏਗਾ
ਸਭ ਨਿਸ਼ਾਨਾਤ ਫੂਲੋਂ ਸੇ ਢਕ ਜਾਏਂਗੇ ॥

ਨਵੇਂ ਫੁੱਲਾਂ ਦੀ ਮਹਿਕ ਅਤੇ ਨਵੇਂ ਸੂਰਜਾਂ ਦੀ ਆਮਦ ਵਿੱਚ ਹਰ ਸੁਬਹ ਅਮਨ ਦੀਆਂ ਦੁਆਵਾਂ ਆਪਰੇਸ਼ਨ ਸਿੰਦੂਰ ਦੇ ਨਾਲ ਹੀ ਹੋ ਸਕਦੀਆਂ ਹਨ ਕਾਇਰਤਾ ਦੇ ਨਾਲ ਨਹੀਂ । ਲੱਗਦਾ ਹੈ ਹਰ ਦਿਨ ਨਵੇਂ ਆਪਰੇਸ਼ਨ ਸਿੰਦੂਰ ਜ਼ਿੰਦਗੀ ਦੇ ਲਈ ਲਾਜ਼ਮੀ ਹੈ ਤੇ ਹੋਣਾ ਚਾਹੀਦਾ ਹੈ । ਨਵੀਆਂ ਉਮੀਦਾਂ ਨਾਲ ਜ਼ਿੰਦਗੀ ਨੂੰ ਇਸ ਅਲਸੁਬਾਹ ਨਵੇਂ ਸੁਪਨਿਆਂ ਦੇ ਨਾਲ ਸਵਾਗਤ ਕਰਦੇ ਹੋਏ ਕਿ ਦੁਬਾਰਾ ਆਪਰੇਸ਼ਨ ਦੀ ਸਿੰਦੂਰ ਦੀ ਜ਼ਰੂਰਤ ਹੀ ਨਾ ਪਵੇ।

ਰੱਬ ਰਾਖਾ। ਇਹ ਸਵੇਰ ਤੁਹਾਨੂੰ ਸ਼ੁਭ ਹੋਵੇ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਆਪ੍ਰੇਸ਼ਨ ਸਿੰਦੂਰ: ਭਾਰਤ ਵੱਲੋਂ ਪਾਕਿ 'ਚ 9 ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 7 ਮਈ :ਪਹਿਲਗਾਮ ਅੱਤਵਾਦੀ ਹਮਲੇ ਦਾ ਬਦਲਾ ਲੈਂਦਿਆਂ ਭਾਰਤ ਨੇ ਬੁੱਧਵਾਰ ਤੜਕੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ 9 ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ। ਇਨ੍ਹਾਂ ਵਿੱਚ ਬਹਾਵਲਪੁਰ ਵੀ ਸ਼ਾਮਲ ਹੈ ਜੋ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦਾ ਗੜ੍ਹ ਹੈ। ਭਾਰਤੀ ਫੌਜ ਨੇ ਵੱਡੇ ਤੜਕੇ 1.44 ਵਜੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ ਕਿ ਫੌਜੀ ਹਮਲੇ 'ਆਪ੍ਰੇਸ਼ਨ ਸਿੰਦੂਰ' ਤਹਿਤ ਕੀਤੇ ਗਏ ਹਨ। ਫੌਜ ਨੇ ਕਿਹਾ,"ਥੋੜ੍ਹਾ ਸਮਾਂ ਪਹਿਲਾਂ, ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦੇ ਹੋਏ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ, ਜਿੱਥੋਂ ਭਾਰਤ ਵਿਰੁੱਧ ਅੱਤਵਾਦੀ ਹਮਲਿਆਂ ਦੀ ਯੋਜਨਾ ਅਤੇ ਨਿਰਦੇਸ਼ਨ ਕੀਤਾ ਗਿਆ ਸੀ।" ਬਿਆਨ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਹਥਿਆਰਬੰਦ ਬਲਾਂ ਦੀਆਂ ਕਾਰਵਾਈਆਂ 'ਕੇਂਦਰਤ ਤੇ ਨਪੀਆਂ ਤੁਲੀਆਂ' ਰਹੀਆਂ ਹਨ। ਭਾਰਤੀ ਫੌਜ ਨੇ ਕਿਹਾ,"ਕਿਸੇ ਵੀ ਪਾਕਿਸਤਾਨੀ ਫੌਜੀ ਟਿਕਾਣੇ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਭਾਰਤ ਨੇ ਟੀਚਿਆਂ ਦੀ ਚੋਣ ਅਤੇ ਹਮਲਿਆਂ ਨੂੰ ਅੰਜਾਮ ਦੇਣ ਵਿਚ ਕਾਫ਼ੀ ਸੰਜਮ ਨਾਲ ਕੰਮ ਲਿਆ ਹੈ।"

ਪਾਕਿਸਤਾਨ ਫੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ ਚੌਧਰੀ ਨੇ ਕਿਹਾ ਕਿ ਭਾਰਤ ਵੱਲੋਂ ਮਕਬੂਜ਼ਾ ਕਸ਼ਮੀਰ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਦੇ ਕੋਟਲੀ ਅਤੇ ਮੁਜ਼ੱਫਰਾਬਾਦ ਅਤੇ ਪੰਜਾਬ ਦੇ ਬਹਾਵਲਪੁਰ ਵਿੱਚ ਮਿਜ਼ਾਈਲ ਹਮਲੇ ਕੀਤੇ ਗਏ।ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਦੌਰਾਨ 26 ਲੋਕਾਂ ਦੀ ਮੌਤ ਹੋ ਗਈ ਹੈ ਜਦ ਕਿ 46 ਹੋਰ ਜ਼ਖ਼ਮੀ ਹੋਏ ਹਨ। ਉਨ੍ਹਾਂ ਏ.ਆਰ.ਵਾਈ. ਨਿਊਜ਼ ਚੈਨਲ ਨੂੰ ਦੱਸਿਆ ਕਿ ਕੁਝ ਸਮਾਂ ਪਹਿਲਾਂ, ਭਾਰਤ ਨੇ ਬਹਾਵਲਪੁਰ ਦੇ ਅਹਿਮਦ ਪੂਰਬੀ ਖੇਤਰ, ਕੋਟਲੀ ਅਤੇ ਮੁਜ਼ੱਫਰਾਬਾਦ ਵਿੱਚ ਤਿੰਨ ਥਾਵਾਂ 'ਤੇ ਹਵਾਈ ਹਮਲੇ ਕੀਤੇ ਸਨ। ਚੌਧਰੀ ਨੇ ਕਿਹਾ,"ਇਹ ਬੁਜ਼ਦਿਲਾਨਾ ਅਤੇ ਸ਼ਰਮਨਾਕ ਹਮਲਾ ਭਾਰਤ ਦੇ ਹਵਾਈ ਖੇਤਰ ਦੇ ਅੰਦਰੋਂ ਕੀਤਾ ਗਿਆ ਹੈ। ਉਨ੍ਹਾਂ ਨੂੰ ਕਦੇ ਵੀ ਪਾਕਿਸਤਾਨ ਦੇ ਖੇਤਰ ਵਿੱਚ ਆਉਣ ਅਤੇ ਘੁਸਪੈਠ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।" ਚੌਧਰੀ ਨੇ ਅੱਗੇ ਕਿਹਾ, "ਮੈਂ ਇਹ ਸਪੱਸ਼ਟ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਆਪਣੀ ਪਸੰਦ ਦੇ ਸਮੇਂ ਅਤੇ ਸਥਾਨ 'ਤੇ ਇਸ ਦਾ ਜਵਾਬ ਦੇਵੇਗਾ। ਇਹ ਘਿਨਾਉਣੀ ਭੜਕਾਹਟ ਦਾ ਜਵਾਬ ਦਿੱਤਾ ਜਾਵੇਗਾ।" ਪਾਕਿਸਤਾਨ ਦੇ ਨਾਲ-ਨਾਲ ਪੀ.ਓ.ਕੇ. ਵਿੱਚ ਕਈ ਥਾਵਾਂ 'ਤੇ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਇਹ ਮੰਨਿਆ ਜਾਂਦਾ ਹੈ ਕਿ ਭਾਰਤ ਨੇ ਪੀ.ਓ.ਕੇ. ਵਿੱਚ ਸਰਜੀਕਲ ਸਟ੍ਰਾਈਕ ਵੀ ਕੀਤੀ ਹੈ। ਪੀ.ਓ.ਕੇ. ਲਈ ਅਧਿਕਾਰਤ ਪੁਸ਼ਟੀ ਦੀ ਉਡੀਕ ਹੈ।ਭਾਰਤ ਨੇ ਇਹ ਹਮਲੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਦੋ ਹਫ਼ਤੇ ਬਾਅਦ ਕੀਤੇ ਹਨ। ਇਨ੍ਹਾਂ ਹਮਲਿਆਂ ਨੂੰ ਲੈ ਕੇ ਭਾਰਤ ਅਤੇ ਵਿਦੇਸ਼ਾਂ ਵਿੱਚ ਵਿਆਪਕ ਰੋਸ ਸੀ। ਭਾਰਤੀ ਫੌਜ ਨੇ ਬਿਆਨ ਵਿੱਚ ਕਿਹਾ," (ਬਾਕੀ ਸਫ਼ਾ 11 'ਤੇ)






## ਸਾਨੂੰ ਆਪਣੀਆਂ ਫ਼ੌਜਾਂ 'ਤੇ ਮਾਣ ਹੈ: ਅਮਿਤ ਸ਼ਾਹ

ਨਵੀਂ ਦਿੱਲੀ , 7 ਮਈ (ਚੜ੍ਹਦੀਕਲਾ ਬਿਊਰੋ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਾਕਿਸਤਾਨੀ ਵਿਚ ਕਈ ਅੱਤਵਾਦੀ ਟਿਕਾਣਿਆਂ 'ਤੇ ਹੋਈ ਭਾਰਤ ਦੀ ਏਅਰ ਸਟਰਾਈਕ 'ਤੇ ਪ੍ਰਤੀਕਿਰਿਆ ਦਿੱਤੀ ਹੈ। 'ਆਪ੍ਰੇਸ਼ਨ ਸਿੰਦੂਰ' 'ਤੇ ਅਮਿਤ ਸ਼ਾਹ ਨੇ ਕਿਹਾ ਕਿ ਇਹ ਪਹਿਲਗਾਮ ਹਮਲੇ ਵਿਚ ਮਾਰੇ ਗਏ ਸਾਡੇ ਬੇਕਸੂਰ ਭਰਾਵਾਂ ਦੇ ਕਤਲ 'ਤੇ ਭਾਰਤ ਦਾ ਜਵਾਬ ਹੈ। ਮੋਦੀ ਸਰਕਾਰ ਭਾਰਤ ਅਤੇ ਇਸਦੇ ਲੋਕਾਂ 'ਤੇ ਕਿਸੇ ਵੀ ਹਮਲੇ ਦਾ ਢੁਕਵਾਂ ਜਵਾਬ ਦੇਣ ਲਈ ਦ੍ਰਿੜ ਹੈ। ਭਾਰਤ ਅੱਤਵਾਦ ਨੂੰ ਜੜ੍ਹਾਂ ਤੋਂ ਖਤਮ ਕਰਨ ਲਈ ਦ੍ਰਿੜਤਾ ਨਾਲ ਵਚਨਬੱਧ ਹੈ। ਅਮਿਤ ਸ਼ਾਹ ਦੀ ਇਹ ਐਕਸ ਪੋਸਟ (ਬਾਕੀ ਸਫ਼ਾ 11 'ਤੇ)

## ਅਸੀਂ ਉਨ੍ਹਾਂ ਨੂੰ ਮਾਰਿਆ, ਜਿਨ੍ਹਾਂ ਸਾਡੇ ਬੇਕਸੂਰ ਲੋਕਾਂ ਨੂੰ ਮਾਰਿਆ: ਰਾਜਨਾਥ

ਨਵੀਂ ਦਿੱਲੀ , 7 ਮਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦਾ ਭਾਰਤ ਨੇ ਬਦਲਾ ਲੈ ਲਿਆ ਹੈ। ਭਾਰਤੀ ਫ਼ੌਜ ਨੇ ਮੰਗਲਵਾਰ ਦੇਰ ਰਾਤ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਮੌਜੂਦ 9 ਤੋਂ ਜ਼ਿਆਦਾ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਹੈ। ਇਨ੍ਹਾਂ ਵਿਚ ਬਹਾਵਲਪੁਰ 'ਚ ਜੈਸ਼-ਏ-ਮੁਹੰਮਦ ਦਾ ਗੜ੍ਹ ਅਤੇ ਮੁਰੀਦਕੇ 'ਚ ਲਸ਼ਕਰ-ਏ-ਤੋਇਬਾ ਦਾ ਟਿਕਾਣਾ ਸ਼ਾਮਲ ਹੈ। ਭਾਰਤੀ ਫ਼ੌਜ ਨੇ ਪਾਕਿਸਤਾਨ ਨੂੰ ਕਰਾਰਾ ਜਵਾਬ ਦਿੱਤਾ ਹੈ। ਭਾਰਤ ਵਲੋਂ ਕੀਤੀ ਗਈ ਇਸ ਕਾਰਵਾਈ ਨੂੰ ਵੀ 'ਆਪ੍ਰੇਸ਼ਨ ਸਿੰਦੂਰ' ਦਾ ਨਾਂ ਦਿੱਤਾ ਗਿਆ ਹੈ। (ਬਾਕੀ ਸਫ਼ਾ 11 'ਤੇ)

### ਆਪ੍ਰੇਸ਼ਨ 'ਤੇ ਪ੍ਰਧਾਨ ਮੰਤਰੀ ਦੀ ਪ੍ਰਤੀਕਿਰਿਆ

## ਇੱਕ ਬਹੁਤ ਹੀ ਸਟੀਕ ਹਮਲਾ, ਇਹ ਹੋਣਾ ਹੀ ਸੀ...: ਮੋਦੀ



ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਵੱਲੋਂ ਪਾਕਿਸਤਾਨ ਦੇ 9 ਟਿਕਾਣਿਆਂ 'ਤੇ ਕੀਤੇ ਗਏ ਹਵਾਈ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਕੈਬਨਿਟ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਦੌਰਾਨ, ਮੋਦੀ ਨੇ ਕੇਂਦਰੀ ਮੰਤਰੀਆਂ ਨੂੰ ਆਪ੍ਰੇਸ਼ਨ ਸਿੰਦੂਰ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਕੈਬਨਿਟ ਨੂੰ ਦੱਸਿਆ ਕਿ ਇਹ ਕਾਰਵਾਈ ਯੋਜਨਾ ਅਨੁਸਾਰ ਬਿਲਕੁਲ ਸਹੀ ਢੰਗ ਨਾਲ ਕੀਤੀ ਗਈ ਸੀ ਅਤੇ ਇਸ ਵਿੱਚ ਕੋਈ ਗ਼ਲਤੀ ਨਹੀਂ ਕੀਤੀ ਗਈ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫ਼ੌਜ ਨੇ ਪਹਿਲਾਂ ਤੋਂ ਕੀਤੀਆਂ ਗਈਆਂ ਵਿਸਤ੍ਰਿਤ ਤਿਆਰੀਆਂ ਦੀ ਸਖ਼ਤੀ ਨਾਲ ਪਾਲਣਾ ਕਰ ਕੇ ਮਿਸ਼ਨ ਨੂੰ ਬਹੁਤ ਹੀ ਸਟੀਕਤਾ ਨਾਲ ਪੂਰਾ ਕੀਤਾ। ਇਸ ਮੀਟਿੰਗ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਆਪਰੇਸ਼ਨ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ, (ਬਾਕੀ ਸਫ਼ਾ 11 'ਤੇ)

## ਮੋਦੀ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਪਾਕਿ 'ਚ ਕੀਤੀ ਕਾਰਵਾਈ ਦੀ ਦਿੱਤੀ ਜਾਣਕਾਰੀ



ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਵੱਲੋਂ ਹਾਲ ਹੀ ਵਿੱਚ ਕੀਤੇ ਗਏ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ, ਦੇਸ਼ ਦੀਆਂ ਰਾਜਨੀਤਿਕ ਅਤੇ ਕੂਟਨੀਤਕ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਸੂਤਰਾਂ ਅਨੁਸਾਰ ਇਸ ਮੀਟਿੰਗ ਵਿੱਚ ਪੀਐਮ ਮੋਦੀ ਨੇ ਰਾਸ਼ਟਰਪਤੀ ਨੂੰ ਆਪਰੇਸ਼ਨ ਨਾਲ ਸਬੰਧਤ ਪੂਰੀ ਜਾਣਕਾਰੀ ਦਿੱਤੀ ਅਤੇ ਮੌਜੂਦਾ ਸੁਰੱਖਿਆ ਸਥਿਤੀ 'ਤੇ ਚਰਚਾ ਕੀਤੀ। ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਭਾਰਤੀ ਸੈਨਿਕਾਂ 'ਤੇ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਸਖ਼ਤ ਜਵਾਬ ਦਿੱਤਾ ਹੈ। ਆਪ੍ਰੇਸ਼ਨ ਸਿੰਦੂਰ ਦੇ ਤਹਿਤ, ਭਾਰਤੀ ਫ਼ੌਜ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਖੇਤਰ ਵਿੱਚ ਦਾਖ਼ਲ ਹੋ ਕੇ 9 ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਹ ਕਾਰਵਾਈ ਪੂਰੀ ਤਰ੍ਹਾਂ ਗੁਪਤ ਸੀ ਅਤੇ ਇਹ ਕੱਲ੍ਹ ਰਾਤ ਨੂੰ ਕੀਤੀ ਗਈ।

### 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਫ਼ੌਜ ਵੱਲੋਂ ਕਾਨਫਰੰਸ

## 'ਭਾਰਤ ਨੇ ਆਤਮ ਰੱਖਿਆ ਲਈ ਕੀਤਾ ਹਮਲਾ'



ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਵਿੱਚ ਅਤਿਵਾਦੀ ਕੈਂਪਾਂ 'ਤੇ ਹੋਏ ਹਵਾਈ ਨੂੰ ਲੈ ਕੇ ਫ਼ੌਜ ਨੇ ਅੱਜ ਵੱਡੀ ਪ੍ਰੈਸ ਕਾਨਫਰੰਸ ਕੀਤੀ। ਪ੍ਰੈਸ ਕਾਨਫਰੰਸ ਵਿੱਚ ਹਵਾਈ ਹਮਲੇ ਦਾ 2 ਮਿੰਟ ਦਾ ਵੀਡੀਓ ਚਲਾਇਆ ਗਿਆ। ਇਸ ਵਿੱਚ ਅਤਿਵਾਦੀ ਟਿਕਾਣਿਆਂ 'ਤੇ ਭਾਰਤੀ ਫ਼ੌਜ ਦੀ ਕਾਰਵਾਈ ਦਿਖਾਈ ਗਈ ਸੀ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ, ਹਵਾਈ ਸੈਨਾ ਅਤੇ ਫ਼ੌਜ ਦੀ ਇੱਕ ਮੁਸਲਿਮ ਅਤੇ ਇੱਕ ਹਿੰਦੂ ਮਹਿਲਾ ਅਧਿਕਾਰੀ ਫ਼ੌਜ ਦੀ ਪ੍ਰੈਸ ਕਾਨਫਰੰਸ ਵਿੱਚ ਮੌਜੂਦ ਸਨ। ਫ਼ੌਜ ਦੇ ਕਰਨਲ ਸੋਫ਼ੀਆ ਕੁਰੈਸ਼ੀ ਅਤੇ ਹਵਾਈ ਸੈਨਾ ਦੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਨੇ ਆਪਰੇਸ਼ਨ ਬਾਰੇ ਜਾਣਕਾਰੀ ਦਿੱਤੀ। ਕਰਨਲ ਸੋਫ਼ੀਆ ਅਤੇ ਵਿੰਗ ਕਮਾਂਡਰ ਵਯੋਮਿਕਾ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿੱਚ ਅਤਿਵਾਦੀ ਟਿਕਾਣਿਆਂ ਵਿਰੁੱਧ ਕੀਤੀ ਗਈ ਕਾਰਵਾਈ ਦਾ ਪੂਰਾ ਵੇਰਵਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨੀ ਫ਼ੌਜ ਅਤੇ ਆਮ ਲੋਕਾਂ ਨੂੰ ਨਿਸ਼ਾਨਾ ਨਹੀਂ ਬਣਾਇਆ। ਆਪ੍ਰੇਸ਼ਨ ਸਿੰਦੂਰ ਸਵੇਰੇ 1:05 ਵਜੇ ਤੋਂ 1:30 ਵਜੇ ਤੱਕ ਚਲਾਇਆ ਗਿਆ। ਵਿਦੇਸ਼ ਸਕੱਤਰ ਵਿਕਰਮ ਮਿਸਤਰੀ ਨੇ ਕਿਹਾ ਕਿ ਪਹਿਲਗਾਮ ਇੱਕ ਕਾਇਰਤਾਪੂਰਨ ਹਮਲਾ ਸੀ ਜਿਸ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੇ ਸਾਹਮਣੇ ਮਾਰ ਦਿੱਤਾ ਗਿਆ ਸੀ। ਲੋਕਾਂ ਦੇ ਸਿਰਾਂ ਵਿੱਚ ਗੋਲੀਆਂ ਮਾਰੀਆਂ ਗਈਆਂ। ਬਚੇ ਲੋਕਾਂ ਨੂੰ ਇਸ ਹਮਲੇ ਦਾ ਸੰਦੇਸ਼ ਫੈਲਾਉਣ ਲਈ ਕਿਹਾ ਗਿਆ ਸੀ। ਇਹ ਹਮਲਾ ਜੰਮੂ-ਕਸ਼ਮੀਰ ਦੀ ਚੰਗੀ ਸਥਿਤੀ ਨੂੰ ਪ੍ਰਭਾਵਿਤ ਕਰਨ ਲਈ ਕੀਤਾ ਗਿਆ ਸੀ। ਪਿਛਲੇ ਸਾਲ, 2.25 ਕਰੋੜ ਤੋਂ ਵੱਧ ਸੈਲਾਨੀ ਕਸ਼ਮੀਰ ਆਏ ਸਨ। ਹਮਲੇ ਦਾ ਉਦੇਸ਼ ਕਸ਼ਮੀਰ ਦੇ ਵਿਕਾਸ ਅਤੇ ਪ੍ਰਗਤੀ ਨੂੰ ਨੁਕਸਾਨ ਪਹੁੰਚਾ ਕੇ ਉਸਨੂੰ ਪਛੜਿਆ ਰੱਖਣਾ ਸੀ। ਹਮਲੇ ਦਾ ਇਹ ਤਰੀਕਾ ਜੰਮੂ-ਕਸ਼ਮੀਰ ਅਤੇ ਪੂਰੇ ਦੇਸ਼ ਵਿੱਚ ਫ਼ਿਰਕੂ ਦੰਗਿਆਂ ਦੇ ਫੈਲਾਅ ਤੋਂ ਪ੍ਰੇਰਿਤ ਸੀ। ਟੀਆਰਐਫ ਨਾਮਕ ਇੱਕ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਇਸ 'ਤੇ ਸੰਯੁਕਤ ਰਾਸ਼ਟਰ ਦੁਆਰਾ ਪਾਬੰਦੀ ਲਗਾਈ ਗਈ ਹੈ ਅਤੇ ਇਹ ਲਸ਼ਕਰ ਨਾਲ ਜੁੜਿਆ ਹੋਇਆ ਹੈ। ਸਾਨੂੰ ਜਾਣਕਾਰੀ ਮਿਲੀ ਸੀ ਕਿ ਉਹ ਹੋਰ ਹਮਲੇ ਕਰ ਸਕਦੇ ਹਨ। ਉਨ੍ਹਾਂ ਨੂੰ ਰੋਕਣਾ ਜ਼ਰੂਰੀ ਸੀ। ਅਸੀਂ ਉਨ੍ਹਾਂ ਨੂੰ ਰੋਕਣ ਲਈ ਆਪਣੇ ਅਧਿਕਾਰ ਦੀ ਵਰਤੋਂ ਕੀਤੀ। ਇਹ ਕਾਰਵਾਈ ਮਾਪੀ ਗਈ ਅਤੇ ਜ਼ਿੰਮੇਵਾਰ ਹੈ।

## ਦੁਨੀਆਂ ਨੂੰ ਅੱਤਵਾਦ ਪ੍ਰਤੀ ਜ਼ੀਰੋ ਟਾਲਰੈਂਸ ਰਵੱਈਆ ਅਪਣਾਉਣਾ ਚਾਹੀਦੈ: ਜੈਸ਼ੰਕਰ



ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) 'ਚ 9 ਅੱਤਵਾਦੀ ਲਾਂਚ ਪੈਡਾਂ 'ਤੇ ਹਮਲਾ ਕਰਨ ਤੋਂ ਕੁਝ ਘੰਟਿਆਂ ਬਾਅਦ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਬੁੱਧਵਾਰ ਨੂੰ ਕਿਹਾ ਕਿ ਦੁਨੀਆਂ ਨੂੰ ਅੱਤਵਾਦ ਵਿਰੁੱਧ ਜ਼ੀਰੋ-ਟਾਲਰੈਂਸ ਨੀਤੀ ਅਪਣਾਉਣੀ ਚਾਹੀਦੀ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ 2 ਹਫ਼ਤੇ ਬਾਅਦ 'ਆਪ੍ਰੇਸ਼ਨ ਸਿੰਦੂਰ' ਤਹਿਤ ਫੌਜੀ ਹਮਲੇ ਕੀਤੇ ਗਏ। ਪਹਿਲਗਾਮ ਹਮਲੇ 'ਚ 26 ਨਾਗਰਿਕ ਮਾਰੇ ਗਏ ਸਨ। ਰੱਖਿਆ ਮੰਤਰਾਲਾ ਨੇ ਕਿਹਾ ਕਿ ਭਾਰਤ ਨੇ ਟੀਚਿਆਂ ਦੀ ਚੋਣ ਅਤੇ ਆਪਣੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਤਰੀਕੇ 'ਚ ਕਾਫ਼ੀ ਸੰਜਮ ਦਿਖਾਇਆ ਹੈ। ਜੈਸ਼ੰਕਰ ਨੇ 'ਐਕਸ' 'ਤੇ ਕਿਹਾ, 'ਦੁਨੀਆਂ ਨੂੰ ਅੱਤਵਾਦ ਪ੍ਰਤੀ ਜ਼ੀਰੋ ਟਾਲਰੈਂਸ ਦਿਖਾਉਣਾ ਚਾਹੀਦਾ ਹੈ।" ਸਮਝਿਆ ਜਾਂਦਾ ਹੈ ਕਿ ਇਸ ਮੁਹਿੰਮ ਨੂੰ ਭਾਰਤੀ ਹਵਾਈ ਫ਼ੌਜ ਅਤੇ ਫੌਜ ਨੇ ਸਾਂਝੇ ਤੌਰ 'ਤੇ ਅੰਜਾਮ ਦਿੱਤਾ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੇ ਦੇਸ਼ ਨੂੰ 'ਭਾਰਤ ਦੁਆਰਾ ਥੋਪੀ ਗਈ ਇਸ ਜੰਗ ਦਾ ਢੁਕਵਾਂ ਜਵਾਬ ਦੇਣ' ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ, 'ਪਾਕਿਸਤਾਨੀ ਰਾਸ਼ਟਰ ਅਤੇ ਪਾਕਿਸਤਾਨੀ ਹਥਿਆਰਬੰਦ ਸੈਨਾਵਾਂ ਦੁਸ਼ਮਣ ਨਾਲ ਬਹੁਤ ਚੰਗੀ ਤਰ੍ਹਾਂ ਨਜਿੱਠਣਾ ਜਾਣਦੀਆਂ ਹਨ।'

## ਜੇਕਰ ਪਾਕਿਸਤਾਨ ਤਣਾਅ ਵਧਾਉਂਦੈ ਤਾਂ ਭਾਰਤ 'ਸਖ਼ਤ ਜਵਾਬ' ਦੇਣ ਲਈ ਤਿਆਰ: ਡੋਵਾਲ



ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਰਾਸ਼ਟਰੀ ਸੁਰੱਖਿਆ ਸਲਾਹਕਾਰ (ਐੱਨ.ਐੱਸ.ਏ.) ਅਜੀਤ ਡੋਵਾਲ ਨੇ ਬੁੱਧਵਾਰ ਨੂੰ ਵੱਖ-ਵੱਖ ਦੇਸ਼ਾਂ ਦੇ ਆਪਣੇ ਹਮਰੁਤਬਾ ਨੂੰ ਕਿਹਾ ਕਿ ਭਾਰਤ ਦਾ ਤਣਾਅ ਵਧਾਉਣ ਦਾ ਕੋਈ ਇਰਾਦਾ ਨਹੀਂ ਹੈ ਪਰ ਜੇਕਰ ਪਾਕਿਸਤਾਨ ਅਜਿਹਾ ਕਰਦਾ ਹੈ ਤਾਂ ਉਹ 'ਮਜ਼ਬੂਤੀ ਨਾਲ ਜਵਾਬ' ਦੇਣ ਲਈ ਤਿਆਰ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ।

ਡੋਵਾਲ ਨੇ ਅਮਰੀਕਾ, ਬ੍ਰਿਟੇਨ, ਸਾਊਦੀ ਅਰਬ ਅਤੇ ਜਾਪਾਨ ਦੇ ਆਪਣੇ ਹਮਰੁਤਬਾ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਢਾਂਚੇ ਵਿਰੁੱਧ ਭਾਰਤ ਦੇ ਮਿਜ਼ਾਈਲ ਹਮਲਿਆਂ ਬਾਰੇ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਡੋਭਾਲ ਨੇ ਰੂਸ ਅਤੇ ਫਰਾਂਸ ਨਾਲ ਵੀ ਸੰਪਰਕ ਕੀਤਾ। ਇੱਕ ਅਧਿਕਾਰੀ ਨੇ ਕਿਹਾ, 'ਐੱਨ.ਐੱਸ.ਏ. ਨੇ ਆਪਣੇ ਹਮਰੁਤਬਾ ਨੂੰ ਭਾਰਤ ਦੀਆਂ ਕਾਰਵਾਈਆਂ ਅਤੇ ਹਮਲੇ ਦੇ ਢੰਗ-ਤਰੀਕਿਆਂ ਬਾਰੇ ਜਾਣਕਾਰੀ ਦਿੱਤੀ, ਜੋ ਕਿ ਸਟੀਕ, ਗੈਰ-ਉਕਸਾਵੇ ਵਾਲਾ ਅਤੇ ਸੰਜਮ ਵਾਲਾ ਸੀ।' ਉਨ੍ਹਾਂ (ਡੋਵਾਲ) ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦਾ ਤਣਾਅ ਵਧਾਉਣ ਦਾ ਕੋਈ ਇਰਾਦਾ ਨਹੀਂ ਹੈ ਪਰ ਜੇਕਰ ਪਾਕਿਸਤਾਨ ਅਜਿਹਾ ਕਰਨ ਦਾ ਫੈਸਲਾ ਕਰਦਾ ਹੈ ਤਾਂ ਉਹ ਸਖ਼ਤ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਗੱਲਬਾਤ ਭਾਰਤ ਵੱਲੋਂ 9 ਥਾਵਾਂ 'ਤੇ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕਰਨ ਤੋਂ ਤੁਰੰਤ ਬਾਅਦ ਹੋਈ। ਡੋਵਾਲ ਨੇ ਅਮਰੀਕੀ ਐੱਨ.ਐੱਸ.ਏ. ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਬ੍ਰਿਟੇਨ ਦੇ ਜੋਨਾਥਨ ਪਾਵੇਲ, ਸਾਊਦੀ ਅਰਬ ਦੇ ਮੁਸੈਦ ਅਲ ਐਬਨ, ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਐੱਚ.ਐੱਚ. ਸ਼ੇਖ ਤਹਿਨੂੰਨ ਅਤੇ ਜਾਪਾਨ ਦੇ ਮਸਾਤਾਕਾ ਓਕਾਨੋ ਨਾਲ ਗੱਲਬਾਤ ਕੀਤੀ। ਅਧਿਕਾਰੀ ਨੇ ਕਿਹਾ, -ਰੂਸੀ ਐੱਨ.ਐੱਸ.ਏ. ਸਰਗੇਈ ਸ਼ੋਇਗੂ, ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਅਤੇ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਕੂਟਨੀਤਕ ਸਲਾਹਕਾਰ ਨਾਲ ਵੀ ਸੰਪਰਕ ਕੀਤਾ ਗਿਆ ਹੈ।÷ ਡੋਵਾਲ ਆਉਣ ਵਾਲੇ ਦਿਨਾਂ ਵਿੱਚ ਆਪਣੇ ਹਮਰੁਤਬਾ ਨਾਲ ਸੰਪਰਕ ਵਿੱਚ ਰਹਿਣਗੇ।

## 11 ਭਾਰਤੀ ਹਵਾਈ ਅੱਡੇ ਕੀਤੇ ਬੰਦ, ਕਈਆਂ ਉਡਾਣਾਂ ਰੱਦ

ਨਵੀਂ ਦਿੱਲੀ, 7 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ 'ਤੇ ਹਵਾਈ ਹਮਲੇ ਤੋਂ ਬਾਅਦ, ਭਾਰਤ ਨੇ 7 ਸੂਬਿਆਂ ਦੇ 11 ਹਵਾਈ ਅੱਡਿਆਂ 'ਤੇ ਉਡਾਣ ਸੰਚਾਲਨ ਬੰਦ ਕਰ ਦਿੱਤਾ ਹੈ। ਸ੍ਰੀਨਗਰ, ਜੰਮੂ, ਲੇਹ, ਚੰਡੀਗੜ੍ਹ, ਬੀਕਾਨੇਰ, ਜੋਧਪੁਰ, ਰਾਜਕੋਟ, ਧਰਮਸ਼ਾਲਾ, ਅੰਮ੍ਰਿਤਸਰ, ਭੁਜ ਅਤੇ ਜਾਮਨਗਰ ਵਿੱਚ ਉਡਾਣਾਂ ਰੋਕ ਦਿੱਤੀਆਂ ਗਈਆਂ ਹਨ। ਇਹ ਹਵਾਈ ਅੱਡੇ ਪਾਕਿਸਤਾਨ ਦੀ ਸਰਹੱਦ ਦੇ ਨਾਲ ਲੱਗਦੇ ਹਨ। ਜੰਮੂ-ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਵਿੱਚ ਸਕੂਲ ਬੰਦ ਕਰ ਦਿੱਤੇ ਗਏ ਹਨ। ਕਰਤਾਰਪੁਰ ਲਾਂਘਾ ਵੀ ਬੰਦ ਕਰ ਦਿੱਤਾ ਗਿਆ ਹੈ। ਇੱਥੋਂ ਸਿੱਖ ਸ਼ਰਧਾਲੂ ਪਾਕਿਸਤਾਨ ਵਿੱਚ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਸਨ। ਏਅਰ ਇੰਡੀਆ ਨੇ 10 ਮਈ ਨੂੰ ਸਵੇਰੇ 05:29 ਵਜੇ ਤੱਕ 9 ਸ਼ਹਿਰਾਂ ਲਈ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ। ਇਹ ਸ਼ਹਿਰ ਹਨ- ਜੰਮੂ, ਸ੍ਰੀਨਗਰ, ਲੇਹ, ਜੋਧਪੁਰ, (ਬਾਕੀ ਸਫ਼ਾ 11 'ਤੇ)

## ਪਟਿਆਲਾ 'ਚ ਸੜਕ ਹਾਦਸੇ ਦੌਰਾਨ 5 ਸਕੂਲੀ ਬੱਚਿਆਂ ਸਮੇਤ 6 ਦੀ ਮੌਤ, 10 ਗੰਭੀਰ ਜ਼ਖ਼ਮੀ

ਸਮਾਣਾ/ਪਟਿਆਲਾ, 7 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਰੁਪਾਣਾ) : ਸਮਾਣਾ-ਪਟਿਆਲਾ ਸੜਕ ਤੇ ਬੁੱਧਵਾਰ ਦੁਪਹਿਰ ਬਾਅਦ ਪਿੰਡ ਨਸੂਪੁਰ ਨੇੜੇ ਇਕ ਟਿੱਪਰ ਅਤੇ ਇਨੋਵਾ ਕਾਰ ਦਰਮਿਆਨ ਹੋਈ ਭਿਆਨਕ ਟੱਕਰ 'ਚ ਡਰਾਇਵਰ ਸਣੇ 6 ਸਕੂਲੀ ਬੱਚਿਆਂ ਦੀ ਮੌਤ ਹੋ ਗਈ, ਜਦੋਂ ਕਿ 6 ਬੱਚੇ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਸਮਾਣਾ ਦੇ ਸਿਵਲ ਹਸਪਤਾਲ 'ਚ ਡਾਕਟਰਾਂ ਨੇ ਮੁੱਢਲੀ ਸਹਾਇਤਾ ਦੇ ਕੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ।

ਇਸੇ ਦੌਰਾਨ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਸਾਂਝੀ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਉਹ ਉਨ੍ਹਾਂ ਨੂੰ ਇਸ ਸੰਕਟ ਦੀ ਘੜੀ ਵਿੱਚ ਇਸ ਨਾ ਪੂਰੇ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਦਾ ਬਲ ਅਤੇ ਵਿਛੜੀਆਂ ਰੂਹਾਂ ਨੂੰ

### ਮੁੱਖ ਮੰਤਰੀ ਵੱਲੋਂ ਸੜਕ ਹਾਦਸੇ 'ਤੇ ਦੁੱਖ ਪ੍ਰਗਟ



ਸ਼ਾਂਤੀ ਬਖਸ਼ਣ। ਜਾਣਕਾਰੀ ਅਨੁਸਾਰ ਬੁੱਧਵਾਰ ਸਵੇਰੇ ਇਨੋਵਾ ਕਾਰ ਚਾਲਕ ਪਟਿਆਲਾ ਦੇ ਇਕ ਨਿੱਜੀ ਸਕੂਲ 'ਚ ਪੜ੍ਹਦੇ 12 ਬੱਚਿਆਂ ਨੂੰ ਰੋਜ਼ਾਨਾ ਵਾਂਗ ਲੈ ਕੇ ਗਿਆ ਸੀ। ਜਦੋਂ ਉਹ ਦੁਪਹਿਰ ਬਾਅਦ ਬੱਚਿਆਂ ਨੂੰ ਸਕੂਲ ਤੋਂ ਸਮਾਣਾ ਵਾਪਸ ਲੈ ਕੇ ਆ ਰਿਹਾ ਸੀ ਤਾਂ ਪਿੰਡ ਨਸੂਪੁਰ ਨੇੜੇ ਸਮਾਣਾ ਤੋਂ ਪਟਿਆਲਾ ਜਾ ਰਹੇ ਇਕ ਟਿੱਪਰ ਨਾਲ ਐਨੀ ਭਿਆਨਕ ਟੱਕਰ ਹੋਈ ਕਿ ਇਨੋਵਾ ਕਾਰ ਦੇ ਪਰਖਚੇ ਉੱਡ ਗਏ ਤੇ ਕਾਰ ਖਤਾਨਾਂ 'ਚ ਜਾ ਡਿੱਗੀ। ਜਿਸ ਕਾਰਨ ਚਾਲਕ ਬਲਵਿੰਦਰ ਸਿੰਘ ਨਿਵਾਸੀ ਪਿੰਡ ਫਤਿਹਪੁਰ, ਭਿਵਾਂਸੀ (11) ਪੁੱਤਰੀ ਕਰਨ ਸਚਦੇਵਾ, ਭਵਿਅਮ (8) ਪੁੱਤਰ ਕਰਨ ਸਚਦੇਵਾ, ਪਰਵ ਸਚਦੇਵਾ (12) ਪੁੱਤਰ ਰਾਜੀਵ ਸਚਦੇਵਾ, ਅਰਾਧਿਆ (10) ਪੁੱਤਰੀ ਸਚਿਨ ਲੂੰਬਾ, ਸੇਜਲ (8) ਪੁੱਤਰੀ ਮੋਹਿਤ, ਸਣੇ 6 ਸਕੂਲੀ ਬੱਚਿਆਂ ਦੀ ਮੌਤ ਹੋ ਗਈ। ਜਦੋਂ ਕਿ ਗੰਭੀਰ ਜ਼ਖ਼ਮੀਆਂ 'ਚ (ਬਾਕੀ ਸਫ਼ਾ 11 'ਤੇ)

## ਪਾਕਿ ਸੁਰੱਖਿਆ ਸਮੂਹ ਨੇ ਬਦਲਾ ਲੈਣ ਲਈ ਫ਼ੌਜ ਨੂੰ ਦਿੱਤੇ ਆਦੇਸ਼

ਇਸਲਾਮਾਬਾਦ , 7 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਨੇ ਬੁੱਧਵਾਰ ਨੂੰ ਕਿਹਾ ਕਿ ਦੇਸ਼ ਦੇ ਹਥਿਆਰਬੰਦ ਬਲਾਂ ਨੂੰ ਭਾਰਤੀ ਫੌਜੀ ਹਮਲਿਆਂ ਵਿੱਚ ਮਾਸੂਮ ਪਾਕਿਸਤਾਨੀ ਜਾਨਾਂ ਦੇ ਨੁਕਸਾਨ ਦਾ ਬਦਲਾ ਲੈਣ ਲਈ 'ਆਪਣੀ ਪਸੰਦ ਦੇ ਸਮੇਂ, ਸਥਾਨ ਅਤੇ ਤਰੀਕੇ ਨਾਲ' ਬਦਲਾ ਲੈਣ ਲਈ ਅਧਿਕਾਰਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ (ਐਨ.ਐਸ.ਸੀ.) ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਕੈਬਨਿਟ ਮੰਤਰੀਆਂ, ਮੁੱਖ ਮੰਤਰੀਆਂ, ਸਾਰੀਆਂ ਸੇਵਾਵਾਂ ਦੇ ਮੁਖੀਆਂ ਅਤੇ ਸੀਨੀਅਰ ਅਧਿਕਾਰੀਆਂ ਨੇ ਸਥਿਤੀ 'ਤੇ ਚਰਚਾ ਕਰਨ ਲਈ ਸ਼ਿਰਕਤ ਕੀਤੀ। ਭਾਰਤੀ ਹਥਿਆਰਬੰਦ ਬਲਾਂ ਨੇ ਬੁੱਧਵਾਰ ਸਵੇਰੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਅਤੇ ਪਾਕਿਸਤਾਨ ਦੇ (ਬਾਕੀ ਸਫ਼ਾ 11 'ਤੇ)

## ਸੁਰੱਖਿਆ ਬਲਾਂ ਨੇ ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ 22 ਨਕਸਲੀਆਂ ਨੂੰ ਕੀਤਾ ਢੇਰ



ਬੀਜਾਪੁਰ, 7 ਮਈ (ਚੜ੍ਹਦੀਕਲਾ ਬਿਊਰੋ) : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਕੇਰੇਗੁਟਾ ਪਹਾੜੀਆਂ ਦੇ ਨੇੜੇ ਚੱਲ ਰਹੇ ਮੁਕਾਬਲੇ ਵਿੱਚ ਘੱਟੋ-ਘੱਟ 22 ਨਕਸਲੀ ਮਾਰੇ ਗਏ , ਪੁਲਿਸ ਨੇ ਬੁੱਧਵਾਰ ਨੂੰ ਦੱਸਿਆ। ਇੱਕ ਪੁਲਿਸ ਅਧਿਕਾਰੀ ਦੇ ਅਨੁਸਾਰ, 'ਮਿਸ਼ਨ ਸੰਕਲਪ' ਦੇ ਤਹਿਤ ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ ਬੀਜਾਪੁਰ ਜ਼ਿਲ੍ਹੇ ਵਿੱਚ ਮੁਕਾਬਲਾ ਅਜੇ ਵੀ ਜਾਰੀ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰ ਦਿਓ ਸਾਈ ਨੇ ਵੀ ਮੌਤਾਂ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਸ ਖੇਤਰ ਵਿੱਚ ਕਈ ਦਿਨਾਂ ਤੋਂ ਵੱਡੇ ਪੱਧਰ 'ਤੇ ਨਕਸਲ ਵਿਰੋਧੀ ਕਾਰਵਾਈ ਚੱਲ ਰਹੀ ਹੈ। 'ਕਈ ਦਿਨਾਂ ਤੋਂ, ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ ਕਰੇਗੁਟਾ ਪਹਾੜੀਆਂ ਦੇ ਨੇੜੇ ਨਕਸਲ ਵਿਰੋਧੀ ਕਾਰਵਾਈਆਂ ਚੱਲ ਰਹੀਆਂ ਹਨ। ਹੁਣ ਤੱਕ, ਉੱਥੇ 22 ਤੋਂ ਵੱਧ ਨਕਸਲੀਆਂ ਦੀਆਂ ਲਾਸ਼ਾਂ ਮਿਲੀਆਂ ਹਨ।' ਇਸ ਦੌਰਾਨ, ਮੰਗਲਵਾਰ ਨੂੰ ਬੀਜਾਪੁਰ ਜ਼ਿਲ੍ਹੇ ਦੇ ਜੰਗਲੀ ਸਰਹੱਦੀ ਖੇਤਰ ਵਿੱਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਦੌਰਾਨ ਇੱਕ ਔਰਤ ਨਕਸਲੀ ਮਾਰੀ ਗਈ ਅਤੇ ਇੱਕ .303 ਰਾਈਫਲ ਬਰਾਮਦ ਕੀਤੀ ਗਈ। ਇਹ ਮੁਕਾਬਲਾ 5 ਮਈ ਨੂੰ ਬੀਜਾਪੁਰ ਦੀ ਦੱਖਣ-ਪੱਛਮੀ ਸਰਹੱਦ ਦੇ ਨਾਲ ਸੰਘਣੇ ਜੰਗਲਾਂ ਵਿੱਚ ਹੋਇਆ ਸੀ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ (ਬਾਕੀ ਸਫ਼ਾ 11 'ਤੇ)

### ਬੀ.ਬੀ.ਐਮ.ਬੀ.ਵੱਲੋਂ ਦਾਇਰ ਪਟੀਸ਼ਨ ਦਾ ਹੋਇਆ ਨਿਬੇੜਾ

## ਹਾਈ ਕੋਰਟ ਨੇ ਪੰਜਾਬ ਪੁਲਿਸ ਨੂੰ ਡੈਮਾਂ ਦੀ ਸੁਰੱਖਿਆ ਕਰਨ ਦੀ ਦਿੱਤੀ ਖੁੱਲ੍ਹ

ਚੰਡੀਗੜ੍ਹ, 7 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਲੋਂ ਦਾਇਰ ਪਟੀਸ਼ਨ ਦਾ ਨਿਬੇੜਾ ਕਰਦਿਆਂ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਪੰਜਾਬ ਪੁਲਿਸ ਭਾਖੜਾ ਨੰਗਲ ਡੈਮ ਅਤੇ ਲੋਹੰਡ ਖੱਡ ਦੇ ਆਪ੍ਰੇਸ਼ਨ ਅਤੇ ਰੈਗੂਲੇਸ਼ਨ ਵਿੱਚ ਕੋਈ ਦਖਲਅੰਦਾਜ਼ੀ ਨਾ ਕਰੇ। ਪੰਜਾਬ ਪੁਲਿਸ ਨੂੰ ਡੈਮਾਂ ਦੀ ਸੁਰੱਖਿਆ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਵੀ ਹੁਕਮ ਦਿੱਤੇ ਹਨ ਕਿ ਉਹ (ਪੰਜਾਬ ਸਰਕਾਰ) ਦੋ ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫ਼ੈਸਲੇ ਦੀ (ਬਾਕੀ ਸਫ਼ਾ 11 'ਤੇ)

## ਪਾਕਿ ਵੱਲੋਂ ਐਲ.ਓ.ਸੀ 'ਤੇ ਗੋਲ਼ੀਬਾਰੀ ਦੌਰਾਨ 7 ਮੌਤਾਂ, 50 ਤੋਂ ਵੱਧ ਜ਼ਖ਼ਮੀ

ਸ੍ਰੀਨਗਰ , 7 ਮਈ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਅਤਿਵਾਦੀ ਹਮਲੇ ਦੇ ਜਵਾਬ ਵਿੱਚ ਭਾਰਤ ਵੱਲੋਂ ਪਾਕਿਸਤਾਨ ਦੇ ਅੰਦਰ ਕੀਤੇ ਗਏ ਸਟੀਕ ਹਵਾਈ ਹਮਲੇ ਤੋਂ ਬਾਅਦ ਪਾਕਿਸਤਾਨ ਵੱਲੋਂ ਜੰਮੂ-ਕਸ਼ਮੀਰ ਦੇ ਕਈ ਇਲਾਕਿਆਂ ਵਿੱਚ ਕੰਟਰੋਲ ਰੇਖਾ 'ਤੇ ਗੋਲੀਬਾਰੀ ਵਿੱਚ ਸੱਤ ਨਾਗਰਿਕ ਮਾਰੇ ਗਏ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ। ਇੱਕ ਅਧਿਕਾਰੀ ਨੇ ਨਿਊਜ਼ ਏਜੰਸੀ ਨੂੰ ਦੱਸਿਆ,ਅੱਜ ਸਵੇਰੇ ਪੁੰਛ ਅਤੇ ਮੇਂਢਰ ਸੈਕਟਰਾਂ ਵਿੱਚ ਕੰਟਰੋਲ ਰੇਖਾ 'ਤੇ ਪਾਕਿਸਤਾਨ ਵੱਲੋਂ ਕੀਤੀ ਗਈ ਭਾਰੀ ਤੋਪਖਾਨੇ ਦੀ ਗੋਲੀਬਾਰੀ ਵਿੱਚ ਸੱਤ ਲੋਕ ਮਾਰੇ ਗਏ ਅਤੇ 38 ਜ਼ਖ਼ਮੀ ਹੋ ਗਏ। ਉਨ੍ਹਾਂ ਕਿਹਾ ਕਿ ਉੜੀ ਦੇ ਸਲਾਮਾਬਾਦ ਦੇ ਨੌਪੋਰਾ ਅਤੇ ਕਲਗੇ ਖੇਤਰਾਂ ਵਿੱਚ ਸਰਹੱਦ ਪਾਰ ਤੋਂ ਹੋਈ ਗੋਲੀਬਾਰੀ ਕਾਰਨ ਦਸ ਨਾਗਰਿਕ ਵੀ ਜ਼ਖ਼ਮੀ ਹੋ ਗਏ, ਜਦੋਂ ਕਿ ਰਾਜੌਰੀ ਵਿੱਚ ਤਿੰਨ ਨਾਗਰਿਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਨੇੜਲੇ ਸਿਹਤ ਕੇਂਦਰਾਂ ਵਿੱਚ ਲਿਜਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ ਨੇ ਲਗਾਤਾਰ 13ਵੇਂ ਦਿਨ (ਬਾਕੀ ਸਫ਼ਾ 11 'ਤੇ)

## ਪਾਕਿਸਤਾਨ ਵੱਲੋਂ ਪੁੰਛ ਦੇ ਗੁਰੂਘਰ 'ਤੇ ਹਮਲਾ, ਰਾਗੀ ਸਿੰਘ ਸਣੇ ਕਈ ਗੁਰਸਿੱਖਾਂ ਦੀ ਗਈ ਜਾਨ



ਜੰਮੂ, 7 ਮਈ : ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਜੋਂ ਚਲਾਏ ਗਏ ਆਪ੍ਰੇਸ਼ਨ ਸਿੰਦੂਰ ਮਗਰੋਂ ਪਾਕਿਸਤਾਨ ਦੀ ਕਾਇਰਾਨਾ ਹਰਕਤ ਸਾਹਮਣੇ ਆਈ ਹੈ। ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿੱਚ ਕੰਟਰੋਲ ਰੇਖਾ ਨੇੜੇ ਸੈਂਟਰਲ ਗੁਰਦੁਆਰਾ ਸਾਹਿਬ 'ਤੇ ਹਮਲਾ ਕੀਤਾ ਹੈ। ਇਸ ਹਮਲੇ ਵਿੱਚ ਕੁਝ ਸਿੱਖ ਲੋਕ ਮਾਰੇ ਗਏ, ਜਿਨ੍ਹਾਂ ਵਿਚ ਗੁਰੂਘਰ ਦੇ ਰਾਗੀ ਭਾਈ ਅਮਰੀਕ ਸਿੰਘ ਸਣੇ ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਰੂਬੀ ਕੌਰ ਦੀ ਮੌਤ ਹੋ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹਮਲੇ ਦੀ ਨਿਖੇਧੀ ਕੀਤੀ। ਉਸ ਪਵਿੱਤਰ ਸਥਾਨ 'ਤੇ ਜਿੱਥੇ ਸਾਰਿਆਂ ਦੀ ਭਲਾਈ ਲਈ ਰੋਜ਼ਾਨਾ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ। ਨਾਗਰਿਕਾਂ ਅਤੇ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਬਣਾਉਣਾ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਉਲੰਘਣਾ ਹੈ। (ਬਾਕੀ ਸਫ਼ਾ 11 'ਤੇ)

## ਸੁਰੱਖਿਆ ਪ੍ਰੀਸ਼ਦ ਵੱਲੋਂ ਭਾਰਤ-ਪਾਕਿ ਨੂੰ 'ਸੰਜਮ' ਵਰਤਣ ਦੀ ਅਪੀਲ

ਸੰਯੁਕਤ ਰਾਸ਼ਟਰ, 7 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧਦੇ ਤਣਾਅ ਦੇ ਵਿਚਕਾਰ, ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐੱਨ.ਐੱਸ.ਸੀ.) ਨੇ ਬੰਦ ਕਮਰੇ ਵਿਚ ਇਸ ਮੁੱਦੇ 'ਤੇ ਚਰਚਾ ਕੀਤੀ, ਜਿਸ ਵਿੱਚ ਰਾਜਦੂਤਾਂ ਨੇ ਸੰਜਮ ਵਰਤਣ ਅਤੇ ਗੱਲਬਾਤ ਕਰਨ ਦੀ ਅਪੀਲ ਕੀਤੀ। ਮਈ ਮਹੀਨੇ ਲਈ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਧਾਨ ਯੂਨਾਨ ਨੇ ਪਾਕਿਸਤਾਨ ਦੀ ਬੇਨਤੀ 'ਤੇ ਸੋਮਵਾਰ ਨੂੰ ਮੀਟਿੰਗ ਨਿਰਧਾਰਤ ਕੀਤੀ ਸੀ। ਪਾਕਿਸਤਾਨ, ਮੌਜੂਦਾ ਸਮੇਂ ਵਿਚ ਸ਼ਕਤੀਸ਼ਾਲੀ 15 ਮੈਂਬਰੀ ਸੁਰੱਖਿਆ ਪ੍ਰੀਸ਼ਦ ਦਾ ਇਕ ਅਸਥਾਈ ਮੈਂਬਰ ਹੈ। ਬੈਠਕ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ 26 ਲੋਕਾਂ ਦੀ ਹੱਤਿਆ ਕਰਨ ਤੋਂ ਕੁਝ ਦਿਨ ਬਾਅਦ ਹੋਈ। ਪਹਿਲਗਾਮ ਹਮਲੇ ਦੀ ਘਟਨਾ ਤੋਂ ਬਾਅਦ ਭਾਰਤ ਵਿੱਚ ਗੁੱਸਾ ਹੈ। (ਬਾਕੀ ਸਫ਼ਾ 11 'ਤੇ)

## ਸਟ੍ਰਾਇਕ ਤੋਂ ਬੁਖਲਾਇਆ ਪਾਕਿਸਤਾਨ ਵਿਸ਼ਵ ਮੀਡੀਆ ਵਿੱਚ ਕਰ ਰਿਹੈ ਝੂਠਾ ਪ੍ਰਚਾਰ

### ਤਿੰਨ ਰਾਫ਼ੇਲ ਤੇ ਦੋ ਹੋਰ ਜਹਾਜ਼ ਡੇਗਣ ਦਾ ਦਾਅਵਾ ਕਰ ਰਿਹੈ



ਨਵੀਂ ਦਿੱਲੀ, 7 ਮਈ (ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ) : ਭਾਰਤ ਦੀ ਪਾਕਿਸਤਾਨੀ ਆਤੰਕੀ ਸੰਗਠਨਾਂ ਅਤੇ ਏਅਰ ਸਟ੍ਰਾਇਕ ਤੋਂ ਘਬਰਾਇਆ ਹੋਇਆ ਪਾਕਿਸਤਾਨ ਬੁਖਲਾਈ ਹੋਈ ਸਥਿਤੀ ਵਿੱਚ ਹੈ ਅਤੇ ਉਹ ਵਿਸ਼ਵ ਮੀਡੀਆ ਵਿੱਚ ਭਾਰਤ ਦੇ ਬਾਰੇ ਅਤੇ ਸਟ੍ਰਾਇਕ ਦੇ ਬਾਰੇ ਵਿੱਚ ਝੂਠਾ ਪ੍ਰਚਾਰ ਕਰ ਕਰ ਰਿਹਾ ਹੈ।

ਨਿਊਯਾਰਕ ਟਾਈਮਜ਼ ਅਤੇ ਦੂਜੇ ਅਖਬਾਰਾਂ ਨੂੰ ਉਹਨਾਂ ਨੇ ਜੋ ਸੂਚਨਾ ਮੁਹਈਆ ਕਰਵਾਈ ਹੈ ਅਤੇ ਵਿਸ਼ਵ ਪ੍ਰੈਸ ਵਿੱਚ ਜੋ ਉਹ ਦਿਖਾ ਰਹੇ ਹਨ ਉਸ ਵਿੱਚ ਤਿੰਨ ਰਾਫ਼ੇਲ ਤੇ ਦੋ ਹੋਰ ਭਾਰਤੀ ਜਹਾਜ਼ ਡਿੱਗਣ ਦੀ ਝੂਠੀ ਗੱਲ ਕੀਤੀ ਗਈ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਜਹਾਜ਼ ਭਾਰਤੀ ਸੀਮਾ ਵਿੱਚ ਹੀ ਗਿਰਾਏ ਗਏ ਹਨ ।ਇਸ ਬਾਰੇ ਇਕ ਤਸਵੀਰ ਵੀ ਉਹਨਾਂ ਨੇ ਨਿਊਯਾਰਕ ਟਾਈਮਜ਼ ਵਾਸਤੇ ਜਾਰੀ ਕੀਤੀ ਹੈ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਹੈ ਕਿ ਸਕਰਾਈ ਨਿਊਜ਼ ਨੂੰ ਇੰਟਰਵਿਊ ਦਿੰਦਿਆਂ ਹੋਇਆਂ ਪਾਕਿਸਤਾਨ ਦੇ ਸੂਚਨਾ ਮੰਤਰੀ ਅਤੇ ਡਿਫੈਂਸ ਮਨਿਸਟਰ ਨੇ ਵੀ ਇਸ ਤਰ੍ਹਾਂ ਦੀਆਂ ਗਿੱਦੜ ਭਬਕੀਆਂ ਅਤੇ ਜਹਾਜ਼ ਭਰ ਕੇ ਵਿਸ਼ਵ ਪੱਤਰਕਾਰਾਂ ਨੂੰ ਮੌਕਾ ਦਿਖਾਉਣ ਦੀ ਗੱਲ ਕੀਤੀ ਹੈ।

ਇੱਕ ਇੰਟਰਵਿਊ ਵਿੱਚ ਫੋਕਸ ਨਿਊਜ਼ ਨਾਲ ਗੱਲ ਕਰਦਿਆਂ ਹੋਇਆਂ ਉਹਨਾਂ ਦੇ ਸੂਚਨਾ ਮੰਤਰੀ ਨੇ ਕਿਹਾ ਕਿ ਉਹ ਕੱਲ੍ਹ ਮੁਰੀਦ ਕੇ ਅਤੇ ਸਿਆਲਕੋਟ ਦੇ ਵਿੱਚ ਜਿੱਥੇ ਇਸ ਸਟ੍ਰਾਈਕ ਕੀਤੀ ਗਈ ਹੈ ਵਿਸ਼ਵ ਮੀਡੀਆ ਨੂੰ ਇਹ ਦਿਖਾਉਣਗੇ ਕਿ ਕਿਵੇਂ ਸਿਵਿਲ ਲੋਕਾਂ ਨੂੰ ਭਾਰਤੀਆਂ ਦੁਆਰਾ ਮਾਰਿਆ ਗਿਆ ਹੈ।

ਵਿਸ਼ਵ ਮੀਡੀਆ ਵਿੱਚ ਪਾਕਿਸਤਾਨ ਦਾ ਫੈਲਾਇਆ ਗਿਆ ਇਹ ਕੋਈ ਪਹਿਲੀ ਵਾਰ ਭਰਾਮਕ ਅਤੇ ਝੂਠਾ ਪ੍ਰਚਾਰ ਨਹੀਂ ਹੈ । ਪਾਕਿਸਤਾਨ ਪ੍ਰਚਾਰ ਕਮੇਟੀ ਅਤੇ ਫੌਜੀ ਪ੍ਰਚਾਰ ਮਾਧਿਅਮ ਹਮੇਸ਼ਾ ਭਾਰਤ ਵਿਰੋਧੀ ਇਸ ਤਰ੍ਹਾਂ ਦਾ ਪ੍ਰਚਾਰ ਕਰਦੇ ਹਨ ਤਾਂਕਿ ਮੀਡੀਆ ਦੇ ਵਿੱਚ ਨਾਮ ਬਣਿਆ ਰਹੇ ਪਰੰਤੂ ਇਸ ਸਟਰਾਇਕ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਦੀ ਫੌਜ ਨੇ ਅਤੇ ਭਾਰਤ ਦੀ ਸਰਕਾਰ ਨੇ ਆਪਣਾ ਪੱਖ ਪੂਰੀ ਦੁਨੀਆਂ ਦੇ ਸਾਹਮਣੇ ਰੱਖਿਆ ਹੈ ਉਸ ਦਾ ਹੁਣ ਕੋਈ ਮੁਕਾਬਲਾ ਨਹੀਂ ਹੈ ਤੇ ਪਾਕਿਸਤਾਨ ਆਪਣੇ ਝੂਠੇ ਪ੍ਰਚਾਰ ਪ੍ਰਸਾਰ ਦੇ ਨਾਲ ਇੱਕ ਵਾਰ ਫ਼ਿਰ ਦੁਨੀਆਂ ਦੇ ਸਾਹਮਣੇ ਐਕਸਪੋਜ਼ ਹੋ ਰਿਹਾ ਹੈ ਅਤੇ ਭਾਰਤੀ ਫੌਜਾਂ ਦੇ ਸਾਹਮਣੇ ਪਾਕਿਸਤਾਨੀ ਫੌਜ ਅਤੇ ਸਰਕਾਰ ਪਸਤ ਹੁੰਦੀ ਹੋਈ ਆਪਣੇ ਝੂਠ ਨੂੰ ਬੋਲ ਕੇ ਲੋਕਾਂ ਨੂੰ ਤਸੱਲੀ ਦੇ ਰਹੀ ਹੈ।

## ਸੰਪਾਦਕੀ

# ਆਪ੍ਰੇਸ਼ਨ ਸਿੰਦੂਰ

ਪਹਿਲਗਾਮ ਵਿਚ ਨਿਰਦੋਸ਼ ਸੈਲਾਨੀਆਂ ਦੇ ਕਤਲੇਆਮ ਤੋਂ ਬਾਅਦ ਭਾਰਤ ਦੇ ਲੋਕਾਂ ਵਿੱਚ ਬਹੁਤ ਗੁੱਸਾ ਸੀ ਕਿ ਇਨ੍ਹਾਂ ਅੱਤਵਾਦੀਆਂ ਦੀ ਹਰ ਹਾਲਤ ਵਿੱਚ ਲਗਾਮ ਕਸੀ ਜਾਣੀ ਚਾਹੀਦੀ ਹੈ। ਹਾਲਾਂਕਿ ਇਹ ਵੀ ਕਿਹਾ ਕਿ ਇਹ ਹਮਲਾ ਕੁਝ ਸਥਾਨਕ ਲੋਕਾਂ ਦੀ ਮਦਦ ਨਾਲ ਹੋਇਆ ਪਰ ਹਕੀਕਤ ਇਹ ਹੈ ਕਿ ਇਸ ਹਮਲੇ ਕਾਰਨ ਕਸ਼ਮੀਰੀ ਲੋਕ ਵੀ ਬਹੁਤ ਜ਼ਿਆਦਾ ਹਤਾਸ਼ ਸਨ, ਕਿਉਂਕਿ ਇਹ ਹਮਲਾ ਸਿਰਫ਼ 26 ਸੈਲਾਨੀਆਂ ਉੱਤੇ ਨਹੀਂ ਹੋਇਆ ਬਲਕਿ ਕਸ਼ਮੀਰੀਆਂ ਦੀ ਰੋਜ਼ੀ ਰੋਟੀ ਉੱਤੇ ਵੀ ਹੋਇਆ ਹੈ। ਇਸ ਕਾਰਨ ਭਾਰਤ ਦੀ ਲੀਡਰਸ਼ਿਪ ਵੀ ਇਸ ਗੱਲੋਂ ਦੁਖੀ ਸੀ ਕਿ ਪਾਕਿਸਤਾਨ ਦੀ ਸ਼ਹਿ ਉੱਤੇ ਇਹ ਅੱਤਵਾਦੀ ਕਦੇ ਵੀ ਅਤੇ ਕਿਤੇ ਵੀ ਹਮਲਾ ਕਰ ਦਿੰਦੇ ਹਨ ਅਤੇ ਨਿਰਦੋਸ਼ ਭਾਰਤੀਆਂ ਨੂੰ ਮਾਰ ਦਿੰਦੇ ਹਨ। ਇਸ ਲਈ ਇਸ ਅੱਤਵਾਦੀ ਹਮਲੇ ਨੂੰ ਭਾਰਤ ਸਰਕਾਰ ਨੇ ਬਹੁਤ ਜ਼ਿਆਦਾ ਗੰਭੀਰਤਾ ਨਾਲ ਲਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਲੀਡਰਸ਼ਿਪ ਨੇ ਦੇਸ਼ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਇਸ ਹਮਲੇ ਦਾ ਹਰ ਹਾਲਤ ਵਿੱਚ ਬਦਲਾ ਲਿਆ ਜਾਵੇਗਾ। ਇਸ ਲਈ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਹਰ ਤਰ੍ਹਾਂ ਦੀ ਰਣਨੀਤੀ ਅਪਨਾਈ ਗਈ। ਪਾਕਿਸਤਾਨ ਫਿਰ ਵੀ ਆਪਣੇ ਤੇਵਰ ਦਿਖਾਉਂਦਾ ਰਿਹਾ ਤੇ ਹੁਣ ਇਨ੍ਹਾਂ ਅੱਤਵਾਦੀਆਂ ਦੇ ਖ਼ਿਲਾਫ਼ ਆਪ੍ਰੇਸ਼ਨ ਸਿੰਦੂਰ ਕੀਤਾ ਗਿਆ। ਭਾਰਤੀ ਹਵਾਈ ਸੈਨਾ ਨੇ ਅੱਤਵਾਦੀਆਂ ਦੇ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ 100 ਦੇ ਕਰੀਬ ਅੱਤਵਾਦੀਆਂ ਨੂੰ ਮਾਰ ਦਿੱਤਾ। ਇਸ ਹਮਲੇ ਤੋਂ ਬਾਅਦ ਭਾਰਤ ਨੇ ਜੋ ਬਿਆਨ ਦਿੱਤਾ ਹੈ ਕਿ ਉਸ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਤਾਂ ਕਿਹਾ ਹੈ ਕਿ ਅਜਿਹਾ ਹੋਣਾ ਹੀ ਪਰ ਨਾਲ ਸਰਕਾਰੀ ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੇ ਇਹ ਪਾਕਿਸਤਾਨ ਦੀ ਫ਼ੌਜ ਉੱਤੇ ਨਹੀਂ ਬਲਕਿ ਅੱਤਵਾਦ ਉੱਤੇ ਕੀਤਾ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨੀ ਨਾਗਰਿਕਾਂ ਉੱਤੇ ਹਮਲੇ ਦਾ ਕੋਈ ਮਕਸਦ ਨਹੀਂ ਹੈ। ਜਦੋਂ ਅਜਿਹੇ ਘਟਨਾਕ੍ਰਮ ਵਾਪਰਦੇ ਹਨ ਤਾਂ ਆਮ ਨਾਗਰਿਕ ਇਸ ਸ਼ਿਕਾਰ ਹੋ ਹੀ ਜਾਂਦੇ ਹਨ। ਜੰਮੂ ਕਸ਼ਮੀਰ ਖੇਤਰ ਵਿੱਚ ਪਾਕਿਸਤਾਨੀ ਗੋਲੀਬਾਰੀ ਦਾ ਨਿਸ਼ਾਨਾ ਗੁਰਦੁਆਰਾ ਵੀ ਬਣਿਆ ਹੈ, ਜਿਸ ਵਿੱਚ ਇਕ ਗ੍ਰੰਥੀ ਸਣੇ ਕੁਝ ਹੋਰ ਨਿਸ਼ਾਨਾ ਬਣੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਪਾਕਿਸਤਾਨ ਇਸ ਹਮਲੇ ਤੋਂ ਬਾਅਦ ਕੋਈ ਸਬਕ ਸਿੱਖੇਗਾ। ਇਸ ਸਵਾਲ ਦਾ ਜਵਾਬ ਇਹੀ ਹੈ ਕਿ ਸ਼ਾਇਦ ਹੀ ਉਹ ਕੋਈ ਸਬਕ ਸਿੱਖੇ ਕਿਉਂਕਿ ਪਿਛਲੇ ਸਮੇਂ ਦੌਰਾਨ ਜਦੋਂ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ ਅੱਤਵਾਦੀਆਂ ਨੇ ਸੀ ਆਰ ਪੀ ਐੱਫ਼ ਦੇ ਜਵਾਨਾਂ ਉੱਤੇ ਹਮਲਾ ਕੀਤਾ ਸੀ ਤਾਂ ਭਾਰਤ ਨੇ ਸਰਜੀਕਲ ਸਟ੍ਰਾਈਕ ਕੀਤਾ ਸੀ, ਜਿਸ ਨੂੰ ਪਾਕਿਸਤਾਨ ਨੇ ਰੱਦ ਕਰ ਦਿੱਤਾ ਸੀ ਤਾਂ ਦਾਅਵਾ ਕੀਤਾ ਸੀ ਕਿ ਇਸ ਸਟ੍ਰਾਈਕ ਵਿੱਚ ਭਾਰਤ ਦਾ ਹੀ ਨੁਕਸਾਨ ਹੋਇਆ ਹੈ। ਭਾਵ ਕਿ ਪਾਕਿਸਤਾਨ ਦੀ ਲੀਡਰਸ਼ਿਪ ਨੇ ਆਪਣੀ ਅੱਤਵਾਦ ਨੂੰ ਸ਼ਹਿ ਦੇਣ ਦੀ ਨੀਤੀ ਨੂੰ ਜਾਰੀ ਰੱਖਿਆ। ਇਹੀ ਕਾਰਨ ਹੈ ਕਿ ਜੰਮੂ ਕਸ਼ਮੀਰ ਵਿੱਚ ਇਹ ਹਮਲੇ ਜਾਰੀ ਹੀ ਰਹੇ ਹਨ। ਹੁਣ ਜਦੋਂ ਸਬੂਤਾਂ ਸਮੇਤ ਭਾਰਤ ਨੇ ਹਮਲੇ ਕੀਤੇ ਹਨ ਤਾਂ ਇਸ ਕਾਰਨ ਪਾਕਿਸਤਾਨ ਦੀ ਸਰਕਾਰ ਅਤੇ ਫ਼ੌਜ ਬਹੁਤ ਜ਼ਿਆਦਾ ਦਬਾਅ ਵਿਚ ਨਜ਼ਰ ਆ ਰਹੀ ਹੈ ਕਿਉਂਕਿ ਉਸ ਨੇ ਇਸ ਮਸਲੇ ਨੂੰ ਲੈ ਕੇ ਬਹੁਤ ਜ਼ਿਆਦਾ ਭੜਕਾਊ ਬਿਆਨਬਾਜ਼ੀ ਕੀਤੀ ਹੈ। ਇਸ ਲਈ ਉਸ ਵੱਲੋਂ ਜਵਾਬੀ ਕਾਰਵਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਰਤ ਨੂੰ ਹੁਣ ਇਸ ਤੋਂ ਵੀ ਜ਼ਿਆਦਾ ਚੌਕਸ ਹੋਣ ਦੀ ਲੋੜ ਹੈ। ਇਸ ਸਭ ਦੇ ਬਾਵਜੂਦ ਅੱਤਵਾਦ ਬਹੁਤ ਜ਼ਿਆਦਾ ਗੰਭੀਰ ਮੁੱਦਾ ਹੈ। ਹਾਲਾਂਕਿ ਪਾਕਿਸਤਾਨ ਨੂੰ ਇਹ ਅੱਤਵਾਦ ਖ਼ੁਦ ਵੀ ਬਹੁਤ ਜ਼ਿਆਦਾ ਨੁਕਸਾਨ ਪਹੁੰਚਾ ਰਿਹਾ ਪਰ ਉਹ ਭਾਰਤ ਨੂੰ ਨੁਕਸਾਨ ਪਹੁੰਚਾਉਣ ਲਈ ਇਸ ਅੱਤਵਾਦ ਨੂੰ ਪਾਲਦਾ ਰਹਿੰਦਾ ਹੈ। ਇਸੇ ਕਾਰਨ ਭਾਰਤ ਨੂੰ ਹੁਣ ਇਹ ਕਦਮ ਚੁੱਕਣਾ ਪਿਆ। ਪਰ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਵੱਡੇ ਸੰਘਰਸ਼ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੱਲ੍ਹ ਦੇ ਘਟਨਾਕ੍ਰਮ ਤੋਂ ਪਹਿਲਾਂ ਯੂ.ਐਨ.ਓ ਨੇ ਦੋਹਾਂ ਮੁਲਕਾਂ ਨੂੰ ਸੰਜਮ ਰੱਖਣ ਦੀ ਸਲਾਹ ਦਿੱਤੀ ਸੀ। ਅਮਰੀਕਾ ਨੇ ਅੱਤਵਾਦ ਦੇ ਖ਼ਿਲਾਫ਼ ਭਾਰਤ ਨੂੰ ਪੂਰਾ ਪੂਰਾ ਸਮਰਥਨ ਦੇਣ ਲਈ ਕਿਹਾ ਸੀ। ਇਸ ਲਈ ਪਾਕਿ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਅੱਤਵਾਦ ਦੇ ਖ਼ਿਲਾਫ਼ ਪੂਰੀ ਦੁਨੀਆ ਹੈ। ਇਸ ਲਈ ਜੇਕਰ ਉਹ ਪੂਰੀ ਦੁਨੀਆ ਦੀਆਂ ਭਾਵਨਾਵਾਂ ਦੇ ਉਲਟ ਇਸੇ ਪ੍ਰਕਾਰ ਅੱਤਵਾਦ ਨੂੰ ਸ਼ਹਿ ਦੇਵੇਗਾ ਤਾਂ ਇਸੇ ਤਰ੍ਹਾਂ ਅਲੱਗ ਥਲੱਗ ਪਵੇਗਾ। ਜੇਕਰ ਹੁਣ ਕੋਈ ਹੋਰ ਵੱਡਾ ਕਦਮ ਚੁੱਕਦਾ ਹੈ ਤਾਂ ਉਸ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ।

**-ਜਗਜੀਤ ਸਿੰਘ ਦਰਦੀ**

# ਪਾਕਿਸਤਾਨ ਦੇ ਆਤੰਕੀ ਕੈਂਪ ਤੇ ਆਪਰੇਸ਼ਨ ਸਿੰਦੂਰ ਦੇ ਤਬਾਹੀ ਦੇ ਉਹ 22 ਮਿੰਟ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਸਟੀਕਤਾ ਸੰਵੇਦਨਸ਼ੀਲਤਾ ਨਾਲ ਆਤੰਕੀ ਅੱਡੇ ਤਬਾਹ
- ਪਾਕਿਸਤਾਨ ਆਤੰਕੀ ਕੈਂਪਾਂ ਤੇ ਮਿਜ਼ਾਈਲ ਏਅਰ ਸਟਰਾਈਕ
- 9 ਟਾਰਗੇਟ ਤੇ 90 ਆਤੰਕੀਆਂ ਦੇ ਮਰਨ ਦੀ ਖ਼ਬਰ
- ਲਸ਼ਕਰੇ ਤੋਬਿਆ ਮਰਕਜ਼ ਤੇ ਜੈਸ਼ ਦੇ ਮੁਰੀਦ ਕੇ ਸਿਆਲਕੋਟ ਤੇ ਬੰਬਾਰੀ ਮਸਜਿਦ , ਸੁਭਾਨ ਅੱਲਾਹ ਸਾਰੇ ਤਬਾਹ
- ਸੈਨਾ ਨੇ ਆਪਣੇ ਹੌਸਲੇ ਅਤੇ ਸਾਹਸ ਦਾ ਮੁਜ਼ਾਹਰਾ ਕੀਤਾ।
- ਉਹਨਾਂ ਨੂੰ ਮਾਰਿਆ, ਜਿਨਾਂ ਨੇ ਮਾਸੂਮਾਂ ਨੂੰ ਮਾਰਿਆ
- ਯੂਐਨਐਸਸੀ ਤੇ ਪੱਛਮੀ ਦੇਸ਼ਾਂ ਨੂੰ ਬ੍ਰੀਫਿੰਗ ਕੀਤਾ।

ਅਤੰਕਵਾਦ ਦੀ ਪੁਸ਼ਤਪਨਾਹੀ ਕਰਨ ਵਾਲੇ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਭਾਰਤ ਨੇ ਕੱਲ ਰਾਤ ਵੱਡੇ ਤੜਕੇ ਇਕ ਵੱਜ ਕੇ 44 ਮਿੰਟ 'ਤੇ ਏਅਰ ਸਟਰਾਈਕ ਕਰਦਿਆਂ ਪਾਕਿਸਤਾਨ ਸਥਿਤ ਜੈਸ਼ ਲਸ਼ਕਰੇ ਤੋਇਬਾ ਅਤੇ ਉਹਨਾਂ ਆਤੰਕੀ ਟਿਕਾਣਿਆਂ ਨੂੰ ਆਪਣਾ ਨਿਸ਼ਾਨਾ ਬਣਾਇਆ, ਜਿਨ੍ਹਾਂ ਵਿੱਚ ਆਤੰਕੀ ਕੈਂਪ ਅਤੇ ਉਹਨਾਂ ਦੇ ਸਰਗਨਾ ਉਹਨਾਂ ਨੂੰ ਟ੍ਰੇਨਿੰਗ ਦਿੰਦੇ ਸਨ। ਇਹ ਪਹਿਲੀ ਵਾਰ ਹੈ ਕਿ ਕਸ਼ਮੀਰ ਤੋਂ ਬਾਹਰ ਨਿਕਲ ਕੇ ਭਾਰਤੀ ਸੈਨਾ ਦੇ ਮਿਜ਼ਾਇਲ ਅਟੈਕ ਦੀ ਜਦ ਹੇਠ ਮੁਰੀਦ ਕੇ ਪੱਛਮੀ ਪੰਜਾਬ ਅਤੇ ਸਿਆਲਕੋਟ ਵਿੱਚ ਉਹ ਥਾਂ ਵੀ ਟਾਰਗੇਟ ਕੀਤੇ ਗਏ, ਜਿਨ੍ਹਾਂ ਵਿੱਚ ਲਸ਼ਕਰਿ ਤੋਇਬਾ ਅਤੇ ਮਰਕਜ਼ 'ਤੇ ਅੱਡੇ ਬਣਾਏ ਹੋਏ ਸਨ। ਮਸਜਿਦਾਂ ਦੀ ਆੜ ਵਿੱਚ ਅਤੇ ਮਦਰਸਿਆਂ ਦੇ ਨਾਮ 'ਤੇ ਚੱਲਣ ਵਾਲੇ ਇਹ ਟਰੇਨਿੰਗ ਕੈਂਪ ਵਿੱਚ ਭਾਰਤੀ ਸਰਹੱਦਾਂ ਤੋਂ ਪਾਰ ਆਤੰਕਵਾਦੀਆਂ ਦੀ ਟ੍ਰੇਨਿੰਗ ਦੇ ਕੈਂਪ ਇਸ ਤਰ੍ਹਾਂ ਦੇ ਸਨ ਜਿਨ੍ਹਾਂ ਦੇ ਬਾਰੇ ਪਿਛਲੇ ਕਈ ਦਹਾਕਿਆਂ ਤੋਂ ਚਰਚਾ ਚੱਲ ਰਹੀ ਸੀ।

ਭਾਰਤੀ ਫੌਜ ਨੇ ਆਪਰੇਸ਼ਨ ਸਿੰਧੂਰ ਚਲਾ ਕੇ ਨੌਂ ਟਿਕਾਣਿਆਂ 'ਤੇ 21 ਟਾਰਗੇਟ ਬੰਬਾਰੀ ਕਰਦਿਆਂ ਹੋਇਆਂ ਜਿਹਨਾਂ ਵਿੱਚ ਮਿਜ਼ਾਈਲਾਂ ਡਰੋਨ ਅਤੇ ਹਵਾਈ ਹਮਲੇ ਵੀ ਸ਼ਾਮਿਲ ਸਨ, ਨੇ ਆਪਣਾ ਰੁਦਰ ਰੂਪ ਦਿਖਾਉਂਦਿਆਂ ਹੋਇਆਂ 90 ਤੋਂ ਜ਼ਿਆਦਾ ਆਤੰਕਵਾਦੀਆਂ ਅਤੇ ਉਹਨਾਂ ਦੇ ਸਰਗਨੇ ਇਥੇ ਤੱਕ ਕਿ ਮਸੂਦ ਰਿਸ਼ੀਦ ਵਰਗੇ ਲਸ਼ਕਰੇ ਤੋਇਬਾ ਦੇ ਚੀਫ਼ ਦੇ 14 ਸਿੱਧੇ ਰਿਸ਼ਤੇਦਾਰਾਂ ਵਿੱਚ ਦੀ ਮੌਤ ਦਾ ਪੈਗਾਮ ਵੀ ਲਿਖ ਦਿੱਤਾ ਹੈ।

ਹੁਣ ਪੂਰੀ ਦੁਨੀਆਂ ਨੂੰ ਅਤੇ ਪਾਕਿਸਤਾਨ ਦੇ ਜਨਰਲ ਮੁਨੀਰ ਅਤੇ ਉਥੋਂ ਦੀ ਸਰਕਾਰ ਤੇ ਆਤੰਕਵਾਦ ਨੂੰ ਪਾਲਣ ਵਾਲਿਆਂ ਲਈ ਇਹ ਦੁਨੀਆ ਵਿੱਚ ਸਭ ਤੋਂ ਵੱਡਾ ਸੰਦੇਸ਼ ਇਹ ਹੈ ਕਿ ਹੁਣ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਏਗਾ। ਭਾਰਤੀ ਫ਼ੌਜ ਨੇ ਆਪਣੀ ਬਰੀਫਿੰਗ ਦੇ ਵਿੱਚ ਇਹ ਗੱਲ ਸਾਫ਼ ਕੀਤੀ ਹੈ ਕਿ ਇਹ ਨਿਸ਼ਾਨੇ ਬੜੀ ਸਟੀਕਤਾ ਅਤੇ ਸੰਵੇਦਨਸ਼ੀਲਤਾ ਨਾਲ ਤੈਅ ਕੀਤੇ ਗਏ ਹਨ ਅਤੇ ਕਿਸੇ ਵੀ ਮਿਲਟਰੀ ਥਾਂ ਨੂੰ ਟਾਰਗੇਟ ਨਹੀਂ ਕੀਤਾ ਗਿਆ ਹੈ ਅਤੇ ਕੋਈ ਵੀ ਸਧਾਰਨ ਲੋਕਾਂ ਦੀ ਕਿ ਆਮ ਨਾਗਰਿਕਾਂ ਦੀ ਕੈਜ਼ੁਅਲਟੀ ਨਹੀਂ ਹੋਈ ਹੈ।

ਆਤੰਕ ਦੇ ਖ਼ਿਲਾਫ਼ ਸਰਕਾਰ ਦੀ ਇਹ ਲੜਾਈ ਵਿੱਚ ਪੂਰਾ ਦੇਸ਼ ਸ਼ਾਮਿਲ ਹੋਇਆ ਹੈ ਅਤੇ 22 ਤੋਂ 25 ਮਿੰਟ ਦੇ ਆਪਰੇਸ਼ਨ ਦੇ ਵਿੱਚ ਨੌਂ ਟੈਰਰ ਕੈਂਪ ਤੋਂ ਬਾਅਦ ਕੀਤੇ ਗਏ ਹਨ, ਜਿਨ੍ਹਾਂ ਦੇ ਵਿੱਚ ਸਵਾਈ ਨਾਲਾ ਤੋਂ ਲੈ ਕੇ ਬਰਨਾਲਾ ਸਿਆਲਕੋਟ ਤੇ ਕਲਾ ਮੁਰੀਦ ਕੇ ਬਹਾਵਲਪੁਰ ਕੋਟਲੀ ਮੁਜ਼ੱਫਰਾਬਾਦ ਆਜ਼ਾਦ ਕਸ਼ਮੀਰ ਦਾ ਹਿੱਸਾ ਸ਼ਾਮਿਲ ਹੈ ਪ੍ਰੰਤੂ ਇਹ ਅਜੇ ਵੀ ਸ਼ਾਇਦ ਅਧੂਰਾ ਹੈ ਪਰ ਸਰਕਾਰ ਨੇ ਕਿਹਾ ਹੈ ਕਿ ਸੈਨਾ ਨੇ ਤੈਅ ਕੀਤੇ ਟਾਰਗੇਟ 'ਤੇ ਬੜਾ ਸਟੀਕ ਆਪਰੇਸ਼ਨ ਕੀਤਾ ਹੈ ਪ੍ਰੰਤੂ ਅਜੇ ਵੀ ਉਨ੍ਹਾਂ ਦੇ ਸਰਗਨਾ ਜਿਹੜੇ ਬਚ ਗਏ ਹਨ, ਉਹਨਾਂ ਨੂੰ ਚੁਣ ਚੁਣ ਕੇ ਮਾਰਿਆ ਜਾਵੇਗਾ।

ਅੱਜ ਪੂਰੇ ਭਾਰਤ ਨੇ ਜਿਸ ਤਰ੍ਹਾਂ ਇੱਕ ਮਤ ਹੋ ਕੇ ਇਸ ਅਪਰੇਸ਼ਨ ਦੀ ਸ਼ਲਾਘਾ ਕੀਤੀ ਹੈ, ਉਹ ਭਾਰਤ ਦੀ ਏਕਤਾ ਨੂੰ ਦਰਸਾਉਂਦਾ ਹੈ, ਉੱਥੇ ਰਾਜਨੀਤਿਕ ਅਤੇ ਕੂਟਨੀਤਿਕ ਮਿਸ਼ਨਾਂ ਦੇ ਆਗੂਆਂ ਨੂੰ ਵੀ ਵਿਸ਼ੇਸ਼ਕਰ ਯੂਏਈ ਬਰਟੇਨ ਅਮਰੀਕਾ ਫ਼ਰਾਂਸ ਤੇ ਹੋਰ ਦੇਸ਼ਾਂ ਦੇ ਮੁਲਕਾਂ ਦੇ ਰਾਜਦੂਤਾਂ ਨੂੰ ਬੁਲਾ ਕੇ ਉਹਨਾਂ ਨੂੰ ਇਸ ਦੀ ਬ੍ਰੀਫਿੰਗ ਕੀਤੀ ਗਈ ਹੈ ਤੇ ਆਪਣਾ ਪੱਖ ਦੱਸਿਆ ਗਿਆ ਹੈ।

ਉੱਥੇ ਯੂਐਨ ਐਸਸੀ ਅਰਥਾਤ ਯੂਐਨਓ ਦੀ ਉਸ ਕਮੇਟੀ ਨੂੰ ਸੂਚਨਾ ਦਿੱਤੀ ਗਈ ਹੈ ਜੋ ਟੈਰੋਰਿਜ਼ਮ ਦੇ ਬਾਰੇ ਵਿੱਚ ਆਤੰਕ ਦੇ ਖ਼ਿਲਾਫ਼ ਕਾਰਵਾਈ ਲਈ ਪੂਰੀ ਦੁਨੀਆਂ ਵਿੱਚ ਸੁਣਵਾਈ ਕਰਦੀ ਹੈ ਪ੍ਰੰਤੂ ਸੱਚ ਇਹ ਹੈ ਕਿ ਪਾਕਿਸਤਾਨ ਅਜੇ ਵੀ ਆਪਣੇ ਇਰਾਦਿਆਂ ਤੋਂ ਬਾਜ਼ ਨਹੀਂ ਆ ਰਿਹਾ ਹੈ ਤੇ ਉਸ ਨੇ ਪਾਕਿਸਤਾਨ ਦੇ ਨਾਲ ਲੱਗਦੇ ਹੋਏ ਬਾਰਡਰ ਕਸ਼ਮੀਰ ਦੇ ਵਿੱਚ ਕਈ ਥਾਵਾਂ 'ਤੇ ਗੋਲਾਬਾਰੀ ਕਰਕੇ ਨੌਂ ਤੋਂ ਜ਼ਿਆਦਾ ਭਾਰਤੀ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਅਤੇ ਭਾਰਤੀ ਫ਼ੌਜ ਉਹਨਾਂ ਨੂੰ ਪੂਰੀ ਚੰਗੀ ਤਰ੍ਹਾਂ ਜਵਾਬ ਦੇ ਰਹੀ ਹੈ।

ਸੈਨਾ ਦਾ ਇਸ ਤਹਿਤ ਟਾਰਗੇਟ ਸਿੰਧੂਰ ਆਪਰੇਸ਼ਨ ਦੇ ਨਾਲ ਭਾਰਤੀ ਸੈਨਾ ਦਾ ਸਿੱਕਾ ਪੂਰੀ ਦੁਨੀਆ ਵਿੱਚ ਜੰਮ ਗਿਆ ਹੈ ਅਤੇ ਇਹ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਸਿੱਧੇ ਸਟੀਕ ਨਿਸ਼ਾਨੇ 'ਤੇ ਨਵੀਂ ਟੈਕਨੋਲੋਜੀ ਦੇ ਨਾਲ ਮਿਜ਼ਾਈਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ, ਭਾਰਤ ਦੀ ਸੈਨਾ ਨੇ ਉਹ ਕਰਕੇ ਦਿਖਾਇਆ ਹੈ। ਪ੍ਰੰਤੂ ਇਹ ਇਹ ਵੀ ਇੱਕ ਪਾਕਿਸਤਾਨ ਨੇ ਇਸ ਨੂੰ ਆਪਣੀ ਹੀ ਜਿੱਤ ਦੱਸਦਾ ਹੋਇਆ ਇਹ ਕਹਿ ਰਿਹਾ ਹੈ ਕਿ ਉਸਨੇ ਭਾਰਤੀ ਸੈਨਾ ਦੇ ਦੋ ਹਵਾਈ ਜਹਾਜ਼ ਗਿਰਾਏ ਹਨ ਪਰੰਤੂ ਇਸਦੀ ਤਸਦੀਕ ਕਿਸੇ ਨੇ ਨਹੀਂ ਕੀਤੀ ਪ੍ਰੰਤੂ ਉਹਨਾਂ ਦੇ ਸੂਚਨਾ ਮੰਤਰੀ ਦਾ ਇਹ ਕਹਿਣਾ ਹੈ ਕਿ ਇਸ ਦੇ ਇਮੇਜ਼ਸ ਉਹ ਜਲਦੀ ਹੀ ਜਾਰੀ ਕਰਨਗੇ ਤੇ ਇਸ ਤਰ੍ਹਾਂ ਦਾ ਝੂਠਾ ਪ੍ਰਚਾਰ ਪਾਕਿਸਤਾਨ ਚੈਨਲਾਂ ਤੇ ਹੋਰਨਾਂ ਤੋਂ ਹਰ ਵਕਤ ਕੀਤਾ ਜਾ ਰਿਹਾ ਹੈ।

ਭਾਰਤੀ ਲੋਕਾਂ ਤੇ ਪਾਕਿਸਤਾਨ ਦੇ ਅਨੁਸਾਰ ਭਾਰਤ ਸਰਕਾਰ ਨੇ ਪਾਕਿਸਤਾਨ ਤੋਂ ਪੈਹਲਗਾਮ ਨਰਸੰਹਾਰ ਦੀ ਘਟਨਾ ਦਾ ਬਦਲਾ ਸਿੱਧੇ ਰੂਪ ਦੇ ਵਿੱਚ ਆਤੰਕਵਾਦ ਅਤੇ ਉਸਦੇ ਸਰਗਨਿਆਂ ਦੇ ਪਰਿਵਾਰਾਂ ਨੂੰ ਮਾਰ ਕੇ ਸਿੱਧੇ ਰੂਪ ਦੇ ਵਿੱਚ ਇੱਕ ਐਸੀ ਤਬਾਹੀ ਦਾ ਦ੍ਰਿਸ਼ ਦਿੱਤਾ ਹੈ, ਜਿਸ ਨੂੰ ਪਾਕਿਸਤਾਨ ਦੀਆਂ ਪੀੜ੍ਹੀਆਂ ਅਤੇ ਆਤੰਕੀ ਸਰਗਨਾ ਦੇ ਬੇਸ ਕੈਂਪ ਚਲਾਉਣ ਵਾਲੇ ਹਮੇਸ਼ਾ ਯਾਦ ਰੱਖਣਗੇ।

ਇਤਿਹਾਸ ਗਵਾਹ ਹੈ ਕਿ ਜਿੰਨੀ ਦੇਰ ਤੱਕ ਸੈਨਾਵਾਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਸਖ਼ਤ ਰੁਖ਼ ਅਖ਼ਤਿਆਰ ਨਹੀਂ ਕਰਦੀਆਂ ਹਨ, ਉਨੀਂ ਦੇਰ ਤੱਕ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਪਾਬੰਦੀ ਲਗਾਉਣਾ ਬੇਹੱਦ ਮੁਸ਼ਕਲ ਹੋ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਤੋਂ ਪਾਕਿਸਤਾਨ ਨੇ ਜਿਸ ਤਰ੍ਹਾਂ ਭਾਰਤੀ ਕਸ਼ਮੀਰ ਵਿੱਚ ਅਤੇ ਪੰਜਾਬ ਦੇ ਇਲਾਕਿਆਂ ਤੋਂ ਇਲਾਵਾ ਮੁੰਬਈ ਦੇ ਵਿੱਚ ਜਿਸ ਤਰ੍ਹਾਂ ਆਤੰਕਵਾਦ ਦੀਆਂ ਘਟਨਾਵਾਂ ਨਾਲ ਤਬਾਹੀ ਮਚਾਈ ਹੈ, ਉਸ ਨਾਲ ਭਾਰਤੀ ਸੈਨਾ ਤੇ ਭਾਰਤੀ ਸਰਕਾਰ 'ਤੇ ਪੂਰਾ ਦਬਾਓ ਵੀ ਸੀ ਕਿ ਇਹਨਾਂ ਦਾ ਮੂੰਹ ਤੋੜ ਜਵਾਬ ਦਿੱਤਾ ਜਾਏ ਅਤੇ ਜਿਸ ਢੰਗ ਨਾਲ ਇਹ ਦਿੱਤਾ ਗਿਆ ਹੈ ਤੇ ਭਾਰਤ ਸਰਕਾਰ ਨੇ ਇਹਨਾਂ ਦਾ ਬਦਲਾ ਲਿਆ ਹੈ।

ਉਸ ਨਾਲ ਪੂਰੇ ਦੇਸ਼ ਵਿੱਚ ਸੈਨਾ ਦੇ ਸਾਥ ਅਤੇ ਸੈਨਾ ਨੂੰ ਸਲਾਮ ਕੀਤਾ ਜਾ ਰਿਹਾ ਹੈ ਅਤੇ ਪੂਰੀ ਦੁਨੀਆਂ ਦੇ ਵਿਦੇਸ਼ੀ ਰਾਜਨੀਤਿਕਾਂ ਤੇ 27 ਮੈਂਬਰਾਂ ਨੂੰ ਵਿਦੇਸ਼ੀ ਰਾਜਦੂਤਾਂ ਨੂੰ ਬੁਲਾ ਕੇ ਜਾਣਕਾਰੀ ਦਿੱਤੀ ਹੈ।

ਰੂਸ ਅਤੇ ਚੀਨ ਦੇ ਵਿਦੇਸ਼ ਮੰਤਰਾਲੇ ਨੂੰ ਵੀ ਬ੍ਰੀਫਿੰਗ ਵਿਚ ਬੁਲਾਇਆ ਗਿਆ ਹੈ। ਇਸ ਕਾਰਵਾਈ ਦੇ ਵਿੱਚ ਆਰਮੀ ਦੇ ਟਿਕਾਣੇ ਦੇਖੇ ਜਾ ਸਕਦੇ ਹਨ, ਜਿਨ੍ਹਾਂ ਨੂੰ ਭਾਰਤ ਨੇ ਪੂਰੀ ਤਰ੍ਹਾਂ ਬਰਬਾਦ ਕੀਤਾ ਹੈ।ਇਥੇ ਵੀ ਬਣਨ ਯੋਗ ਹੈ ਕਿ ਐਨਐਸਏ ਅਜੀਤ ਡੋਭਾਲ ਨੇ ਜਪਾਨ ਤੇ ਯੂਏ ਏ ਤੋਂ ਬਿਨਾਂ ਦੂਜੇ ਦੇਸ਼ਾਂ ਦੇ ਐਨਐਸ ਏ ਦੇ ਨਾਲ ਪਰਸਪਰ ਗੱਲ ਕੀਤੀ ਹੈ।

ਇਸ ਘਟਨਾ ਦੇ ਨਾਲ ਜੈਸ਼ੇ ਮੁਹੰਮਦ ਦਾ ਹੈਡਕੁਆਰਟਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਹੈ ਅਤੇ ਉੱਥੇ ਹੁਣ ਖੰਡਰ ਦਿਖਾਈ ਦਿੰਦੇ ਹਨ। ਅਪਰੇਸ਼ਨ ਸਿੰਦੂਰ ਜਿਸ ਵਿੱਚ ਭਾਰਤ ਨੇ ਆਪਣਾ ਪਰਾਕਰਮ 'ਤੇ ਆਪਣਾ ਦਮਖਮ ਦਿਖਾਇਆ ਹੈ।ਹੁਣ ਪਾਕਿਸਤਾਨ ਅੱਗੋਂ ਕੀ ਕਰਦਾ ਹੈ ਇਸਦੀ ਉਮੀਦ ਕੀਤੀ ਜਾਂਦੀ ਹੈ ਜਦਕਿ ਭਾਰਤ ਤੇ ਬਾਰਡਰ ਨਾਲ ਲੱਗਣ ਵਾਲੇ ਰਾਜਸਥਾਨ ਪੰਜਾਬ ਅਤੇ ਕਸ਼ਮੀਰ ਵਿੱਚ ਜੰਗ ਵਿਰੋਧੀ ਕਾਰਵਾਈਆਂ ਦੇ ਨਾਲ ਮੌਕ ਡਰਿੱਲ ਅਤੇ ਸਿਵਲ ਸੁਸਾਇਟੀ ਨੂੰ ਵੀ ਆਪਣੇ ਆਪਰੇਸ਼ਨ ਤੇ ਗਤੀਵਿਧੀਆਂ ਵਧਾਉਣ ਵਾਸਤੇ ਤੇ ਲੋਕਾਂ ਨੂੰ ਟਰੇਨਿੰਗ ਦੇਣ ਵਾਸਤੇ ਕੀਤੀਆਂ ਜਾ ਰਹੀਆਂ ਹਨ।

ਕੱਲ ਭਾਰਤ ਸਰਕਾਰ ਵੱਲੋਂ ਸਰਵ ਪਾਰਟੀ ਮੀਟਿੰਗ ਬੁਲਾਈ ਜਾਏਗੀ ਤੇ ਜਿਸ ਵਿੱਚ ਇਸ ਅਪਰੇਸ਼ਨ ਸਿੰਦੂਰ ਦਾ ਸਾਰਾ ਵਿਵਰਨ ਦਿੱਤਾ ਜਾਏਗਾ।

ਸਭ ਤੋਂ ਵੱਡੀ ਗੱਲ ਇਹ ਹੋਈ ਹੈ ਕਿ ਮਸੂਦ ਰਿਸ਼ੀਦ ਦੇ ਭਰਾ ਭਤੀਜੇ ਅਤੇ ਭਤੀਜੇ ਦੀ ਬੀਵੀ ਭਾਣਜਾ ਅਤੇ ਉਹਦੇ ਆਪਣੇ ਪਰਿਵਾਰ ਦੇ 14 ਤੋਂ ਜ਼ਿਆਦਾ ਲੋਕਾਂ ਦੀ ਮੌਤ ਤੇ ਜਨਾਜ਼ੇ ਇਸ ਸਟਰਾਈਕ ਨੇ ਨਿਕਾਲ ਦਿੱਤੇ ਹਨ। ਹੁਣ ਮਸੂਦ ਦੀ ਆਪਣੀ ਖ਼ਾਹਸ਼ ਹੈ ਕਿ ਇਹ ਕਿ ਉਹ ਵੀ ਇਸ ਵਿੱਚ ਮਾਰਿਆ ਜਾਂਦਾ ਤਾਂ ਕੋਈ ਵੱਡੀ ਗੱਲ ਨਹੀਂ ਸੀ। ਬਹਾਵਲਪੁਰ ਵਿੱਚ ਜੈਸ਼ ਦਾ ਬਿਲਾਲ ਕੈਂਪ ਸਿਆਲਕੋਟ ਵਿੱਚ ਹਿਜਬੁਲ ਦਾ ਕੈਂਪ ਮਹਿਮੂਨਾ ਜੋ ਉਡਾਇਆ ਗਿਆ, ਅੱਜਮਲ ਕਸਾਬ ਦੀ ਜਿੱਥੇ ਟ੍ਰੇਨਿੰਗ ਕੈਂਪ ਸੀ, ਉਸ ਨੂੰ ਵੀ ਢਾਹਿਆ ਗਿਆ, ਆਤੰਕੀ ਡੇਵਲੀ ਹੇਜਲੀ ਦੀ ਟ੍ਰੇਨਿੰਗ ਵਾਲਾ ਕੈਂਪ ਦੇ ਨਾਲ ਨਾਲ ਉਹ ਸਾਰੇ ਟਿਕਾਣੇ ਸੈਨਾ ਨੇ ਉਡਾ ਦਿੱਤੇ ਹਨ, ਜਿੱਥੇ ਪਾਕਿਸਤਾਨ ਦੇ ਮਿਲਟਰੀ ਸਰਗਨਾ ਇਹਨਾਂ ਆਤੰਕੀਆਂ ਨੂੰ ਟ੍ਰੇਨਿੰਗ ਦੇ ਕੇ ਭਾਰਤ ਵਿੱਚ ਕੁੱਝ ਵੱਖਰਾ ਕਰਨ ਲਈ ਭੇਜਦੇ ਸਨ।

ਹੁਣ ਸਮਾਂ ਆ ਗਿਆ ਹੈ ਕਿ ਪੂਰੀ ਦੁਨੀਆਂ ਨੂੰ ਭਾਰਤ ਦੇ ਨਾਲ ਤਨਾਵ ਖ਼ਤਮ ਕਰਨ ਵਾਸਤੇ ਜੈਸ ਦੇ ਹੈਡਕੁਆਰਟਰ ਨੂੰ ਮਿੱਟੀ ਵਿੱਚ ਮਿਲਾਉਣ ਤੋਂ ਬਾਅਦ ਪਾਕਿਸਤਾਨ ਨੂੰ ਇਹ ਲੱਗਦਾ ਹੈ ਕਿ ਜੇ ਇਹ ਗੱਲ ਵਧਾਈ ਗਈ ਤਾਂ ਭਾਰਤ ਨਾਲ ਪੂਰੀ ਰੇਂਜ ਦਾ ਯੁੱਧ ਛਿੜ ਸਕਦਾ ਹੈ, ਇਸ ਲਈ ਉਸਨੇ ਭਾਵ ਮੁਰੀਦਕੇ ਵਿੱਚ ਭਾਰਤ ਦੀ ਸਟਰਾਈਕ ਤੋਂ ਬਾਅਦ ਇੱਕ ਵਾਰ ਫ਼ਿਰ ਬੈਠ ਕੇ ਗੱਲ ਕਰਨ ਦੀ ਗੱਲ ਕੀਤੀ ਹੈ ਪ੍ਰੰਤੂ ਇੱਕ ਗੱਲ ਸਾਫ਼ ਹੈ ਕਿ ਭਾਰਤ ਹੁਣ ਉਨੀ ਦੇਰ ਤੱਕ ਪਿੱਛੇ ਨਹੀਂ ਹਟੇਗਾ, ਜਿੰਨੀ ਦੇਰ ਤੱਕ ਪਾਕਿਸਤਾਨ ਦੇ ਬਾਕੀ ਰਹਿੰਦੇ ਆਤੰਕੀ ਅੱਡੇ ਵੀ ਖ਼ਤਮ ਨਾ ਕੀਤੇ ਜਾਣ।

ਹੁਣ ਪੂਰੀ ਦੁਨੀਆ ਵਿੱਚ ਅਮਨ ਦੀ ਬਹਾਲੀ ਵਾਸਤੇ ਅਤੇ ਪਾਕਿਸਤਾਨ ਜੋ ਹਮੇਸ਼ਾ ਪੂਰੀ ਦੁਨੀਆਂ ਦੇ ਨਜ਼ਰ ਵਿੱਚ ਵੀ ਹਮੇਸ਼ਾ ਤੋਂ ਟੈਰੋਰਿਜ਼ਮ ਨੂੰ ਪੁਸ਼ਤ ਪਨਾਹੀ ਕਰਨ ਵਾਲਾ ਇਹ ਫੇਲ੍ਹ ਸਟੇਟ ਦੇ ਤੌਰ 'ਤੇ ਜਾਣਿਆ ਜਾਣ ਵਾਲਾ ਦੇਸ਼ ਹੈ ਅਤੇ ਹਮੇਸ਼ਾ ਪਾਕਿਸਤਾਨ ਆਰਮੀ ਅੱਲਾ ਅਤੇ ਅਮਰੀਕਾ ਦੇ ਸਹਾਰੇ ਰਹਿਣ ਵਾਲਾ ਦੇਸ਼ ਹੁਣ ਆਪਣੇ ਇਸ ਸੰਕਟ 'ਚੋਂ ਕਿਵੇਂ ਨਿਕਲਦਾ ਹੈ।

ਭਾਰਤ ਨੇ ਜਿਸ ਤਰ੍ਹਾਂ ਹੁਣ ਪਾਕਿਸਤਾਨ ਦੇ ਵਿਰੁੱਧ ਰੁਖ਼ ਅਖ਼ਤਿਆਰ ਕੀਤਾ ਹੈ, ਉਹ ਪਹਿਲੇ ਕਦੇ ਨਹੀਂ ਸੀ ਕਿਉਂਕਿ ਰਾਜਨੀਤਿਕ ਇੱਛਾ ਨਹੀਂ ਸੀ ਪ੍ਰੰਤੂ ਹੁਣ ਵਰਤਮਾਨ ਸਰਕਾਰ ਜਿਸ ਤਰ੍ਹਾਂ ਉਸ ਰਾਜਨੀਤਿਕ ਇੱਛਾ ਦੇ ਨਾਲ ਹਮਲਾਵਰ ਰੂਪ ਵਿੱਚ ਸਾਹਮਣੇ ਆਈ ਹੈ, ਉਸ ਨਾਲ ਪਾਕਿਸਤਾਨ ਦੀ ਆਰਮੀ ਪਾਕਿਸਤਾਨ ਦੇ ਲੋਕ ਅਤੇ ਬੱਚੇ ਖੁਚੇ ਆਤੰਕੀ ਸੰਗਠਨਾਂ ਦੇ ਵਿੱਚ ਜਿਸ ਦਹਿਸ਼ਤ ਲਹਿਰ ਦੌੜੀ ਹੈ। ਉਹ ਪਹਿਲਾਂ ਕਦੇ ਵੀ ਨਹੀਂ ਸੀ ਦੇਖੀ ਜਾ ਸਕਦੀ।

ਅੱਜ ਦੀਆਂ ਇਹ ਘਟਨਾਵਾਂ ਅਤੇ ਭਾਰਤ ਦੀ ਇਸ ਸਟਰਾਈਕ ਨੇ ਇਹ ਦੱਸ ਦਿੱਤਾ ਕਿ ਜੇ ਭਾਰਤ ਨੂੰ ਹੁਣ ਹੋਰ ਚੈਲੇਂਜ ਵੀ ਕੀਤਾ ਗਿਆ ਤਾਂ ਉਹ ਇਸ ਤੋਂ ਜ਼ਿਆਦਾ ਵੱਡੀ ਸਟਰਾਈਕ ਵੀ ਕਰ ਸਕਦਾ ਹੈ।

ਆਪਰੇਸ਼ਨ 22 ਮਿੰਟ ਦੇ ਵਿੱਚ ਨੌਂ ਟੈਰਰ ਅੱਡੇ ਅਤੇ 21 ਬੇਸ ਕੈਂਪ ਤਬਾਹ ਕੀਤੇ ਗਏ ਹਨ। ਇਸ ਇਸ ਨੂੰ ਭਾਰਤੀ ਸੈਨਾ ਦਾ ਆਤੰਕਵਾਦੀਆਂ ਦੇ ਖ਼ਿਲਾਫ਼ ਸਭ ਤੋਂ ਵੱਡਾ ਐਕਸ਼ਨ ਮੰਨਿਆ ਜਾ ਰਿਹਾ ਹੈ।

ਆਉਣ ਵਾਲੇ ਦਿਨਾਂ ਦੇ ਵਿੱਚ ਜਾਂ ਆਉਣ ਵਾਲੇ 48 ਘੰਟਿਆਂ ਦੇ ਵਿੱਚ ਪਾਕਿਸਤਾਨ ਕਿਸ ਤਰ੍ਹਾਂ ਦਾ ਰਵੱਈਆ ਅਖਤਿਆਰ ਕਰਦਾ ਹੈ ਜੇ ਪਲਟਵਾਰ ਕਰਦਾ ਹੈ ਤਾਂ ਫ਼ਿਰ ਇੱਕ ਲੰਬੀ ਜੰਗ ਅਤੇ ਪਾਕਿਸਤਾਨ ਦੀ ਤਬਾਹੀ ਨੂੰ ਹੁਣ ਕੋਈ ਰੋਕ ਨਹੀਂ ਸਕਦਾ।

ਪੂਰੀ ਦੁਨੀਆਂ ਦੀਆਂ ਨਿਗਾਹਵਾਂ ਭਾਰਤ ਪਾਕਿਸਤਾਨ ਦੇ ਅਪਰੇਸ਼ਨ ਸਿੰਘ ਸਿੰਦੂਰ ਅਤੇ ਆਤੰਕੀਆਂ ਦੇ ਖ਼ਾਤਮੇ 'ਤੇ ਲੱਗੀਆਂ ਹੋਈਆਂ ਹਨ ਅਤੇ ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਪ੍ਰੈਜ਼ੀਡੈਂਟ ਟਰੰਪ ਨੇ ਅਜੇ ਤੱਕ ਇਸ ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

# ਭਾਰਤ ਦਾ ਆਪ੍ਰੇਸ਼ਨ ਸਿੰਦੂਰ ਲੋਕ ਦਿਲਾਂ ਦੇ ਨੇੜੇ

ਕਮਲਜੀਤ ਸਿੰਘ ਬਨਵੈਤ
98147 34035



- ਭਾਰਤੀ ਫੌਜ ਨੇ ਅੱਤਵਾਦੀਆਂ ਤੋਂ ਕੇਵਲ ਬਦਲਾ ਨਹੀਂ ਲਿਆ ਸਗੋਂ ਇਨਸਾਫ ਕੀਤਾ ਹੈ
- ਪਹਿਲਗਾਮ ਹਮਲੇ ਵਿੱਚ ਦੋ ਨਵੀਆਂ ਵਿਆਹੀਆਂ ਕੁੜੀਆਂ ਦੇ ਸਾਹਮਣੇ ਉਹਨਾਂ ਦੇ ਪਤੀਆਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਇੱਕ ਹੋਰ ਦਾ ਪਤੀ ਗੋਲੀ ਵੱਜਣ ਤੋਂ ਬਾਅਦ ਆਪਣੀ ਪਤਨੀ ਦੀ ਗੋਦੀ ਵਿੱਚ ਜਾ ਡਿੱਗਿਆ ਸੀ
- ਹਥਿਆਰਾਂ ਅਤੇ ਆਰਥਿਕਤਾ ਦੇ ਪੱਖੋਂ ਪਾਕਿਸਤਾਨ ਨਾਲੋਂ ਭਾਰਤ ਕਿਤੇ ਵੱਧ ਮਜ਼ਬੂਤ , ਪਾਕਿਸਤਾਨ ਨਾਲੋਂ ਭਾਰਤ ਆਰਥਿਕ ਤੌਰ 'ਤੇ 10 ਗੁਣਾ ਉਪਰ
- ਭਾਰਤ ਕੋਲ ਪਾਕਿਸਤਾਨ ਨਾਲੋਂ ਰਿਜ਼ਰਵ ਫ਼ੌਜ ਵੀ ਦੁਗਣੀ
- ਪਾਕਿਸਤਾਨ ਨਾਲੋਂ ਭਾਰਤ ਕੋਲ ਢਾਈ ਗੁਣਾ ਵੱਧ ਫੌਜ
- ਲੜਾਈ ਦੌਰਾਨ 25 ਅਰਬ ਦਾ ਪ੍ਰਤੀ ਦਿਨ ਹੋ ਗਿਆ ਖਰਚਾ, ਪਾਕਿਸਤਾਨ ਕੋਲ ਸਿਰ.ਫ ਚਾਰ ਦਿਨ ਦਾ ਗੋਲਾ ਬਾਰੂਦ

ਭਾਰਤ ਦੇ ਅਪਰੇਸ਼ਨ ਸਿੰਦੂਰ ਦੇ ਨਾਂ ਤੋਂ ਹੀ ਦਿਸ ਰਿਹਾ ਹੈ ਕਿ ਫੌਜ ਨੇ ਉਨ੍ਹਾਂ ਅੱਤਵਾਦੀਆਂ ਨੂੰ ਮਾਰ ਮੁਕਾਉਣ ਦੀ ਧਾਰ ਲਈ ਹੈ, ਜਿਨਾਂ ਨੇ ਸਾਡੀਆਂ ਧੀਆਂ, ਭੈਣਾਂ ਅਤੇ ਮਾਵਾਂ ਦਾ ਸੁਹਾਗ ਲੁੱਟਿਆ ਸੀ। ਅਪਰੇਸ਼ਨ ਸਿੰਦੂਰ ਨਾਂ ਨੇ ਹੀ ਲੋਕਾਂ ਦੇ ਦਿਲਾਂ ਨੂੰ ਟੁੰਬਿਆ ਹੈ। 15 ਦਿਨ ਪਹਿਲਾਂ ਅੱਤਵਾਦੀਆਂ ਨੇ ਕਸ਼ਮੀਰ ਘੁੰਮਣ ਗਏ 26 ਲੋਕਾਂ ਨੂੰ ਮਾਰ ਮੁਕਾਇਆ ਸੀ। ਲੈਫਟੀਨੈਂਟ ਵਿਨੈ ਆਪਣੇ ਵਿਆਹ ਤੋਂ ਸੱਤਵੇਂ ਦਿਨ ਬਾਅਦ ਕਸ਼ਮੀਰ ਘੁੰਮਣ ਗਿਆ ਸੀ ਕਿ ਪਤਨੀ ਦੇ ਸਾਹਮਣੇ ਅੱਤਵਾਦੀਆਂ ਨੇ ਉਸ ਨੂੰ ਮਾਰ ਦਿੱਤਾ ਸੀ। ਅੱਤਵਾਦੀਆਂ ਦੀ ਗੋਲੀ ਦਾ ਨਿਸ਼ਾਨਾ ਬਣੇ ਸੁਭਾਸ਼ ਦੀ ਹਾਲੇ ਦੋ ਮਹੀਨੇ ਪਹਿਲਾਂ ਸ਼ਾਦੀ ਹੋਈ ਸੀ। ਸੂਟ ਦੇ ਸੈਲ ਸੁਭਾਗ ਨੂੰ ਜਦੋਂ ਗੋਲੀਆਂ ਲੱਗੀਆਂ ਤਾਂ ਉਹ ਆਪਣੀ ਪਤਨੀ ਜੀ ਗੋਦੀ ਵਿੱਚ ਜਾ ਡਿੱਗਿਆ। ਇਸੇ ਕਰਕੇ ਭਾਰਤੀ ਫੌਜ ਨੇ ਅੰਦਰਲੇ ਦੁੱਖ ਵਿੱਚੋਂ ਅਪਰੇਸ਼ਨ ਸਿੰਦੂਰ ਨਾ ਰੱਖਿਆ ਹੈ।ਭਾਰਤੀ ਫੌਜ ਨੇ ਬੜੀ ਠੋਸ ਰਣਨੀਤੀ ਬਣਾ ਕੇ ਪਾਕਿਸਤਾਨ ਨੂੰ ਨਿਸ਼ਾਨੇ 'ਤੇ ਲਿਆ ਹੈ। ਦੁਸ਼ਮਣ ਕੋਲ ਸਾਡੇ ਮੂਹਰੇ ਖੜ੍ਹਨ ਦੀ ਹਿੰਮਤ ਨਹੀਂ, ਫੜ੍ਹਾਂ ਜਿੰਨੀਆਂ ਮਰਜ਼ੀ ਮਾਰੀ ਜਾਵੇ। ਅੰਕੜਿਆਂ ਦੇ ਅਧਾਰ 'ਤੇ ਦੇਖਣਾ ਹੈ ਕਿਸ ਮੁਲਕ ਵਿੱਚ ਕਿੰਨਾ ਦਮ ਹੈ।

ਲੜਾਈ ਦੌਰਾਨ 25 ਕਰੋੜ ਡਾਲਰ ਪ੍ਰਤੀ ਦਿਨ ਖਰਚਾ ਆਵੇਗਾ ਜਦਕਿ ਪਾਕਿਸਤਾਨ ਕੋਲ ਸਿਰਫ ਚਾਰ ਦਿਨ ਲਈ ਗੋਲਾ ਬੂਰੂਦ ਦਾ ਸਟਾਕ ਹੈ। ਪਾਕਿਸਤਾਨ ਆਪਣੀਆਂ ਹਥਿਆਰਬੰਦ ਫੌਜਾਂ ਨੂੰ ਚੌਕਸ ਰੱਖਣ ਲਈ ਹਰ ਰੋਜ਼ 32 ਲੱਖ ਡਾਲਰ ਖਰਚ ਕਰ ਰਿਹਾ ਹੈ।

ਹਥਿਆਰਾਂ ਦੀ ਗੱਲ ਕਰੀਏ ਤਾਂ ਭਾਰਤ ਕੋਲ 3975 ਤੋਪਾਂ ਹਨ। ਜਦੋਂ ਕਿ ਪਾਕਿਸਤਾਨ ਕੋਲ ਤੋਪਾਂ ਦੀ ਗਿਣਤੀ 2629 ਹੈ। ਪਾਕਿਸਤਾਨ ਕੋਲ 121 ਨੇਵੀ ਜਹਾਜ਼ ਹਨ ਜਦ ਕਿ ਭਾਰਤ 393 ਨੇਵੀ ਜਹਾਜ਼ ਹਨ। ਭਾਰਤ ਕੋਲ ਦੋ ਜੰਗੀ ਬੇੜੇ ਹਨ ਜਦਕਿ ਪਾਕਿਸਤਾਨ ਕੋਲ ਇੱਕ ਵੀ ਨਹੀਂ ਹੈ। ਇਸੇ ਤਰ੍ਹਾਂ ਭਾਰਤ ਕੋਲ 18 ਪਣਡੁੱਬੀਆਂ ਹਨ। ਪਾਕਿਸਤਾਨ ਨੂੰ ਅੱਠ ਨਾਲ ਗੁਜ਼ਾਰਾ ਕਰਨਾ ਪਵੇਗਾ। ਭਾਰਤ ਕੋਲ 13 ਡੈਸਟਰਾਇਰ ਹਨ ਜਦ ਕਿ ਪਾਕਿਸਤਾਨ ਖ਼ਾਲੀ ਹੱਥੀਂ ਬੈਠਾ ਹੈ। ਸਭ ਤੋਂ ਵੱਡੀ ਗੱਲ ਇਹ ਕਿ ਭਾਰਤ ਕੋਲ 180 ਪਰਮਾਣੂ ਹਥਿਆਰ ਹਨ ਅਤੇ ਪਾਕਿਸਤਾਨ ਕੋਲ ਪਰਮਾਣੂ ਹਥਿਆਰਾਂ ਦੀ ਗਿਣਤੀ 170 ਹੈ। ਭਾਰਤ ਦੀ ਹਵਾਈ ਫੌਜ ਕੋਲ 513 ਜੰਗੀ ਜਹਾਜ਼ ਹਨ ਜਦਕਿ ਪਾਕਿਸਤਾਨ ਕੋਲ ਜੰਗੀ ਜਹਾਜ਼ਾਂ ਦੀ ਗਿਣਤੀ ਕੇਵਲ 328 ਹੈ।

ਦੋਹਾਂ ਦੇਸ਼ਾਂ ਦੀ ਆਰਥਿਕ ਸਥਿਤੀ ਦੀ ਗੱਲ ਕਰੀਏ ਤਾਂ ਪਾਕਿਸਤਾਨ ਤੋਂ ਭਾਰਤ ਦਾ ਅਰਥਚਾਰਾ 10 ਗੁਣਾ ਵੱਡਾ ਹੈ। ਭਾਰਤ ਕੋਲ 678 ਅਰਬ ਡਾਲਰ ਵਿਦੇਸ਼ੀ ਮੁਦਰਾ ਦਾ ਭੰਡਾਰ ਹੈ। ਇਸ ਦੇ ਮੁਕਾਬਲੇ ਪਾਕਿਸਤਾਨ ਦੀ ਜੇਬ ਵਿੱਚ ਕੇਵਲ ਅੱਠ ਬਿਲੀਅਨ ਡਾਲਰ ਹਨ। ਭਾਰਤ ਦੀ ਜੀਡੀਪੀ ਦਾ ਆਕਾਰ ਵੀ ਪਾਕਿਸਤਾਨ ਨਾਲੋਂ ਕਈ ਬਿਲੀਅਨ ਜ਼ਿਆਦਾ ਹੈ। ਹੋਰ ਤਾਂ ਹੋਰ ਭਾਰਤ ਦਾ ਰੱਖਿਆ ਬਜਟ 78. ਸੱਤ ਅਰਬ ਡਾਲਰ ਹੈ ਜਦਕਿ ਪਾਕਿਸਤਾਨ ਦਾ ਰੱਖਿਆ ਬਜਟ ਕੇਵਲ 7.6 ਅਰਬ ਡਾਲਰ ਹੈ।

ਗਲੋਬਲ ਫਾਇਰ ਪਾਵਰ ਇੰਡੈਕਸ ਮੁਤਾਬਿਕ ਭਾਰਤੀ ਫੌਜੀਆਂ ਦੀ ਗਿਣਤੀ 14, 55, 550 ਹੈ। ਪਾਕਿਸਤਾਨ ਕੋਲ 6, 54,000 ਸਰਗਰਮ ਫ਼ੌਜੀ ਅਫਸਰ ਅਤੇ ਜਵਾਨ ਹਨ। ਦਾ ਮਤਲਬ ਇਹ ਹੋਇਆ ਕਿ ਭਾਰਤ ਕੋਲ ਪਾਕਿਸਤਾਨ ਨਾਲੋਂ ਦੁਗਣੇ ਵੱਧ ਫੌਜੀ ਜਵਾਨ ਅਤੇ ਅਫਸਰ ਹਨ। ਭਾਰਤ ਕੋਲ ਰਿਜ਼ਰਵ ਫੌਜ ਵੀ ਪਾਕਿਸਤਾਨ ਨਾਲੋਂ ਦੁਗਣੀ ਹੈ॥ ਭਾਰਤੀ ਕੋਲ 11, 55,000 ਰਿਜ਼ਰਵ ਫ਼ੌਜ ਹੈ ਜਦਕਿ ਪਾਕਿਸਤਾਨ ਕੋਲ ਰਿਜ਼ਰਵ ਫ਼ੌਜੀਆਂ ਦੀ ਗਿਣਤੀ ਸਿਰਫ 5, 5000 ਹੈ।

ਭਾਰਤ ਅਤੇ ਪਾਕਿਸਤਾਨ ਦੀ ਹਵਾਈ ਫੌਜ ਦੀ ਅਕਸਰ ਤੁਲਨਾ ਹੁੰਦੀ ਹੈ ਗਲੋਬਲ ਫਾਇਰ ਪਾਵਰ ਇੰਟੈਕਸ ਦੇ ਅੰਕੜਿਆਂ ਅਨੁਸਾਰ ਭਾਰਤ ਕੋਲ ਕੁੱਲ ਹਵਾਈ ਜਹਾਜ਼ਾਂ ਦੀ ਗਿਣਤੀ 2,229 ਹੈ ਜਦਕਿ ਪਾਕਿਸਤਾਨ ਕੋਲ ਕੇਵਲ 1,399 ਹਵਾਈ ਜਹਾਜ਼ ਹਨ। ਇਹਨਾਂ ਵਿੱਚੋਂ ਜੇਕਰ ਜੰਗੀ ਜਹਾਜ਼ ਦੇਖੇ ਜਾਣ ਤਾਂ ਭਾਰਤ ਕੋਲ 513 ਹਨ ਅਤੇ ਪਾਕਿਸਤਾਨ ਸਿਰਫ਼ 328 ਜੰਗੀ ਜਹਾਜ਼ ਲਈ ਬੈਠਾ ਹੈ।

ਟਰਾਂਸਪੋਰਟ ਬਾਈ ਜਹਾਜ਼ ਦੀ ਗੱਲ ਕਰੀਏ ਤਾਂ ਭਾਰਤ ਕੋਲ 270 ਤੇ ਪਾਕਿਸਤਾਨ ਕੋਲ ਸਿਰਫ 64 ਹਨ। 2020 ਵਿੱਚ ਗਲਵਾਨ ਸੰਘਰਸ਼ ਦੌਰਾਨ ਭਾਰਤ ਦੇ ਟਰਾਂਸਪੋਰਟ ਹਵਾਈ ਜਹਾਜ਼ਾਂ ਨੇ ਆਪਣੀ ਤਾਕਤ ਦਿਖਾਈ ਸੀ ਅਤੇ ਬਹੁਤ ਘੱਟ ਸਮੇਂ ਵਿੱਚ ਚੀਨੀਆਂ ਨੂੰ ਸਖਤ ਸੁਨੇਹਾ ਦਿੱਤਾ ਸੀ। ਭਾਰਤ ਕੋਲ 42 01 ਟੈਂਕ ਹਨ। ਪਾਕਿਸਤਾਨ ਨੂੰ 2627 ਟੈਂਕਾਂ ਨਾਲ ਸਬਰ ਕਰਨਾ ਪੈ ਰਿਹਾ ਹੈ। ਜੰਗ ਦੌਰਾਨ ਬਖ਼ਤਰਬੰਦ ਗੱਡੀਆਂ ਦੀ ਭੂਮਿਕਾ ਵੱਡੀ ਹੁੰਦੀ ਹੈ। ਇਹਨਾਂ ਗੱਡੀਆਂ ਤੇ ਆਮ ਗੋਲਾ ਬਾਰੀ ਦਾ ਅਸਰ ਨਹੀਂ ਹੁੰਦਾ ਹੈ। ਭਾਰਤ ਕੋਲ 1,48,594 ਅਤੇ ਪਾਕਿਸਤਾਨ ਕੋਲ 17,516 ਬਖਤਰ ਬੰਦ ਗੱਡੀਆਂ ਹਨ। ਹੈਲੀਕਾਪਟਰ ਦੀ ਗੱਲ ਕਰੀਏ ਤਾਂ ਭਾਰਤ ਕੋਲ 89 ਹੈਲੀਕਾਪਟਰ ਹਨ ਅਤੇ ਪਾਕਿਸਤਾਨ 393 ਹੈਲੀਕਾਪਟਰ ਲੈ ਕੇ ਫੜਾਂ ਮਾਰ ਰਿਹਾ ਹੈ। ਇਸ ਤੋਂ ਬਿਨਾਂ ਭਾਰਤ ਕੋਲ 80 ਅਟੈਕ ਹੈਲੀਕਾਪਟਰ ਹਨ। ਜਦ ਕਿ ਪਾਕਿਸਤਾਨ ਕੋਲ 57 ਅਟੈਕ ਹੈਲੀਕਾਪਟਰ ਦੱਸੇ ਜਾ ਰਹੇ ਹਨ। ਜੰਗੀ ਜਹਾਜ਼ਾਂ ਵਿੱਚ ਭਾਰਤ ਲਈ ਫਰਾਂਸ ਤੋਂ ਖਰੀਦੇ ਗਏ ਰਾਫੇਲ ਜੰਗੀ ਜਹਾਜ਼ ਸਭ ਤੋਂ ਖ਼ਾਸ ਹਨ। ਇਸ ਤੋਂ ਇਲਾਵਾ ਭਾਰਤ ਦੇ ਜੰਗੀ ਜਹਾਜ਼ਾਂ ਦੇ ਬੇੜੇ ਵਿੱਚ ਮਿਰਾਜ ਤੇ ਜਗੂਅਰ ਹਵਾਈ ਜਹਾਜ਼ ਵੱਡੀ ਭੂਮਿਕਾ ਨਿਭਾਉਣ ਲਈ ਤਿਆਰ ਹਨ। ਇੱਥੇ ਹੀ ਬਸ ਨਹੀਂ ਭਾਰਤੀ ਫੌਜ ਦਾ ਮਲਟੀ ਰੋਲ ਫਾਈਟਰ ਜੈਟ ਸੁਖੋਈ 30 ਆਪਣੀ ਸੁਰਤੀ ਅਤੇ ਲੰਬੀ ਦੂਰੀ ਤੱਕ ਮਾਰ ਕਰਨ ਦੀ ਸਮਰਥਾ ਲਈ ਜਾਣਿਆ ਜਾਂਦਾ ਹੈ। ਇਹ ਸਾਰੇ ਮਿਜ਼ਾਈਲਾਂ ਨਾਲ ਦੁਸ਼ਮਣ 'ਤੇ ਅਚੂਕ ਹਮਲਾ ਕਰ ਸਕਦੇ ਹਨ। ਇਸ ਤੋਂ ਇਲਾਵਾ ਮਿਗ 29 ਅਤੇ ਤੇਜਸ ਜੰਗੀ ਜਹਾਜ਼ਾਂ ਤੋਂ ਭਾਰਤ ਦੀ ਹਵਾਈ ਤਾਕਤ ਨੂੰ ਹੋਰ ਵੀ ਬਲ ਮਿਲ ਜਾਂਦਾ ਹੈ। ਪਾਕਿਸਤਾਨ ਦੀ ਫੌਜ ਦੇ ਬੇੜੇ ਵਿੱਚ ਵੀ ਕੁਝ ਅਤਿ ਆਧੁਨਿਕ ਜੰਗੀ ਜਹਾਜ਼ ਹਨ ਜਿਹਨਾਂ ਵਿੱਚ ਜੇ 10 ਸੀ, ਜੇ 17 ਅਤੇ ਐਫ 16 ਸ਼ਾਮਿਲ ਹਨ।ਭਾਰਤ ਨੇ ਅਪਰੇਸ਼ਨ ਸਿੰਦੂਰ ਨਾਲ ਕੇਵਲ ਅੱਤਵਾਦੀਆਂ ਤੋਂ ਬਦਲਾ ਹੀ ਨਹੀਂ ਲਿਆ ਸਗੋਂ ਇਨਸਾਫ਼ ਵੀ ਕੀਤਾ ਹੈ।

# ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ

ਜਗਤਾਰ ਲਾਡੀ ਮਾਨਸਾ
9463603091

ਜੰਗਾਂ ਕਿਸੇ ਪਬਜੀ ਗੇਮ ਦਾ ਨਾਮ ਨਹੀਂ ਹਨ। ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ। ਜਦੋਂ ਸੀਨਿਆਂ ਵਿਚ ਛੇਕ ਹੋਣੇ ਹੋਣ ਨਾ ਉਸ ਵੇਲੇ ਜੰਗਾਂ ਵਿੱਚ ਜਾਣ ਵਾਲੇ ਵੀ ਆਮ ਵਿਅਕਤੀ ਨਹੀਂ ਹੁੰਦੇ। ਭਾਵੇਂ ਜੰਗ ਨੂੰ ਸ਼ਾਂਤੀ ਦਾ ਦੂਜਾ ਨਾਮ ਦਿੱਤਾ ਜਾਂਦਾ ਹੈ। ਪਰ ਜੋ ਇਸ ਦਾ ਦਰਦ ਹੰਢਾਉਂਦੇ ਹਨ, ਉਹੀ ਜਾਣਦੇ ਹਨ। ਜੰਗ ਤੋਂ ਪਹਿਲਾਂ ਪੂੰਛਾਂ ਚੱਕੀ ਫਿਰਦੇ ਮੌਕੇ 'ਤੇ ਨਜ਼ਰ ਨੀ ਆਉਂਦੇ। ਨਾ ਕਦੇ ਨੇਤਾਵਾਂ ਦੇ ਪੁੱਤ ਮਰਦੇ ਨੇ, ਉਹਨਾਂ ਨੇ ਹਮੇਸ਼ਾ ਆਪਣੀਆਂ ਰੋਟੀਆਂ ਸੇਕਣੀਆਂ ਹੁੰਦੀਆਂ ਹਨ। ਨਾ ਦੂਰ ਦਰਾਜ਼ ਵਾਲੇ ਮਰਦੇ ਨੇ , ਮਰਦੇ ਨੇ ਮੈਦਾਨ ਏ ਜੰਗ ਦੇ ਇਲਾਕਿਆਂ ਵਿੱਚ ਵਸਣ ਵਾਲੇ ਬਾਸ਼ਿੰਦੇ ਜਾਂ ਫਿਰ ਮਾਵਾਂ ਦੇ ਪੁੱਤ ਜੋ ਲੜਨ ਲਈ ਜਾਂਦੇ ਨੇ।ਕਈਆਂ ਲਈ ਜੰਗ ਪੈਸੇ ਕਮਾਉਣ ਦਾ ਤਰੀਕਾ ਤੇ ਕਈਆਂ ਲਈ ਵੋਟ ਬੈਂਕ।ਬਾਰਡਰ ਤੋਂ ਦੂਰ ਬੈਠਿਆਂ ਲਈ ਜੰਗ ਸੈਲੀਬ੍ਰੇਸ਼ਨ ਹੁੰਦੀ ਏ। ਉਹਨਾਂ ਦੇ ਭਾਅ ਦੀਆਂ ਫੁੱਲਝੜੀਆਂ ਹੁੰਦੀਆਂ ਹਨ। ਜ਼ਿਆਦਾਤਰ ਜੰਗਾਂ ਪੰਜਾਬ ਦੇ ਹਿੱਸੇ ਆਈਆਂ ਨੇ। ਹਰ ਪਿੰਡ ਦੇ ਮੂਹਰੇ ਲੱਗਿਆ ਸ਼ਹੀਦੀ ਗੇਟ ਭਾਵੇਂ ਸਾਨੂੰ ਸਾਡੀਆਂ ਬਹਾਦਰੀ ਦਾ ਮਾਣ ਮਹਿਸੂਸ ਕਰਵਾਉਂਦਾ ਹੈ, ਪਰ ਇਹ ਗੇਟਾਂ ਨੇ ਪੂਰੀਆਂ ਪੀੜ੍ਹੀਆਂ ਖਤਮ ਕਰ ਦਿੱਤੀਆਂ। ਜਦੋਂ ਅਸੀਂ ਅਖਬਾਰਾਂ ਵਿੱਚ ਜੰਗ ਦੀਆਂ ਖ਼ਬਰਾਂ ਪੜ੍ਹਦੇ ਹਾਂ ਜਾਂ ਟੈਲੀਵਿਜ਼ਨ 'ਤੇ ਟੈਂਕਾਂ ਦੇ ਕਾਫਲਿਆਂ ਨੂੰ ਵੱਧਦੇ ਹੋਏ ਦੇਖਦੇ ਹਾਂ ਤਾਂ ਉਹ ਸਿਰਫ਼ ਦ੍ਰਿਸ਼ ਨਹੀਂ ਹੁੰਦੇ, ਉਹ ਇਨਸਾਨੀ ਤਬਾਹੀ ਦਾ ਚਿੱਤਰ ਹੁੰਦੇ ਹਨ। ਜੰਗ ਕੋਈ ਫਿਲਮੀ ਕਹਾਣੀ ਜਾਂ ਸਿਰ.ਫ ਰਣਨੀਤਿਕ ਚਲਾਕੀ ਨਹੀਂ ਹੁੰਦੀ — ਇਹ ਇੱਕ ਅਜਿਹਾ ਹੱਦ ਬੰਦ ਘਟਨਾ ਹੁੰਦੀ ਹੈ ਜੋ ਲੋਕਾਂ ਦੀ ਜ਼ਿੰਦਗੀ, ਇਤਿਹਾਸ, ਭਵਿੱਖ ਅਤੇ ਮਨੁੱਖਤਾ ਨੂੰ ਝੰਜੋੜ ਕੇ ਰੱਖ ਦਿੰਦੀ ਹੈ। ਇਸ ਕਰਕੇ ਇਹ ਕਹਿਣਾ ਕਿ ਜੰਗਾਂ ਆਮ ਗੱਲਾਂ ਨਹੀਂ ਹੁੰਦੀਆਂ ਕੇਵਲ ਇਕ ਨਾਅਰਾ ਨਹੀਂ, ਸਗੋਂ ਇਹ ਇਕ ਤੱਥ ਹੈ ਜੋ ਇਤਿਹਾਸ ਅਤੇ ਵਰਤਮਾਨ ਦੋਹਾਂ ਰਾਹੀਂ ਸਾਬਤ ਹੁੰਦਾ ਹੈ।

**ਜੰਗ: ਇਨਸਾਨੀ ਤਬਾਹੀ ਦੀ ਸਭ ਤੋਂ ਵੱਡੀ ਤਸਵੀਰ:**

ਜੰਗ ਦੇ ਦੌਰਾਨ ਸਿਰਫ਼ ਸਿਪਾਹੀ ਹੀ ਨਹੀਂ ਮਰਦੇ, ਸਗੋਂ ਗੈਰ-ਸੈਨਿਕ, ਨਿਰਦੋਸ਼ ਲੋਕ, ਬੱਚੇ, ਮਹਿਲਾ, ਬਜ਼ੁਰਗ ਵੀ ਬਲੀ ਦੇ ਬੱਕਰੇ ਬਣ ਜਾਂਦੇ ਹਨ। ਦੂਜੀ ਵਿਸ਼ਵ ਯੁੱਧ ਦੇ ਦੌਰਾਨ ਲੱਗਭਗ 7 ਕਰੋੜ ਲੋਕ ਮਾਰੇ ਗਏ ਸਨ।ਇਰਾਕ, ਕੋਰੀਆ, ਅ.ਫ.ਗਾਨਿਸਤਾਨ ਤੇ ਹੋਰ ਦੇਸ਼ਾਂ ਦੀਆਂ ਜੰਗਾਂ ਨੇ ਇਨਸਾਨੀਅਤ ਮਾਰ ਕੇ ਰੱਖ ਦਿੱਤੀ ਹੈ।ਭਾਰਤ ਦੀਆਂ ਚਾਇਨਾ , ਪਾਕਿਸਤਾਨ ਨਾਲ 1962,1965,1971, ਕਾਰਗਿਲ ਯੁੱਧ ਵਿਚ ਅਣਗਿਣਤ ਮਾਵਾਂ ਦੇ ਪੁੱਤ ਤੇ ਆਮ ਸ਼ਹਿਰੀ ਮੌਤ ਦੀ ਭੇਟ ਚੜ੍ਹ ਗਏ।ਅਵਾਮ ਤਾਂ ਸ਼ਾਂਤੀ ਨਾਲ ਵੱਸਣਾ ਚਾਹੁੰਦੀ ਹੁੰਦੀ ਹੈ,ਪਰ ਰਾਜਨੀਤਕ ਲੋਕ ਇਹ ਹੋਣ ਨਹੀਂ ਦਿੰਦੇ। ਘਰ ਤਾਂ ਦੋਵੇਂ ਪਾਸੇ ਉਜੜਦੇ ਨੇ। ਅੰਕੜੇ ਸਾਨੂੰ ਦੱਸਦੇ ਹਨ ਕਿ ਜੰਗ ਕਿਸ ਤਰ੍ਹਾਂ ਇਨਸਾਨੀ ਸਮਾਜ ਨੂੰ ਤਬਾਹ ਕਰ ਦਿੰਦੀ ਹੈ।

ਆਰਥਿਕ ਅਤੇ ਸਮਾਜਿਕ ਤਬਾਹੀ ਦੀ ਗੱਲ ਕਰੀਏ ਤਾਂ ਜਦੋਂ ਕਿਸੇ ਦੇਸ਼ ਵਿੱਚ ਜੰਗ ਛਿੜ ਜਾਂਦੀ ਹੈ, ਤਾਂ ਕੇਵਲ ਮਰਨ ਮਾਰ ਹੀ ਨਹੀਂ ਹੁੰਦੀ, ਸਗੋਂ ਉਸ ਦੇਸ਼ ਦੀ ਆਰਥਿਕਤਾ, ਉਦਯੋਗ, ਕਮਾਈ ਦੇ ਸਾਧਨ, ਖੇਤੀਬਾੜੀ, ਸਿਹਤ ਸੇਵਾਵਾਂ ਅਤੇ ਸਿੱਖਿਆ ਸਿਸਟਮ ਤਬਾਹ ਹੋ ਜਾਂਦੇ ਹਨ। ਸੀਰੀਆ, ਅ.ਫ.ਗਾਨਿਸਤਾਨ, ਯਮਨ ਅਤੇ ਇਰਾਕ ਅਜਿਹੇ ਕਈ ਦੇਸ਼ ਹਨ, ਜਿਨ੍ਹਾਂ ਦੀ ਆਰਥਿਕਤਾ ਨੇ ਕਦੇ ਮੁੜ ਉਭਾਰ ਨਹੀਂ ਲਿਆ। ਲੋਕ ਪਾਲਣ ਪੋਸ਼ਣ ਵਾਲੀਆਂ ਨੌਕਰੀਆਂ ਤੋਂ ਵੀ ਹੱਥ ਧੋ ਬੈਠਦੇ ਹਨ, ਘਰ ਢਹਿ ਜਾਂਦੇ ਹਨ ਅਤੇ ਪੁਰਾਣੀਆਂ ਯਾਦਾਂ ਸਿਰ.ਫ ਝੋਪੜੀਆਂ ਅਤੇ ਖੰਡਰਾਂ ਵਿੱਚ ਹੀ ਵਸਦੀਆਂ ਹਨ।

ਜੰਗਾਂ ਦੇ ਮਨੋਵਿਗਿਆਨਕ ਅਸਰ ਵੀ ਵੱਡੀ ਪੱਧਰ 'ਤੇ ਪੈਂਦੇ ਨੇ ,ਜੰਗ ਸਿਰਫ਼ ਸ਼ਰੀਰ ਨੂੰ ਹੀ ਨਹੀਂ, ਮਨ ਨੂੰ ਵੀ ਛੱਲਣੀ ਕਰ ਦਿੰਦੀ ਹੈ। ਜੰਗ ਵਿਚੋਂ ਬਚ ਕੇ ਨਿਕਲਣ ਵਾਲੇ ਬੱਚਿਆਂ, ਮਹਿਲਾਵਾਂ ਜਾਂ ਸਿਪਾਹੀਆਂ ਦੀ ਮਨੋਵਿਗਿਆਨਕ ਹਾਲਤ ਅਕਸਰ ਪੀ. ਟੀ. ਐਸ. ਡੀ. (ਪੋਸਟ ਟਰਾਮੈਟਿਕ ਸਟ੍ਰੈਸ ਡਿਸਆਰਡਰ) ਨਾਲ ਗੁੰਝਲਦਾਰ ਹੁੰਦੀ ਹੈ। ਉਹ ਰਾਤਾਂ ਨੂੰ ਨੀਂਦ ਨਹੀਂ ਲੈ ਸਕਦੇ, ਅਚਾਨਕ ਆਵਾਜ਼ਾਂ 'ਤੇ ਡਰ ਜਾਂਦੇ ਹਨ ਅਤੇ ਆਮ ਜ਼ਿੰਦਗੀ ਵੱਲ ਵਾਪਸੀ ਕਰਨਾ ਉਨ੍ਹਾਂ ਲਈ ਨਰਕ ਬਣ ਜਾਂਦਾ ਹੈ। ਇਹ ਸਭ ਸਾਨੂੰ ਯਾਦ ਦਿਲਾਉਂਦਾ ਹੈ ਕਿ ਜੰਗ ਇਕ ਲੰਬੀ ਚਲਣ ਵਾਲੀ ਆਤਮਾ ਦੀ ਗਾਥਾ ਹੈ—ਜਿੱਥੇ ਹਰ ਵਾਰੀ ਹਾਰਦਾ ਇਨਸਾਨ ਹੀ ਹੈ।

ਜੰਗਾਂ ਦੇ ਵਿੱਚ ਨੈਤਿਕਤਾ ਦਾ ਘਾਣ ਹੋ ਜਾਂਦਾ ਹੈ।ਕਈ ਵਾਰੀ ਜੰਗਾਂ ਨਿਆਂ ਦੇ ਨਾਂ 'ਤੇ ਲੜੀਆਂ ਜਾਂਦੀਆਂ ਹਨ, ਪਰ ਇਹ ਨਿਆਂ ਇਕ ਪਾਸੇ ਦੀ ਪਰਿਭਾਸ਼ਾ ਹੁੰਦੀ ਹੈ। ਜੰਗਾਂ ਵਿੱਚ ਅਕਸਰ ਨੈਤਿਕ ਮਿਆਰਾਂ ਦੀ ਧੱਜੀਆਂ ਉਡਾਈ ਜਾਂਦੀਆਂ ਹਨ - ਕਤਲ, ਬਲਾਤਕਾਰ, ਤਸ਼ੱਦਦ, ਬੱਚਿਆਂ ਦੀ ਭਰਤੀ, ਰਾਸ਼ਨ ਤੇ ਪਾਣੀ 'ਤੇ ਰੋਕ-ਇਹ ਸਾਰੇ ਅਪਰਾਧ ਸਧਾਰਨ ਬਣ ਜਾਂਦੇ ਹਨ। ਸਾਬਕਾ ਯੁਗੋਸਲਾਵੀਆ ਦੀ ਜੰਗ ਹੋਵੇ ਜਾਂ ਰਵਾਂਡਾ ਦਾ ਨਸਲੀ ਕਤਲੇਆਮ, ਇਹ ਸਾਰੇ ਘਟਨਾਕ੍ਰਮ ਦੱਸਦੇ ਹਨ ਕਿ ਜੰਗ ਵਿਚ ਨੈਤਿਕਤਾ ਮੌਤ ਤੋਂ ਪਹਿਲਾਂ ਮਰ ਜਾਂਦੀ ਹੈ।

ਜੰਗਾਂ ਦੇ ਥੋੜ੍ਹੇ ਚਿਰੇ ਪ੍ਰਭਾਵ ਨਹੀਂ ਹੁੰਦੇ ਇਹ ਲੰਮੇ ਸਮੇਂ ਤੱਕ ਹੋਣ ਵਾਲੇ ਨੁਕਸਾਨ ਹੁੰਦੇ ਹਨ। ਜਦੋਂ ਜੰਗ ਖਤਮ ਵੀ ਹੋ ਜਾਂਦੀ ਹੈ, ਤਾਂ ਵੀ ਉਸ ਦੇ ਪ੍ਰਭਾਵ ਦਹਾਕਿਆਂ ਤਕ ਰਹਿੰਦੇ ਹਨ। ਖੇਤਾਂ ਵਿੱਚ ਬੰਬ ਪਏ ਰਹਿੰਦੇ ਹਨ, ਪਾਣੀ ਅਤੇ ਹਵਾ ਜ਼ਹਿਰੀਲੀ ਹੋ ਜਾਂਦੀ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਵਿਦੇਸ਼ਾਂ ਵਿੱਚ ਸ਼ਰਨ ਲੈਣੀ ਪੈਂਦੀ ਹੈ। ਉਨ੍ਹਾਂ ਦੀ ਪਛਾਣ, ਭਾਸ਼ਾ, ਸੰਸਕਾਰ, ਤੇ ਜ਼ਿੰਦਗੀ ਦੇ ਸਾਰੇ ਰਿਸ਼ਤੇ ਖਤਮ ਹੋ ਜਾਂਦੇ ਹਨ। ਉਪਜਾਊ ਜ਼ਮੀਨਾਂ ਖੰਡਰਾਂ 'ਚ ਬਦਲ ਜਾਂਦੀਆਂ ਹਨ ਅਤੇ ਉਨ੍ਹਾਂ ਉੱਤੇ ਫਿਰ ਕਦੇ ਵੀ ਆਮ ਜ਼ਿੰਦਗੀ ਮੁੜ ਨਹੀਂ ਆਉਂਦੀ।ਜੰਗਾਂ ਦੀ ਰਾਜਨੀਤਿਕ ਪਛਾਣ ਦੀ ਗੱਲ ਕਰੀਏ ਤਾਂ ਜੰਗਾਂ ਅਕਸਰ ਰਾਜਨੀਤਿਕ ਫਾਇਦੇ ਲਈ ਛੇੜੀਆਂ ਜਾਂਦੀਆਂ ਹਨ। ਜਦੋਂ ਅੰਦਰੂਨੀ ਸਿਆਸੀ ਦਬਾਅ ਵਧ ਜਾਂਦਾ ਹੈ ਜਾਂ ਹਕੂਮਤਾਂ ਨੂੰ ਆਪਣੀ ਲੋਕਪ੍ਰਿਯਤਾ ਦੀ ਲੋੜ ਹੁੰਦੀ ਹੈ, ਤਾਂ ਉਹ ਬਾਹਰੀ ਖ਼ਤਰੇ ਦਾ ਹਵਾ ਲਾ ਦੇ ਕੇ ਜੰਗੀ ਮਾਹੌਲ ਬਣਾਉਂਦੀਆਂ ਹਨ। ਇਹ ਅਸਲ ਵਿੱਚ ਜਨਤਕ ਧਿਆਨ ਨੂੰ ਅਸਲੀ ਮਸਲਿਆਂ- ਗਰੀਬੀ, ਰੋਜ਼ਗਾਰ, ਸਿੱਖਿਆ, ਸਿਹਤ-ਤੋਂ ਹਟਾਉਣ ਦਾ ਇੱਕ ਹਥਕੰਡਾ ਹੁੰਦਾ ਹੈ। ਜਦੋਂ ਵੀ ਸਰਕਾਰ ਰੁਜ਼ਗਾਰ ਸਿੱਖਿਆ ਦੇ ਮੁੱਦਿਆਂ 'ਤੇ ਫੇਲ੍ਹ ਹੋ ਜਾਂਦੀ ਹੈ ਤਾਂ ਉਹ ਇਹ ਮਹੌਲ ਬਣਾਉਂਦੀ ਹੈ। ਸਰਕਾਰਾਂ ਦਾ ਇਹ ਪੁਰਾਣਾ ਤੇ ਕਾਰਗਰ ਹਥਿਆਰ ਹੈ। ਇੱਕ ਜੰਗ ਛੇੜ ਦਿੱਤੀ ਜਾਂਦੀ ਹੈ ਜਾਂ ਫਿਰ ਧਾਰਮਿਕ ਦੰਗੇ ਕਰਵਾਏ ਜਾਂਦੇ ਹਨ। ਇਸ ਦਾ ਫਾਇਦਾ ਇਹ ਹੁੰਦਾ ਹੈ ਰੁਜ਼ਗਾਰ ਸਿੱਖਿਆ ਦੀ ਗੱਲ ਕਰਦੇ ਲੋਕ ਜੰਗ ਵੱਲ ਧਿਆਨ ਲਾ ਦਿੰਦੇ ਹਨ। ਉਹਨਾਂ ਅੰਦਰ ਭਗਤੀ ਜਨਮ ਲੈ ਲੈਂਦੀ ਹੈ ਤੇ ਸਰਕਾਰ ਵੋਟਾਂ ਲੈ ਲੈਂਦੀ ਹੈ। ਜੰਗ ਦਾ ਮੀਡੀਆ ਤੇ ਸੱਭਿਆਚਾਰ ਉੱਤੇ ਅਸਰ ਵੀ ਦੇਖਣ ਨੂੰ ਮਿਲਦਾ ਹੈ। ਮੀਡੀਆ ਥੋੜ੍ਹੇ ਚਿਰ ਵਿਚ ਇਸ ਨੇ ਕਾਫੀ ਪੈਰ ਪਸਾਰੇ ਹਨ। ਮੀਡੀਆ ਵੀ ਅਕਸਰ ਜੰਗਾਂ ਨੂੰ ਹੀਰੋ ਤੇ ਵਿੱਲਨ ਦੀ ਕਹਾਣੀ ਵਾਂਗ ਪੇਸ਼ ਕਰਦਾ ਹੈ। ਫਿਲਮਾਂ, ਗੀਤਾਂ, ਕਹਾਣੀਆਂ ਵਿੱਚ ਜੰਗ ਨੂੰ ਰੋਮਾਂਚਕ ਅਤੇ ਮਹਾਨ ਬਣਾਇਆ ਜਾਂਦਾ ਹੈ ਜਿਵੇਂ ਕਿ ਅੱਜਕਲ੍ਹ ਅਖੌਤੀ ਮੀਡੀਏ ਦਾ ਹਾਲ ਹੈ। ਸਟੂਡੀਓ ਵਿੱਚ ਬਹਿ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਰਹਿੰਦੇ ਹਨ, ਪਰ ਇਹ ਸੱਚਾਈ ਤੋਂ ਬਿਲਕੁਲ ਉਲਟ ਹੁੰਦਾ ਹੈ। ਸੱਚੀ ਜੰਗ ਵਿੱਚ ਨਾ ਗੀਤ ਹੁੰਦੇ ਹਨ, ਨਾ ਹੀਰੋ- ਸਿਰ.ਫ ਮਰਨ ਵਾਲੇ ਤੇ ਉਜੜਨ ਵਾਲੇ ਲੋਕ ਹੁੰਦੇ ਹਨ। ਇਹ ਅੱਧੀ ਲੜਾਈ ਸਟੂਡੀਓ ਵਿੱਚ ਹੀ ਕਰਵਾ ਦਿੰਦੇ ਹਨ।

ਅਮਨ ਅਤੇ ਸੰਵਾਦ ਇਕ ਵਿਕਲਪ ਦੇ ਤੌਰ 'ਤੇ ਦੇਖੀਏ ਤਾਂ ਜਦ ਤੱਕ ਅਸੀਂ ਜੰਗ ਨੂੰ ਹੀ ਹੱਲ ਸਮਝਦੇ ਰਹਾਂਗੇ, ਤਦ ਤੱਕ ਇਨਸਾਨੀ ਤਬਾਹੀ ਰੁਕਣੀ ਨਹੀਂ। ਅਸਲ ਹੱਲ ਸੰਵਾਦ, ਰਚਨਾਤਮਕ ਰਾਜਨੀਤੀ ਅਤੇ ਇਨਸਾਨੀ ਅਹਿਸਾਸ ਵਿੱਚ ਵੱਸਦਾ ਹੈ। ਜਿਵੇਂ ਨੇਲਸਨ ਮੰਡੇਲਾ, ਮਹਾਤਮਾ ਗਾਂਧੀ ਜਾਂ ਮਾਰਟਿਨ ਲੂਥਰ ਕਿੰਗ ਨੇ ਸਿਖਾਇਆ ਤਾਕਤ ਹਿੰਸਾ ਵਿੱਚ ਨਹੀਂ, ਸਗੋਂ ਮਾਫੀ ਅਤੇ ਸਮਝਦਾਰੀ ਵਿੱਚ ਹੈ।ਜੇਕਰ ਅਸੀਂ ਨਤੀਜੇ ਫਰੋਲੀਏ ਤਾਂ ਇਤਿਹਾਸ, ਵਰਤਮਾਨ ਅਤੇ ਭਵਿੱਖ ਸਾਨੂੰ ਇਹ ਸਿਖਾਉਂਦੇ ਹਨ ਕਿ ਜੰਗਾਂ ਕਦੇ ਵੀ ਆਮ ਗੱਲ ਨਹੀਂ ਹੁੰਦੀਆਂ। ਜੇ ਅਸੀਂ ਚਾਹੁੰਦੇ ਹਾਂ ਕਿ ਭਵਿੱਖ ਦੀਆਂ ਪੀੜ੍ਹੀਆਂ ਜ਼ਿੰਦਗੀ, ਇਨਸਾ.ਫ ਅਤੇ ਆਜ਼ਾਦੀ ਦੇ ਅਰਥ ਸਮਝ ਸਕਣ, ਤਾਂ ਅਸੀਂ ਜੰਗ ਨੂੰ ਇਨਸਾਨੀ ਇਤਿਹਾਸ ਵਿੱਚ ਇੱਕ ਅੰਤਿਮ ਵਿਕਲਪ ਮੰਨਣਾ ਪਏਗਾ — ਨਾ ਕਿ ਇੱਕ ਆਮ ਹਾਲਾਤ। ਜਦੋਂ ਅਸੀਂ ਜੰਗ ਨੂੰ ਸਧਾਰਨ ਕਰ ਦਿੰਦੇ ਹਾਂ, ਤਾਂ ਅਸੀਂ ਮਨੁੱਖਤਾ ਦੇ ਉੱਚੇ ਮਿਆਰਾਂ ਨੂੰ ਹੀ ਥੱਲੇ ਕਰ ਦਿੰਦੇ ਹਾਂ।ਸਿਰ.ਫ ਹਥਿਆਰਾਂ ਨੂੰ ਨਹੀਂ, ਸੋਚਾਂ ਨੂੰ ਬਦਲਣਾ ਪਵੇਗਾ। ਸਿਰ.ਫ ਜੰਗ ਨੂੰ ਨਹੀਂ, ਮਨੁੱਖਤਾ ਨੂੰ ਜਿੱਤੋ। ਧਰਮਾਂ ਦੇ ਦਾਇਰੇ ਮੋਕਲੇ ਕਰਨੇ ਪੈਣਗੇ। ਧਰਮ ਸਾਨੂੰ ਇਨਸਾਨੀਅਤ ਨਾਲ ਜੋੜਦਾ ਹੈ ਨਾ ਕਿ ਤੋੜਦਾ। ਧਰਮ ਨੂੰ ਸਾਨੂੰ ਭਾਈਚਾਰਕ ਸਾਂਝ ਲਈ ਵਰਤਣਾ ਚਾਹੀਦਾ ਹੈ ਨਾ ਕਿ ਨ.ਫਰਤ ਲਈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥

ਗੁਰਬਾਣੀ ਵਾਂਗ ਸਭ ਉਸ ਪ੍ਰਮਾਤਮਾ ਦੀ ਕੁਦਰਤ ਦੀ ਔਲਾਦ ਨੇ ਕਿਸੇ ਨਾਲ ਨ.ਫਰਤ ਨਹੀਂ ਕਰਨੀ ਚਾਹੀਦੀ। ਫਿਰ ਹੀ ਦੁਨੀਆਂ ਸ਼ਾਂਤੀ ਨਾਲ ਰਹਿ ਸਕਦੀ ਹੈ। ਸਭ ਪਾਸੇ ਪਿਆਰ ਦਾ ਸੁਨੇਹਾ ਹੀ ਦੇਣਾ ਚਾਹੀਦਾ ਹੈ।




# ਰਾਣਾ ਗੁਰਜੀਤ ਸਿੰਘ ਵੱਲੋਂ ਭਾਰਤੀ ਹਵਾਈ ਫ਼ੌਜ ਦੇ ਅੱਤਵਾਦੀਆਂ ਠਿਕਾਣਿਆਂ 'ਤੇ ਕੀਤੇ ਹਮਲੇ ਦੀ ਸ਼ਲਾਘਾ

ਕਪੂਰਥਲਾ, 7 ਮਈ, (ਚ.ਨ.ਸ.) : ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਅੱਜ ਕਿਹਾ ਕਿ ਭਾਰਤੀ ਸੁਰੱਖਿਆ ਬਲਾਂ ਵੱਲੋਂ 'ਓਪਰੇਸ਼ਨ ਸਿੰਦੂਰ' ਦੇ ਤਹਿਤ ਅੱਤਵਾਦੀਆਂ ਦੇ ਠਿਕਾਣਿਆਂ ਵਿਰੁੱਧ ਕੀਤੀ ਗਈ ਕਾਰਵਾਈ ਬਹੁਤ ਹੀ ਸਰਾਹਣਯੋਗ ਅਤੇ ਪ੍ਰਸ਼ੰਸਾ ਯੋਗ ਹੈ।

ਉਨ੍ਹਾਂ ਨੇ ਦੱਸਿਆ ਕਿ ਮੰਗਲਵਾਰ ਅਤੇ ਬੁੱਧਵਾਰ ਦੀ ਰਾਤ ਭਾਰਤੀ ਹਵਾਈ ਫੌਜ ਨੇ ਅੱਤਵਾਦੀ ਕੈਂਪਾਂ ਨੂੰ ਨਿਸ਼ਾਨਾ ਬਣਾਕੇ ਫੌਜ ਦੀ ਬਹਾਦਰੀ ਅਤੇ ਪੇਸ਼ਾਵਰਤਾ ਦਾ ਪ੍ਰਦਰਸ਼ਨ ਕੀਤਾ।

ਰਾਣਾ ਗੁਰਜੀਤ ਸਿੰਘ ਨੇ ਆਪਣੇ ਸੁਨੇਹੇ ਵਿੱਚ ਕਿਹਾ, 'ਮੈਂ ਆਪਣੇ ਸੁਰੱਖਿਆ ਬਲਾਂ ਦੀ ਬੇਮਿਸਾਲ ਬਹਾਦਰੀ ਅਤੇ ਅਟੁੱਟ ਪੇਸ਼ਾਵਰਤਾ ਦੀ ਦਿਲੋਂ ਪ੍ਰਸ਼ੰਸਾ ਕਰਦਾ ਹਾਂ, ਜਿਨ੍ਹਾਂ ਨੇ ਅੱਤਵਾਦੀ ਠਿਕਾਣਿਆਂ ਵਿਰੁੱਧ ਫੈਸਲਾਕੁੰਨ ਕਾਰਵਾਈ ਕੀਤੀ। ਇਸ ਨਾਜ਼ੁਕ ਵੇਲੇ ਵਿੱਚ, ਦੇਸ਼ ਦੀ ਏਕਤਾ ਅਤੇ ਸੁਰੱਖਿਆ ਦੀ ਰੱਖਿਆ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।'

ਪੰਜਾਬ ਵਿਧਾਨ ਸਭਾ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਅੱਤਵਾਦੀ ਠਿਕਾਣਿਆਂ ਨੂੰ ਤਬਾਹ



ਕਰਕੇ ਹਵਾਈ ਫੌਜ ਨੇ ਉਨ੍ਹਾਂ ਅੱਤਵਾਦੀਆਂ ਅਤੇ ਉਨ੍ਹਾਂ ਦੇ ਪਿੱਛੇ ਖੜ੍ਹੇ ਲੋਕਾਂ ਨੂੰ ਢੁੱਕਵਾਂ ਜਵਾਬ ਦਿੱਤਾ ਹੈ, ਜੋ ਭਾਰਤ ਅਤੇ ਪਾਕਿਸਤਾਨ ਸਮੇਤ ਪੂਰੇ ਉਪ-ਮਹਾਂਦੀਪ ਵਿੱਚ ਨਫ਼ਰਤ ਅਤੇ ਅਸੰਤੋਖ ਫੈਲਾ ਰਹੇ ਹਨ।

ਉਨ੍ਹਾਂ ਨੇ ਕਿਹਾ, 'ਇਹ ਉਹਨਾਂ ਬੇਗੁਨਾਹ ਲੋਕਾਂ ਦੀ ਹੱਤਿਆ ਦਾ ਢੁੱਕਵਾਂ ਜਵਾਬ ਹੈ, ਜੋ ਆਪਣੇ ਪਰਿਵਾਰਾਂ ਸਮੇਤ ਪਹਿਲਗਾਮ ਗਏ ਸਨ ਅਤੇ ਕੁੱਝ ਅੱਤਵਾਦੀਆਂ ਦੀ ਘਿਨੌਣੀ ਸੋਚ ਕਰਕੇ ਆਪਣੀ ਜਾਨਾਂ ਗੁਆ ਬੈਠੇ।

ਕਪੂਰਥਲਾ ਵਿਧਾਇਕ ਨੇ ਕਿਹਾ ਕਿ ਪਹਿਲਗਾਮ ਹਮਲੇ ਦੇ ਜ਼ਿੰਮੇਵਾਰਾਂ ਅਤੇ ਯੋਜਕਾਂ ਨੂੰ ਇਨਸਾਫ਼ ਦੇ ਕਟਿਹਰੇ ਵਿੱਚ ਲਿਆਉਣਾ ਲਾਜ਼ਮੀ ਸੀ। ਉਨ੍ਹਾਂ ਨੇ ਪੀ.ਆਈ.ਬੀ. ਦੇ ਮੀਡੀਆ ਰਿਲੀਜ਼ ਨੂੰ ਹਵਾਲਾ ਦਿੰਦਿਆਂ ਕਿਹਾ ਕਿ ਭਾਰਤੀ ਸੁਰੱਖਿਆ ਬਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਅਧੀਨ ਕਸ਼ਮੀਰ ਦੇ ਅੰਦਰ ਨੌਂ ਥਾਵਾਂ 'ਤੇ ਹਮਲੇ ਕੀਤੇ ਹਨ ਅਤੇ ਇਸ ਕਾਰਵਾਈ ਲਈ ਪੂਰਾ ਦੇਸ਼ ਭਾਰਤ ਸਰਕਾਰ ਦੇ ਨਾਲ ਚਟਾਨ ਵਾਂਗ ਖੜ੍ਹਾ ਹੈ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਭਾਰਤ ਦੇ ਬੇਗੁਨਾਹ ਲੋਕਾਂ ਦੀ ਅੱਤਵਾਦੀਆਂ ਵੱਲੋਂ ਕੀਤੀ ਜਾ ਰਹੀ ਹੱਤਿਆ ਕਦੇ ਵੀ ਕਬੂਲਯੋਗ ਨਹੀਂ, ਇਹ ਤੁਰੰਤ ਰੁਕਣੀ ਚਾਹੀਦੀ ਹੈ, ਤਾਂ ਕਿ ਹਰ ਭਾਰਤੀ ਨਾਗਰਿਕ ਜੰਮੂ-ਕਸ਼ਮੀਰ ਵਿੱਚ ਖੁੱਲ੍ਹੇ ਦਿਲ ਨਾਲ ਆ-ਜਾ ਸਕੇ, ਕਿਉਂਕਿ ਇਹ ਭਾਰਤ ਦਾ ਅਟੁੱਟ ਹਿੱਸਾ ਹੈ। ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਸਰਹੱਦਾਂ 'ਤੇ ਅਮਨ ਹੋਣ ਨਾਲ ਪੰਜਾਬ ਵਿੱਚ ਵੀ ਅਮਨ ਆਵੇਗਾ, ਜੋ ਪਾਕਿਸਤਾਨ ਨਾਲ ਲੰਮੀ ਸਰਹੱਦ ਸਾਂਝੀ ਕਰਦਾ ਹੈ।

ਉਨ੍ਹਾਂ ਨੇ ਕਿਹਾ, 'ਅਮਨ ਹੋਣ 'ਤੇ ਸਰਹੱਦ ਵਪਾਰ ਅਤੇ ਕਾਰੋਬਾਰ ਲਈ ਖੁੱਲ੍ਹ ਜਾਵੇ, ਤਾਂ ਪੰਜਾਬ ਤੋਂ ਤਾਜ਼ਾ ਸਬਜ਼ੀਆਂ ਆਦਿ ਪਾਕਿਸਤਾਨ ਨਿਰਯਾਤ ਹੋ ਸਕਣ ਅਤੇ ਹੋਰ ਸਮਾਨ ਵਾਪਸ ਆ ਸਕੇ।

# ਐਡਵੋਕੇਟ ਧਾਮੀ ਨੇ ਪੁੰਛ 'ਚ ਗੁਰਦੁਆਰੇ 'ਤੇ ਹਮਲੇ ਨੂੰ ਦੁਖਦਾਈ ਕਰਾਰ ਦਿੱਤਾ

ਅੰਮ੍ਰਿਤਸਰ, 7 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਪਾਕਿਸਤਾਨ ਸਰਹੱਦ 'ਤੇ ਪੈਦਾ ਹੋਏ ਤਨਾਅ ਤੋਂ ਬਾਅਦ ਕਸ਼ਮੀਰ ਦੇ ਪੁੰਛ ਇਲਾਕੇ ਵਿਚ ਗੁਰਦੁਆਰਾ ਸਾਹਿਬ 'ਤੇ ਕੀਤੇ ਗਏ ਹਮਲੇ ਨੂੰ ਦੁਖਦਾਈ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਸ਼ਮੀਰ ਅੰਦਰ ਹਮਲੇ ਦੌਰਾਨ ਮਾਰੇ ਗਏ ਚਾਰ ਸਿੱਖਾਂ ਪ੍ਰਤੀ ਵੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਸ ਪੀੜਾਮਈ ਘਟਨਾ ਨੇ ਸਿੱਖ ਜਗਤ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ। ਐਡਵੋਕੇਟ ਧਾਮੀ ਨੇ ਹਮਲੇ ਦੌਰਾਨ ਚਲਾਣਾ ਕਰ ਗਏ ਸਿੱਖਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿੱਛੜੀਆਂ



ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਣ। ਉਨ੍ਹਾਂ ਕਿਹਾ ਕਿ ਇਸ ਦੁਖਦਾਈ ਸਮੇਂ 'ਚ ਸ਼੍ਰੋਮਣੀ ਕਮੇਟੀ ਪੀੜ੍ਹਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

# ਜੰਗ ਰੋਕਣ ਲਈ ਗਿਆਨੀ ਮਲਕੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਅਰਦਾਸ

ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖਤ ਸਾਹਿਬ ਦੇ ਹੈੱਡ ਗ੍ਰੰਥੀ , ਗਿਆਨੀ ਮਲਕੀਤ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਾਕਿਸਤਾਨ ਵੱਲੋਂ ਕੀਤੇ ਗਏ ਜਵਾਬੀ ਹਮਲੇ ਵਿੱਚ ਗੁਰਦੁਆਰਾ ਸਿੰਘ ਸਭਾ ਪੁੰਛ ਦੇ ਸ਼ਹੀਦਾਂ ਲਈ ਅਤੇ ਜੰਗ ਰੋਕਣ ਲਈ ਅਰਦਾਸ ਕੀਤੀ।

ਪ੍ਰੈੱਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਕਿ ਉਹ ਮਾਸੂਮ ਨਾਗਰਿਕਾਂ ਦੀਆਂ ਜਾਨਾਂ ਲੈਣ ਦੀ ਬਜਾਏ ਗੱਲਬਾਤ ਨਾਲ ਮਾਮਲਾ ਹੱਲ ਕਰਨ। ਉਨ੍ਹਾਂ ਕਿਹਾ ਕਿ 1947 ਤੋਂ ਪੰਜਾਬ ਜਦੋਂ ਵੀ ਪਾਕਿਸਤਾਨ ਨਾਲ ਜੰਗ ਦੀਆਂ ਭਾਵਨਾਵਾਂ ਪੈਦਾ ਕਰਦਾ



ਹੈ ਤਾਂ ਦੁਖੀ ਹੈ। ਉਨ੍ਹਾਂ ਕਿਹਾ ਕਿ ਉਹ ਜੰਗ ਚਾਹੁੰਦੇ ਹਨ ਤਾਂ ਗੁਜਰਾਤ ਅਤੇ ਰਾਜਸਥਾਨ ਦਾ ਇਲਾਕਾ ਚੁਣੋ। ਜਦੋਂ ਵੀ ਜੰਗ ਵਰਗੀ ਸਥਿਤੀ ਪੈਦਾ ਹੁੰਦੀ ਹੈ, ਸਿੱਖਾਂ ਦੀ ਪ੍ਰਸ਼ੰਸਾ ਕਰਨੀ ਸ਼ੁਰੂ ਕਰ ਦਿੱਤੀ।ਉਨ੍ਹਾਂ ਪਾਕਿਸਤਾਨ ਵੱਲੋਂ ਕੀਤੇ ਗਏ ਜਵਾਬੀ ਹਮਲੇ ਵਿੱਚ ਗੁਰਦੁਆਰਾ ਸਿੰਘ ਸਭਾ ਪੁੰਛ ਵਿੱਚ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਪ੍ਰਗਟ ਕੀਤੀ।

# ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ 10 ਮਈ ਤੱਕ ਬੰਦ ਰੱਖਣ ਦੇ ਹੁਕਮ



ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਭਾਰਤ ਸਰਕਾਰ ਵੱਲੋਂ ਅੱਤਵਾਦ ਦੇ ਖਿਲਾਫ ਛੇੜੇ ਗਏ ਫੈਸਲਾਕੁੰਨ ਯੁੱਧ 'ਚ ਪੈਦਾ ਹੋਈਆਂ ਸੁਰੱਖਿਆ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਅੰਮ੍ਰਿਤਸਰ ਸਥਿਤ ਅੰਤਰਰਾਸ਼ਟਰੀ ਸ਼੍ਰੀ ਗੁਰੂ ਰਾਮਦਾਸ ਹਵਾਈ ਅੱਡਾ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ, ਹਵਾਈ ਅੱਡੇ ਨੂੰ 10 ਮਈ ਤੱਕ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਹਨ।ਗੌਰਤਲਬ ਹੈ ਕਿ ਭਾਰਤ ਸਰਕਾਰ ਨੇ ਅੱਤਵਾਦੀ ਠਿਕਾਣਿਆਂ ਖਿਲਾਫ 'ਆਪਰੇਸ਼ਨ ਸਿੰਦੂਰ' ਚਲਾਇਆ ਹੋਇਆ ਹੈ। ਇਸ ਦੇ ਤਹਿਤ ਮੰਗਲਵਾਰ-ਬੁੱਧਵਾਰ ਦੀ ਰਾਤ ਵਿਚਾਲੇ ਪਾਕਿਸਤਾਨ ਅਤੇ ਪਾਕਿਸਤਾਨ-ਅਧਿਕ੍ਰਿਤ ਕਸ਼ਮੀਰ (ਪੀਓਕੇ) ਵਿੱਚ ਕਈ ਅੱਤਵਾਦੀ ਠਿਕਾਣਿਆਂ 'ਤੇ ਹਵਾਈ ਹਮਲੇ ਕੀਤੇ ਗਏ। ਇਨ੍ਹਾਂ ਹਮਲਿਆਂ ਤੋਂ ਬਾਅਦ ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ22 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ

ਅੰਮ੍ਰਿਤਸਰ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਅੱਜ ਲਗਭਗ ਸਾਰਾ ਕੁਝ ਬੰਦ ਰਿਹਾ ਅਤੇ 22 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਯਾਤਰੀਆਂ ਨੂੰ ਇਹ ਜਾਣਕਾਰੀ ਮੈਸੇਜ 'ਤੇ ਕਾਲ ਰਾਹੀਂ ਦਿੱਤੀ ਜਾ ਰਹੀ ਹੈ। ਅਗਲੀ ਸੂਚਨਾ ਤੱਕ ਸਾਰੀਆਂ ਉਡਾਣਾਂ ਰੱਦ ਰਹਿਣਗੀਆਂ। ਲੋਕਾਂ ਨੂੰ ਚੌਕਸ ਰਹਿਣ ਅਤੇ ਸਹਿਯੋਗ ਕਰਨ ਦੀ ਅਪੀਲ ਕੀਤੀ ਗਈ ਹੈ।ਉੱਥੇ ਇੰਡੀਗੋ ਸਮੇਤ ਹੋਰ ਏਅਰਲਾਈਨਾਂ ਨੇ ਐਡਵਾਇਜ਼ਰੀ ਜਾਰੀ ਕਰਦਿਆਂ ਕਿਹਾ ਹੈ ਕਿ ਸਾਰੇ ਯਾਤਰੀ ਏਅਰਪੋਰਟ ਵੱਲ ਰਵਾਨਾ ਹੋਣ ਤੋਂ ਪਹਿਲਾਂ ਆਪਣੀ ਉਡਾਣ ਦੀ ਸਥਿਤੀ ਬਾਰੇ ਏਅਰਲਾਈਨ ਨਾਲ ਸੰਪਰਕ ਕਰਕੇ ਪੁਸ਼ਟੀ ਕਰ ਲੈਣ। ਦੱਸਣਯੋਗ ਹੈ ਕਿ ਭਾਰਤ ਨੇ ਮੁਜ਼ੱਫਰਾਬਾਦ, ਕੋਟਲੀ ਅਤੇ ਬਹਾਵਲਪੁਰ 'ਚ ਅੱਤਵਾਦੀ ਠਿਕਾਣਿਆਂ 'ਤੇ ਵੱਡਾ ਮਿਸਾਈਲ ਹਮਲਾ ਕੀਤਾ ਹੈ। ਇਨ੍ਹਾਂ ਹਮਲਿਆਂ 'ਚ ਵੱਡੀ ਗਿਣਤੀ 'ਚ ਅੱਤਵਾਦੀਆਂ ਦੇ ਮਾਰੇ ਜਾਣ ਦੀਆਂ ਖਬਰਾਂ ਹਨ। ਹਾਲਾਂਕਿ ਹਾਲੇ ਤਕ ਇਹ ਨਹੀਂ ਦੱਸਿਆ ਗਿਆ ਕਿ ਕਿੰਨੇ ਅੱਤਵਾਦੀ ਢੇਰ ਹੋਏ ਹਨ। ਯਾਦ ਰਹੇ ਕਿ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਜ਼ਿੰਮੇਵਾਰੀ 'ਦ ਰੇਜ਼ਿਸਟੈਂਸ ਫਰੰਟ' ਨੇ ਲਈ ਸੀ, ਜਿਸ 'ਚ 26 ਨਿਰਦੋਸ਼ ਲੋਕਾਂ ਦੀ ਜਾਨ ਚਲੀ ਗਈ ਸੀ।

# ਡੀ.ਸੀ. ਨੇ ਫ਼ੌਜ ਸਮੇਤ ਜ਼ਰੂਰੀ ਸੇਵਾਵਾਂ ਵਾਲੇ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਜਲੰਧਰ, 7 ਮਈ, (ਸੰਦੀਪ ਕੌਲ) : ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਵਲੋਂ ਅੱਜ ਇਕ ਉੱਚ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਜ਼ਰੂਰੀ ਸੇਵਾਵਾਂ ਮੁਹੱਈਆ ਕਰਵਾਉਣ ਵਾਲੇ ਵਿਭਾਗ, ਐਨ.ਡੀ.ਆਰ.ਐਫ.ਅਤੇ ਐਸ.ਡੀ.ਆਰ. ਐਫ. ਤੋਂ ਇਲਾਵਾ ਫੌਜ, ਬੀ.ਐਸ.ਐਫ., ਰੇਲਵੇ, ਏਅਰ ਫੋਰਸ ਅਤੇ ਆਈ.ਟੀ.ਬੀ. ਪੀ. ਦੇ ਉਚ ਅਧਿਕਾਰੀਆਂ ਵੱਲੋਂ ਹਿੱਸਾ ਲਿਆ ਗਿਆ।

ਇਸ ਮੌਕੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ, ਬ੍ਰਿਗੇਡੀਅਰ ਸੁਨੀਲ ਕੁਮਾਰ, ਕਰਨਲ ਅਜੈ ਪਾਲ ਸਿੰਘ, ਸਟੇਸ਼ਨ ਐਡਜੂਟੈਂਟ ਏਅਰ ਫੋਰਸ ਸਟੇਸ਼ਨ ਆਦਮਪੁਰ ਮਨੋਜ ਕਾਲੀਆ, ਐਸ.ਐਸ.ਪੀ. ਹਰਵਿੰਦਰ ਸਿੰਘ ਵਿਰਕ, ਜੁਆਇੰਟ ਪੁਲਿਸ ਕਮਿਸ਼ਨਰ ਸੰਦੀਪ ਸ਼ਰਮਾ, ਕਮਿਸ਼ਨਰ ਜਲੰਧਰ ਨਗਰ ਨਿਗਮ ਗੌਤਮ ਜੈਨ, ਵਧੀਕ ਡਿਪਟੀ ਕਮਿਸ਼ਨਰ ਜਸਵੀਰ ਸਿੰਘ ਅਤੇ ਬੁੱਧੀ ਰਾਜ ਸਿੰਘ ਸ਼ਾਮਲ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਬਲੈਕ ਆਊਟ ਮੌਕ ਡਰਿੱਲ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਸ ਸਬੰਧੀ ਜਾਗਰੂਕਤਾ ਵੀ ਫੈਲਾਈ ਜਾਵੇ, ਤਾਂ ਜੋ ਲੋਕ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਵਿੱਚ ਨਾ ਆਉਣ। ਉਨ੍ਹਾਂ ਕਿਹਾ ਕਿ ਰਾਤ 8 ਤੋਂ 9 ਵਜੇ ਬਲੈਕ ਆਊਟ ਮੌਕ ਡਰਿੱਲ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ ਅਤੇ ਇਸ ਸਮੇਂ ਦੌਰਾਨ ਹੰਗਾਮੀ ਹਾਲਾਤ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਅਤੇ ਹੋਰ ਜ਼ਰੂਰੀ ਗਤੀਵਿਧੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਮੌਕ ਡਰਿੱਲ ਦੌਰਾਨ ਹਵਾਈ ਰੇਡ ਸਾਇਰਨ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਨਿਸ਼ਚਿਤ ਸਮੇਂ ਅਨੁਸਾਰ ਇਹ ਅਭਿਆਸ ਕੀਤਾ ਜਾਵੇ ਅਤੇ ਜਨਤਾ ਵਲੋਂ ਇਸ ਵਿੱਚ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਬਲੈਕ ਆਊਟ ਡਰਿਲ ਦੌਰਾਨ ਘਰਾਂ ਦੀਆਂ ਲਾਈਟਾਂ ਬੰਦ ਰੱਖੀਆਂ ਜਾਣ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਇਕ ਅਭਿਆਸ ਹੈ, ਇਸ ਲਈ ਘਬਰਾਉਣ ਦੀ ਲੋੜ ਨਹੀ ਹੈ। ਉਨ੍ਹਾਂ ਕਿਹਾ ਕਿ ਹੰਗਾਮੀ ਹਾਲਾਤ ਦੌਰਾਨ ਅਹਿਤਿਆਤ ਵਰਤਣ ਲਈ ਅਕਸਰ ਹੀ ਮੌਕ ਡਰਿੱਲ ਕਰਵਾਈ ਜਾਂਦੀ ਹੈ ਅਤੇ ਇਹ ਇਕ ਰੁਟੀਨ ਦੀ ਪ੍ਰਕਿਰਿਆ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਇਸ ਸਮੇਂ ਦੌਰਾਨ ਕੋਈ ਵੀ ਅਧਿਕਾਰੀ ਛੁੱਟੀ ਨਹੀਂ ਕਰੇਗਾ ਅਤੇ ਨਾ ਹੀ ਛੁੱਟੀ ਅਪਲਾਈ ਕੀਤੀ ਜਾਵੇ।

ਡਾ.ਅਗਰਵਾਲ ਨੇ ਪਿੰਡ ਅਤੇ ਵਾਰਡ ਸੁਰੱਖਿਆ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਸੁਚੇਤ ਰਹਿ ਕੇ ਆਪਣੇ ਪਿੰਡ ਅਤੇ ਵਾਰਡ ਵਾਸੀਆਂ ਨੂੰ ਵੀ ਜਾਗਰੂਕ ਕਰਨ। ਇਸ ਤੋਂ ਇਲਾਵਾ ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਸ਼ੱਕੀ ਵਿਅਕਤੀ ਧਿਆਨ ਵਿੱਚ ਆਉਂਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਨੇੜਲੇ ਥਾਣੇ ਵਿੱਚ ਦਿੱਤੀ ਜਾਵੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਫਵਾਹਾਂ ਤੋਂ ਬੱਚਣ ਦੀ ਅਪੀਲ ਕਰਦਿਆਂ ਕਿਹਾ ਕਿ ਅਫ਼ਵਾਹ ਫੈਲਾਉਣ ਵਾਲੇ ਵਿਅਕਤੀ ਖਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਵੀ ਕੀਤੀ ਜਾਵੇਗੀ।

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਕਮਿਸ਼ਨਰੇਟ ਪੁਲਿਸ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਸ਼ੱਕੀ ਵਿਅਕਤੀ ਦੀ ਸੂਚਨਾ ਤੁਰੰਤ ਆਪਣੇ ਨੇੜਲੇ ਪੁਲਿਸ ਥਾਣੇ ਵਿੱਚ ਦੇਣੀ ਯਕੀਨੀ ਬਣਾਈ ਜਾਵੇ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਜਲੰਧਰ ਵਾਸੀਆਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ, ਪਰ ਮੌਕ ਡਰਿੱਲ ਦੌਰਾਨ ਸਾਵਧਾਨੀਆਂ ਵਰਤਣੀਆਂ ਵੀ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਲਈ ਨੇੜਲੇ ਪੁਲਿਸ ਥਾਣੇ ਅਤੇ ਪੁਲਿਸ ਕੰਟਰੋਲ ਰੂਮ ਨੰਬਰ 112 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਮਕਾਨ ਕਿਰਾਏ 'ਤੇ ਦੇਣ ਵਾਲੇ ਮਕਾਨ ਮਾਲਕਾਂ ਨੂੰ ਵੀ ਕਿਰਾਏਦਾਰਾਂ ਦੀ ਸੂਚਨਾ ਸਬੰਧਤ ਥਾਣੇ ਵਿੱਚ ਦੇਣ ਲਈ ਕਿਹਾ।

# ਧਾਲੀਵਾਲ ਨੇ ਅਗਨੀਕਾਂਡ ਪੀੜਤ 5 ਗੁੱਜਰ ਪਰਿਵਾਰਾਂ ਨੂੰ 5 ਲੱਖ ਰੁਪਏ ਦੀ ਰਾਸ਼ੀ ਦਿੱਤੀ



ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ):ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਹਲਕਾ ਰਾਜਾਸਾਂਸੀ ਦੇ ਪਿੰਡ ਅਦਲੀਵਾਲ/ ਮੁਗਲਾਨੀਕੋਟ ਵਿਖੇ ਉਨ੍ਹਾਂ 5 ਗੁੱਜਰ ਪੀੜਤ ਪਰਿਵਾਰਾਂ ਨੂੰ ਰੈੱਡ ਕਰਾਸ ਫੰਡ 'ਚੋਂ 5 ਲੱਖ ਰੁਪਏ ਰਾਸ਼ੀ ਦੇ ਚੈੱਕ ਭੇਂਟ ਕੀਤੇ ਗਏ, ਜਿਨ੍ਹਾਂ ਦੇ ਪਸ਼ੂ ਅਤੇ ਡੇਰੇ ਬੀਤੇ ਦਿਨੀਂ ਅੱਗ ਲੱਗਣ ਕਾਰਨ ਸੜ ਕੇ ਸੁਆਹ ਹੋ ਗਏ ਸਨ।ਉਨ੍ਹਾਂ ਨੇ ਪੀੜਤ 5 ਗੁੱਜਰ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 1-1 ਲੱਖ ਰੁਪਏ ਦੇ ਹਮਦਰਦੀ ਨਾਲ ਚੈੱਕ ਭੇਂਟ ਕਰਦਿਆਂ ਇਹ ਭਰੋਸਾ ਵੀ ਦਿੱਤਾ ਕਿ ਉਹ ਨਿੱਜੀ ਤੌਰ 'ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕੋਲ ਇਨ੍ਹਾਂ ਪੀੜਤਾਂ ਦਾ ਮਾਮਲਾ ਉਠਾ ਕੇ ਮੁੱਖ ਮੰਤਰੀ ਰਾਹਤ ਫੰਡ 'ਚੋਂ ਯੋਗ ਵਿੱਤੀ ਸਹਾਇਤਾ ਵੀ ਦਿਵਾਉਣਗੇ। ਉਨ੍ਹਾਂ ਨੇ ਕਿਹਾ ਕਿ ਗੁੱਜਰ ਭਾਈਚਾਰਾ ਵੀ ਪੰਜਾਬ ਦੇ ਹੋਰਨਾਂ ਭਾਈਚਾਰਿਆਂ ਵਾਂਗ ਅਮਨ ਪਸੰਦ ਭਾਈਚਾਰਾ ਹੈ ਅਤੇ ਇਨ੍ਹਾਂ ਦੇ ਜਾਨ ਮਾਲ ਦੀ ਸੁਰੱਖਿਆ ਨੂੰ ਪੰਜਾਬ ਸਰਕਾਰ ਹੋਰਨਾਂ ਵਰਗਾਂ ਦੇ ਬਰਾਬਰ ਹੀ ਸੁਰੱਖਿਆ ਦੇਣ ਲਈ ਵਚਣਬੱਧ ਹੈ। ਮੰਤਰੀ ਧਾਲੀਵਾਲ ਨੇ ਕਿਹਾ ਕਿ ਗੁੱਜਰ ਭਾਈਚਾਰੇ ਦੀ ਪੰਜਾਬ ਦੇ ਦੁੱਧ ਉਤਪਾਦਨ 'ਚ ਪੰਜਾਬ ਦੇ ਕਿਸਾਨਾਂ/ ਦੁੱਧ ਉਤਪਾਦਕਾਂ ਵਾਂਗ ਹੀ ਪ੍ਰਸੰਸਾਯੋਗ ਹੈ।

# ਮੋਹਿੰਦਰ ਭਗਤ ਵੱਲੋਂ 8 ਬਲਾਕ ਪ੍ਰਧਾਨ ਨਿਯੁਕਤ

ਜਲੰਧਰ, 7 ਮਈ, (ਸੰਦੀਪ ਕੌਲ) : ਆਮ ਆਦਮੀ ਪਾਰਟੀ ਜਲੰਧਰ ਵੈਸਟ ਦੇ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ 8 ਬਲਾਕ ਪ੍ਰਧਾਨਾਂ ਦੀ ਨਿਯੁਕਤੀ ਕੀਤੀ।

ਸ੍ਰੀ ਮੋਹਿੰਦਰ ਭਗਤ ਨੇ ਕਿਹਾ ਕਿ ਲੋਕਾਂ ਨਾਲ ਉਚਿਤ ਤਾਲਮੇਲ ਬਣਾਉਣ ਦੀ ਪ੍ਰਕਿਰਿਆ ਵੀ ਪਾਰਟੀ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਕਿਸੇ ਵੀ ਕੰਮ ਲਈ ਵਿਧਾਇਕ ਦੇ ਦਫਤਰ ਆਉਣ ਦੀ ਲੋੜ ਨਹੀਂ ਪਵੇਗੀ ਅਤੇ ਲੋਕਾਂ ਦੇ ਕੰਮ ਬਿਨਾਂ ਦੇਰੀ ਦੇ ਹੋਣਗੇ। ਇਸ ਨਾਲ ਆਮ ਆਦਮੀ ਪਾਰਟੀ ਦੀ ਛਵੀ ਲੋਕਾਂ ਵਿੱਚ ਚੰਗੀ ਬਣੇਗੀ ਅਤੇ ਲੋਕਾਂ ਨੂੰ ਕੋਈ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਮਿਲੇਗਾ।

ਉਨ੍ਹਾਂ ਨੇ ਕਿਹਾ ਕਿ ਇਹ ਸਭ ਕੁਝ ਸਾਡੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਧੀਆ ਪ੍ਰਸ਼ਾਸਨਿਕ ਕਾਰਜਕੁਸ਼ਲਤਾ ਦਾ ਨਤੀਜਾ ਹੈ ਕਿ ਅੱਜ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚ ਕੰਮ ਕਰਵਾਉਣ ਲਈ ਪਰੇਸ਼ਾਨੀ ਨਹੀਂ ਝੱਲਣੀ ਪੈਂਦੀ।

ਉਨ੍ਹਾਂ ਨੇ ਆਸ ਜਤਾਈ ਕਿ ਨਿਯੁਕਤ ਕੀਤੇ ਗਏ ਬਲਾਕ ਪ੍ਰਧਾਨ ਪਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੰਮ ਕਰਨਗੇ।

ਇਸ ਮੌਕੇ ਨਵ-ਨਿਯੁਕਤ ਬਲਾਕ ਪ੍ਰਧਾਨ ਗੁਰਨਾਮ ਸਿੰਘ, ਗੌਰਵ ਜੋਸ਼ੀ, ਅਮਿਤ ਸੁਮਨ, ਰਾਕੇਸ਼ ਰਾਣਾ, ਨਵੀਨ ਜੋਸ਼ੀ, ਵਰੁਣ ਸੱਜਣ, ਹਿਮਾਂਸ਼ੂ ਸਭਰਵਾਲ, ਬਲਬੀਰ ਸਿੰਘ ਅਤੇ ਹੋਰ ਪਾਰਟੀ ਵਰਕਰ ਮੌਜੂਦ ਸਨ।

# ਸੰਕਟਕਾਲ ਸਥਿਤੀ ਨੂੰ ਮੁੱਖ ਰੱਖਦੇ ਹੋਏ ਆਤਿਸ਼ਬਾਜ਼ੀ ਉੱਤੇ ਪਾਬੰਦੀ

ਅੰਮ੍ਰਿਤਸਰ, 7 ਮਈ, (ਗੁਰਦਿਆਲ ਸਿੰਘ) : ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸੰਕਟਕਾਲ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਐਕਟ, 1968 ਅਧੀਨ ਮੌਕ ਡਰਿੱਲ ਕੀਤੀਆਂ ਜਾ ਰਹੀਆਂ ਹਨ। ਜਦਕਿ ਇਹ ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਆਏ ਦਿਨ ਵਿਆਹ-ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਦੌਰਾਨ ਆਮ ਪਬਲਿਕ ਵੱਲੋਂ ਆਤਿਸ਼ਬਾਜ਼ੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹੁੰਦੇ ਹਨ, ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਪਟਾਖਿਆਂ ਨਾਲ ਸ਼ੋਰ ਸ਼ਰਾਬੇ ਨਾਲ ਆਮ ਪਬਲਿਕ ਵਿੱਚ ਡਰ ਪੈਦਾ ਹੁੰਦਾ ਹੈ ਜਿਸ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਵਿਗੜਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਦੀ ਹਦੂਦ ਅੰਦਰ ਵਿਆਹ ਸ਼ਾਦੀਆਂ, ਖੁਸ਼ੀ ਦੇ ਉਤਸਵਾਂ ਅਤੇ ਧਾਰਮਿਕ ਉਤਸਵਾਂ ਦੌਰਾਨ ਆਮ ਪਬਲਿਕ ਵੱਲੋਂ ਚਲਾਈ ਜਾਣ ਵਾਲੀ ਆਤਿਸ਼ਬਾਜੀ ਜਿਸ ਵਿੱਚ ਬੰਬ, ਹਵਾਈ ਪਟਾਖੇ ਅਤੇ ਚਾਈਨੀਜ਼ ਕਰੈਕਰ ਸ਼ਾਮਲ ਹਨ 'ਤੇ ਪੂਰਨ ਪਾਬੰਦੀ ਲਗਾਈ ਹੈ।

ਇਹ ਹੁਕਮ ਅਗਲੇ ਹੁਕਮਾਂ ਤੱਕ ਲਾਗੂ ਰਹੇਗਾ।

# ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਭਲਕੇ ਨੂੰ ਲਗਾਈ ਜਾਣ ਵਾਲੀ ਲੋਕ ਅਦਾਲਤ ਮੁਲਤਵੀ

ਅੰਮ੍ਰਿਤਸਰ, 7 ਮਈ, (ਗੁਰਦਿਆਲ ਸਿੰਘ) : ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਮਹਿਲਾਵਾਂ ਦੀਆਂ ਸ਼ਿਕਾਇਤਾਂ ਸਬੰਧੀ 9 ਮਈ ਨੂੰ ਕਾਨਫਰੰਸ ਹਾਲ, ਪੁਲਿਸ ਲਾਈਨ ਕਮਿਸ਼ਨਰੇਟ, ਅੰਮ੍ਰਿਤਸਰ ਵਿਖੇ ਲਗਾਈ ਜਾਣ ਵਾਲੀ ਲੋਕ ਅਦਾਲਤ ਹਾਲ ਦੀ ਘੜੀ ਮੁਲਤਵੀ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਕਮਿਸ਼ਨ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਮੌਜੂਦਾ ਪੈਦਾ ਹੋਏ ਤਨਾਅ ਦੇ ਮੱਦੇ ਨਜ਼ਰ ਇਹ ਫੈਸਲਾ ਲਿਆ ਗਿਆ ਹੈ ਅਤੇ ਇਸਦਾ ਅਗਲਾ ਪ੍ਰੋਗਰਾਮ ਛੇਤੀ ਹੀ ਐਲਾਨਿਆ ਜਾਵੇਗਾ।

# ਅੰਮ੍ਰਿਤਸਰ ਜ਼ਿਲ੍ਹੇ ਦੇ ਸਿੱਖਿਆ ਅਦਾਰਿਆਂ ਵਿੱਚ ਅੱਜ ਰਹੇਗੀ ਛੁੱਟੀ : ਡੀ.ਸੀ.

ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਜ਼ਿਲੇ ਵਿੱਚ ਭਾਰਤ ਪਾਕਿ ਤਣਾਅ ਮਗਰੋਂ ਪੈਦਾ ਹੋਏ ਹਾਲਾਤਾਂ ਬਾਰੇ ਮੀਟਿੰਗ ਕਰਦਿਆਂ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ 8 ਮਈ ਦੀ ਛੁੱਟੀ ਕਰਨ ਦੀ ਹਦਾਇਤ ਕੀਤੀ। ਉਹਨਾਂ ਕਿਹਾ ਕਿ ਇਸ ਤੋਂ ਬਾਅਦ ਫੈਸਲਾ ਸਥਿਤੀ ਨੂੰ ਮੁੜ ਵਿਚਾਰਨ ਮਗਰੋਂ ਲਿਆ ਜਾਵੇਗਾ ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨਾਂ ਨੇ ਇਸ ਤਨਾਅ ਦੌਰਾਨ ਪੈਟਰੋਲ ਪੰਪਾਂ, ਕਰਿਆਨੇ ਦੀਆਂ ਦੁਕਾਨਾਂ ਅਤੇ ਏਟੀਐਮ ਉੱਪਰ ਲੱਗੀਆਂ ਲੋਕਾਂ ਦੀਆਂ ਲਾਈਨਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਜ਼ਿਲੇ ਵਿੱਚ ਜਰੂਰੀ ਵਸਤਾਂ, ਜਿਨ੍ਹਾਂ ਵਿੱਚ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਦੀ ਕੋਈ ਘਾਟ ਨਹੀਂ ਹੈ। ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਜ਼ਾਰੀ ਨੂੰ ਉਤਸ਼ਾਹਿਤ ਨਾ ਕਰਨ। ਉਹਨਾਂ ਜਰੂਰੀ ਵਸਤਾਂ ਦਾ ਭੰਡਾਰ ਕਰਕੇ ਕਾਲਾਬਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ, ਉਸ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਮਲਕੀਤ ਸਿੰਘ ਬਣੇ ਗੁਰਦੁਆਰਾ ਇੰਸਪੈਕਟਰ



ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਇੰਚਾਰਜ ਵੱਜੋਂ ਸੇਵਾ ਕਰ ਰਹੇ ਮਲਕੀਤ ਸਿੰਘ ਜੀਵਨ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁਰਦੁਆਰਾ ਇੰਸਪੈਕਟਰ ਲੱਗਣ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ, ਭਗਵੰਤ ਸਿੰਘ ਧੰਗੇੜਾ ਲਾਲ਼ ਸਿੰਘ ਗੁਰਵਿੰਦਰ ਸਿੰਘ ਜ਼ਸਪਾਲ ਸਿੰਘ ਗੁਰਤਿੰਦਰ ਪਾਲ ਸਿੰਘ ਭਾਟੀਆ ਸ੍ਰੀ ਦਰਬਾਰ ਸਾਹਿਬ ਫਲਾਇੰਗ ਇੰਚਾਰਜ ਗੁਰਪ੍ਰੀਤ ਸਿੰਘ ਰੋਡੇ ਮਨਦੀਪ ਸਿੰਘ ਜੋਰਾਵਾਰ ਸਿੰਘ ਇੰਚਾਰਜ ਅਖੰਡ ਪਾਠ ਨੇ ਸਨਮਾਨਿਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇੰਚਾਰਜ ਮਲਕੀਤ ਸਿੰਘ ਜੀਵਨ ਸਿੰਘ ਨੇ ਕਿਹਾ, ਸ੍ਰੀ ਗੁਰੂ ਰਾਮਦਾਸ ਜੀ ਨੇ ਜੋ ਉਹਨਾਂ 'ਤੇ ਕਿਰਪਾ ਕੀਤੀ ਹੈ ਉਸ ਨੂੰ ਤਨ ਮਨ ਧੰਨ ਸੇਵਾ ਕਰਨਗੇ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਪੁੰਛ 'ਚ ਗੁ: ਸਾਹਿਬ 'ਤੇ ਗੋਲ਼ੀਬਾਰੀ ਅਤੇ ਰਾਗੀ ਸਿੰਘਾਂ ਦੀ ਸ਼ਹੀਦੀ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਨੇ ਪਾਕਿਸਤਾਨ ਵੱਲੋਂ ਜੰਮੂ—ਕਸ਼ਮੀਰ ਦੇ ਪੁੰਛ ਸ਼ਹਿਰ ਵਿੱਚ ਗੁਰਦੁਆਰਾ ਨੰਗਲੀ ਸਾਹਿਬ 'ਤੇ ਕੀਤੀ ਗਈ ਹਮਲਾਵਰ ਗੋਲੀ—ਬਾਰੀ ਅਤੇ ਇਸ ਹਮਲੇ ਵਿੱਚ ਕੀਰਤਨ ਕਰਦੇ ਹੋਏ ਰਾਗੀ ਸਿੰਘਾਂ ਦੇ ਸ਼ਹੀਦ ਹੋਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਜਾਰੀ ਬਿਆਨ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਪਵਿੱਤਰ ਗੁਰਦੁਆਰਾ ਸਾਹਿਬ ਕੋਈ ਇਮਾਰਤਾਂ ਨਹੀਂ ਹਨ, ਸਗੋਂ ਧਾਰਮਿਕਤਾ ਮਨੁੱਖਤਾ ਦੀ ਸੇਵਾ ਅਤੇ ਸ਼ਾਤੀ ਦੇ ਕੇਂਦਰ ਹਨ। ਉਹਨਾਂ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨੁਕਸਾਨ ਅਤੇ ਰਾਗੀ ਸਿੰਘਾਂ ਦੀ



ਕੀਰਤਨ ਕਰਦਿਆਂ ਸ਼ਹੀਦੀ ਨੇ ਸਾਰੀ ਕੌਮ ਨੂੰ ਸਦਮੇ ਵਿਚ ਪਾ ਦਿੱਤਾ ਹੈ, ਜਿਸ ਨਾਲ ਸਿੱਖ ਕੌਮ ਦੀਆਂ ਧਾਰਮਿਕ ਅਤੇ ਆਤਮਿਕ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਸ੍ਰ.ਰਮਨੀਕ ਸਿੰਘ, ਐਡੀ.ਆਨਰੇਰੀ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਨੇ ਰਾਸ਼ਟਰੀ ਅਤੇ ਅੰਤਰ—ਰਾਸ਼ਟਰੀ, ਧਾਰਮਿਕ ਅਧਿਕਾਰ ਸੰਗਠਨਾਂ ਨੂੰ ਇਸ ਮਾਮਲੇ ਵਿਚ ਦਖਲ ਦੇ ਕੇ ਐਲ.ਓ.ਸੀ ਨੇੜਲੇ ਦੇ ਖੇਤਰ ਵਿਚ ਗੁਰਦੁਆਰਾ ਸਾਹਿਬਾਨ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਹਿੱਤ ਵਿਸ਼ੇਸ਼ ਕਦਮ ਚੁੱਕਣ ਦੀ ਅਪੀਲ ਕੀਤੀ ਅਤੇ ਸਮੁੱਚੀ ਵਿਸ਼ਵ ਦੀ ਸਿੱਖ ਕੌਮ ਨੂੰ ਆਪਣੇ ਧਾਰਮਿਕ ਅਸਥਾਨਾਂ ਦੀ ਰੱਖਿਆ ਲਈ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ।

# ਸਿੱਖ ਸੰਸਥਾ ਦਾ ਬਿਨਾਂ ਪੱਖ ਲਏ ਖ਼ਬਰਾਂ ਲਗਾਉਣੀਆਂ ਤਰਕਸੰਗਤ ਨਹੀਂ : ਸਤਵੰਤ ਕੌਰ

ਅੰਮ੍ਰਿਤਸਰ, 7 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਕ ਡਾਇਰੈਕਟਰ ਸਕੂਲਜ਼ ਸਤਵੰਤ ਕੌਰ ਨੇ ਅਖ਼ਬਾਰਾਂ ਵਿਚ ਸਿੱਖ ਸੰਸਥਾ ਦੇ ਸਿੱਖਿਆ ਡਾਇਰੈਕਟੋਰੇਟ ਬਾਰੇ ਛਪੀਆਂ ਖ਼ਬਰਾਂ ਨੂੰ ਤੱਥ ਰਹਿਤ ਕਰਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਵਿੱਦਿਅਕ ਸੰਸਥਾਵਾਂ ਅਤੇ ਡਾਇਰੈਕਟੋਰੇਟ ਨੇ ਹਮੇਸ਼ਾ ਹੀ ਵਿੱਦਿਆ ਦੇ ਪ੍ਰਚਾਰ ਪ੍ਰਸਾਰ ਲਈ ਵੱਡਮੁੱਲੇ ਕਾਰਜ ਕੀਤੇ ਹਨ। ਉਨ੍ਹਾਂ ਜਾਰੀ ਇਕ ਬਿਆਨ ਵਿਚ ਆਖਿਆ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਮਹਾਨ ਅਤੇ ਸ਼ਾਨਾਮੱਤੀ ਸੰਸਥਾ ਹੈ, ਜਿਸ ਦਾ ਇਤਿਹਾਸ ਲਾਸਾਨੀ ਅਤੇ ਕੁਰਬਾਨੀਆਂ ਭਰਪੂਰ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਮੁੱਖ ਕਾਰਜ ਪ੍ਰਬੰਧ ਅਧੀਨ ਆਉਂਦੇ ਗੁਰੂ ਘਰਾਂ ਦਾ ਸੁਚਾਰੂ ਢੰਗ ਨਾਲ ਪ੍ਰਬੰਧ ਚਲਾਉਣਾ ਅਤੇ ਸਿੱਖੀ ਪ੍ਰਚਾਰ ਤੇ ਪ੍ਰਸਾਰ ਹੈ। ਇਸ ਦੇ ਨਾਲ ਹੀ ਸਿੱਖ ਪਨੀਰੀ ਨੂੰ ਸਿੱਖੀ ਰਹੁਰੀਤਾਂ, ਪ੍ਰੰਪਰਾਵਾਂ ਅਤੇ ਗੌਰਵਮਈ ਕੌਮੀ ਵਿਰਸੇ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਨੇ ਵਿੱਦਿਅਕ ਅਦਾਰਿਆਂ ਦੀ



ਲੋੜ ਨੂੰ ਮਹਿਸੂਸ ਕਰਦਿਆਂ 100 ਦੇ ਕਰੀਬ ਵਿੱਦਿਅਕ ਅਦਾਰਿਆਂ (ਸਕੂਲ/ਕਾਲਜ/ਅਕੈਡਮੀ/ਯੂਨੀਵਰਸਿਟੀ) ਨੂੰ ਸੁਚੱਜੇ ਅਤੇ ਨਿਯਮਿਤ ਤਰੀਕੇ ਨਾਲ ਚਲਾਉਣ ਦੀ ਪਹਿਲਕਦਮੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਦੇ ਵਿੱਦਿਅਕ ਅਦਾਰਿਆਂ ਦੇ ਕਾਰਜ ਭਾਰ ਨੂੰ ਵਿਸ਼ੇਸ਼ ਸਮਾਂ ਅਤੇ ਤਵੱਜੋਂ ਦੇਣ ਲਈ 2007 ਵਿੱਚ ਡਾਇਰੈਕਟੋਰੇਟ ਆਫ ਐਜੂਕੇਸ਼ਨ ਦੀ ਸਥਾਪਨਾ ਕੀਤੀ ਗਈ ਸੀ। ਪਿਛਲੇ ਕੁਝ ਸਮੇਂ ਤੋਂ ਜਿੱਥੇ ਪੰਥਕ ਸਫਾਂ ਵਿੱਚ ਕਈ ਉਤਰਾਅ-ਚੜ੍ਹਾਅ ਆਏ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ, ਜਿਸ ਨੂੰ ਗੰਭੀਰਤਾ ਨਾਲ ਲੈਣਾ ਬੇਹੱਦ ਜਰੂਰੀ ਹੈ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੇ ਵਡੇਰੇ ਹਿੱਤਾਂ ਨੂੰ ਅਣਗੌਲਿਆਂ ਕਰਦੇ ਹੋਏ ਮੀਡੀਆ ਰਾਹੀਂ ਕੁਝ ਅਧੂਰੇ ਤੱਥਾਂ ਨੂੰ ਉਭਾਰਨਾ ਅਤੇ ਪ੍ਰਚਾਰਨਾ ਦੁਖਦਾਇਕ ਹੈ। ਉਨ੍ਹਾਂ ਆਖਿਆ ਕਿ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਸੰਸਥਾਂ ਦੇ ਵਿੱਦਿਆਕ ਅਦਾਰਿਆਂ ਨੂੰ ਸਮੇਂ-ਸਮੇਂ 'ਤੇ ਹਰੇਕ ਖੇਤਰ ਵਿੱਚ ਮਿਸਾਲੀ ਅਤੇ ਉਸਾਰੂ ਫੈਸਲਿਆ ਰਾਹੀਂ ਇੱਕ ਨਵੇਕਲੀ ਅਤੇ ਸੁਚੱਜੀ ਅਗਵਾਈ ਦਿੱਤੀ ਹੈ। ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਨਾਲ-ਨਾਲ ਸਿੱਖ ਵਿਦਵਾਨ ਬਣਾ ਕੇ ਇੱਕ ਨਰੋਏ ਸਮਾਜ ਦੀ ਸਿਰਜਨਾ ਕਰਨਾ ਹੈ ਅਤੇ ਅਦਾਰਾ ਇਹ ਕਾਰਜ ਬਾਖ਼ੂਬੀ ਨਿਭਾਅ ਰਿਹਾ ਹੈ।

# ਸਰਕਾਰ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਅਗਲੇ ਹੁਕਮਾਂ ਤੱਕ ਕੀਤਾ ਬੰਦ

ਅੰਮ੍ਰਿਤਸਰ, 7 ਮਈ, (ਬਬਲੂ ਮਹਾਜਨ) : ਭਾਰਤੀ ਫੌਜ ਵੱਲੋਂ ਪਾਕਿਸਤਾਨ ਉੱਤੇ ਏਅਰ ਸਟ੍ਰਾਈਕ ਤੋਂ ਬਾਅਦ ਲਗਾਤਾਰ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸੇ ਵਿਚਾਲ ਵੱਡੀ ਜਾਣਕਾਰੀ ਸਹਾਮਣੇ ਆਈ ਹੈ ਕਿ ਭਾਰਤ ਸਰਕਾਰ ਵੱਲੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤਾ ਗਿਆ ਹੈ। ਬੁੱਧਵਾਰ ਨੂੰ ਵੀ 491 ਸ਼ਰਧਾਲੂ ਕਰਤਾਰਪੁਰ ਸਾਹਿਬ ਜਾਣ ਵਾਲੇ ਸਨ, ਪਰ ਇਨ੍ਹਾਂ ਵਿੱਚੋਂ 60 ਸ਼ਰਧਾਲੂਆਂ ਨੂੰ ਡੇਰਾ ਬਾਬਾ ਨਾਨਕ ਵਿਖੇ ਇਮੀਗ੍ਰੇਸ਼ਨ ਚੈੱਕ ਪੋਸਟ ਤੋਂ ਵਾਪਸ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਭਾਰਤ-ਪਾਕਿ ਸਰਹੱਦ 'ਤੇ ਸਥਿਤ ਇਹ ਲਾਂਘਾ 9 ਨਵੰਬਰ 2019 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਖੋਲ੍ਹਿਆ ਗਿਆ ਸੀ। ਇਹ 4.5 ਕਿਲੋਮੀਟਰ ਲੰਬਾ ਰਸਤਾ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਸਥਿਤ ਸ਼੍ਰੀ ਦਰਬਾਰ ਸਾਹਿਬ ਗੁਰਦੁਆਰੇ ਤੱਕ ਜਾਂਦਾ ਹੈ। ਦੋਹਾਂ ਦੇਸ਼ਾਂ ਦਰਮਿਆਨ ਇਸ ਲਾਂਘੇ ਸੰਬੰਧੀ 2029 ਤੱਕ ਸਮਝੌਤਾ ਹੋਇਆ ਹੋਇਆ ਹੈ, ਜਿਸਦੇ ਤਹਿਤ ਭਾਰਤੀ ਤੀਰਥ ਯਾਤਰੀ ਬਿਨਾਂ ਵੀਜ਼ੇ ਦੇ ਕਰਤਾਰਪੁਰ ਸਾਹਿਬ ਦੀ ਯਾਤਰਾ ਕਰ ਸਕਦੇ ਹਨ।

ਹਮਲੇ ਤੋਂ ਬਾਅਦ ਯਾਤਰੀਆਂ ਦੀ ਗਿਣਤੀ ਘਟਦੀ ਗਈ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟਣ ਲੱਗ ਪਈ। 23 ਅਪ੍ਰੈਲ ਨੂੰ ਜਿੱਥੇ 408 ਸ਼ਰਧਾਲੂ ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਗਏ ਸਨ, ਉਥੇ ਹੀ 28 ਅਪ੍ਰੈਲ ਨੂੰ ਇਹ ਗਿਣਤੀ ਘਟ ਕੇ ਸਿਰਫ਼ 133 ਰਹਿ ਗਈ। ਅਰਥਾਤ ਸਿਰਫ਼ 6 ਦਿਨਾਂ 'ਚ ਯਾਤਰਾ ਕਰਨ ਵਾਲਿਆਂ ਦੀ ਗਿਣਤੀ 'ਚ ਲੱਗਭੱਗ 60% ਦੀ ਕਮੀ ਆਈ।

# ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ ਦੇ ਈਕੋ ਕਲੱਬ ਨੇ ਧਰਤੀ ਦਿਵਸ ਮਨਾਉਣ ਲਈ ਪੌਦੇ ਲਗਾਉਣ ਦੀ ਮੁਹਿੰਮ ਕੀਤੀ ਸ਼ੁਰੂ

ਜਲੰਧਰ, 7 ਮਈ, (ਸੰਦੀਪ ਕੌਲ) : ਵਾਤਾਵਰਣ ਸੁਰੱਖਿਆ ਦੇ ਉਦੇਸ਼ ਦਾ ਸਮੱਰਥਨ ਕਰਨ ਲਈ, ਪੀ.ਸੀ.ਐਮ.ਐਸ.ਡੀ. ਕਾਲਜ ਫਾਰ ਵੂਮੈਨ, ਜਲੰਧਰ ਦੇ ਈਕੋ ਕਲੱਬ ਨੇ ਧਰਤੀ ਦਿਵਸ ਦੇ ਮੌਕੇ 'ਤੇ ਇੱਕ ਰੁੱਖ ਲਗਾਉਣ ਦੀ ਮੁਹਿੰਮ ਦਾ ਆਯੋਜਨ ਕੀਤਾ, ਜੋ ਕਿ ਹਰ ਸਾਲ 22 ਅਪ੍ਰੈਲ ਨੂੰ ਆਉਂਦਾ ਹੈ।

ਕਲੱਬ ਨੂੰ ਵਾਤਾਵਰਣ ਸਿੱਖਿਆ ਪ੍ਰੋਗਰਾਮ, ਸਟੇਟ ਨੋਡਲ ਏਜੰਸੀ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਅਤੇ ਸੀਡੀਸੀ, ਜੀਐਨਡੀਯੂ ਦੇ ਅਧੀਨ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ, ਭਾਰਤ ਸਰਕਾਰ ਦੁਆਰਾ ਸਮਰਥਤ ਕੀਤਾ ਗਿਆ ਹੈ। ਕਾਲਜ ਦੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਕੈਂਪਸ ਵਿੱਚ ਪੌਦੇ ਲਗਾਏ ਅਤੇ ਵਾਤਾਵਰਣ ਸੰਭਾਲ ਦੇ ਕਾਰਨ




ਪ੍ਰਤੀ ਆਪਣੇ ਸਮਰਪਿਤ ਯਤਨ ਕਰਨ ਦਾ ਪ੍ਰਣ ਵੀ ਲਿਆ।ਇਸ ਸਮਾਗਮ ਨੇ ਵਾਤਾਵਰਣ ਦੇ ਵਿਗਾੜ ਦੇ ਮੁੱਦੇ ਬਾਰੇ ਜਾਗਰੂਕਤਾ ਪੈਦਾ ਕੀਤੀ ਅਤੇ ਸਾਡੇ ਗ੍ਰਹਿ ਨੂੰ ਬਚਾਉਣ ਵਿੱਚ ਪੌਦਿਆਂ ਅਤੇ ਰੁੱਖਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ।

ਡਾ. ਦਿਵਿਆ ਬੁੱਧੀਆ ਗੁਪਤਾ ਅਤੇ ਸ਼੍ਰੀਮਤੀ ਸ਼ਵੇਤਾ ਮਹਾਜਨ, ਇੰਚਾਰਜ, ਈਕੋ ਕਲੱਬ ਵੀ ਹੋਰ ਫੈਕਲਟੀ ਮੈਂਬਰਾਂ ਦੇ ਨਾਲ ਮੌਜੂਦ ਸਨ।

ਇਸ ਮੌਕੇ 'ਤੇ ਪ੍ਰਧਾਨ ਸ਼੍ਰੀ ਨਰੇਸ਼ ਬੁਧੀਆ ਜੀ, ਸੀਨੀਅਰ ਉਪ ਪ੍ਰਧਾਨ ਸ਼੍ਰੀ ਵਿਨੋਦ ਦਾਦਾ ਜੀ, ਪ੍ਰਬੰਧਕੀ ਕਮੇਟੀ ਦੇ ਹੋਰ ਸਤਿਕਾਰਯੋਗ ਮੈਂਬਰ, ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਜੀ ਨੇ ਈਕੋ ਕਲੱਬ ਦੇ ਮੈਂਬਰਾਂ ਨੂੰ ਇੱਕ ਪ੍ਰੇਰਨਾਦਾਇਕ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ।

## ਐਮ.ਪੀ. ਅਰੋੜਾ ਨੇ ਕੋਚਾਂ ਅਤੇ ਖਿਡਾਰੀਆਂ ਨਾਲ ਕੀਤੀ ਮੁਲਾਕਾਤ 15 ਲੱਖ ਰੁਪਏ ਦੇ ਖੇਡ ਉਪਕਰਨਾਂ ਦਾ ਉਦਘਾਟਨ ਕੀਤਾ




ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਜੋ ਖੁਦ ਵੀ ਖੇਡ ਪ੍ਰੇਮੀ ਹਨ ਨੇ ਮੰਗਲਵਾਰ ਨੂੰ ਲੁਧਿਆਣਾ ਵਿੱਚ ਜ਼ਿਲ੍ਹਾ ਖੇਡ ਵਿਭਾਗ ਦੇ ਅਧਿਕਾਰੀਆਂ ਖੇਡ ਕੋਚਾਂ ਅਤੇ ਖਿਡਾਰੀਆਂ ਨਾਲ ਇੱਕ ਵਿਸਤ੍ਰਿਤ ਮੀਟਿੰਗ ਕੀਤੀ। ਮੀਟਿੰਗ ਦੌਰਾਨ ਅਰੋੜਾ ਨੇ ਖੇਤਰ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਖੇਡਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ।

ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਭਰ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸੂਬਾ ਸਰਕਾਰ ਖੇਡ ਬੁਨਿਆਦੀ ਢਾਂਚੇ ਨੂੰ ਵਧਾਉਣ, ਬਿਹਤਰ ਸਿਖਲਾਈ ਸਹੂਲਤਾਂ ਪ੍ਰਦਾਨ ਕਰਨ ਅਤੇ ਨੌਜਵਾਨਾਂ ਨੂੰ ਐਥਲੈਟਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਵਧੇਰੇ ਮੌਕੇ ਪ੍ਰਦਾਨ ਕਰਨ ਲਈ ਠੋਸ ਕਦਮ ਚੁੱਕ ਰਹੀ ਹੈ। ਇਸਦਾ ਉਦੇਸ਼ ਨਾ ਸਿਰਫ਼ ਜ਼ਮੀਨੀ ਪੱਧਰ 'ਤੇ ਪ੍ਰਤਿਭਾ ਨੂੰ ਨਿਖਾਰਨਾ ਹੈ, ਸਗੋਂ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਇੱਕ ਮੋਹਰੀ ਸੂਬੇ ਵਜੋਂ ਸਥਾਪਤ ਕਰਨਾ ਵੀ ਹੈ।ਉਸਨੇ ਖਿਡਾਰੀਆਂ ਅਤੇ ਕੋਚਾਂ ਨਾਲ ਸਿੱਧੀ ਗੱਲਬਾਤ ਕੀਤੀ ਤਾਂ ਜੋ ਉਨ੍ਹਾਂ ਦੀਆਂ ਮੰਗਾਂ ਅਤੇ ਚੁਣੌਤੀਆਂ ਨੂੰ ਸਮਝਿਆ ਜਾ ਸਕੇ। ਕਾਰਵਾਈ ਦਾ ਭਰੋਸਾ ਦਿੰਦੇ ਹੋਏ ਅਰੋੜਾ ਨੇ ਸਾਰੇ ਮੁੱਦਿਆਂ ਨੂੰ ਹੱਲ ਕਰਨ ਦੀ ਵਚਨਬੱਧਤਾ ਪ੍ਰਗਟਾਈ। ਉਨ੍ਹਾਂ ਨੇ ਖੇਡ ਕੋਟੇ ਤਹਿਤ ਹੋਰ ਅਸਾਮੀਆਂ ਸਿਰਜਣ ਦਾ ਮਾਮਲਾ ਸੂਬਾ ਸਰਕਾਰ ਕੋਲ ਉਠਾਉਣ ਦਾ ਵਾਅਦਾ ਵੀ ਕੀਤਾ ਤਾਂ ਜੋ ਤਗਮਾ ਜੇਤੂ ਖਿਡਾਰੀਆਂ ਨੂੰ ਬਣਦੀ ਮਾਨਤਾ ਅਤੇ ਨਿਯੁਕਤੀ ਮਿਲ ਸਕੇ।

ਉਨ੍ਹਾਂ ਕਿਹਾ ਤਗਮਾ ਜੇਤੂ ਖਿਡਾਰੀਆਂ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ ਤਾਂ ਜੋ ਵੱਧ ਤੋਂ ਵੱਧ ਨੌਜਵਾਨ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਹੋਣ। ਇਸ ਮੌਕੇ ਅਰੋੜਾ ਨੇ ਖੇਡ ਵਿਭਾਗ ਦੇ ਮੁੱਖ ਦਫਤਰ ਵੱਲੋਂ ਸਪਲਾਈ ਕੀਤੇ ਗਏ ਐਥਲੈਟਿਕਸ ਅਤੇ ਜੂਡੋ ਨਾਲ ਸਬੰਧਤ 15 ਲੱਖ ਰੁਪਏ ਦੇ ਖੇਡ ਉਪਕਰਨਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਮੈਨੂੰ ਉਦਘਾਟਨ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ। ਇਹ ਪਹਿਲ ਸਾਡੀ ਸਰਕਾਰ ਦੀ ਜ਼ਮੀਨੀ ਪੱਧਰ 'ਤੇ ਖੇਡਾਂ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਕਿ ਸਾਡੇ ਐਥਲੀਟਾਂ ਨੂੰ ਸਿਖਲਾਈ ਦੇਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਉੱਚ ਗੁਣਵੱਤਾ ਵਾਲੇ ਸਰੋਤਾਂ ਤੱਕ ਪਹੁੰਚ ਹੋਵੇ।

ਅਰੋੜਾ ਨੇ ਖੇਲੋ ਇੰਡੀਆ ਯੂਥ ਗੇਮਜ਼ ਦੇ ਸੱਤਵੇਂ ਐਡੀਸ਼ਨ ਵਿੱਚ ਹਿੱਸਾ ਲੈਣ ਲਈ ਬਿਹਾਰ ਰਵਾਨਾ ਹੋਣ ਵਾਲੀਆਂ ਮਹਿਲਾ ਐਥਲੀਟਾਂ ਨੂੰ ਵੀ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਸ਼ਲਾਘਾਯੋਗ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਇਨਾਮ ਦੇਣ ਦਾ ਭਰੋਸਾ ਦਿੱਤਾ।

## 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬੀਤੀ ਰਾਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਲਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋਂ ਭਾਈ ਜਲਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਇੰਦਰਬੀਰ ਸਿੰਘ ਬੱਤਰਾ, ਬਲਬੀਰ ਸਿੰਘ ਭਾਟੀਆ, ਹਰਪਾਲ ਸਿੰਘ ਬੱਤਰਾ, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ,ਨਰਿੰਦਰਪਾਲ ਸਿੰਘ ਕਥੂਰੀਆ ਆਦਿ ਵੀ ਹਾਜ਼ਰ ਸਨ।

## ਈਸਟਵੁੱਡ ਸਕੂਲ ਵਿਖੇ ਵਿਦਿਆਰਥੀਆਂ ਲਈ ਫਰੈਸ਼ਰਜ਼ ਪਾਰਟੀ ਕਰਵਾਈ




ਮੁੱਲਾਂਪੁਰ ਦਾਖਾ, 7 ਮਈ (ਦਵਿੰਦਰ ਸਿੰਘ ਲੰਮੇਂ) : ਈਸਟਵੁੱਡ ਇੰਟਰਨੈਸ਼ਨਲ ਸਕੂਲ ਮੁੱਲਾਂਪੁਰ ਵਿਖੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਦੀ ਅਗਵਾਈ ਹੇਠ ਪ੍ਰੀ-ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਲਈ ਫਰੈਸ਼ਰਜ਼ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਪਾਰਟੀ ਵਿੱਚ ਪ੍ਰੀ-ਨਰਸਰੀ ਅਤੇ ਨਰਸਰੀ ਦੇ ਵਿਦਿਆਰਥੀ ਸਜ-ਧਜ ਕੇ ਬੜੇ ਉਤਸ਼ਾਹ ਨਾਲ ਪਾਰਟੀ ਵਿੱਚ ਸ਼ਾਮਲ ਹੋਏ। ਪਾਰਟੀ ਦੌਰਾਨ ਵਿਦਿਆਰਥੀਆਂ ਨੇ 'ਚੰਨ ਜਿਹੇ ਗੱਭਰੂ ਪਾਉਣ ਭੰਗੜੇ ਤੇ ਲੋਕੀ ਕਹਿਣ ਅਸ਼ਕੇ' ਗਾਣੇ ਦੀ ਧੁਨ 'ਤੇ ਪਾਇਆ ਭੰਗੜਾ ਖਿੱਚ ਦਾ ਕੇਂਦਰ ਰਿਹਾ। ਅਖੀਰ ਵਿੱਚ ਨਰਸਰੀ ਜਮਾਤ ਦੀ ਬੱਚੀ ਕੀਰਤਵੀਰ ਕੌਰ ਨੂੰ ਮਿਸ ਫਰੈਸ਼ਰ ਅਤੇ ਗੁਰਬਾਜ ਸਿੰਘ ਨੂੰ ਮਿਸਟਰ ਫਰੈਸ਼ਰ ਚੁਣਿਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਰਚਨਾਤਮਕ ਕਿਰਿਆਵਾਂ ਨਾਲ ਹੀ ਵਿਦਿਆਰਥੀਆਂ ਦਾ ਸਰਵ - ਪੱਖੀ ਵਿਕਾਸ ਸੰਭਵ ਹੈ। ਇਹਨਾਂ ਨਾਲ ਹੀ ਉਹਨਾਂ ਦੇ ਅੰਦਰ ਛੁਪੀਆਂ ਹੋਈਆਂ ਕੁਸ਼ਲਤਾਵਾਂ ਬਾਹਰ ਆ ਸਕਦੀਆਂ ਹਨ ਅਤੇ ਉਹ ਹਰ ਖੇਤਰ ਵਿੱਚ ਸਵੈ-ਵਿਸ਼ਵਾਸ ਨਾਲ ਅੱਗੇ ਵੱਧ ਸਕਦੇ ਹਨ। ਪ੍ਰਧਾਨ ਦਮਨਜੀਤ ਸਿੰਘ ਮੋਹੀ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਕਿਰਿਆਵਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਈਸਟਵੁੱਡ ਪਰਿਵਾਰ ਨਾਲ ਜੁੜੇ ਨਵੇਂ ਬੱਚਿਆਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ।

## ਭਾਜਪਾ ਹਰੇਕ ਵਰਕਰ ਨੂੰ ਸੰਗਠਨਾਤਮਕ ਢਾਂਚੇ 'ਚ ਸ਼ਾਮਲ ਹੋਣ ਦਾ ਮੌਕਾ ਦਿੰਦੀ ਹੈ : ਢਿੱਲੋਂ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਸਥਾਨਕ ਦਫਤਰ ਵਿੱਚ ਇੱਕ ਮੀਟਿੰਗ ਹੋਈ, ਜਿਸ ਵਿੱਚ ਲੁਧਿਆਣਾ ਸੰਗਠਨ ਚੋਣ ਇੰਚਾਰਜ ਕੇਵਲ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਭਾਜਪਾ ਦਫਤਰ ਪਹੁੰਚਣ 'ਤੇ ਕੇਵਲ ਸਿੰਘ ਢਿੱਲੋਂ ਦਾ ਭਾਜਪਾ ਜ਼ਿਲ੍ਹਾ ਅਧਿਕਾਰੀਆਂ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮੈਂਬਰਸ਼ਿਪ ਮੁਹਿੰਮ ਤੋਂ ਬਾਅਦ, ਭਾਜਪਾ ਹੁਣ ਸੰਗਠਨਾਤਮਕ ਚੋਣਾਂ ਦੀ ਤਿਆਰੀ ਵਿੱਚ ਰੁੱਝੀ ਹੋਈ ਹੈ, ਜਿਸ ਵਿੱਚ 32 ਸਰਕਲਾਂ ਵਿੱਚ ਸੰਗਠਨ ਸਥਾਪਤ ਕਰਨ ਲਈ ਢਿੱਲੋਂ ਨੂੰ ਕੁਝ ਸਮਾਂ ਪਹਿਲਾਂ ਜ਼ਿਲ੍ਹਾ ਚੋਣ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਸੀ। ਢਿੱਲੋਂ ਨੇ ਜਥੇਬੰਦਕ ਚੋਣਾਂ ਸਬੰਧੀ ਵਿਧਾਨ ਸਭਾ ਹਲਕਿਆਂ ਵਿੱਚ ਮੀਟਿੰਗਾਂ ਕੀਤੀਆਂ, ਜਿਸ ਲਈ ਸੀਨੀਅਰ ਅਧਿਕਾਰੀਆਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਢਿੱਲੋਂ ਨੇ ਸਾਰੇ ਸਰਕਲਾਂ ਵਿੱਚ ਸੀਨੀਅਰ ਭਾਜਪਾ ਵਰਕਰਾਂ ਨੂੰ ਚੋਣ ਇੰਚਾਰਜ ਨਿਯੁਕਤ ਕੀਤਾ ਹੈ। ਇਸ ਮੌਕੇ ਢਿੱਲੋਂ ਨੇ ਕਿਹਾ ਕਿ ਪਾਰਟੀ ਵਿੱਚ ਅੰਦਰੂਨੀ ਲੋਕਤੰਤਰ ਨੂੰ ਯਕੀਨੀ ਬਣਾਉਂਦੇ ਹੋਏ ਹਰੇਕ ਵਰਕਰ ਨੂੰ ਸੰਗਠਨਾਤਮਕ ਢਾਂਚੇ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਜਾਂਦਾ ਹੈ।

## ਜ਼ਬਰੀ ਵੀਡੀਓ ਬਣਾ ਕੇ ਲੀਕ ਕਰਨ ਦੀ ਦਿੱਤੀ ਧਮਕੀ, ਲੜਕੇ ਤੋਂ ਪੈਸਿਆਂ ਦੀ ਕੀਤੀ ਮੰਗ



ਡੇਹਲੋਂ, 7 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਮੈਂ ਮਨਪ੍ਰੀਤ ਸਿੰਘ ਪੁੱਤਰ ਇੰਦਰਜੀਤ ਸਿੰਘ ਵਾਸੀ ਪਿੰਡ ਡੇਹਲੋਂ ਜ਼ਿਲ੍ਹਾ ਲੁਧਿਆਣਾ ਦਾ ਰਹਿਣ ਵਾਲਾ ਹਾਂ, ਮੇਰੀ ਉਮਰ 21 ਸਾਲ ਦੀ ਹੋ ਚੁੱਕੀ ਹੈ ਅਤੇ ਮੈਂ ਪ੍ਰਾਈਵੇਟ ਕੰਮ ਕਰਦਾ ਹਾਂ। ਮੇਰੀ ਇੱਕ ਦੋਸਤ ਜਿਸਦਾ ਨਾਮ ਸਿਮਰਨ ਹੈ ਜੋ ਕਿ ਪਿੰਡ ਵੱਲੀਪੁਰ ਖੁਰਦ ਦੀ ਰਹਿਣ ਵਾਲੀ ਹੈ। ਉਸਨੇ ਮੈਨੂੰ ਪਿਛਲੇ ਇੱਕ ਸਾਲ ਤੋਂ ਆਪਣੇ ਝੂਠੇ ਪਿਆਰ ਦੇ ਫਸਾਇਆ ਹੋਇਆ ਸੀ। ਉਹ ਮੈਨੂੰ ਵਾਰ ਵਾਰ ਮਿਲਣ ਲਈ ਆਖਦੀ ਸੀ ਲੇਕਿਨ ਮੈਂ ਕੰਮ ਦੇ ਰੁਝੇਵਿਆਂ ਕਾਰਨ ਨਹੀਂ ਜਾ ਸਕਦਾ ਸੀ। ਲੇਕਿਨ ਇੱਕ ਦਿਨ ਮਿਤੀ 28-04-2025 ਨੂੰ ਮੈਂ ਆਪਣੇ ਦੋਸਤ ਨੂੰ ਨਾਲ ਲੈਕੇ ਉਸਨੂੰ ਮਿਲਣ ਲਈ ਗਿਆ ਤਾਂ ਉਸਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਸਾਨੂੰ ਬੰਨ੍ਹ ਲਿਆ ਅਤੇ ਸਾਡੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਬੰਦਿਆਂ ਨੇ ਸਾਨੂੰ ਇਹ ਕਿਹਾ ਕਿ ਅਸੀਂ ਪੰਚਾਇਤ ਦੇ ਬੰਦੇ ਹਾਂ। ਉਨ੍ਹਾਂ ਨੇ ਸਾਡੀ ਬੁਰੀ ਤਰ੍ਹਾਂ ਕੁੱਟ ਮਾਰਨ ਦੇ ਨਾਲ ਨਾਲ ਸਾਨੂੰ ਜਾਨ ਤੋਂ ਮਾਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਸਾਡੇ ਪਾਸੋਂ ਜਿੰਨੇ ਵੀ ਪੈਸੇ ਸਨ ਉਹ ਖੋਹ ਲਏ ਅਤੇ ਹੋਰ ਪੈਸੇ ਦੀ ਵੀ ਮੰਗ ਕੀਤੀ ਗਈ। ਉਨ੍ਹਾਂ ਮੁੰਡਿਆ ਵੱਲੋਂ ਜਬਰੀ ਸਾਡੀ ਵੀਡਿਓ ਬਣਾਈ ਗਈ ਅਤੇ ਵੀਡਿਓ ਵਿਚ ਸਾਡੇ ਤੋਂ ਇਹਨਾ ਕਹਾਇਆ ਗਿਆ ਕਿ ਅਸੀ ਪਿੰਡ ਵਿਚ ਚੋਰੀ ਕਰਨ ਆਏ ਹਾਂ। ਜਦ ਕਿ ਸਾਨੂੰ ਮਿਲੀ ਭੁਗਤ ਨਾਲ ਪਿੰਡ ਵਿਚ ਬੁਲਾਇਆ ਗਿਆ ਸੀ। ਦੋਸ਼ੀਆ ਵੱਲੋਂ ਸਾਡੀ ਵੀਡਿਓ ਬਣਾਉਣ ਉਪਰੰਤ ਸਾਨੂੰ ਡਰਾਇਆ ਧਮਕਾਇਆ ਗਿਆ ਅਤੇ ਕੁੱਟ ਮਾਰ ਸਾਡੀ ਕੋਈ ਵੀ ਕਾਰਵਾਈ ਨਾ ਕਰਨ ਦੀ ਗੱਲ ਕਹੀ ਗਈ ਅਤੇ ਧਮਕੀ ਦਿੱਤੀ ਕਿ ਅਗਰ ਤੁਸੀਂ ਕੋਈ ਵੀ ਕਾਰਵਾਈ ਕੀਤੀ ਤਾਂ ਇਹ ਵੀਡਿਓ ਵਾਇਰਲ ਕਰ ਦਿੱਤੀ ਜਾਵੇਗੀ ਅਤੇ ਤੁਹਾਨੂੰ ਜਾਨ ਤੋਂ ਮਾਰ ਦਿੱਤਾ ਜਾਵੇਗਾ।

**ਅੱਜ ਭੋਗ 'ਤੇ ਵਿਸ਼ੇਸ਼**

## ਪੰਜਾਬ ਪੁਲਿਸ 'ਚ ਨੌਕਰੀ ਕਰਦੇ ਗੁਰਕੀਰਤ ਸਿੰਘ ਮਾਂਗਟ ਦੀ ਬੇਵਕਤੀ ਮੌਤ



ਲੁਧਿਆਣਾ, 7 ਮਈ (ਕਰਨੈਲ ਸਿੰਘ ਐੱਮ.ਏ.) : ਪੰਜਾਬ ਪੁਲਿਸ ਦੇ ਵਿੱਚ ਨੌਕਰੀ ਕਰਦੇ ਗੁਰਕੀਰਤ ਸਿੰਘ ਮਾਂਗਟ ਬੀਤੀ 27 ਅਪ੍ਰੈਲ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾਂ ਦੀ ਬੇਵਕਤੀ ਮੌਤ ਨੇ ਮਾਂਗਟ ਪਰਿਵਾਰ ਅਤੇ ਉਸਦੇ ਦੋਸਤਾਂ ਮਿੱਤਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਗੁਰਕੀਰਤ ਸਿੰਘ ਮਾਂਗਟ ਬੜਾ ਹੋਣਹਾਰ ਵਿਦਿਆਰਥੀ ਅਤੇ ਹਾਕੀ ਦਾ ਵਧੀਆ ਖਿਡਾਰੀ ਸੀ। ਉਸ ਦਾ ਪਿਤਾ ਪ੍ਰਿਥੀਪਾਲ ਸਿੰਘ ਹਾਕੀ ਦਾ ਆਪਣੇ ਸਮੇਂ ਦਾ ਵਧੀਆ ਕੌਮੀ ਪੱਧਰ ਦਾ ਖਿਡਾਰੀ ਰਿਹਾ, ਜਦਕਿ ਉਸ ਦਾ ਦਾਦਾ ਚੰਦ ਸਿੰਘ ਜੋ ਹਾਕੀ ਦਾ ਬਹੁਤ ਹੀ ਵਧੀਆ ਕੋਚ ਅਤੇ ਹਾਕੀ ਖਿਡਾਰੀ ਸਨ। ਉਸ ਨੇ ਰਾਮਪੁਰ ਸਕੂਲ ਵਿੱਚ ਸਿੱਖਿਆ ਦੇ ਖੇਤਰ ਵਿੱਚ ਸੇਵਾ ਕਰਦਿਆਂ ਆਪਣੀ ਕੋਚਿੰਗ ਸਦਕਾ ਕਈ ਨਾਮੀ ਹਾਕੀ ਖਿਡਾਰੀ ਪੈਦਾ ਕੀਤੇ ਹਨ।

ਗੁਰਕੀਰਤ ਸਿੰਘ ਨੇ ਲੰਬਾ ਅਰਸਾ ਜਰਖੜ ਹਾਕੀ ਅਕੈਡਮੀ ਵਿੱਚ ਹਾਕੀ ਦੀ ਟਰੇਨਿੰਗ ਲਈ ਜਿੱਥੋਂ ਉਹ ਕੌਮੀ ਪੱਧਰ' ਤੇ ਹਾਕੀ ਖੇਡਿਆ ਫਿਰ ਹਾਕੀ ਦੀ ਵਧੀਆ ਖੇਡ ਸਦਕਾ ਉਸ ਨੂੰ ਸਰਕਾਰੀ ਨੌਕਰੀ ਮਿਲੀ। ਅਜੇ ਜ਼ਿੰਦਗੀ ਵਿੱਚ ਉਸ ਨੇ ਹੋਰ ਅੱਗੇ ਵਧਣਾ ਸੀ, ਪਰ ਅਚਨਚੇਤ ਮੌਤ ਦੇ ਜੱਫੇ ਨੇ ਉਸ ਦੀ ਜ਼ਿੰਦਗੀ ਦੀ ਸਾਰੀ ਕਹਾਣੀ ਹੀ ਖਤਮ ਕਰ ਦਿੱਤੀ। ਸਵਰਗੀ ਗੁਰਕੀਰਤ ਸਿੰਘ ਮਾਂਗਟ ਉਰਫ ਗੋਲਡੀ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 8 ਮਈ ਦਿਨ ਵੀਰਵਾਰ ਨੂੰ ਗੁਰਦੁਆਰਾ ਭਗਵਾਨ ਸਰ ਸਾਹਿਬ, ਪੱਤੀ ਚੰਦੂ ਪਿੰਡ ਰਾਮਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ।

## ਆਪ੍ਰੇਸ਼ਨ ਸਿੰਦੂਰਦੇ ਮੱਦੇਨਜ਼ਰ ਹਥਿਆਰਬੰਦ ਸੈਨਾਵਾਂ ਨਾਲ ਏਕਤਾ ਦਾ ਪ੍ਰਗਟਾਵਾ ਕੀਤਾ



ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਦੇਸ਼ ਭਗਤੀ ਅਤੇ ਏਕਤਾ ਦੇ ਇੱਕ ਭਾਵੁਕ ਪ੍ਰਦਰਸ਼ਨ ਵਿੱਚ ਲੁਧਿਆਣਾ (ਪੱਛਮੀ) ਵਿਧਾਨ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ, ਸੰਸਦ ਮੈਂਬਰ ਸੰਜੀਵ ਅਰੋੜਾ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਦੁਆਰਾ ਕੀਤੇ ਗਏ ਸਫਲ ਆਪ੍ਰੇਸ਼ਨ ਸਿੰਦੂਰ ਦੇ ਮੱਦੇਨਜ਼ਰ ਇੱਕ ਸ਼ਕਤੀਸ਼ਾਲੀ ਬਿਆਨ ਜਾਰੀ ਕੀਤਾ ਹੈ। ਇਸ ਕਾਰਵਾਈ ਨੂੰ ਹਾਲ ਹੀ ਵਿੱਚ ਹੋਏ ਪਹਿਲਗਾਮ ਕਤਲੇਆਮ ਵਿੱਚ ਗੁਆਚੀਆਂ ਬਹਾਦਰ ਜਾਨਾਂ ਲਈ ਇੱਕ ਢੁਕਵੀਂ ਸ਼ਰਧਾਂਜਲੀ ਦੱਸਦਿਆਂ ਐਮਪੀ ਅਰੋੜਾ ਨੇ ਭਾਰਤ ਦੇ ਰੱਖਿਆ ਕਰਮਚਾਰੀਆਂ ਦੀ ਹਿੰਮਤ ਅਤੇ ਸ਼ੁੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਇਹ ਸਾਰੇ ਭਾਰਤੀਆਂ ਲਈ ਇੱਕ ਹੋ ਕੇ ਖੜ੍ਹੇ ਹੋਣ ਦਾ ਪਲ ਹੈ। ਉਨ੍ਹਾਂ ਅੱਗੇ ਕਿਹਾ ਅਸੀਂ ਆਪਣੀਆਂ ਹਥਿਆਰਬੰਦ ਸੈਨਾਵਾਂ ਪ੍ਰਤੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਨਾ ਸਿਰਫ਼ ਤਾਕਤ ਨਾਲ ਜਵਾਬ ਦਿੱਤਾ ਹੈ ਬਲਕਿ ਨਿਆਂ ਅਤੇ ਮਾਣ ਦੀ ਸਾਡੀ ਸਮੂਹਿਕ ਭਾਵਨਾ ਨੂੰ ਵੀ ਬਹਾਲ ਕੀਤਾ ਹੈ। ਬੁੱਧਵਾਰ ਨੂੰ ਇੱਥੇ ਆਪਣੇ ਬਿਆਨ ਵਿੱਚ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਰਾਸ਼ਟਰੀ ਹਿੱਤ ਸਾਰੇ ਰਾਜਨੀਤਿਕ ਜਾਂ ਚੋਣ ਵਿਚਾਰਾਂ ਤੋਂ ਉੱਪਰ ਉੱਠਣਾ ਚਾਹੀਦਾ ਹੈ। ਦੇਸ਼ ਦੇ ਗੰਭੀਰ ਮੂਡ ਨੂੰ ਸਵੀਕਾਰ ਕਰਦੇ ਹੋਏ, ਅਰੋੜਾ ਨੇ ਲੁਧਿਆਣਾ (ਪੱਛਮੀ) ਹਲਕੇ ਵਿੱਚ ਆਪਣੀ ਅਗਵਾਈ ਹੇਠ ਚੱਲ ਰਹੀਆਂ ਸਾਰੀਆਂ ਰਾਜਨੀਤਿਕ ਮੁਹਿੰਮ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਰੋਕਣ ਦਾ ਐਲਾਨ ਕੀਤਾ। ਅਸੀਂ ਰਾਸ਼ਟਰ ਅਤੇ ਆਪਣੀਆਂ ਹਥਿਆਰਬੰਦ ਸੈਨਾਵਾਂ ਨਾਲ ਇੱਕਜੁੱਟ ਖੜ੍ਹੇ ਹਾਂ ਉਨ੍ਹਾਂ ਕਿਹਾ। ਇਹ ਸਮਾਂ ਰੈਲੀਆਂ ਜਾਂ ਭਾਸ਼ਣਾਂ ਦਾ ਨਹੀਂ ਸਗੋਂ ਪ੍ਰਤੀਬਿੰਬ ਅਤੇ ਏਕਤਾ ਦਾ ਹੈ। 'ਆਪ੍ਰੇਸ਼ਨ ਸਿੰਦੂਰ' ਵਿੱਚ ਦਿਖਾਈ ਗਈ ਬਹਾਦਰੀ ਨਾਲ ਹਰ ਭਾਰਤੀ ਦਾ ਦਿਲ ਧੜਕਦਾ ਹੈ। ਐਮਪੀ ਅਰੋੜਾ ਦੇ ਦ੍ਰਿੜ ਰੁਖ਼ ਨੂੰ ਵਿਆਪਕ ਸਮਰਥਨ ਮਿਲਿਆ ਹੈ ਨਾਗਰਿਕਾਂ ਅਤੇ ਸਾਬਕਾ ਸੈਨਿਕਾਂ ਨੇ ਉਨ੍ਹਾਂ ਦੇ ਸਤਿਕਾਰ ਅਤੇ ਦੇਸ਼ ਭਗਤੀ ਦੇ ਇਸ਼ਾਰੇ ਦੀ ਸ਼ਲਾਘਾ ਕੀਤੀ ਹੈ।

## ਡੀ.ਸੀ.-ਕਮ-ਡੀ.ਈ.ਓ. ਨੇ ਵੋਟਰ ਸੂਚੀ ਤੋਂ ਅਸੰਤੁਸ਼ਟ ਵਿਅਕਤੀਆਂ ਨੂੰ ਅਪੀਲ ਦਾਇਰ ਕਰਨ ਲਈ 15 ਦਿਨ ਦਾ ਸਮਾਂ ਦਿੱਤਾ




ਚੰਡੀਗੜ੍ਹ/ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ (ਡੀਸੀ-ਕਮ-ਡੀਈਓ), ਲੁਧਿਆਣਾ ਹਿਮਾਂਸ਼ੂ ਜੈਨ ਨੇ ਦੱਸਿਆ ਹੈ ਕਿ ਵਿਧਾਨ ਸਭਾ ਹਲਕਾ 64-ਲੁਧਿਆਣਾ ਪੱਛਮੀ ਲਈ ਅੰਤਿਮ ਵੋਟਰ ਸੂਚੀਆਂ 5 ਮਈ, 2025 ਨੂੰ ਈਆਰਓ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਭਾਰਤ ਦੇ ਚੋਣ ਕਮਿਸ਼ਨ ਦੁਆਰਾ ਐਲਾਨੇ ਗਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀਆਂ ਦਾ ਖਰੜਾ 9 ਅਪ੍ਰੈਲ, 2025 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿੱਚ ਜਨਤਾ ਤੋਂ ਦਾਅਵੇ ਅਤੇ ਇਤਰਾਜ਼ ਮੰਗੇ ਗਏ ਸਨ ਅਤੇ 192 ਬੂਥ ਲੈਵਲ ਅਫ਼ਸਰਾਂ (ਬੀਐਲਓਜ਼) ਦੁਆਰਾ ਘਰ-ਘਰ ਜਾ ਕੇ ਤਸਦੀਕ ਕੀਤੀ ਗਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਈਆਰਓ ਦੁਆਰਾ ਅੰਤਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਇਸ ਸਮੇਂ ਦੌਰਾਨ ਪ੍ਰਾਪਤ ਹੋਏ ਸਾਰੇ ਦਾਅਵਿਆਂ ਅਤੇ ਇਤਰਾਜ਼ਾਂ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ ਗਿਆ ਸੀ। ਇਸ ਦੇ ਨਾਲ ਹੀ ਸਾਰੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਅੰਤਿਮ ਵੋਟਰ ਸੂਚੀਆਂ ਦੀਆਂ ਕਾਪੀਆਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਾਰਦਰਸ਼ਤਾ ਅਤੇ ਰਾਜਨੀਤਿਕ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਡਰਾਫਟ ਵੋਟਰ ਸੂਚੀਆਂ ਦੀ ਤਸਦੀਕ ਕਰਕੇ ਇਸ ਸਬੰਧੀ ਕੋਈ ਸੁਝਾਅ ਦੇਣ ਲਈ ਸਹਾਇਤਾ ਵਾਸਤੇ 384 ਬੂਥ ਲੈਵਲ ਏਜੰਟ (ਬੀਐਲਏ) ਨਿਯੁਕਤ ਕੀਤੇ ਗਏ ਸਨ। ਡਿਪਟੀ ਕਮਿਸ਼ਨਰ ਲੁਧਿਆਣਾ ਨੇ ਇਹ ਵੀ ਅਪੀਲ ਕੀਤੀ ਕਿ ਚੋਣ ਰਜਿਸਟਰੇਸ਼ਨ ਅਫ਼ਸਰ (ਈਆਰਓ) ਦੇ ਫੈਸਲਿਆਂ ਤੋਂ ਅਸੰਤੁਸ਼ਟ ਵਿਅਕਤੀ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 24(ਏ) ਦੇ ਅਨੁਸਾਰ ਈਆਰਓ ਦੇ ਫੈਸਲੇ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਜ਼ਿਲ੍ਹਾ ਮੈਜਿਸਟਰੇਟ ਕੋਲ ਅਪੀਲ ਦਾਇਰ ਕਰ ਸਕਦੇ ਹਨ ਅਤੇ ਜੇਕਰ ਉਹ ਅਗਲੀ ਕਾਰਵਾਈ ਤੋਂ ਵੀ ਸੰਤੁਸ਼ਟ ਨਹੀਂ ਹੁੰਦੇ ਤਾਂ ਮੁੱਖ ਚੋਣ ਅਫ਼ਸਰ, ਪੰਜਾਬ ਕੋਲ ਇੱਕ ਹੋਰ ਅਪੀਲ ਦਾਇਰ ਕਰ ਸਕਦੇ ਹਨ।

## ਐਡਵੋਕੇਟ ਘੁੰਮਣ ਦੀ ਸੂਝ-ਬੂਝ ਨਾਲ ਦੋ ਫ਼ਿਰਕਿਆਂ ਦੇ ਲੋਕਾਂ ਵਿਚਕਾਰ ਹੋਣ ਵਾਲਾ ਟਕਰਾਅ ਟਲਿਆ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਇਲਾਕਾ ਜਵਾਹਰ ਨਗਰ ਕੈਂਪ ਵਿਖੇ ਦੋ ਸਮੁਦਾਇ ਅਤੇ ਇਲਾਕਾ ਨਿਵਾਸੀਆਂ ਵਿਚਾਰ ਹੋਣ ਵਾਲਾ ਟਕਰਾਅ ਇਸ ਲਈ ਬਚ ਗਿਆ ਕਿਉਂ ਕਿ ਮੌਕੇ 'ਤੇ ਪਹੁੰਚ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਹਲਕਾ ਪੱਛਮੀ ਉੱਪ ਚੋਣ ਨੇ ਲੋਕਾਂ ਦੀ ਸਮੱਸਿਆ ਸੁਣਨ ਤੋਂ ਬਾਅਦ 10 ਫੁੱਟ ਦੇ ਕਰੀਬ ਡੂੰਘੇ ਟੋਏ ਨੂੰ ਦੁਬਾਰਾ ਤੋਂ ਭਰਿਆ ਗਿਆ। ਮਾਮਲਾ ਇਹ ਸੀ ਕਿ ਬੀਤੇ ਦਿਨ ਜਵਾਹਰ ਨਗਰ ਕੈਂਪ ਵਿਖੇ ਬਿਨਾਂ ਕਿਸੇ ਟੈਂਡਰ ਤੋਂ ਗੈਰ ਕਾਨੂੰਨੀ ਢੰਗ ਨਾਲ ਗੇਟ ਲਗਾਏ ਜਾ ਰਹੇ ਸਨ, ਜਿਸ ਦਾ ਵਿਰੋਧ ਇਲਾਕਾ ਨਿਵਾਸੀਆਂ ਵੱਲੋਂ ਕੀਤਾ ਜਾ ਰਿਹਾ ਸੀ। ਇਲਾਕੇ ਦੇ ਹੀ ਬਲਵਿੰਦਰ ਡੁਲਗੱਚ ਵੱਲੋਂ ਜਦੋਂ ਇਹ ਮਾਮਲਾ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਦੇ ਧਿਆਨ ਵਿੱਚ ਲਿਆਂਦਾ ਤਾਂ ਮੌਕੇ 'ਤੇ ਪਹੁੰਚ ਕੇ ਐਡਵੋਕੇਟ ਘੁੰਮਣ ਨੇ ਇਲਾਵਾ ਨਿਵਾਸੀਆਂ ਦੀ ਗੱਲ ਸੁਣਨ ਤੋਂ ਬਾਅਦ ਸਬੰਧ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕੋਲ ਕੋਈ ਸਹੀ ਜਵਾਬ ਨਹੀਂ ਸੀ। ਘੁੰਮਣ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਗੇਟ ਹਲਕੇ ਦੀ ਉੱਪ ਚੋਣ ਨੂੰ ਲੈਕੇ ਕਿਸੇ ਇੱਕ ਫਿਰਕੇ ਦੇ ਲੋਕਾਂ ਨੂੰ ਖੁਸ਼ ਕਰਨ ਲਈ ਲਗਾਇਆ ਜਾ ਰਿਹਾ ਸੀ। ਜਦ ਕਿ ਦੂਜੇ ਪਾਸੇ ਇਲਾਕੇ ਦੇ ਲੋਕ ਇਸ ਦਾ ਵਿਰੋਧ ਕਰ ਰਹੇ ਸਨ। ਉਹਨਾਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਦੇ ਕਾਰਜਕਾਲ ਦੌਰਾਨ ਪਹਿਲਾਂ ਹੀ ਲਾਅ ਐਂਡ ਆਡਰ ਦੀ ਸਥਿਤੀ ਨਾ ਬਰਾਬਰ ਹੈ ਦੂਜੇ ਪਾਸੇ ਮੌਜੂਦਾ ਸਰਕਾਰ ਦੇ ਹਲਕਾ ਪੱਛਮੀ ਤੋਂ ਚੋਣ ਮੈਦਾਨ ਵਿੱਚ ਉਤਾਰੇ ਉਮੀਦਵਾਰ ਨੇ ਹਲਕਾ ਪੱਛਮੀ ਦੀ ਚੋਣ ਨੂੰ ਜਿੱਤਣ ਲਈ ਕਾਨੂੰਨ ਨੂੰ ਛਿੱਕੇ ਟੰਗਿਆ ਹੋਇਆ ਹੈ।

## ਸਿਵਲ ਹਸਪਤਾਲ 'ਚ ਅਤਿ-ਆਧੁਨਿਕ ਅਪਗ੍ਰੇਡ ਕੀਤੇ ਆਈ.ਸੀ.ਯੂ. ਦਾ ਉਦਘਾਟਨ।




ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਸਿਵਲ ਹਸਪਤਾਲ ਲੁਧਿਆਣਾ ਵਿਖੇ ਬੁੱਧਵਾਰ ਨੂੰ ਇੱਕ ਅਤਿ-ਆਧੁਨਿਕ 8-ਬਿਸਤਰਿਆਂ ਵਾਲੇ ਅਪਗ੍ਰੇਡ ਕੀਤੇ ਇੰਟੈਂਸਿਵ ਕੇਅਰ ਯੂਨਿਟ (ਆਈ.ਸੀ.ਯੂ.) ਦਾ ਉਦਘਾਟਨ ਕੀਤਾ ਗਿਆ। ਇਸ ਸਹੂਲਤ ਦਾ ਰਸਮੀ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ, ਹਰਦੀਪ ਸਿੰਘ ਮੁੰਡੀਆਂ, ਸੰਸਦ ਮੈਂਬਰ ਸੰਜੀਵ ਅਰੋੜਾ ਅਤੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਕੀਤਾ। ਆਈਸੀਯੂ ਵਿੱਚ ਵੈਂਟੀਲੇਟਰ ਸਪੋਰਟ ਵਾਲੇ 4 ਆਈਸੀਯੂ ਬੈੱਡ ਅਤੇ ਹਾਈ ਫਲੋ ਨੈਜ਼ਲ ਆਕਸੀਜਨ (ਐਚ ਐਫ ਐਨ ਓ) ਅਤੇ ਬਾਈਪੈਪ ਸਹੂਲਤਾਂ ਨਾਲ ਲੈਸ 4 ਐਚ ਡੀ ਯੂ (ਹਾਈ ਡਿਪੈਂਡੈਂਸੀ ਯੂਨਿਟ) ਬੈੱਡ ਸ਼ਾਮਲ ਹਨ। ਇਸ ਸਮਾਗਮ ਵਿੱਚ ਬੋਲਦਿਆਂ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਸਾਡੀ ਸਰਕਾਰ ਜ਼ਮੀਨੀ ਪੱਧਰ 'ਤੇ ਸਿਹਤ ਸੰਭਾਲ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਇਹ ਆਈ.ਸੀ.ਯੂ. ਲੁਧਿਆਣਾ ਅਤੇ ਨੇੜਲੇ ਖੇਤਰਾਂ ਵਿੱਚ ਗੰਭੀਰ ਮਰੀਜ਼ਾਂ ਲਈ ਜੀਵਨ ਰੇਖਾ ਵਜੋਂ ਕੰਮ ਕਰੇਗਾ। ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਡਾ. ਬਲਬੀਰ ਸਿੰਘ ਨੇ ਭਰੋਸਾ ਦਿੱਤਾ ਕਿ ਹਸਪਤਾਲ ਵਿੱਚ ਲੋੜੀਂਦਾ ਸਟਾਫ ਹੈ ਹਾਲ ਹੀ ਵਿੱਚ 16 ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁੱਖ ਤੌਰ 'ਤੇ ਨਰਸਿੰਗ ਸਟਾਫ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੰਸਦ ਮੈਂਬਰ ਸੰਜੀਵ ਅਰੋੜਾ ਦੇ ਸਾਂਝੇ ਯਤਨਾਂ ਸਦਕਾ ਹਸਪਤਾਲ ਨੂੰ ਅਪਗ੍ਰੇਡ ਅਤੇ ਨਵੀਨੀਕਰਨ ਕੀਤਾ ਗਿਆ ਹੈ। ਉਨ੍ਹਾਂ ਨੇ ਐਮਪੀਐਲਏਡੀ ਅਤੇ ਸੀਐਸਆਰ ਫੰਡਾਂ ਦੀ ਵਰਤੋਂ ਕਰਕੇ ਹਸਪਤਾਲ ਦੇ ਆਧੁਨਿਕੀਕਰਨ ਵਿੱਚ ਸ਼ਾਨਦਾਰ ਯੋਗਦਾਨ ਲਈ ਐਮਪੀ ਅਰੋੜਾ ਦੀ ਪ੍ਰਸ਼ੰਸਾ ਕੀਤੀ। ਜਦੋਂ ਕਿ ਜ਼ਿਆਦਾਤਰ ਮੁਰੰਮਤ ਦਾ ਕੰਮ ਪੂਰਾ ਹੋ ਗਿਆ ਹੈ ਆਈਸੀਯੂ ਯੂਨਿਟ ਲੰਬਿਤ ਕੰਮਾਂ ਵਿੱਚੋਂ ਇੱਕ ਸੀ।

ਉਨ੍ਹਾਂ ਕਿਹਾ ਇਹ ਲੁਧਿਆਣਾ ਲਈ ਮਾਣ ਵਾਲਾ ਪਲ ਹੈ। ਮੈਂ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਗਤੀਸ਼ੀਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਅਤੇ ਅਟੁੱਟ ਸਮੱਰਥਨ ਲਈ ਦਿਲੋਂ ਧੰਨਵਾਦ ਕਰਦਾ ਹਾਂ। ਇੱਕ ਸਿਹਤਮੰਦ ਪੰਜਾਬ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਸੱਚਮੁੱਚ ਪ੍ਰੇਰਨਾਦਾਇਕ ਹੈ। ਇਕੱਠੇ ਮਿਲ ਕੇ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਗੁਣਵੱਤਾ ਵਾਲੀ ਸਿਹਤ ਸੰਭਾਲ ਹਰੇਕ ਨਾਗਰਿਕ ਤੱਕ ਪਹੁੰਚੇ ਭਾਵੇਂ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਕੁਝ ਵੀ ਹੋਵੇ। ਲੁਧਿਆਣਾ ਦੇ ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਕਿਹਾ ਡੀਐਚ ਲੁਧਿਆਣਾ ਕੋਲ ਪਹਿਲਾਂ ਹੀ 31 ਵੈਂਟੀਲੇਟਰ ਉਪਲਬਧ ਹਨ ਅਤੇ ਹੁਣ ਇਸ ਆਧੁਨਿਕ ਆਈਸੀਯੂ ਅਤੇ ਐਚਡੀਯੂ ਸੈੱਟਅੱਪ ਦੇ ਨਾਲ ਅਸੀਂ ਐਮਰਜੈਂਸੀ ਨੂੰ ਸੰਭਾਲਣ ਅਤੇ ਵਿਸ਼ੇਸ਼ ਦੇਖਭਾਲ ਪ੍ਰਦਾਨ ਕਰਨ ਲਈ ਬਿਹਤਰ ਢੰਗ ਨਾਲ ਤਿਆਰ ਹਾਂ।

## ਸੰਵਿਧਾਨਿਕ ਜਮਹੂਰੀ ਹੱਕਾਂ ਨੂੰ ਦ੍ਰਿੜ੍ਹ ਰਹੀ ਪੰਜਾਬ ਸਰਕਾਰ : ਤਰਕਸ਼ੀਲ ਜੱਥੇਬੰਦੀਆਂ

ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਲੋਕਾਂ ਦੇ ਮਸਲੇ ਹੱਲ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹਿਣ ਕਾਰਣ, ਲੋਕਾਂ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਧਰਨੇ ਮਜਾਹਰਿਆਂ 'ਤੇ ਪਾਬੰਦੀ ਲਾਉਣ ਦੇ ਰਾਹ ਪਈ ਪੰਜਾਬ ਸਰਕਾਰ ਨੇ ਕਿਸਾਨ ਆਗੂਆਂ ਦੀਆਂ ਗ੍ਰਿਫਤਾਰੀਆਂ ਕਰਕੇ ਆਪਣਾ ਲੋਕ ਵਿਰੋਧੀ ਅਸਲ ਚੇਹਰਾ ਨੰਗਾ ਕਰ ਲਿਆ ਹੈ। ਲੁਧਿਆਣਾ ਦੇ ਕਿਸਾਨ ਆਗੂ ਸੁਦਗਰ ਸਿੰਘ ਘੁਡਾਣੀ ਅਤੇ ਹੋਰ ਕਈ ਆਗੂਆਂ ਦੀਆਂ ਗ੍ਰਿਫਤਾਰੀਆਂ ਸਮੇਤ ਹਰ ਰੋਜ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ, ਮਜਦੂਰਾਂ, ਅਧਿਆਪਕਾਂ ਤੇ ਹੋਰ ਮੁਲਾਜਮਾਂ 'ਤੇ ਕੀਤੇ ਜਾਂਦੇ ਲਾਠੀ ਚਾਰਜ ਇਸ ਦਾ ਜਾਹਰਾ ਸਬੂਤ ਹਨ।

ਲੁਧਿਆਣਾ ਦੀਆਂ ਜਨਤਕ, ਜਮਹੂਰੀ, ਤਰਕਸੀਲ ਜੱਥੇਬੰਦੀਆਂ ਜਿਹਨਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸੀਲ ਸੁਸਾਇਟੀ ਪੰਜਾਬ, ਮਹਾਂ ਸਭਾ ਲੁਧਿਆਣਾ, ਇਨਕਲਾਬੀ ਮਜਦੂਰ ਕੇਂਦਰ ਦੇ ਆਗੂਆਂ ਜਸਵੰਤ ਜੀਰਖ, ਅਜਮੇਰ ਦਾਖਾ, ਬਲਵਿੰਦਰ ਸਿੰਘ, ਬਲਕੌਰ ਸਿੰਘ ਗਿੱਲ, ਸੁਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਰਾਜ ਗੱਦੀ ਸੰਭਾਲਣ ਤੋਂ ਪਹਿਲਾਂ, ਵੋਟਾਂ ਵੇਲੇ ਲੋਕਾਂ ਨਾਲ ਕੀਤੇ ਵਾਅਦੇ ਯਾਦ ਕਰਨੇ ਚਾਹੀਦੇ ਹਨ। ਉਸ ਵੇਲੇ ਮੁੱਖ ਮੰਤਰੀ ਵੱਲੋਂ ਵਾਰ ਵਾਰ ਕਿਹਾ ਜਾਂਦਾ ਰਿਹਾ ਹੈ ਕਿ ਸਾਡੀ ਸਰਕਾਰ ਬਣਨ ਉਪਰੰਤ ਕਿਸੇ ਨੂੰ ਵੀ ਧਰਨੇ ਮਜਾਹਰੇ ਕਰਨ ਦੀ ਲੋੜ ਨਹੀਂ ਰਹੇਗੀ। ਕਿਉਂਕਿ ਲੋਕਾਂ ਦੇ ਮਸਲੇ ਤੁਰੰਤ ਹੀ ਹੱਲ ਕੀਤੇ ਜਾਇਆ ਕਰਨਗੇ। ਪਰ ਅਫਸੋਸ ਕਿ ਇਹ ਸਰਕਾਰ ਵੀ ਕੀਤੇ ਵਾਅਦੇ ਭੁਲਾ ਕੇ ਪਹਿਲੀਆਂ ਸਰਕਾਰਾਂ ਤੋਂ ਵੀ ਨਖਿੱਧ ਸਾਬਤ ਹੋ ਰਹੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗ੍ਰਿਫਤਾਰੀਆਂ ਅਤੇ ਜਬਰ ਕਰਨ ਦਾ ਰਾਹ ਛੱਡ ਕੇ ਸਾਰੇ ਲੋਕ ਆਗੂਆਂ ਨੂੰ ਤੁਰੰਤ ਰਿਹਾਅ ਕਰਕੇ ਉਹਨਾਂ ਦੇ ਮਸਲੇ ਹੱਲ ਕਰਨ ਵੱਲ ਸੇਧਤ ਹੋਵੇ। ਉਹਨਾਂ ਕਿਹਾ ਕਿ ਲੋਕਾਂ ਦੇ ਸੰਵਿਧਾਨਿਕ ਜਮਹੂਰੀ ਅਧਿਕਾਰਾਂ ਨੂੰ ਸਤ੍ਹਾ ਦੀ ਤਾਕਤ ਵਰਤਕੇ ਲਿਤਾੜਨ ਵਾਲਿਆਂ ਦਾ ਜੋ ਹਸਰ ਹੁੰਦਾ ਹੈ, ਉਸ ਬਾਰੇ ਇਤਿਹਾਸ ਤੋਂ ਸਬਕ ਸਿੱਖਦਿਆਂ ਕਿਰਤੀ ਵਰਗ ਨੂੰ ਉੱਚਾ ਚੁੱਕਣ ਦੀ ਲੋੜ ਹੈ ਨਾ ਕਿ ਕਾਰਪੋਰੇਟਾਂ ਦੇ ਮੁਨਾਫੇ ਵਧਾਉਣ ਦੀ।

## ਰੁੱਸ ਕੇ ਘਰ ਬੈਠੇ ਅਕਾਲੀ ਆਗੂ ਲੀਲ ਨੂੰ ਮਨਾਉਣ ਪਹੁੰਚੇ ਕਈ ਆਗੂ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਰਾਜ ਚਲ ਰਹੇ ਆਗੂ ਗੁਰਦੀਪ ਸਿੰਘ ਲੀਲ ਨੂੰ ਮਨਾਉਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਲੀਲ ਨੂੰ ਮਨਾਉਣ ਲਈ ਉਨ੍ਹਾਂ ਦੇ ਗ੍ਰਿਹਿ ਲੁਧਿਆਣਾ ਵਿੱਚ ਪਹੁੰਚੀ। ਗੁਰਦੀਪ ਸਿੰਘ ਲੀਲ ਸ਼੍ਰੋਮਣੀ ਅਕਾਲੀ ਦਲ ਦੇ ਪੂਰੀ ਤਰ੍ਹਾਂ ਸਰਗਰਮ ਆਗੂ ਸੀ। ਸ਼੍ਰੋਮਣੀ ਅਕਾਲੀ ਦਲ ਪਾਰਟੀ ਤੋਂ ਦੂਰ ਗਏ ਆਪਣੇ ਵਰਕਰ ਲੀਲ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੇ ਹੱਕ ਵਿਚ ਤੋਰਨ ਦੀ ਲਈ ਅੱਜ ਜਥੇਦਾਰ ਹੀਰਾ ਸਿੰਘ ਗਾਬੜੀਆ, ਬਾਬਾ ਅਜੀਤ ਸਿੰਘ, ਸਮੇਤ ਕਈ ਸੀਨੀਅਰ ਆਗੂ ਅਤੇ ਪਰਉਪਕਾਰ ਸਿੰਘ ਘੁੰਮਣ ਨੇ ਪਿਛਲੇ ਸਮੇਂ ਅਕਾਲੀ ਦਲ ਨੂੰ ਅਲਵਿਦਾ ਆਖ ਘਰ ਬੈਠੇ ਲੀਲ ਦੇ ਘਰ ਪਹੁੰਚੇ। ਲੀਲ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਖੇਤਰ ਵਿਚ ਚੰਗਾ ਪ੍ਰਭਾਵ ਰੱਖਦੇ ਹਨ। ਉਹ ਬੀ.ਸੀ ਵਿੰਗ ਹਲਕਾ ਪੱਛਮੀ ਦੇ ਇੰਚਾਰਜ, ਅਕਾਲੀ ਜੱਥਾ ਸ਼ਹਿਰੀ ਦੇ ਸੀਨੀਅਰ ਮੀਤ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਤ ਲਈ ਹਰ ਸੰਘਰਸ਼ ਵਿੱਚ ਸ਼ਮੂਲੀਅਤ ਕਰਨ ਤੋਂ ਇਲਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚ ਵੀ ਲੰਮਾ ਸਮਾਂ ਸਰਗਰਮ ਰਹੇ ਹਨ। ਇਸ ਮੌਕੇ ਸਮੁੱਚੀ ਲੀਡਰਸ਼ਿਪ ਵਲੋਂ ਲੀਲ ਨੂੰ ਗੁੱਸੇ ਗਿੱਲੇ ਭੁਲਾ ਕੇ ਪਾਰਟੀ ਉਮੀਦਵਾਰ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਲਈ ਕਿਹਾ ਪਰ ਲੀਲ ਨੇ ਚਾਹੇ ਸ਼੍ਰੋਮਣੀ ਅਕਾਲੀ ਦਲ ਨਾਲ ਖੁੱਲ੍ਹ ਕੇ ਚੱਲਣ ਵਿਚ ਕੋਈ ਬਹੁਤੀ ਦਿਲਚਸਪੀ ਨਹੀਂ ਦਿਖਾਈ ਆਪਣੀ ਨਰਾਜਗੀ ਵੀ ਅੱਜ ਖੁੱਲ ਕੇ ਪਾਰਟੀ ਆਗੂਆਂ ਦੇ ਸਾਹਮਣੇ ਰੱਖੀ, ਪਰ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਨੂੰ ਆਪਣੀਆਂ ਪਰਿਵਾਰਕ ਵੋਟਾਂ ਪਾਉਣ ਦਾ ਭਰੋਸਾ ਜ਼ਰੂਰ ਦਵਾਇਆ।




ਹੈਲਥ ਹਾਈਜਿਨ ਅਤੇ ਵਾਤਾਵਰਨ ਅਵੇਅਰਨੇਸ ਕੈਂਪ ਗੋਬਿੰਦ ਨੈਸ਼ਨਲ ਕਾਲਜ਼ ਵਿਖੇ ਕਰਵਾਇਆ ਗਿਆ। ਇਹ ਕੈਂਪ ਪਿਓਰ ਹਾਰਟ ਐਨ.ਜੀ.ਓ ਵੱਲੋਂ ਡਾ. ਪੁਨੀਤ ਕੌਰ ਗਰੇਵਾਲ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਕੈਂਪ ਵਿੱਚ ਦੁਬਈ ਤੋਂ ਟੀਮ ਪਹੁੰਚੀ ਆਪਣੇ ਵਿਚਾਰ ਸਾਂਝੇ ਕਰਨ ਲਈ। ਇਸ ਮੌਕੇ ਤੇ ਡਾਕ.ਰਮਨਦੀਪ ਕੌਰ, ਸਰਪੰਚ ਮਨਜਿੰਦਰ ਸਿੰਘ ਗਰੇਵਾਲ, ਚੰਨਪ੍ਰੀਤ ਸਿੰਘ ਚੰਨੀ, ਜਸਕਰਨ ਸਿੰਘ ਅਤੇ ਹੋਰ ਪੰਚ ਸਰਪੰਚ ਹਾਜ਼ਰ ਸਨ।

*ਫੋਟੋ ਅਤੇ ਵੇਰਵਾ :- ਅਮਰਜੀਤ ਸਿੰਘ ਸੰਧੂ/ਮਨਜੀਤ ਸਿੰਘ ਰਿੰਕੂ*

## 10 ਮਈ ਨੂੰ ਹੋਣ ਵਾਲੇ ਮਿਲਬੂਰਾ ਆਸਟ੍ਰੇਲੀਆ ਖੇਡ ਮੇਲੇ ਦੀਆਂ ਤਿਆਰੀਆਂ ਮੁਕੰਮਲ



ਲੁਧਿਆਣਾ, 7 ਮਈ (ਕਰਨੈਲ ਸਿੰਘ ਐੱਮ.ਏ.) : ਵਿਕਟੋਰੀਆ ਸਟੇਟ ਦੇ ਚਰਚਿਤ ਸਿਟੀ ਅਤੇ ਪੰਜਾਬੀ ਵੱਸੋਂ ਵਾਲੇ ਸ਼ਹਿਰ ਮਿਲਬੂਰਾ ਵਿਖੇ ਤੀਸਰਾ ਕਬੱਡੀ ਕੱਪ ਅਤੇ ਖੇਡ ਮੇਲਾ 10 ਮਈ ਦਿਨ ਸ਼ਨੀਵਾਰ ਨੂੰ ਸ਼ਹੀਦ ਊਧਮ ਸਿੰਘ ਕਲੱਬ ਵੱਲੋਂ ਮਿਲਬੂਰਾ ਸਪੋਰਟਿੰਗ ਪ੍ਰੈਸਾਇੰਟ ਦੇ ਖੇਡ ਮੈਦਾਨਾਂ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਖੇਡਾਂ ਦੇ ਮੁੱਖ ਪ੍ਰਬੰਧਕ ਸਤਵਿੰਦਰਜੀਤ ਸਿੰਘ, ਬੌਬੀ ਗਿੱਲ ਨੇ ਦੱਸਿਆ ਕਿ ਮਿਲਬੂਰਾ ਖੇਡ ਮੇਲੇ ਦੀਆਂ ਤਿਆਰੀਆਂ ਪੂਰੀ ਤਰਾਂ ਮੁਕੰਮਲ ਹੋ ਚੁੱਕੀਆਂ ਹਨ। ਉਹਨਾਂ ਦੱਸਿਆ ਕਿ ਮਿਲਬੂਰਾ ਮੇਲੇ ਦਾ ਮੁੱਖ ਮਕਸਦ ਜਿੱਥੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨਾ ਹੈ, ਉਥੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ, ਦੁਨੀਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸੰਦੇਸ਼ ਦੇਣਾ ਹੈ। ਉਹਨਾਂ ਦੱਸਿਆ ਇਹਨਾਂ ਖੇਡਾਂ ਵਿੱਚ ਕਬੱਡੀ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ, ਜਿਸ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ 8 ਟੀਮਾਂ ਹਿੱਸਾ ਲੈਣਗੀਆਂ। ਮਾਣ ਵਾਲੀ ਗੱਲ ਇਹ ਹੈ ਕਿ ਖੇਡ ਮੇਲੇ ਵਿੱਚ ਨਿਊਜ਼ੀਲੈਂਡ ਦੀ ਕਬੱਡੀ ਟੀਮ ਵੀ ਹਿੱਸਾ ਲਵੇਗੀ। ਇਸ ਤੋਂ ਇਲਾਵਾ ਬੱਚਿਆਂ ਦੇ ਅਥਲੈਟਿਕਸ ਅਤੇ ਕੁਸ਼ਤੀ ਦੇ ਮੁਕਾਬਲੇ, ਫੁਟਬਾਲ, ਰੱਸਾਕਸ਼ੀ, ਮਿਊਜ਼ੀਕਲ ਚੇਅਰ ਰੇਸ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਫੁੱਟਬਾਲ ਦੇ ਵਰਗ ਵਿੱਚ 20 ਟੀਮਾਂ, ਰੱਸਾਕਸ਼ੀ ਵਿੱਚ 8 ਟੀਮਾਂ ਇਸ ਤੋਂ ਇਲਾਵਾ ਅਥਲੈਟਿਕਸ ਦੇ ਵਿੱਚ 100 ਤੋਂ ਵੱਧ ਅਥਲੀਟ ਖੇਡਣਗੇ। ਇਸ ਤੋਂ ਇਲਾਵਾ ਸਿੰਘ ਸਭਾ ਗੁਰਦੁਆਰਾ ਸਾਹਿਬ ਮਿਲਬੂਰਾ ਵਿਖੇ ਪ੍ਰਬੰਧਕੀ ਕਮੇਟੀ ਅਤੇ ਸੰਗਤਾਂ ਵੱਲੋਂ ਸਮੂਹ ਖਿਡਾਰੀਆਂ ਅਤੇ ਆਉਣ ਵਾਲੇ ਦਰਸ਼ਕਾਂ ਲਈ ਲੰਗਰ ਦਾ ਵਧੀਆ ਪ੍ਰਬੰਧ ਕੀਤਾ ਜਾਵੇਗਾ। ਗੁਰੂ ਘਰ ਦੇ ਵਿੱਚ ਮਠਿਆਈਆਂ, ਲੱਡੂ, ਮੱਠੀਆਂ ਆਦਿ ਦੇ ਪਕਵਾਨ ਪੱਕਣੇ ਸ਼ੁਰੂ ਹੋ ਗਏ ਹਨ। ਬੀਬੀਆਂ ਵੀ ਵੱਡੀ ਗਿਣਤੀ ਵਿੱਚ ਪਕਵਾਨ ਪਕਾਉਣ ਦੇ ਵਿੱਚ ਹਿੱਸਾ ਲੈ ਰਹੀਆਂ ਹਨ।

## 3 ਪੰਜਾਬ ਗਰਲਜ਼ ਬਟਾਲੀਅਨ ਐਨ. ਸੀ. ਸੀ. ਵੱਲੋਂ ਮੌਕ ਡ੍ਰਿਲ



ਲੁਧਿਆਣਾ, 7 ਮਈ (ਵਿਸ਼ਾਲ ਸ਼ਰਮਾ) : ਪਹਿਲਗਾਮ ਹਮਲੇ ਕਾਰਨ ਪਾਕਿਸਤਾਨ ਵਿਰੁੱਧ ਜਵਾਬੀ ਹਮਲੇ ਦੀ ਤਿਆਰੀ ਬਾਰੇ ਮੌਕ ਡ੍ਰਿਲ 3 ਪੀਬੀ ਜੀ ਬੀਐਨ ਵੱਲੋਂ 20 ਵਿੱਦਿਅਕ ਸੰਸਥਾਵਾਂ ਵਿੱਚ ਕੀਤੀ ਗਈ। ਨੌਜਵਾਨਾਂ ਵਿੱਚ ਆਫ਼ਤ ਦੀ ਤਿਆਰੀ ਅਤੇ ਜਾਗਰੂਕਤਾ ਵਧਾਉਣ ਲਈ ਇੱਕ ਵੱਡੀ ਪਹਿਲਕਦਮੀ ਵਜੋਂ 3 ਪੀਬੀ ਜੀ ਬੀਐਨ ਐਨਸੀਸੀ ਨੇ ਆਪਣੇ ਅਧਿਕਾਰ ਖੇਤਰ ਅਧੀਨ 20 ਸਕੂਲਾਂ ਅਤੇ ਕਾਲਜਾਂ ਵਿੱਚ ਇੱਕ ਵਿਆਪਕ ਮੌਕ ਡ੍ਰਿਲ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਸੀਓ, ਪੀਆਈ ਸਟਾਫ, ਜੀਸੀਆਈ, ਏਐਨਓ, ਐਨਸੀਸੀ ਕੈਡਿਟਾਂ ਅਤੇ ਵਿਦਿਆਰਥੀਆਂ ਨੇ ਐਮਰਜੈਂਸੀ ਪ੍ਰਤੀਕਿਰਿਆ ਪ੍ਰੋਟੋਕੋਲ ਨੂੰ ਸਮਝਣ ਅਤੇ ਅਭਿਆਸ ਕਰਨ ਲਈ ਇਕੱਠੇ ਹੋ ਕੇ ਸਰਗਰਮ ਭਾਗੀਦਾਰੀ ਕੀਤੀ।

ਮੌਕ ਡ੍ਰਿਲ ਦਾ ਉਦੇਸ਼ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈਆਂ ਆਫ਼ਤਾਂ ਦੌਰਾਨ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਵਿਧੀਆਂ ਬਾਰੇ ਨੌਜਵਾਨ ਮਨਾਂ ਨੂੰ ਸਿੱਖਿਅਤ ਕਰਨਾ ਸੀ। ਇਹ ਅਭਿਆਸ ਬੈਨਰ, ਪਾਵਰਪੁਆਇੰਟ ਪੇਸ਼ਕਾਰੀਆਂ, ਲਾਈਵ ਪ੍ਰਦਰਸ਼ਨਾਂ, ਵੀਡੀਓਜ਼ ਅਤੇ ਜਾਣਕਾਰੀ ਭਰਪੂਰ ਚਾਰਟਾਂ ਸਮੇਤ ਵੱਖ-ਵੱਖ ਇੰਟਰਐਕਟਿਵ ਮਾਧਿਅਮਾਂ ਰਾਹੀਂ ਕੀਤਾ ਗਿਆ ਸੀ।

ਇਨ੍ਹਾਂ ਸਾਧਨਾਂ ਨੇ ਐਮਰਜੈਂਸੀ ਸਥਿਤੀਆਂ ਵਿੱਚ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਦੀ ਵਿਜ਼ੂਅਲ ਅਤੇ ਵਿਹਾਰਕ ਸਮਝ ਪ੍ਰਦਾਨ ਕਰਨ ਵਿੱਚ ਮਦਦ ਕੀਤੀ। ਯੂਨਿਟ ਦੇ ਸਟਾਫ਼ ਨੇ ਭਾਗ ਲੈਣ ਵਾਲੇ ਅਦਾਰਿਆਂ ਦਾ ਦੌਰਾ ਕੀਤਾ ਗਤੀਵਿਧੀਆਂ ਦੀ ਨੇੜਿਓਂ ਨਿਗਰਾਨੀ ਕੀਤੀ ਅਤੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਉਤਸ਼ਾਹਿਤ ਕੀਤਾ।

## ਉੱਘੇ ਦਾਰਸ਼ਨਿਕ ਕਾਰਲ ਮਾਰਕਸ ਨੂੰ ਜਨਮ ਦਿਨ 'ਤੇ ਯਾਦ ਕੀਤਾ



ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ) : ਅਜੋਕੇ ਸਮੇਂ ਦੇਸ਼ ਨੂੰ ਸਮਾਜਿਕ ਟੁੱਟ-ਭੱਜ, ਫਿਰਕਾਪ੍ਰਸਤੀ, ਜਾਤੀਵਾਦ, ਬੇਇਨਸਾਫੀ ਅਤੇ ਗੁਲਾਮੀ ਦੀਆਂ ਤਾਕਤਾਂ ਤੋਂ ਬਚਾਉਣ ਲਈ ਵੀ ਮਿਹਨਤਕਸ ਜਮਾਤ ਨੂੰ ਅੱਗੇ ਆ ਕੇ ਆਪਣਾ ਇਤਿਹਾਸਕ ਫਰਜ ਨਿਭਾਉਣਾ ਪਵੇਗਾ। ਉਨ੍ਹਾਂ ਨੂੰ ਵਿਸਵ ਨੂੰ ਪ੍ਰਮਾਣੂ ਤਬਾਹੀ ਅਤੇ ਜਲਵਾਯੂ ਤਬਦੀਲੀਆਂ ਤੋਂ ਬਚਾਉਣ ਦੀ ਚੁਣੌਤੀ ਦਾ ਵੀ ਸਾਹਮਣਾ ਕਰਨਾ ਪਵੇਗਾ, ਜੋ ਅੱਜ ਮਨੁੱਖਤਾ ਦੀ ਹੋਂਦ ਲਈ ਖਤਰਾ ਹਨ। ਇਹ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਇਕਾਈ ਵੱਲੋਂ ਮਜਦੂਰ ਸੰਘਰਸ਼ਾਂ, ਵਿਗਿਆਨਕ ਸਮਾਜਵਾਦ ਦੇ ਨਿਰਮਾਤਾ ਅਤੇ ਕਮਿਊਨਿਸਟ ਮੈਨੀਫੈਸਟੋ ਦੇ ਲੇਖਕ ਮਹਾਨ ਦਾਰਸਨਿਕ ਕਾਰਲ ਮਾਰਕਸ ਦੇ ਜਨਮ ਦਿਨ ਮੌਕੇ ਆਯੋਜਿਤ ਵਿਚਾਰ ਚਰਚਾ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕੀਤਾ। ਵਿਆਪਕ ਖੋਜ ਰਾਹੀਂ ਮਾਰਕਸ ਨੇ ਸਿੱਟਾ ਕੱਢਿਆ ਕਿ ਲੋਕਾਂ ਦੀਆਂ ਸਮੱਸਿਆਵਾਂ ਕਿਸੇ ਰੱਬੀ ਫਰਮਾਨ ਕਰਕੇ ਨਹੀਂ ਹਨ ਬਲਕਿ ਮਨੁੱਖ ਦੁਆਰਾ ਮਨੁੱਖ ਦੇ ਸ਼ੋਸ਼ਣ ਦਾ ਨਤੀਜਾ ਹਨ, ਇਸ ਲਈ ਮਿਹਨਤਕਸ ਜਨਤਾ ਨੂੰ ਆਪਣੀ ਮੁਕਤੀ ਲਈ ਸੰਘਰਸ ਕਰਨਾ ਪੈਂਣਾ ਹੈ। 'ਮਜਦੂਰਾਂ ਕੋਲ ਗੁਆਉਣ ਲਈ ਕੁਝ ਨਹੀਂ ਹੈ, ਸਿਵਾਏ ਜੰਜੀਰਾਂ ਦੇ। ਅਜੋਕੀਆਂ ਘਟਨਾਵਾਂ ਨੂੰ ਮਾਰਕਸਵਾਦ ਨਾਲ ਜੋੜਦਿਆਂ ਬੁਲਾਰਿਆਂ ਨੇ ਕਿਹਾ ਕਿ ਅੱਜ 1 ਆਬਾਦੀ ਸੰਸਾਰ ਦੀ ਦੌਲਤ ਨੂੰ ਕੰਟਰੋਲ ਕਰਦੀ ਹੈ।

ਦੁਨੀਆਂ ਦੇ ਕਈ ਹਿੱਸਿਆਂ ਨੂੰ ਜੰਗਾਂ ਵੱਲ ਧੱਕ ਦਿੱਤਾ ਗਿਆ ਹੈ। ਨਤੀਜੇ ਵਜੋਂ ਸਮਾਜ ਦੇ ਵੱਡੇ ਹਿੱਸੇ ਆਪਣੀਆਂ ਬੁਨਿਆਦੀ ਲੋੜਾਂ ਤੋਂ ਵਾਂਝੇ ਰਹਿ ਗਏ ਹਨ ਖਾਸ ਕਰਕੇ ਵਿਕਾਸਸੀਲ ਦੇਸ਼ਾਂ ਵਿੱਚ। ਪਰ ਹਥਿਆਰ ਬਣਾਉਣ ਵਾਲੇ ਉਦਯੋਗ (ਮਿਲਟਰੀ ਇੰਡਸਟਰੀਅਲ ਕੰਪਲੈਕਸ) ਮਨੁੱਖੀ ਜਾਨਾਂ ਦੀ ਕੀਮਤ 'ਤੇ ਭਾਰੀ ਮੁਨਾਫਾ ਕਮਾ ਰਹੇ ਹਨ। ਸਾਡੇ ਦੇਸ਼ ਵਿੱਚ ਮਜਦੂਰਾਂ ਦੇ ਅਧਿਕਾਰਾਂ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਮਜਦੂਰਾਂ ਵੱਲੋਂ ਪਿਛਲੇ 150 ਸਾਲ ਵਿੱਚ ਪ੍ਰਾਪਤ ਕੀਤੇ ਲੇਬਰ ਕਾਨੂੰਨਾਂ ਨੂੰ ਖਤਮ ਕਰਕੇ ਲਿਆਂਦੇ ਗਏ ਚਾਰ ਕੋਡ ਮਜਦੂਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਗੇ।

## ਅੰਤਰਰਾਸ਼ਟਰੀ ਡਾਕਟਰਾਂ ਨੇ ਦੱਖਣੀ ਏਸ਼ੀਆ 'ਚ ਮਹਿਸੂਸ ਕੀਤੀ ਵਿਨਾਸ਼ਕਾਰੀ ਪ੍ਰਮਾਣੂ ਟਕਰਾਅ ਦੇ ਖ਼ਤਰੇ ਦੀ ਚੇਤਾਵਨੀ

ਲੁਧਿਆਣਾ, 7 ਮਈ (ਰਵਿੰਦਰ ਸਿੰਘ ਨਿੱਝਰ): ਇੰਟਰਨੈਸ਼ਨਲ ਫਿਜੀਸ਼ੀਅਨਜ਼ ਫਾਰ ਪ੍ਰੀਵੈਨਸ਼ਨ ਆਫ ਨਿਊਕਲੀਅਰ ਵਾਰ ਨਾਮਕ ਜੱਥੇਬੰਦੀ ਦੇ ਕਾਰਜਕਾਰੀ ਨਿਰਦੇਸਕ ਮਾਈਕਲ ਕ੍ਰਾਈਸਟ ਨੇ ਕਿਹਾ, "ਇਨ੍ਹਾਂ ਦੋ ਪ੍ਰਮਾਣੂ ਹਥਿਆਰਬੰਦ ਦੇਸਾਂ ਵਿਚਕਾਰ ਟਕਰਾਅ ਇੱਕ ਵਿਨਾਸਕਾਰੀ ਪ੍ਰਮਾਣੂ ਟਕਰਾਅ ਦਾ ਜੋਖਮ ਰੱਖਦਾ ਹੈ। "ਦੁਨੀਆਂ ਖੁਸਕਿਸਮਤ ਹੋ ਸਕਦੀ ਹੈ ਅਤੇ ਦੁਬਾਰਾ ਪ੍ਰਮਾਣੂ ਗੋਲੀ ਤੋਂ ਬਚ ਸਕਦੀ ਹੈ, ਪਰ ਅਸੀਂ ਇਸ ਤਰ੍ਹਾਂ ਪ੍ਰਮਾਣੂ ਰੂਲੇਟ ਖੇਡ ਖੇਡਣਾ ਜਾਰੀ ਨਹੀਂ ਰੱਖ ਸਕਦੇ। ਇਹ ਯਕੀਨੀ ਬਣਾਉਣ ਦਾ ਇੱਕੋ ਇੱਕ ਤਰੀਕਾ ਹੈ ਕਿ ਅਸੀਂ ਪ੍ਰਮਾਣੂ ਸਰਬਨਾਸ ਵਿੱਚ ਨਾ ਫਸੀਏ, ਇਸ ਤੋਂ ਪਹਿਲਾਂ ਕਿ ਉਹ ਸਾਨੂੰ ਖਤਮ ਕਰ ਦੇਣ, ਇਹਨਾਂ ਹਥਿਆਰਾਂ ਨੂੰ ਖਤਮ ਕਰ ਦਿੱਤਾ ਜਾਵੇ। "ਜੱਥੇਬੰਦੀ ਨੇ ਸਾਰੇ ਦੇਸਾਂ ਨੂੰ ਅਪੀਲ ਕੀਤੀ ਕਿ ਉਹ 100 ਰਾਜਾਂ ਵਿੱਚ ਸਾਮਲ ਹੋਣ ਜਿਨ੍ਹਾਂ ਨੇ ਪਹਿਲਾਂ ਹੀ ਪ੍ਰਮਾਣੂ ਹਥਿਆਰਾਂ ਦੀ ਮਨਾਹੀ 'ਤੇ ਸੰਧੀ 'ਤੇ ਦਸਤਖਤ ਕੀਤੇ ਹਨ, ਅਤੇ ਹੁਣ ਵਾਅਦਾ ਕਰੋ, ਜਿਵੇਂ ਕਿ ਉਹ ਇਸ ਪ੍ਰਕਿਰਿਆ ਵਿੱਚ ਸਾਮਲ ਹਨ, ਕਦੇ ਵੀ ਆਪਣੇ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾ ਕਰਨ। ਉਨ੍ਹਾਂ ਕਿਹਾ ਕਿ ਦੱਖਣੀ ਏਸੀਆ ਵਿੱਚ ਪ੍ਰਮਾਣੂ ਟਕਰਾਅ ਹਥਿਆਰਾਂ ਦੇ ਸਿੱਧੇ ਪ੍ਰਭਾਵਾਂ ਤੋਂ ਸਥਾਨਕ ਤੌਰ 'ਤੇ 100 ਮਿਲੀਅਨ ਤੋਂ ਵੱਧ ਲੋਕਾਂ ਦੀ ਜਾਨ ਲੈ ਸਕਦਾ ਹੈ ਅਤੇ ਅਸਿੱਧੇ ਪ੍ਰਭਾਵ ਹੋਰ ਵੀ ਵਿਨਾਸਕਾਰੀ ਹੋਣਗੇ। ਉਸਨੇ ਕਿਹਾ। ਇਨ੍ਹਾਂ ਹਥਿਆਰਾਂ ਦੁਆਰਾ ਚਲਾਈਆਂ ਜਾਣ ਵਾਲੀਆਂ ਅੱਗਾਂ ਦਾ ਧੂੰਆਂ ਉੱਪਰਲੇ ਵਾਯੂਮੰਡਲ ਵਿੱਚ ਕਾਲੀ ਮਿੱਟੀ ਫੈਲਾਏਗਾ, ਸੂਰਜ ਦੀ ਰੌਸਨੀ ਨੂੰ ਰੋਕ ਦੇਵੇਗਾ ਅਤੇ ਵਿਸਵ ਭਰ ਵਿੱਚ ਜਲਵਾਯੂ ਵਿਘਨ ਪਾਵੇਗਾ। ਨਤੀਜੇ ਵਜੋਂ ਆਉਣ ਵਾਲੇ ਅਕਾਲ ਨਾਲ ਅਗਲੇ ਦੋ ਸਾਲਾਂ ਵਿੱਚ ਲੱਖਾਂ ਲੋਕ, ਸਾਇਦ 2 ਅਰਬ ਲੋਕ ਮਾਰੇ ਜਾ ਸਕਦੇ ਹਨ। ਆਈ ਪੀ ਪੀ ਐਨ ਡਬਲਯੂ ਦੇ ਬੋਰਡ ਦੀ ਚੇਅਰਪਰਸਨ ਡਾ. ਰੂਥ ਮਿਸੇਲ ਨੇ ਪਿਛਲੇ ਸਾਲ ਦੁਨੀਆਂ ਭਰ ਦੇ 150 ਤੋਂ ਵੱਧ ਮੈਡੀਕਲ ਜਰਨਲਾਂ ਵਿੱਚ ਪ੍ਰਕਾਸ਼ਿਤ ਇੱਕ ਸੰਪਾਦਕੀ ਦਾ ਹਵਾਲਾ ਦਿੱਤਾ ਜਿਸ ਵਿੱਚ ਪ੍ਰਮਾਣੂ ਯੁੱਧ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ।

## ਸਰਾਂ ਅੱਖਾਂ ਦਾ ਕਲੀਨਿਕ ਪੱਖੋਵਾਲ ਵੱਲੋਂ ਨਾਰੰਗਵਾਲ ਵਿਖੇ ਨਵੀਂ ਬ੍ਰਾਂਚ ਜਲਦ : ਡਾ. ਸੁਮੀਤ ਸਰਾਂ



ਜੋਧਾਂ, 7 ਮਈ (ਅਮਰਜੀਤ ਸਿੰਘ ਸੰਧੂ/ ਮਨਜੀਤ ਸਿੰਘ ਰਿੰਕੂ) : ਸਰਾਂ ਅੱਖਾਂ ਦਾ ਕਲੀਨਿਕ ਪੱਖੋਵਾਲ ਵੱਲੋਂ ਨਵੀਂ ਬ੍ਰਾਂਚ ਸਮਰੀਤ ਅੱਖਾਂ ਦਾ ਕਲੀਨਿਕ ਜਲਦ ਹੀ ਖੁੱਲ੍ਹ ਰਹੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ.ਸੁਮੀਤ ਸਰਾਂ ਨੇ ਦੱਸਿਆਂ ਕਿ ਇਹ ਬ੍ਰਾਂਚ ਪਿੰਡ ਨਾਰੰਗਵਾਲ ਵਿਖੇ ਜਲਦ ਹੀ ਖੁੱਲ੍ਹਣ ਜਾ ਰਹੀ ਹੈ। ਇਸ ਕਲੀਨਿਕ ਵਿੱਚ ਵੀ ਅੱਖਾਂ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੀ ਜਾਂਚ ਅਤੇ ਇਲਾਜ਼ ਕੀਤਾ ਜਾਵੇਗਾ। ਨਜ਼ਰ ਅਤੇ ਧੁੱਪ ਦੀਆਂ ਐਨਕਾਂ ਹਰ ਐਤਵਾਰ ਸਵੇਰੇ 9 ਤੋਂ 7 ਵਜੇ ਤੱਕ ਦਿੱਤੀਆਂ ਜਾਣਗੀਆਂ। ਲੋੜਵੰਦ ਮਰੀਜ਼ਾਂ ਲਈ ਮੁਫਤ ਦਵਾਈ ਦੀ ਸਹੂਲਤ ਵੀ ਹੋਵੇਗੀ। ਲੋੜਵੰਦ ਮਰੀਜ਼ ਕਲੀਨਿਕ 'ਤੇ ਪਹੁੰਚ ਕੇ ਅੱਖਾਂ ਦੀ ਜਾਂਚ ਕਰਵਾਉਣ ਅਤੇ ਦਵਾਈ ਲੈਣ।

# ਪੂਰੇ ਦੇਸ਼ 'ਚ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਨੂੰ ਡੇਢ ਲੱਖ ਤੱਕ ਕੈਸ਼ਲੈੱਸ ਇਲਾਜ ਦੀ ਮਿਲੇਗੀ ਸਹੂਲਤ

ਨਵੀਂ ਦਿੱਲੀ, 7 ਮਈ (ਚ.ਨ.ਸ.): ਦੇਸ਼ 'ਚ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਨੂੰ ਨਿਰਧਾਰਤ ਹਸਪਤਾਲਾਂ 'ਚ ਪਹਿਲੇ 7 ਦਿਨਾਂ ਲਈ ਡੇਢ ਲੱਖ ਰੁਪਏ ਤੱਕ ਕੈਸ਼ਲੈੱਸ ਇਲਾਜ ਦੀ ਸਹੂਲਤ ਮਿਲੇਗੀ। ਇਹ ਜਾਣਕਾਰੀ ਇਕ ਨੋਟੀਫਿਕੇਸ਼ਨ 'ਚ ਦਿੱਤੀ ਗਈ ਹੈ। ਸੜਕੀ ਆਵਾਜਾਈ ਤੇ ਰਾਜਮਾਰਗ ਮੰਤਰਾਲੇ ਵੱਲੋਂ ਬੀਤੇ ਦਿਨੀਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਇਹ ਯੋਜਨਾ 5 ਮਈ ਤੋਂ ਲਾਗੂ ਹੋ ਗਈ ਹੈ। ਇਸ ਯੋਜਨਾ ਦਾ ਮੰਤਵ ਹਰ ਸਾਲ ਸੜਕ ਹਾਦਸਿਆਂ 'ਚ ਸਮੇਂ ਸਿਰ ਡਾਕਟਰੀ ਮਦਦ ਦੀ ਘਾਟ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਨੂੰ ਘਟਾਉਣਾ ਹੈ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਕਿਸੇ ਵੀ ਸੜਕ 'ਤੇ ਹਾਦਸੇ ਦਾ ਸ਼ਿਕਾਰ ਹੋਣ ਵਾਲਾ ਕੋਈ ਵੀ ਵਿਅਕਤੀ ਇਸ ਯੋਜਨਾ ਦੇ ਉਪਬੰਧਾਂ ਅਨੁਸਾਰ ਕੈਸ਼ਲੈੱਸ ਇਲਾਜ ਦਾ ਹੱਕਦਾਰ ਹੋਵੇਗਾ। ਰਾਸ਼ਟਰੀ ਸਿਹਤ ਅਥਾਰਟੀ ਨੂੰ ਪੁਲਿਸ, ਹਸਪਤਾਲਾਂ ਅਤੇ ਰਾਜ ਸਿਹਤ ਏਜੰਸੀਆਂ ਨਾਲ ਪ੍ਰੋਗਰਾਮ ਦਾ ਤਾਲਮੇਲ ਕਰਨ ਵਾਲੀ ਏਜੰਸੀ ਬਣਾਇਆ ਗਿਆ ਹੈ। ਨੋਟੀਫਿਕੇਸ਼ਨ ਅਨੁਸਾਰ ਇਸ ਯੋਜਨਾ ਅਧੀਨ ਨਿਰਧਾਰਤ ਹਸਪਤਾਲ ਤੋਂ ਇਲਾਵਾ ਕਿਸੇ ਵੀ ਹੋਰ ਹਸਪਤਾਲ 'ਚ ਇਲਾਜ ਸਿਰਫ ਜ਼ਖ਼ਮੀ ਦੀ ਸਥਿਤੀ ਨੂੰ ਸਥਿਰ ਕਰਨ ਦੇ ਇਰਾਦੇ ਨਾਲ ਨਿਰਧਾਰਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੋਵੇਗਾ। ਰਾਜ ਸੜਕ ਸੁਰੱਖਿਆ ਕੌਂਸਲ ਸਬੰਧਤ ਸੂਬੇ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਲਈ ਯੋਜਨਾ ਨੂੰ ਲਾਗੂ ਕਰਨ ਵਾਲੀ ਨੋਡਲ ਏਜੰਸੀ ਹੋਵੇਗੀ। ਉਹ ਨਾਮਜ਼ਦ ਹਸਪਤਾਲਾਂ ਨੂੰ ਸ਼ਾਮਲ ਕਰਨ, ਜ਼ਖ਼ਮੀਆਂ ਦੇ ਇਲਾਜ, ਸਬੰਧਤ ਹਸਪਤਾਲ ਨੂੰ ਭੁਗਤਾਨ, ਜ਼ੁਰਮਾਂ ਮਾਮਲਿਆਂ ਲਈ ਪੋਰਟਲ ਨੂੰ ਅਪਣਾਉਣ 'ਤੇ ਵਰਤੋਂ ਲਈ ਰਾਸ਼ਟਰੀ ਸਿਹਤ ਅਥਾਰਟੀ ਨਾਲ ਤਾਲਮੇਲ ਕਰਨ ਲਈ ਜ਼ਿੰਮੇਵਾਰ ਹੋਵੇਗੀ।

# ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਟਰੱਸਟ ਹਰੀਹਰ ਘਾਟ ਮਨੀਕਰਨ ਸਾਹਿਬ ਵਿਖੇ ਮਹਾਨ ਸਾਲਾਨਾ ਸਮਾਗਮ ਸ਼ੁਰੂ

ਕੁੱਲੂ, 7 ਮਈ (ਚ.ਨ.ਸ.): ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਟਰੱਸਟ ਹਰੀਹਰ ਘਾਟ, ਮਣੀਕਰਨ ਸਾਹਿਬ ਵਿਖੇ ਬੀਤੇ ਦਿਨੀਂ ਮਹਾਨ ਸਾਲਾਨਾ ਸਮਾਗਮ ਸ਼ੁਰੂ ਹੋਏ, ਜੋ 12 ਮਈ ਤੱਕ ਚੱਲਣਗੇ। ਪੂਜਨੀਕ ਦੇਵਾ ਜੀ ਦੀ ਸਰਪ੍ਰਸਤੀ ਹੇਠ ਇਹ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ। ਇਹ ਉਹ ਪਵਿੱਤਰ ਥਾਂ ਹੈ, ਜਿਸ ਬਾਰੇ ਭਾਈ ਬਾਲਾ ਜੀ ਵਾਲੀ ਜਨਮ ਸਾਖੀ ਤੇ ਸਿੱਖ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ ਭੁੱਲੇ ਭਟਕੇ ਸੰਸਾਰੀਆਂ ਨੂੰ ਤਾਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਅਸਥਾਨ 'ਤੇ ਪੁੱਜੇ ਸਨ। 12 ਮਈ ਤੱਕ ਇਥੇ ਦੀਵਾਨ ਸਜਾਏ ਜਾਣਗੇ, ਜਿਸ ਦੌਰਾਨ ਉੱਚ ਕੋਟੀ ਦੇ ਸੰਤ ਮਹਾਤਮਾ, ਕੀਰਤਨੀ ਜਥੇ ਅਤੇ ਕਵੀ ਗੁਰੂ-ਜਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸਰਬੱਤ ਦੇ ਭਲੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਪਤਾਹਿਕ ਪਾਠ ਮੰਗਲਵਾਰ ਸ਼ੁਰੂ ਹੋਏ, ਜਿਨ੍ਹਾਂ ਦੀ ਸਮਾਪਤੀ 12 ਮਈ ਨੂੰ ਹੋਵੇਗੀ। 9 ਮਈ ਨੂੰ ਅੰਗੀਠਾ ਸਾਹਿਬ ਸ਼ੁਰੂ ਹੋਣਗੇ ਤੇ ਉਨ੍ਹਾਂ ਦੀ ਸਮਾਪਤੀ 11 ਮਈ ਨੂੰ ਹੋਵੇਗੀ। ਮੌਜੂਦਾ ਸਮੇਂ 'ਚ ਪੂਜਨੀਕ ਦੇਵਾ ਜੀ ਇਸ ਅਸਥਾਨ ਦੇ ਮੁਖੀ ਹਨ ਤੇ ਪਰਮ ਪੂਜਨੀਕ ਬਾਬਾ ਜੀ ਦੇ ਜਵਾਈ ਬਾਬਾ ਸ੍ਰੀ ਰਾਮ ਜੀ ਪ੍ਰਬੰਧ ਕਾਰਜ ਸੰਭਾਲਦੇ ਹਨ।

# ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਸਭਾ ਦੇ ਮੈਂਬਰਾਂ ਦਾ ਵੱਡਾ ਇਕੱਠ

ਲੰਡਨ, 7 ਮਈ (ਚ.ਨ.ਸ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਟਰੱਸਟੀਆਂ ਦੀ ਚੋਣ ਤੇ ਸੰਵਿਧਾਨ ਬਦਲਣ ਦੇ ਮਾਮਲੇ ਨੂੰ ਲੈ ਕੇ ਚੈਰਿਟੀ ਕਮਿਸ਼ਨ ਵਲੋਂ ਪ੍ਰਬੰਧਕ ਕਮੇਟੀ ਨੂੰ ਕਾਰਨ ਦੱਸੋ ਪੱਤਰ ਜਾਰੀ ਕੀਤਾ ਗਿਆ ਹੈ। ਜਿਸ ਤੋਂ ਬਾਅਦ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮੱਲ੍ਹੀ ਤੇ ਸਾਥੀਆਂ ਦੇ ਸੱਦੇ 'ਤੇ ਸਿੱਖ ਮਿਸ਼ਨਰੀ ਸੁਸਾਇਟੀ ਵਿਖੇ ਸਭਾ ਦੇ ਮੈਂਬਰਾਂ ਦਾ ਵੱਡਾ ਇਕੱਠ ਸੱਦਿਆ। ਜਿਸ ਵਿੱਚ ਸੰਬੋਧਨ ਕਰਦਿਆਂ ਗੁਰਮੇਲ ਸਿੰਘ ਮੱਲ੍ਹੀ, ਹਰਜੀਤ ਸਿੰਘ ਸਰਪੰਚ, ਮਨਜੀਤ ਸਿੰਘ, ਗਿਆਨੀ ਬਲਵਿੰਦਰ ਸਿੰਘ ਪੱਟੀ ਤੇ ਸ਼ਰਨਬੀਰ ਸਿੰਘ ਸੰਘਾ ਨੇ ਪ੍ਰਬੰਧਕ ਕਮੇਟੀ 'ਤੇ ਗੰਭੀਰ ਦੋਸ਼ ਲਗਾਏ। ਗਿਆਨੀ ਬਲਵਿੰਦਰ ਸਿੰਘ ਪੱਟੀ ਨੇ ਕਿਹਾ ਕਿ ਜੇ ਸਭ ਸੰਮਤੀ ਨਾਲ ਟਰੱਸਟੀ ਬਣਾਏ ਜਾਂਦੇ ਹਨ ਤਾਂ ਅਜਿਹੇ ਹਾਲਾਤ ਨਾ ਬਣਦੇ। ਗੁਰਮੇਲ ਸਿੰਘ ਮੱਲ੍ਹੀ ਨੇ ਕਿਹਾ ਕਿ ਪ੍ਰਬੰਧਕ ਕਮੇਟੀ ਨੇ ਈ. ਜੀ. ਐਮ. ਦੀ ਮੀਟਿੰਗ ਵਿੱਚ ਗੈਰ ਸੰਵਿਧਾਨਕ ਤਰੀਕੇ ਨਾਲ ਸੰਵਿਧਾਨ ਬਦਲਿਆ ਗਿਆ ਤੇ ਆਪਣੇ ਪਰਿਵਾਰਾਂ ਦੇ ਲੋਕਾਂ ਨੂੰ ਟਰੱਸਟੀ ਬਣਾਇਆ। ਉਨ੍ਹਾਂ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ, ਕੁਲਵੰਤ ਸਿੰਘ ਭਿੰਡਰ ਆਦਿ ਦਾ ਨਾਮ ਲੈ ਕੇ ਉਨ੍ਹਾਂ 'ਤੇ ਗੰਭੀਰ ਦੋਸ਼ ਲਗਾਏ। ਸ. ਮੱਲ੍ਹੀ ਨੇ ਸ੍ਰੀ ਗੁਰੂ ਸਿੰਘ ਸਭਾ ਦੀ ਜਾਇਦਾਦ ਨੂੰ ਲੈ ਕੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਅਸੀਂ ਅਜੇ ਵੀ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਇਸ ਮਾਮਲੇ ਨੂੰ ਬੈਠ ਕੇ ਨਜਿੱਠ ਲਿਆ ਜਾਵੇ। ਉਨ੍ਹਾਂ ਇਸ ਸਬੰਧੀ ਸੰਗਤਾਂ ਪਾਸੋਂ ਜੈਕਾਰਾ ਲਗਾ ਕੇ ਪ੍ਰਵਾਨਗੀ ਲਈ।

# ਵਿਧਾਇਕ ਰਾਏ ਨੇ 7 ਸਰਕਾਰੀ ਸਕੂਲਾਂ 'ਚ 86.46 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



ਫਤਹਿਗੜ੍ਹ ਸਾਹਿਬ, 7 ਮਈ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਇੱਕ ਅਜਿਹੀ ਪਹਿਲ ਕਦਮੀ ਹੈ, ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ ਤਾਂ ਜੋ ਵਿਦਿਆਰਥੀ ਉੱਚ ਅਹੁਦੇ ਹਾਸਲ ਕਰਕੇ ਆਪਣੇ ਤੇ ਆਪਣੇ ਮਾਪਿਆਂ ਦੇ ਸੁਪਨੇ ਸਾਕਾਰ ਕਰ ਸਕਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਹਲਕੇ ਦੇ 7 ਸਰਕਾਰੀ ਸਕੂਲਾਂ ਵਿੱਚ 86.46 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਸਰਕਾਰ ਨੇ ਜੋ ਕ੍ਰਾਂਤੀਕਾਰੀ ਫੈਸਲੇ ਕੀਤੇ ਹਨ ਸਿੱਖਿਆ ਕ੍ਰਾਂਤੀ ਮੁਹਿੰਮ ਉਨ੍ਹਾਂ ਦੀ ਮੂੰਹ ਬੋਲਦੀ ਤਸਵੀਰ ਹੈ। ਵਿਧਾਇਕ ਨੇ ਪਿੰਡਾਂ ਦੇ ਲੋਕਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਲੜੀ ਜਾ ਰਹੀ ਜੰਗ ਵਿੱਚ ਹਰੇਕ ਵਰਗ ਦੇ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਲਾਹਨਤ ਦਾ ਖਾਤਮਾ ਆਪਸ ਵਿੱਚ ਮਿਲ ਕੇ ਹੀ ਕੀਤਾ ਜਾ ਸਕਦਾ ਹੈ। ਵਿਧਾਇਕ ਨੇ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮਾਨੂਪੁਰ ਵਿਖੇ 12.91 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਬਲਾੜ੍ਹੀ ਵਿਖੇ 3.30 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਲਾੜ੍ਹੀ ਕਲਾਂ ਵਿਖੇ 11.20 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਫਾਜ਼ਲ ਪੀਰਜੈਨ ਵਿਖੇ 10.01 ਲੱਖ, ਸਰਕਾਰੀ ਮਿਡਲ ਸਕੂਲ ਮਹੱਦੀਆਂ ਵਿਖੇ 5.00 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਮੀਰਪੁਰ ਵਿਖੇ 3.59 ਲੱਖ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਲਾ ਬਜਵਾੜਾ ਵਿਖੇ 40.45 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਨਿੱਜੀ ਸਕੱਤਰ ਮਾਨਵ ਟਿਵਾਣਾ, ਬਲਵੀਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਭਿੰਡਰ, ਮਨਦੀਪ ਪੋਲਾ, ਰਮੇਸ਼ ਕੁਮਾਰ ਸੋਨੂੰ, ਨੌਰੰਗ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਲੰਟੀਅਰ ਹਾਜ਼ਰ ਸਨ।

# ਪਾਵਰਕਾਮ ਤੇ ਟਰਾਂਸਕੋ ਦੇ ਸੇਵਾ ਮੁਕਤ ਮੁਲਾਜ਼ਮਾਂ ਨੇ ਮੰਗਾਂ ਨੂੰ ਲੈ ਕੇ ਦਿੱਤਾ ਰੋਸ ਧਰਨਾ

ਅਮਲੋਹ, 7 ਮਈ (ਜਸਵੰਤ ਸਿੰਘ): ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਕੋ ਵੱਲੋਂ ਮੰਗਾਂ ਨੂੰ ਲੈ ਕੇ ਅਮਲੋਹ ਮੰਡਲ ਦੇ ਗੇਟ ਅੱਗੇ ਜੋਗਿੰਦਰ ਸਿੰਘ ਜੱਲ੍ਹਾ ਦੀ ਪ੍ਰਧਾਨਗੀ ਹੇਠ ਰੋਸ ਰੈਲੀ ਕਰਕੇ ਧਰਨਾ



ਦਿੱਤਾ ਗਿਆ। ਇਸ ਮੌਕੇ ਸਰਕਲ ਖੰਨਾ ਦੇ ਪ੍ਰਧਾਨ ਜੰਗੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਆਗੂਆਂ ਨੇ ਦੱਸਿਆ ਕਿ ਪਾਵਰਕਾਮ ਦੀ ਬੋਰਡ ਮੈਨੈਜਮੈਂਟ ਵੱਲੋਂ ਅਪਰੈਲ 2025 ਦੀ ਪੈਨਸ਼ਨ ਨਾਲ ਪੈਨਸ਼ਨ ਵਿਕਸ਼ੇਸ਼ਨ ਦੇ ਏਰੀਅਰ ਦੀ ਕਿਸ਼ਤ ਨਹੀਂ ਲਗਾਈ ਗਈ ਅਤੇ 200 ਰੁਪਏ ਵਿਕਾਸ ਟੈਕਸ ਲਗਾਤਾਰ ਕੱਟਿਆ ਜਾ ਰਿਹਾ ਹੈ। ਉਨ੍ਹਾਂ ਏਰੀਅਰ ਦੀ ਕਿਸ਼ਤ ਤੁਰੰਤ ਜਾਰੀ ਕਰਨ ਅਤੇ ਵਿਕਾਸ ਟੈਕਸ ਦੀ ਰਾਸ਼ੀ ਨੂੰ ਬੰਦ ਕਰਨ ਦੀ ਮੰਗ ਕੀਤੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਐਸੋਸੀਏਸ਼ਨ ਵੱਲੋਂ ਪਾਵਰਕਾਮ ਦੀ ਮੈਨੇਜਮੈਂਟ ਵਿਰੁੱਧ ਤਿੱਖਾ ਸੰਘਰਸ਼ ਕੀਤਾ ਜਾਵੇਗਾ, ਜਿਸਦੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ। ਇਸ ਮੌਕੇ ਮਹਿੰਦਰ ਰਾਮ, ਸ਼ਾਮ ਲਾਲ, ਸ਼ਾਮ ਮੁਰਾਰੀ, ਸ਼ੁਭਕਰਨ, ਅਵਤਾਰ ਸਿੰਘ, ਹਰੀ ਕ੍ਰਿਸ਼ਨ, ਸੁਰਿੰਦਰ ਸਿੰਘ ਜੇਈ, ਨਿਰਭੈ ਸਿੰਘ, ਕਰਨੈਲ ਸਿੰਘ ਭੰਗੂ ਅਤੇ ਦਵਿੰਦਰ ਮਾਜਰਾ ਆਦਿ ਨੇ ਵਿਚਾਰ ਪੇਸ਼ ਕੀਤੇ।

# ਜੇ ਜੰਗ ਹੁੰਦੀ ਹੈ ਤਾਂ ਅਸੀਂ ਭਾਰਤੀ ਫ਼ੌਜ ਦੇ ਨਾਲ ਖੜ੍ਹੇ ਰਹਿਣ ਦੀ ਸਹੁੰ ਖਾਂਦੇ ਹਾਂ

☛ਖ਼ੈਬਰ ਪਖਤੂਨਖਵਾ ਤੇ ਇਸਲਾਮਾਬਾਦ ਦੀਆਂ ਮਸਜਿਦਾਂ ਤੋਂ ਐਲਾਨ

ਅੰਮ੍ਰਿਤਸਰ, 7 ਮਈ (ਚ.ਨ.ਸ.): ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੀ ਮਸਜਿਦ ਦਾ ਮੌਲਾਨਾ ਮੁਹੰਮਦ ਰੰਗੀਲਾ ਨੇ ਐਲਾਨ ਕੀਤਾ ਹੈ ਕਿ ਜੇਕਰ ਭਾਰਤ ਨੇ ਪਾਕਿ 'ਤੇ ਹਮਲਾ ਕੀਤਾ ਤਾਂ ਉਹ ਭਾਰਤੀ ਫ਼ੌਜ ਦੇ ਨਾਲ ਖੜ੍ਹੇ ਰਹਿਣ ਦੀ ਸਹੁੰ ਖਾਂਦੇ ਹਨ। ਉਸ ਨੇ ਸੰਬੋਧਨ ਦੌਰਾਨ ਬਕਾਇਦਾ ਪਵਿੱਤਰ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ ਐਲਾਨ ਕੀਤਾ ਕਿ ਪਖਤੂਨ ਕਿਸੇ ਵੀ ਸੂਰਤ 'ਚ ਪਾਕਿਸਤਾਨੀ ਫ਼ੌਜ ਨੂੰ ਸਹਿਯੋਗ ਨਹੀਂ ਕਰਨਗੇ। ਮੌਲਾਨਾ ਰੰਗੀਲਾ ਨੇ ਪਾਕਿ ਸਰਕਾਰ ਅਤੇ ਫ਼ੌਜ ਪ੍ਰਤੀ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਹੋਰਨਾਂ ਪਾਕਿਸਤਾਨੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪਾਕਿਸਤਾਨੀ ਫ਼ੌਜ ਦਾ ਸਾਥ ਬਿਲਕੁਲ ਨਾ ਦੇਣ। ਇਸ ਤੋਂ ਇਲਾਵਾ ਰਾਜਧਾਨੀ ਇਸਲਾਮਾਬਾਦ ਦੀ ਮਸ਼ਹੂਰ ਲਾਲ ਮਸਜਿਦ ਦੇ ਇਮਾਮ ਮੌਲਾਨਾ ਅਬਦੁੱਲ ਅਜ਼ੀਜ਼ ਗਾਜ਼ੀ ਨੇ ਵੱਡੀ ਗਿਣਤੀ 'ਚ ਲੋਕਾਂ ਦੀ ਹਾਜ਼ਰੀ 'ਚ ਐਲਾਨ ਕਰਦਿਆਂ ਭਾਰਤ ਨਾਲ ਜੰਗ 'ਚ ਆਪਣੀ ਸਰਕਾਰ ਅਤੇ ਫ਼ੌਜ ਦਾ ਸਮਰਥਨ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਮੌਲਾਨਾ ਗਾਜ਼ੀ ਨੇ ਪਾਕਿਸਤਾਨ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਾਕਿ ਫ਼ੌਜ ਦੀ ਇਹ ਜੰਗ ਇਸਲਾਮ ਦੀ ਰੱਖਿਆ ਲਈ ਨਹੀਂ ਸਗੋਂ ਇਹ ਸਿਰਫ ਰਾਸ਼ਟਰਵਾਦ ਦੀ ਲੜਾਈ ਹੈ।

# ਸ਼ੱਕੀ ਪੰਜਾਬੀ ਕਾਰ ਚਾਲਕ 'ਤੇ ਸ਼ਰਾਬੀ ਹਾਲਤ 'ਚ ਦੋ ਵਿਅਕਤੀਆਂ ਨੂੰ ਕੁਚਲਣ ਦਾ ਦੋਸ਼

ਸਾਨ ਫਰਾਂਸਿਸਕੋ, 7 ਮਈ (ਚ.ਨ.ਸ.): ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਫਰਿਜ਼ਨੋ ਸ਼ਹਿਰ ਵਿੱਚ ਦੋ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਸ਼ੱਕੀ ਸ਼ਰਾਬੀ ਪੰਜਾਬੀ ਡਰਾਈਵਰ ਜਗਤ ਸਿੰਘ ਨੂੰ ਹੁਣ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਬੀਤੇ ਦਿਨੀਂ ਇਹ ਹਾਦਸਾ ਰਾਤ 11.30 ਵਜੇ ਦੇ ਕਰੀਬ ਕਲੋਵਿਸ ਤੇ ਸ਼ੀਲਡਜ਼ ਐਵੇਨਿਊ ਦੇ ਖੇਤਰ 'ਚ ਵਾਪਰਿਆ। ਫਰਿਜ਼ਨੋ ਪੁਲਿਸ ਦਾ ਕਹਿਣਾ ਹੈ ਕਿ 28 ਸਾਲਾ ਜਗਤ ਸਿੰਘ 18 ਸਾਲਾ ਐਡਕਸ ਗ੍ਰੀਨ ਵੱਲੋਂ ਚਲਾਏ ਜਾ ਰਹੇ ਇਕ ਹੋਰ ਵਾਹਨ ਨਾਲ ਟੱਕਰ ਗਿਆ। ਗ੍ਰੀਨ ਦੀ ਹਾਦਸੇ ਵਾਲੀ ਥਾਂ 'ਤੇ ਹੀ ਮੌਤ ਹੋ ਗਈ ਤੇ ਉਸਦੇ ਨਾਲ ਬੈਠੇ ਕਰੀਬੀ ਦੋਸਤ 19 ਸਾਲਾ ਜੋਰਡਨ ਗਾਲਵੇਜ਼ ਦੀ ਅਗਲੇ ਦਿਨ ਸਵੇਰੇ ਮੌਤ ਹੋਈ। ਪੁਲਿਸ ਨੇ ਕਿਹਾ ਕਿ ਜਗਤ ਸਿੰਘ ਤੇ ਉਸਦੇ ਨਾਲ ਦੀ ਗੱਡੀ 'ਚ ਬੈਠੇ ਲੋਕ ਹਾਦਸੇ ਵਾਲੀ ਥਾਂ ਤੋਂ ਭੱਜ ਨਿਕਲੇ ਪਰ ਪੁਲਿਸ ਉਨ੍ਹਾਂ ਤੱਕ ਬਹੁਤ ਜਲਦੀ ਪਹੁੰਚ ਗਈ। ਸ਼ੱਕੀ ਦੋਸ਼ੀ ਜਗਤ ਸਿੰਘ ਨੂੰ 2023 ਵਿੱਚ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਅਦਾਲਤੀ ਦਸਤਾਵੇਜ਼ ਮੁਤਾਬਕ ਜਗਤ ਸਿੰਘ ਦੇ ਪਿਛਲੇ ਡੀ.ਯੂ.ਆਈ. ਦੇ ਸਮੇਂ ਲਏ ਗਏ ਖੂਨ ਸੈਂਪਲ ਵਿੱਚ ਅਲਕੋਹਲ ਦਾ ਪੱਧਰ ਕਾਨੂੰਨੀ ਸੀਮਾ ਤੋਂ ਦੋ ਗੁਣਾ ਵੱਧ ਸੀ। ਉਹ ਅਜੇ ਵੀ 2023 ਦੇ ਅਪਰਾਧ ਲਈ ਪ੍ਰੋਬੇਸ਼ਨ 'ਤੇ ਹੈ। ਜਦੋਂ ਜਗਤ ਸਿੰਘ ਦੀ ਗੱਡੀ ਇਨ੍ਹਾਂ ਨੌਜਵਾਨਾਂ ਨਾਲ ਟਕਰਾਈ ਤਾਂ ਪੁਲਿਸ ਨੇ ਕਿਹਾ ਕਿ ਉਹ ਆਪਣੇ ਦੋਸਤ ਦੀ ਰੇਂਜ ਰੋਵਰ ਗੱਡੀ ਬਿਨ੍ਹਾਂ ਪੁੱਛੇ ਚਲਾ ਰਿਹਾ ਸੀ।

# ਜਗਸ਼ਰਨ ਸਿੰਘ ਮਾਹਲ ਨੇ ਐਡਮੰਟਨ ਸਾਊਥਈਸਟ ਤੋਂ ਅਮਰਜੀਤ ਸੋਹੀ ਨੂੰ ਹਰਾਇਆ



ਮੰਡੀ ਗੋਬਿੰਦਗੜ੍ਹ, 7 ਮਈ (ਸੂਦ): ਕੈਨੇਡਾ ਦੀ ਰਾਜਨੀਤੀ ਵਿੱਚ ਇਕ ਇਤਿਹਾਸਕ ਮੋੜ ਦੇ ਤੌਰ 'ਤੇ ਵਕੀਲ ਅਤੇ ਸਮੁਦਾਇਕ ਆਗੂ ਜਗਸ਼ਰਨ ਸਿੰਘ ਮਾਹਲ ਨੇ ਐਡਮੰਟਨ ਸਾਊਥਈਸਟ ਹਲਕੇ ਤੋਂ ਸਾਬਕਾ ਕੇਂਦਰੀ ਮੰਤਰੀ ਅਤੇ ਮੌਜੂਦਾ ਐਡਮੰਟਨ ਮੇਅਰ ਅਮਰਜੀਤ ਸੋਹੀ ਨੂੰ ਹਰਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਅੰਮ੍ਰਿਤਸਰ ਦੇ ਪਿੰਡ ਰਾਇਪੁਰ ਨਾਲ ਸਬੰਧਤ ਮਾਹਲ ਦੀ ਜਿੱਤ ਨਾਲ ਕਨੈਡਾ ਅਤੇ ਪੰਜਾਬ ਵਿਚ ਖੁਸ਼ੀ ਦਾ ਮਹੌਲ ਹੈ। ਉਨ੍ਹਾਂ ਦੇ ਨਜ਼ਦੀਕੀ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਦੇ ਪ੍ਰੋਫ਼ੈਸਰ ਡਾ. ਬਲਰਾਜ ਸਿੰਘ ਨੇ ਦੱਸਿਆ ਕਿ ਸ੍ਰੀ ਮਾਹਲ ਫਤਹਿਗੜ੍ਹ ਸਾਹਿਬ ਆ ਕੇ ਮਹਾਨ ਸ਼ਹੀਦਾਂ ਨੂੰ ਨੱਤਮੱਸਤਕ ਹੋਣਗੇ। ਇਹ ਉਨ੍ਹਾਂ ਦੇ ਜੜ੍ਹਾਂ ਨਾਲ ਗੂੜ੍ਹੇ ਸਬੰਧ ਅਤੇ ਧਾਰਮਿਕ ਆਦਰ ਨੂੰ ਦਰਸਾਉਂਦਾ ਹੈ ਉਨ੍ਹਾਂ ਦੇ ਪਰਿਵਾਰ ਨੇ ਕਿਹਾ ਕਿ ਇਹ ਸਿਰਫ ਮਾਹਲ ਪ੍ਰੀਵਾਰ ਦੀ ਨਹੀਂ ਸਗੋਂ ਪੂਰੇ ਵਿਦੇਸ਼ੀ ਪੰਜਾਬੀ ਭਾਈਚਾਰੇ ਦੀ ਜਿੱਤ ਹੈ। ਇਹ ਜਿੱਤ ਦਰਸਾਉਂਦੀ ਹੈ ਕਿ ਰਾਜਨੀਤਕ ਇਮਾਨਦਾਰੀ, ਜਨਤਾ ਨਾਲ ਜੁੜਾਅ ਅਤੇ ਸੰਸਕਾਰਾਂ ਨਾਲ ਨਿਸ਼ਠਾ ਹਾਲੇ ਵੀ ਲੋਕਾਂ ਦੇ ਦਿਲਾਂ ਵਿੱਚ ਘੱਟ ਨਹੀਂ ਹੋਈ। ਕੈਨੇਡਾ ਦੀ ਰਾਜਨੀਤੀ ਵਿੱਚ ਇਹ ਇੱਕ ਨਵੀਂ ਸ਼ੁਰੂਆਤ ਮੰਨੀ ਜਾ ਰਹੀ ਹੈ।

# ਐੱਮ.ਪੀ.ਡਾ. ਅਮਰ ਸਿੰਘ ਵੱਲੋਂ ਦਿਵਿਆਂਗਜਨਾਂ ਨੂੰ ਮੁਫ਼ਤ ਉਪਕਰਨਾਂ ਦੀ ਵੰਡ

ਫਤਹਿਗੜ੍ਹ ਸਾਹਿਬ, 7 ਮਈ (ਹਰਪ੍ਰੀਤ ਕੌਰ ਟਿਵਾਣਾ): ਦਿਵਿਆਂਗਜਨ ਨੂੰ ਸਮਾਜ ਦੀ ਮੁਖ ਧਾਰਾ ਵਿੱਚ ਲਿਆਉਣ ਲਈ ਕੇਂਦਰ ਸਰਕਾਰ ਵਲੋਂ ਉਹਨਾਂ ਦੇ ਕਲਿਆਣ ਤੇ ਪੁਨਰਵਾਸ ਦੇ ਲਈ ਕੰਮ ਕੀਤੇ ਜਾ ਰਹੇ ਹਨ। ਇਸੇ ਲੜੀ ਵਿੱਚ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਭਾਰਤ ਸਰਕਾਰ ਦੀ ਅਡਿਪ ਤੇ ਆਰ.ਵੀ.ਵਾਈ. ਯੋਜਨਾ ਤਹਿਤ ਦਿਵਿਆਂਗਜਨਾਂ ਨੂੰ ਮੁਫ਼ਤ ਉਪਕਰਣ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਐਮ ਪੀ ਡਾ. ਅਮਰ ਸਿੰਘ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਮੌਕੇ ਅਲਿਮਕੋ ਮੋਹਾਲੀ ਵੱਲੋਂ ਈਸ਼ਵਿੰਦਰ ਸਿੰਘ (ਡਿਪਟੀ ਮੈਨੇਜਰ ਤੇ ਇੰਚਾਰਜ) ਅਸ਼ੋਕ ਸਾਹੂ (ਪੀ ਐਂਡ ਓ ਅਫਸਰ) ਵੀ ਮੌਜੂਦ ਸਨ। ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲੇ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੇ ਅਧੀਨ ਕੰਮ ਕਰ ਰਹੇ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ



(ਅਲਿਮਕੋ) ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਭਾਗੀਦਾਰੀ ਨਾਲ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਇਸ ਸਮਾਰੋਹ ਵਿੱਚ ਲਗਭਗ 230 ਦਿਵਿਆਂਗਜਨ ਲਾਭਪਾਤਰੀਆਂ ਨੂੰ ਭਾਰਤ ਸਰਕਾਰ ਦੀ ਅਡਿਪ ਤੇ ਆਰ. ਵੀ. ਵਾਈ ਯੋਜਨਾ ਦੇ ਤਹਿਤ ਲਗਭਗ ਰੁ 33.63 ਲੱਖ ਦੀ ਲਾਗਤ ਦੇ 781 ਸਹਾਇਕ ਉਪਕਰਣ ਵੰਡੇ ਗਏ। ਇਨ੍ਹਾਂ ਲਾਭਪਾਤਰੀਆਂ ਦੀ ਪਛਾਣ ਇਸ ਤੋਂ ਪਹਿਲਾਂ ਲਗਾਏ ਕੈਂਪ ਦੌਰਾਨ ਕੀਤੀ ਗਈ ਸੀ। ਲਾਭਪਾਤਰੀਆਂ ਨੂੰ ਸਰਕਾਰ ਦੀ ਯੋਜਨਾ ਦੇ ਅੰਤਰਗਤ ਅਲਿਮਕੇ ਵਲੋਂ ਨਿਰਮਿਤ ਕੁਲ 781 ਸਹਾਇਕ ਉਪਕਰਣ ਵੰਡੇ ਗਏ, ਜਿਸ ਵਿੱਚ 26 ਮੋਟਰਾਈਜ਼ਡ ਟਰਾਈਸਾਈਕਲ, 25 ਟਰਾਈਸਾਈਕਲ, 41 ਵਹੀਲਚੇਅਰ, 01 ਵਹੀਲਚੇਅਰ ਤੇ ਕੰਮੋੜੇ, 02 ਸੀ ਪੀ ਚੇਅਰ, 78 ਵਿਸਾਖੀਆਂ, 93 ਛੜੀਆਂ, 02 ਰੋਲੇਟਰ, 170 ਕੰਨਾਂ ਦੀਆਂ ਮਸ਼ੀਨਾਂ, 18 ਵਾਕਰ 02 ਟੈਟਰਾਪੋਡ ਤੇ 45 ਨਕਲੀ ਅੰਗ ਤੇ ਕੈਲਿਪਰਸ ਸ਼ਾਮਲ ਸਨ। ਸਮਾਰੋਹ ਵਿੱਚ ਭਾਰਤੀਯ ਕ੍ਰਿਤਰਮ ਅੰਗ ਨਿਰਮਾਣ ਨਿਗਮ (ਅਲਿਮਕੇ) ਅਤੇ ਜ਼ਿਲ੍ਹਾ ਪ੍ਰਸ਼ਾਸਨ, ਫਤਿਹਗੜ੍ਹ ਸਾਹਿਬ ਦੇ ਅਧਿਕਾਰੀ ਅਤੇ ਕਰਮਚਾਰੀ ਮੁੱਖ ਰੂਪ ਵਿੱਚ ਮੌਜੂਦ ਰਹੇ।

# ਵਿਧਾਇਕ ਰਜਨੀਸ਼ ਦਹੀਯਾ ਨੇ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ



ਫ਼ਿਰੋਜ਼ਪੁਰ, 7 ਮਈ (ਤਿਵਾੜੀ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਸਮੇਂ ਦਾ ਹਾਣੀ ਬਣਾਇਆ ਜਾ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਫ਼ਿਰੋਜ਼ਪੁਰ ਦਿਹਾਤੀ ਸ਼੍ਰੀ ਰਜਨੀਸ਼ ਦਹੀਯਾ ਨੇ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਭਾਈ ਕੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲ ਮਹਾਲਮ ਵਿਖੇ ਕਰਵਾਏ ਗਏ ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-2 ਰਾਜਨ ਨਰੂਲਾ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਤੀਏਵਾਲਾ ਦਲਜੀਤ ਕੌਰ, ਬੀ.ਐਨ.ਓ. ਅਨੁਕੂਲ ਪੰਛੀ ਹਾਜ਼ਰ ਸਨ। ਇਸ ਮੌਕੇ ਵਿਧਾਇਕ ਰਜਨੀਸ਼ ਦਹੀਯਾ ਨੇ ਕਿਹਾ ਕਿ ਸੂਬਾ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਕੇ ਚੰਗੀ ਮੁਹਾਰਤ ਹਾਸਲ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ। ਇਸ ਮੌਕੇ ਪਲਵਿੰਦਰ ਸਿੰਘ ਬਰਾੜ ਹਲਕਾ ਕੋਆਰਡੀਨੇਟਰ ਸਿੱਖਿਆ ਫ਼ਿਰੋਜ਼ਪੁਰ ਦਿਹਾਤੀ, ਸੀ.ਐੱਚ.ਟੀ ਮਨਜਿੰਦਰ ਕੌਰ, ਸੀ.ਐੱਚ.ਟੀ ਹਰਬੰਸ ਕੌਰ, ਤਲਵਿੰਦਰ ਸਿੰਘ ਖਾਲਸਾ ਕੋਆਰਡੀਨੇਟਰ ਫ਼ਿਰੋਜ਼ਪੁਰ ਦਿਹਾਤੀ ਵਿਭਾਗ, ਹਰੀਸ਼ ਕੁਮਾਰ ਬਾਂਸਲ, ਹਰਜਿੰਦਰ ਸਿੰਘ ਸਾਬ, ਸਾਬਕਾ ਚੇਅਰਮੈਨ, ਪਰਮਜੀਤ ਸਿੰਘ ਜੰਮੂ ਪ੍ਰਧਾਨ ਬੀ.ਸੀ ਵਿੰਗ, ਬਸਤੀ ਭਾਈ ਕੀ ਤੋਂ ਸੁਮਨ ਬਾਲਾ, ਬਲਜੀਤ ਕੌਰ, ਸਰਪੰਚ ਮਨਜੀਤ ਕੌਰ, ਮੰਗਤ ਸਿੰਘ, ਮਹਾਲਮ ਤੋਂ ਮਿਡਲ ਸਟਾਫ਼ ਕਮਲਜੀਤ ਕੌਰ, ਸੁਖਦਿਆਲ ਸਿੰਘ, ਪ੍ਰਾਇਮਰੀ ਹੈੱਡ ਟੀਚਰ ਮਹਿੰਦਰ ਸਿੰਘ ਸ਼ੈਲੀ ਸਟੇਟ ਅਵਾਰਡੀ, ਵਿਕਾਸ ਸ਼ਰਮਾ, ਨਿੰਦਰਪਾਲ ਕੌਰ, ਬਲਜਿੰਦਰ ਕੌਰ, ਹਰਪ੍ਰੀਤ ਕੌਰ, ਪਿੰਡ ਮਹਾਲਮ ਤੋਂ ਗੁਰਨਾਮ ਸਿੰਘ ਆਦਿ ਹਾਜ਼ਰ ਸਨ।

# ਰਿਮਟ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ 35 ਕਰੋੜ ਦੀ ਦੇਵੇਗੀ ਸਕਾਲਰਸ਼ਿਪ : ਡਾ. ਭਾਟੀਆ



ਮੰਡੀ ਗੋਬਿੰਦਗੜ੍ਹ, 7 ਮਈ (ਸੂਦ): ਉਤਰੀ ਭਾਰਤ ਦੀ ਨਾਮਵਰ ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵਲੋਂ ਹੁਸ਼ਿਆਰ ਅਤੇ ਲੋੜਵੰਦ ਪ੍ਰੀਵਾਰਾਂ ਦੇ ਬੱਚਿਆਂ ਨੂੰ ਉਚੇਰੀ ਸਿਖਿਆ ਦੇਣ ਲਈ 35 ਕਰੋੜ ਰੁਪਏ ਦੇ ਸਕਾਲਰਸ਼ਿਪ ਜਾਰੀ ਕੀਤੀ ਹੈ। ਯੂਨੀਵਰਸਿਟੀ ਦੇ ਪ੍ਰੋ. ਕੁਲਪਤੀ ਡਾ. ਬੀਐਸ ਭਾਟੀਆ, ਪ੍ਰੋ. ਉਪ ਕੁਲਪਤੀ ਡਾ. ਐਸਸੀ ਸ਼ਰਮਾ ਅਤੇ ਰਜਿਸਟਰਾਰ ਰਾਕੇਸ਼ ਮੋਹਨ ਨੇ ਇਥੇ ਪ੍ਰੈਸ ਕਾਨਫਰੰਸ ਦੌਰਾਨ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਰਾਸ਼ੀ ਵਿਚ ਹੋਰ ਵੀ ਵਾਧਾ ਸਮੇਂ ਮੁਤਾਬਕ ਹੋ ਸਕਦਾ ਹੈ ਅਤੇ ਵਿਦਿਆਰਥੀ ਆਨ-ਲਾਈਨ ਭਾਗ ਲੈ ਕੇ ਇਸ ਦਾ ਫ਼ਾਇਦਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਬਾਰਵੀਂ ਤੋਂ ਬਾਅਦ ਚਲਾਏ ਜਾ ਰਹੇ 200 ਤੋਂ ਵੱਧ ਕੋਰਸਾਂ ਲਈ ਬੱਚੇ ਇਸ ਸਕਾਲਰਸ਼ਿਪ ਦਾ ਲਾਭ ਲੈ ਸਕਦੇ ਹਨ ਅਤੇ 31 ਮਈ ਤੱਕ ਆਨ-ਲਾਈਨ ਟੈਸਟ ਦੇ ਸਕਦੇ ਹਨ, ਜਿਸ ਦੇ ਅਧਾਰ 'ਤੇ ਹੀ ਯੂਨੀਵਰਸਿਟੀ ਵੱਲੋਂ ਸਕਾਲਰਸ਼ਿਪ ਦਾ ਲਾਭ ਦਿੱਤਾ ਜਾਵੇਗਾ ਅਤੇ 90 ਪ੍ਰਤੀਸ਼ਤ ਤੋਂ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਸੌ ਫੀਸਦੀ ਸਕਾਲਰਸ਼ਿਪ ਅਤੇ ਘੱਟ ਅੰਕ ਲੈਣ ਵਾਲੇ ਵਿਦਿਆਰਥੀਆਂ ਨੂੰ ਅੰਕਾਂ ਦੇ ਆਧਾਰ 'ਤੇ ਸਕਾਲਰਸ਼ਿਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਮਰਹੂਮ ਕੁਲਪਤੀ ਡਾ. ਹੁਕਮ ਚੰਦ ਬਾਂਸਲ ਦੀ ਇੱਛਾ ਸੀ ਕਿ ਕੋਈ ਵੀ ਨੌਜਵਾਨ ਵਿਦਿਆ ਤੋਂ ਵਾਂਝਾ ਨਾ ਰਹੇ, ਜਿਸ ਨੂੰ ਮੁੱਖ ਰਖਦੇ ਹੋਏ ਇਸ ਸਕਾਲਰਸ਼ਿਪ ਸਕੀਮ ਨੂੰ ਹੋਂਦ ਵਿਚ ਲਿਆਂਦਾ ਹੈ, ਇਸ ਨਾਲ ਪੜ੍ਹੇ-ਲਿਖੇ ਤੇ ਲੋੜਵੰਦ ਵਿਦਿਆਰਥੀਆਂ ਨੂੰ ਹੋਰ ਸਿੱਖਿਅਤ ਕਰਕੇ ਉਚ ਸਿੱਖਿਆ ਹਾਸਲ ਕਰਨ ਦਾ ਮੌਕਾ ਮਿਲੇਗਾ ਅਤੇ ਉਹ ਦੇਸ਼ ਦੀ ਤਰੱਕੀ ਲਈ ਅੱਗੇ ਆ ਸਕਣਗੇ। ਉਨ੍ਹਾਂ ਦੱਸਿਆ ਕਿ ਸਕਾਲਰਸ਼ਿਪ ਲੈਣ ਲਈ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਆਉਣ ਦੀ ਲੋੜ ਨਹੀਂ ਉਹ ਯੂਨੀਵਰਸਿਟੀ ਦੇ ਆਨ ਲਾਈਨ ਐਂਟਰੈਸ ਟੈਸਟ ਰਾਹੀਂ ਟੈਸਟ ਦੇ ਸਕਦੇ ਹਨ ਭਾਵੇਂ ਕਿ ਉਹ ਦੇਸ਼ ਵਿਦੇਸ਼ ਦੇ ਕਿਸੇ ਵੀ ਕੋਨੇ 'ਚ ਬੈਠੇ ਹੋਣ ਅਤੇ ਟੈਸਟ ਕਲੀਅਰ ਹੋਣ 'ਤੇ ਯੂਨੀਵਰਸਿਟੀ ਵਿਦਿਆਰਥੀਆਂ ਨਾਲ ਖੁਦ ਰਾਬਤਾ ਕਾਇਮ ਕਰੇਗੀ ਤੇ ਉਨ੍ਹਾਂ ਨੂੰ ਬਣਦੀ ਸਕਾਲਰਸ਼ਿਪ ਦਾ ਫਾਇਦਾ ਦੇਵੇਗੀ। ਉਨ੍ਹਾਂ ਦੱਸਿਆ ਕਿ ਇਹ ਸਕਾਲਰਸ਼ਿਪ ਤੋਂ ਇਲਾਵਾ ਸਰਕਾਰ ਵੱਲੋਂ ਦੇਣ ਵਾਲੀਆਂ ਸੁਵਿਧਾਵਾਂ ਜਾਂ ਸਕਾਲਰਸ਼ਿਪ ਵੀ ਯੂਨੀਵਰਸਿਟੀ ਵੱਲੋਂ ਲਗਾਤਾਰ ਦਿੱਤੀ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਹੁਨਰਮੰਦ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਟੈਸਟ ਕਲੀਅਰ ਹੋਣ ਦੀ ਸੂਰਤ 'ਚ ਯੂਨੀਵਰਸਿਟੀ ਵਿਦਿਆਰਥੀਆਂ ਨਾਲ ਖ਼ੁਦ ਰਾਬਤਾ ਕਾਇਮ ਕਰੇਗੀ। ਇਸ ਮੌਕੇ ਡਾਇਰੈਕਟਰ ਗੁਰਕ੍ਰਿਪਾਲ ਸਿੰਘ, ਡਾਇਰੈਕਟਰ ਪਰਮਿੰਦਰ ਸਿੰਘ ਤੇ ਡਾ. ਆਰ ਪੀ ਸਿੰਘ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਵਿਖੇ ਕਰਵਾਇਆ ਸਾਲਾਨਾ ਡਿਗਰੀ ਵੰਡ ਸਮਾਰੋਹ

☛ਸਾਬਕਾ ਸਿੱਖਿਆ ਮੰਤਰੀ ਡਾ. ਚੀਮਾ ਨੇ ਵਿਦਿਆਰਥੀਆਂ ਨੂੰ ਵੰਡੀਆਂ ਡਿਗਰੀਆਂ



ਸ੍ਰੀ ਅਨੰਦਪੁਰ ਸਾਹਿਬ, 7 ਮਈ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਸਾਲਾਨਾ ਡਿਗਰੀ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ 400 ਤੋਂ ਵੱਧ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ ਗਈਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸਦੇ ਨਾਲ ਹੀ ਸ਼੍ਰੋਮਣੀ ਕਮੇਟੀ ਮੈਂਬਰ ਤੇ ਕਾਲਜ ਗਵਰਨਿੰਗ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ਼੍ਰੋਮਣੀ ਕਮੇਟੀ ਮੈਂਬਰ ਤੇ ਕਾਲਜ ਦੀ ਗਵਰਨਿੰਗ ਕਮੇਟੀ ਦੇ ਮੈਂਬਰ ਸ. ਅਜਮੇਰ ਸਿੰਘ ਖੇੜਾ ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਲ ਹੋਏ। ਇਸ ਮੌਕੇ ਮੁੱਖ ਮਹਿਮਾਨ ਡਾ. ਦਲਜੀਤ ਸਿੰਘ ਚੀਮਾ ਨੇ ਆਪਣੇ ਕਨਵੋਕੇਸ਼ਨ ਭਾਸ਼ਣ ਦੌਰਾਨ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿੱਦਿਅਕ ਵਰ੍ਹੇ 2023-24 ਦੌਰਾਨ ਅੰਡਰ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਕਲਾਸਾਂ ਪਾਸ ਕਰ ਚੁੱਕੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਚੱਲ ਰਹੇ ਇਲਾਕੇ ਦੀ ਇਸ ਸਿਰਮੌਰ ਸੰਸਥਾ 'ਚ ਵਿੱਦਿਆ ਪ੍ਰਾਪਤ ਕਰਨਾ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਵਿਦਿਆਰਥੀਆਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਵਿਦਿਆਰਥੀ ਹੁਣ ਆਪਣੇ ਤੇ ਆਪਣੇ ਮਾਪਿਆਂ ਦੇ ਸੁਪਨਿਆਂ ਨੂੰ ਪੂਰਾ ਕਰਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦਾ ਉਜਲਾ ਭਵਿੱਖ ਹੋਵੇਗਾ। ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਵੱਲੋਂ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਦਾ ਕਾਲਜ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ। ਉਹਨਾਂ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹੀ। ਉਨ੍ਹਾਂ ਬੀਤੇ ਸਮੇਂ 'ਚ ਕਾਲਜ ਵੱਲੋਂ ਵੱਖ-ਵੱਖ ਖੇਤਰਾਂ 'ਚ ਕੀਤੀਆਂ ਗਈਆਂ ਸ਼ਾਨਾਮਤੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਉਹਨਾਂ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਾਂ ਵੀ ਦਿੱਤੀਆਂ। ਪ੍ਰੋਗਰਾਮ ਦੇ ਅਖੀਰ 'ਚ ਕਾਲਜ ਦੇ ਰਜਿਸਟਰਾਰ ਡਾ. ਰਵਿੰਦਰ ਸਿੰਘ ਰੇਖੀ ਵੱਲੋਂ ਮੁੱਖ ਮਹਿਮਾਨ ਸਮੇਤ ਸਾਰੇ ਮਹਿਮਾਨਾਂ ਦਾ ਡਿਗਰੀ ਵੰਡ ਸਮਾਰੋਹ 'ਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਸੰਦੀਪ ਸਿੰਘ ਕਲੋਤਾ, ਵਾਈਸ ਪ੍ਰਿੰਸੀਪਲ ਡਾ. ਮਨਜੀਤ ਸਿੰਘ ਸਮੇਤ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਸੀ।

# ਮਿਆਦੀਆਂ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਦੇ ਆਧੁਨਿਕ ਕਲਾਸ ਰੂਮ ਦਾ ਉਦਘਾਟਨ



ਚੋਗਾਵਾਂ, 7 ਮਈ (ਸੁਬੇਗ ਸਿੰਘ ਸੋਨਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਹੋਇਆ ਹੈ। ਸਿੱਖਿਆ ਕ੍ਰਾਂਤੀ ਤਹਿਤ ਕੀਤੇ ਉਪਰਾਲੇ ਸਦਕਾ ਹਲਕਾ ਰਾਜਾਸਾਂਸੀ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਇੰਚਾਰਜ ਤੇ ਪਨਗ੍ਰੇਨ ਪੰਜਾਬ ਦੇ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ ਜੀ ਨੇ ਸਰਕਾਰੀ ਐਲੀਮੈਂਟਰੀ ਸਕੂਲ ਭੁੱਲਰ ਦੇ ਲੱਖਾਂ ਰੁਪਏ ਦੀ ਲਾਗਤ ਨਾਲ ਆਧੁਨਿਕ ਨਵੇਂ ਕਲਾਸ ਰੂਮ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਸਮੇਂ ਕੀਤਾ ਗਿਆ। ਇਸ ਮੌਕੇ ਮਿਆਦੀਆਂ ਨੇ ਕਿਹਾ ਕਿ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਕੇ ਪੰਜਾਬ ਸਿੱਖਿਆ ਕ੍ਰਾਂਤੀ ਲਿਆਂਦੀ ਜਾ ਰਹੀ ਹੈ। ਆਪ ਸਰਕਾਰ ਨੇ ਜੋ ਗਰੰਟੀਆਂ ਦਿੱਤੀਆਂ ਉਹ ਲੜੀਵਾਰ ਲਾਗੂ ਵੀ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਸਰਪੰਚ ਬਲਦੇਵ ਸਿੰਘ ਭੁੱਲਰ, ਮੁੱਖ ਅਧਿਆਪਕ ਸੁਨੀਤਾ ਅਤੇ ਸਾਬਕਾ ਸਰਪੰਚ ਬਲਾਕ ਪ੍ਰਧਾਨ ਦਵਿੰਦਰ ਸਿੰਘ ਭੁੱਲਰ ਵਲੋਂ ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਸੁਖਦੇਵ ਸਿੰਘ ਮਿਆਦੀਆਂ ਤੇ ਹੋਰਨਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਫੌਜੀ ਚੱਕ ਮਿਸ਼ਰੀ ਖਾ, ਸੁਖਦੇਵ ਸਿੰਘ ਮਿਆਦੀਆਂ ਐਜੂਕੇਸ਼ਨ ਕੋਆਰਡੀਨੇਟਰ, ਜਤਿੰਦਰ ਸਿੰਘ ਰਾਣਾ ਬੀ.ਪੀ.ਈ.ਓ. ਚੋਗਾਵਾਂ ਹਾਜ਼ਰ ਸਨ।

# ਚੇਅਰਮੈਨ ਸੇਖਵਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨਵੀਆਂ ਬਾਗੜੀਆਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ

ਕਾਹਨੂੰਵਾਨ, 7 ਮਈ (ਕੁਲਜੀਤ ਸਿੰਘ ਖੋਖਰ): ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਅੱਜ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਨਵੀਆਂ ਬਾਗੜੀਆਂ ਵਿਖੇ ਸਿੱਖਿਆ ਕ੍ਰਾਂਤੀ ਤਹਿਤ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ 'ਸਿੱਖਿਆ ਕ੍ਰਾਂਤੀ' ਮੁਹਿੰਮ ਦੀ ਬਦੌਲਤ, ਪੰਜਾਬ ਵਿੱਚ ਸਰਕਾਰੀ ਸਕੂਲ ਸਿੱਖਿਆ ਦੀ ਗੁਣਵੱਤਾ ਵਿੱਚ ਬੇਮਿਸਾਲ ਬਦਲਾਅ ਦੇਖੇ ਗਏ ਹਨ ਅਤੇ ਇਹ ਬਦਲਾਅ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਬਣਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦਾ ਵਿਜ਼ਨ ਸਿੱਖਿਆ ਰਾਹੀਂ ਤਰੱਕੀ ਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਨਾ ਸਿਰਫ਼ ਤੁਹਾਡੇ ਪਰਿਵਾਰ ਦੀ ਸਗੋਂ ਦੇਸ਼ ਦੀ ਕਿਸਮਤ ਬਦਲ ਦੇਵੇਗੀ। ਉਨ੍ਹਾਂ ਕਿਹਾ ਕਿ ਉਹ ਸਕੂਲ ਵਿੱਚ ਕੀਤੇ ਗਏ ਸਾਰੇ ਕੰਮ ਨੂੰ ਦੇਖ ਕੇ ਖ਼ੁਸ਼ ਹਨ ਅਤੇ ਅਧਿਆਪਕਾਂ ਨੇ ਫੰਡਾਂ ਦੀ ਵਰਤੋਂ ਬਹੁਤ ਸਮਝਦਾਰੀ ਨਾਲ ਕੀਤੀ ਹੈ। ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦਾ ਮੰਨਣਾ ਹੈ ਕਿ ਕੋਈ ਵੀ ਦੇਸ਼ ਜਾਂ ਕੌਮ ਸਿੱਖਿਆ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦੀ, ਇਸ ਲਈ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਵਿੱਚ ਮੁਫ਼ਤ ਸਿੱਖਿਆ, ਮੁਫ਼ਤ ਸਕੂਲ ਕਿਤਾਬਾਂ, ਮੁਫ਼ਤ ਵਰਦੀਆਂ ਅਤੇ ਮਿਡ ਡੇ ਮੀਲ ਮੁਹੱਈਆ ਕਰਵਾ ਰਹੀ ਹੈ।



# ਚੜ੍ਹਦੀ ਉਮਰ 'ਚ ਵਿਛੋੜਾ ਦੇਣ ਵਾਲੇ ਜਸ਼ਨਪ੍ਰੀਤ ਸਿੰਘ ਨਾਹਲ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ

ਸ੍ਰੀ ਅਨੰਦਪੁਰ ਸਾਹਿਬ, 7 ਮਈ (ਤਰਲੋਚਨ ਸਿੰਘ): ਨਜ਼ਦੀਕੀ ਪਿੰਡ ਢੇਰ ਦੇ ਹੋਣਹਾਰ ਨੌਜਵਾਨ ਜਸ਼ਨਪ੍ਰੀਤ ਸਿੰਘ ਸਿੰਘ ਨਾਹਲ ਦੀ 20 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੋਈ ਬੇਵਕਤੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਵੱਖ ਵੱਖ ਆਗੂਆਂ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਸ਼ਰਨਜੀਤ ਸਿੰਘ ਨਾਹਲ ਪਲੱਸ ਟੂ ਤੋਂ ਬਾਅਦ ਵਿਦੇਸ਼ ਜਾਣ ਦੀ ਤਿਆਰੀ ਕਰ ਰਿਹਾ ਸੀ। ਅਚਾਨਕ ਉਹ ਸਦੀਵੀਂ ਵਿਛੋੜਾ ਦੇ ਗਿਆ। ਉਸਦਾ ਪਿਤਾ ਸੁਖਪਾਲ ਸਿੰਘ ਰੋਜ਼ੀ ਰੋਟੀ ਕਮਾਉਣ ਲਈ ਬਾਹਰਲੇ ਮੁਲਕ ਵਿੱਚ ਗਿਆ ਸੀ ਤੇ ਪਰਿਵਾਰ ਵਿੱਚ ਇਸ ਮੌਤ ਨਾਲ ਬਹੁਤ ਵੱਡਾ ਮਾਤਮ ਛਾ ਗਿਆ। ਉਸ ਦਾ ਅੰਤਿਮ ਦਾਹ ਸਸਕਾਰ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ। ਇਸ ਮੌਕੇ 'ਤੇ ਸੀਪੀਆਈਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਸੀਪੀਆਈਐਮ ਦੇ ਆਗੂ ਜਸਵਿੰਦਰ ਸਿੰਘ ਭੰਗਲ, ਸਾਬਕਾ ਸਰਪੰਚ ਰਜਿੰਦਰ ਸਿੰਘ ਡੋਡ, ਗੁਰਮੀਤ ਸਿੰਘ ਡੋਡ, ਬਾਬਾ ਜਗਤਾਰ ਸਿੰਘ, ਸੂਬੇਦਾਰ ਹਰਜਾਪ ਸਿੰਘ ਭੰਗਲ, ਖੁਸ਼ਹਾਲ ਸਿੰਘ ਭੰਗਲ, ਰਘਬੀਰ ਸਿੰਘ ਭੰਗਲ, ਪ੍ਰਧਾਨ ਪ੍ਰੇਮ ਸਿੰਘ ਅਟਵਾਲ, ਗੁਰਦਿਆਲ ਸਿੰਘ ਅਟਵਾਲ, ਡਾਕਟਰ ਅੱਛਰ ਸ਼ਰਮਾ, ਸੁਰਿੰਦਰਪਾਲ ਸਿੰਘ ਨੰਬਰਦਾਰ, ਐਡਵੋਕੇਟ ਜੇ ਪੀ ਸਿੰਘ ਢੇਰ, ਐਡਵੋਕੇਟ ਸੁੱਚਾ ਸਿੰਘ ਅਟਵਾਲ, ਥਾਣੇਦਾਰ ਗੁਰਦਿਆਲ ਸਿੰਘ ਭੰਗਲ, ਬਰਜਿੰਦਰ ਸਿੰਘ ਡੋਡ, ਹਰਜਾਪ ਸਿੰਘ ਬਡਿਆਲ, ਪ੍ਰਧਾਨ ਦਰਸ਼ਨ ਸਿੰਘ ਨਾਹਲ, ਸਰਪੰਚ ਮੱਖਣ ਸਿੰਘ, ਇੰਦਰਜੀਤ ਸਿੰਘ ਫੌਜੀ, ਕੁਲਵਿੰਦਰ ਸਿੰਘ ਭੰਗਲ, ਸਵਰਨ ਸਿੰਘ ਝੱਜ ਜਰਨੈਲ ਸਿੰਘ ਸੂਰੇਵਾਲ, ਜਥੇਦਾਰ ਸੰਦੀਪ ਸਿੰਘ ਕਲੋਤਾ, ਅਮਰੀਕ ਸਿੰਘ ਕਾਕੂ, ਹਰਜਾਪ ਸਿੰਘ ਸੋਢੀ, ਚਾਨਣ ਕੁਮਾਰ, ਸੁੰਦਰ ਸਿੰਘ ਅਟਵਾਲ, ਸੁਖਵਿੰਦਰ ਸਿੰਘ ਸੋਨੂੰ, ਸੁਰਜੀਤ ਸਿੰਘ ਠੀਕਰੀਵਾਲ, ਵਰਿਆਮ ਸਿੰਘ ਬਹਿਲੂ, ਬਲਜਿੰਦਰ ਸਿੰਘ ਢਿੱਲੋਂ, ਰਣਜੀਤ ਸਿੰਘ ਅਟਵਾਲ, ਕੇਸਰ ਸਿੰਘ ਅਟਵਾਲ, ਗਿਆਨੀ ਸ਼ੇਰ ਸਿੰਘ, ਗਿਆਨੀ ਬਲਜੀਤ ਸਿੰਘ, ਹਰਜਿੰਦਰ ਸਿੰਘ ਨਾਹਲ, ਭਰਤ ਭੂਸ਼ਨ ਭਾਰਦਵਾਜ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਦੀ ਪੰਜਾਬ ਸਰਕਾਰ ਦੀ ਸਬ-ਕਮੇਟੀ ਨਾਲ ਮੀਟਿੰਗ

ਕੋਟ ਈਸੇ ਖਾਂ, 7 ਮਈ (ਗਾਂਧੀ/ਗੁਰਦੇਵ ਖੁਰਾਣਾ): ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਨੇ ਦੱਸਿਆ ਕਿ ਲਗਾਤਾਰ ਪੰਜ ਵਾਰ ਪੰਜਾਬ ਸਰਕਾਰ ਦੀ ਸਬ-ਕਮੇਟੀ ਨਾਲ ਜਥੇਬੰਦੀ ਦੀ ਮੀਟਿੰਗ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸਿੱਖਿਆ ਵਿਭਾਗ ਦੇ ਆਲਾ ਅਧਿਕਾਰੀਆਂ ਦੇ ਨਾਲ ਹੋ ਚੁੱਕੀ ਹੈ; ਇਸ ਵਾਰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਜਥੇਬੰਦੀ ਤੋਂ ਆਪਣੀਆਂ ਮੁੱਖ ਮੰਗਾਂ ਦਾ ਪ੍ਰਪੋਜਲ ਬਣਾ ਕੇ ਉਹਨਾਂ ਨੂੰ ਪੇਸ਼ ਕਰਨ ਲਈ ਕਿਹਾ ਗਿਆ ਸੀ। ਜਥੇਬੰਦੀ ਵੱਲੋਂ ਅਧਿਆਪਕਾਂ ਦੀ ਸਭ ਤੋਂ ਪ੍ਰਮੁੱਖ ਮੰਗ ਉਹਨਾਂ ਦੀਆਂ ਨਿਗੁਣੀਆਂ ਤਨਖਾਹਾਂ ਨੂੰ ਗ੍ਰੇਡ ਪੇ ਤਨਖਾਹਾਂ ਵਿੱਚ ਬਦਲਣ ਲਈ ਇੱਕ ਪ੍ਰਪੋਜਲ ਤਿਆਰ ਕਰਕੇ ਪੇਸ਼ ਕੀਤਾ ਗਿਆ। ਜਿਸ ਵਿੱਚ ਅਧਿਆਪਕਾਂ ਤੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਨਿਗੁਣੀਆਂ ਤਨਖਾਹਾਂ ਨੂੰ ਗਰੇਡ ਪੇ ਮੁਤਾਬਕ ਜਾਰੀ ਕਰਨ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ। ਇਸ ਮੌਕੇ ਸਿੱਖਿਆ ਵਿਭਾਗ ਦੇ ਐਜੂਕੇਸ਼ਨ ਸੈਕਟਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਜਥੇਬੰਦੀ ਦੇ ਸੂਬਾ ਪ੍ਰਧਾਨ ਵੱਲੋਂ ਜਥੇਬੰਦੀ ਦੀਆਂ ਸਾਰੀਆਂ ਅਹਿਮ ਮੰਗਾਂ ਪੰਜਾਬ ਸਰਕਾਰ ਦੇ ਸਾਹਮਣੇ ਲਿਖਤੀ ਰੂਪ ਵਿੱਚ ਰੱਖੀਆਂ ਗਈਆਂ ਅਤੇ ਸਾਰਾ ਪ੍ਰਪੋਜਲ ਐਜੂਕੇਸ਼ਨ ਸੈਕਟਰੀ ਮੈਡਮ ਦੇ ਦਫਤਰ



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹੁਕਮਾਂ 'ਤੇ ਭੇਜਿਆ ਗਿਆ। ਆਸ ਹੈ ਕਿ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਵੱਲੋਂ ਇਨ੍ਹਾਂ ਅਧਿਆਪਕਾਂ ਦੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਜਲਦੀ ਨੋਟੀਫਿਕੇਸ਼ਨ ਜਾਰੀ ਕਰਕੇ ਅਧਿਆਪਕਾਂ ਨੂੰ ਸੰਤੁਸ਼ਟੀ ਦਿੱਤੀ ਜਾਵੇਗੀ। ਇਸ ਮੌਕੇ ਜਥੇਬੰਦੀ ਦੇ ਸੂਬਾ ਸੀਨੀਅਰ ਸਕੱਤਰ ਅਮਨ ਸ਼ਾਸਤਰੀ, ਸੂਬਾ ਮੀਤ ਪ੍ਰਧਾਨ ਮੀਨੂ ਬਾਲਾ, ਸੂਬਾ ਮੁੱਖ ਸਲਾਹਕਾਰ ਓਮਾ ਮਾਧਵੀ ਅਤੇ ਸੂਬਾ ਪ੍ਰੈਸ ਸਕੱਤਰ ਗੁਰਜਿੰਦਰ ਰਾਮ ਹਾਜ਼ਰ ਸਨ।

# ਬਰੈਂਪਟਨ 'ਚ ਕਾਰੋਬਾਰੀਆਂ ਤੋਂ ਫਿਰੌਤੀਆਂ ਲੈਣ ਦੇ ਦੋਸ਼ ਹੇਠ ਤਿੰਨ ਪੰਜਾਬੀ ਗ੍ਰਿਫ਼ਤਾਰ

ਵੈਨਕੂਵਰ, 7 ਮਈ (ਚ.ਨ.ਸ): ਪੀਲ ਪੁਲਿਸ ਨੇ ਕਾਰੋਬਾਰੀਆਂ ਤੋਂ ਫਿਰੌਤੀਆਂ ਮੰਗਣ ਦੇ ਦੋਸ਼ ਹੇਠ ਤਿੰਨ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਨੌਜਵਾਨਾਂ ਨੇ ਪਿਛਲੇ ਦਿਨੀਂ ਕੂਈਨ ਸਟਰੀਟ ਤੇ ਕੈਨੇਡੀ ਰੋਡ ਸਾਊਥ ਸਥਿਤ ਵਪਾਰਕ ਅਦਾਰੇ 'ਤੇ ਗੋਲ਼ੀਆਂ ਚਲਾਉਣ ਤੋਂ ਬਾਅਦ ਮਾਲਕ ਨੂੰ ਫੋਨ ਕਰਕੇ ਫਿਰੌਤੀ ਦੀ ਵੱਡੀ ਰਕਮ ਮੰਗੀ ਸੀ। ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਨੌਜਵਾਨਾਂ ਦੀ ਪਛਾਣ ਹਰਪਾਲ ਸਿੰਘ, ਰਾਜਨੂਰ ਸਿੰਘ ਤੇ ਏਕਨੂਰ ਸਿੰਘ ਤਿੰਨੋ ਵਾਸੀ ਬਰੈਂਪਟਨ ਵਜੋਂ ਦੱਸੀ ਗਈ ਹੈ। ਪੀਲ ਪੁਲਿਸ ਦੇ ਡਿਪਟੀ ਚੀਫ ਮਾਰਕ ਐਂਡਰਿਊ ਮੁਤਾਬਕ ਮੁਲਜ਼ਮਾਂ ਨੇ 30 ਅਪ੍ਰੈਲ ਨੂੰ ਉਕਤ ਵਪਾਰਕ ਅਦਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਕਈ ਗੋਲ਼ੀਆਂ ਚਲਾਉਣ ਤੋਂ ਬਾਅਦ ਉਸ ਦੇ ਮਾਲਕ ਨੂੰ ਫੋਨ 'ਤੇ ਮੈਸੇਜ ਕਰਕੇ ਫਿਰੌਤੀ ਦੀ ਵੱਡੀ ਰਕਮ ਮੰਗੀ ਅਤੇ ਨਾ ਦੇਣ ਜਾਂ ਪੁਲਿਸ ਨੂੰ ਦੱਸਣ ਬਦਲੇ ਮਾਰ ਦੇਣ ਦੀ ਧਮਕੀ ਵੀ ਦਿੱਤੀ। ਉਂਝ ਗੋਲ਼ੀਆਂ ਚਲਾਉਣ ਮੌਕੇ ਵਪਾਰਕ ਅਦਾਰੇ ਅੰਦਰ ਕੋਈ ਨਹੀਂ ਸੀ, ਜਿਸ ਕਾਰਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਹਾਲਾਂਕਿ ਮੌਕੇ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਫੁਟੇਜ ਰਿਕਾਰਡ ਹੋ ਗਈਆਂ। ਨੇੜਲੇ ਲੋਕਾਂ ਦੀ ਮਦਦ ਨਾਲ ਜਲਦੀ ਹੀ ਇਨ੍ਹਾਂ ਨੌਜਵਾਨਾਂ ਦੀ ਪਛਾਣ ਵੀ ਹੋ ਗਈ ਤੇ 2 ਮਈ ਨੂੰ ਤਿੰਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਗਲੇ ਦਿਨਾਂ 'ਚ ਉਨ੍ਹਾਂ ਨੂੰ ਚਾਰਜਸ਼ੀਟ ਸਮੇਤ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਬੰਗਲਾਦੇਸ਼ ਦੀ ਅਦਾਲਤ ਵੱਲੋਂ ਹਿੰਦੂ ਨੇਤਾ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ

ਢਾਕਾ, 7 ਮਈ (ਚ.ਨ.ਸ): ਬੰਗਲਾਦੇਸ਼ ਦੀ ਅਦਾਲਤ ਨੇ ਹਿਰਾਸਤ 'ਚ ਲਏ ਗਏ ਹਿੰਦੂ ਨੇਤਾ ਚਿਨਮਯ ਕ੍ਰਿਸ਼ਨ ਦਾਸ ਨੂੰ ਬੀਤੇ ਦਿਨੀਂ ਚਾਰ ਹੋਰ ਮਾਮਲਿਆਂ 'ਚ ਗ੍ਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਹੈ। ਲੰਘੇ ਦਿਨ ਅਦਾਲਤ ਨੇ ਹੱਤਿਆ ਦੇ ਇੱਕ ਮਾਮਲੇ 'ਚ ਉਸ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਸਨ। ਸਰਕਾਰੀ ਖ਼ਬਰ ਏਜੰਸੀ ਬੀਐੱਸਐੱਸ ਦੀ ਖ਼ਬਰ ਮੁਤਾਬਿਕ ਚਟੋਗ੍ਰਾਮ ਮੈਟਰੋਪੌਲੀਟਿਨ ਮੈਜਿਸਟਰੇਟ ਐੱਸਐੱਮ ਅਲਾਉਦੀਨ ਮਹਿਮੂਦ ਨੇ ਵਰਚੁਅਲੀ ਸੁਣਵਾਈ ਮਗਰੋਂ ਇਹ ਹੁਕਮ ਜਾਰੀ ਕੀਤਾ। ਇਸਕੌਨ ਦੇ ਸਾਬਕਾ ਅਹੁਦੇਦਾਰ ਦਾਸ ਨੂੰ ਕੌਮੀ ਝੰਡੇ ਦੇ ਕਥਿਤ ਅਪਮਾਨ ਨੂੰ ਲੈ ਕੇ ਦੇਸ਼ਧ੍ਰੋਹ ਦੇ ਇੱਕ ਮਾਮਲੇ 'ਚ ਪਿਛਲੇ ਸਾਲ 25 ਨਵੰਬਰ ਨੂੰ ਢਾਕਾ ਦੇ ਹਜ਼ਰਤ ਸ਼ਾਹਜਲਾਲ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਚਟੋਗ੍ਰਾਮ ਦੀ ਇੱਕ ਅਦਾਲਤ ਨੇ ਉਸ ਦੀ ਜ਼ਮਾਨਤ ਅਰਜ਼ੀ ਖਾਰਜ ਕਰਦਿਆਂ ਉਸ ਨੂੰ ਜੇਲ੍ਹ ਭੇਜ ਦਿੱਤਾ ਸੀ। ਅਸਿਸਟੈਂਟ ਪਬਲਿਕ ਪ੍ਰੋਸੀਕਿਊਟਰ ਐੱਮਆਰ ਵਾਜ਼ੇਦ ਚੌਧਰੀ ਮੁਤਾਬਕ ਜਿਨ੍ਹਾਂ ਚਾਰ ਮਾਮਲਿਆਂ 'ਚ ਅਦਾਲਤ ਨੇ ਅੱਜ ਕਾਰਵਾਈ ਕੀਤੀ ਹੈ, ਉਨ੍ਹਾਂ 'ਚ ਕੋਤਵਾਲੀ ਥਾਣੇ 'ਚ ਪੁਲਿਸ ਦੇ ਕੰਮ 'ਚ ਵਿਘਨ ਪਾਉਣਾ ਤੇ ਵਕੀਲਾਂ ਅਤੇ ਨਿਆਂ ਮੰਗਣ ਵਾਲਿਆਂ 'ਤੇ ਹਮਲਾ ਕਰਨਾ ਸ਼ਾਮਲ ਹਨ। ਅਦਾਲਤ ਨੇ ਸੁਣਵਾਈ ਮਗਰੋਂ ਚਿਨਮਯ ਦਾਸ ਦੀ ਗ੍ਰਿਫ਼ਤਾਰੀ ਦਿਖਾਉਣ ਦੀ ਅਪੀਲ ਮਨਜ਼ੂਰ ਕਰ ਲਈ।

# ਪਤੰਜਲੀ ਯੂਨੀਵਰਸਿਟੀ ਨੇ ਕਰਵਾਇਆ ਇੱਕ ਰੋਜ਼ਾ ਸੰਮੇਲਨ

ਹਰਿਦੁਆਰ, 7 ਮਈ (ਚ.ਨ.ਸ): ਬੀਰਬਲ ਸਾਹਨੀ ਇੰਸਟੀਚਿਊਟ ਆਫ਼ ਪੈਲੀਓ ਸਾਇੰਸਜ਼, ਪਤੰਜਲੀ ਰਿਸਰਚ ਫਾਊਂਡੇਸ਼ਨ ਤੇ ਪਤੰਜਲੀ ਯੂਨੀਵਰਸਿਟੀ ਦੇ ਸਹਿਯੋਗ ਨਾਲ 'ਮਿਊਜ਼ੀਅਮ ਆਫ ਓਰੀਜਨ ਐਂਡ ਕੰਟੀਨਿਊਮ' ਵਿਸ਼ੇ ਦੇ ਇਤਿਹਾਸ 'ਤੇ ਇੱਕ ਰੋਜ਼ਾ ਸੰਮੇਲਨ ਕਰਵਾਇਆ ਗਿਆ, ਜਿਸ ਵਿੱਚ ਸਵਾਮੀ ਰਾਮਦੇਵ ਮਹਾਰਾਜ ਤੇ ਆਚਾਰੀਆ ਬਾਲਕ੍ਰਿਸ਼ਨ ਮਹਾਰਾਜ ਦੇ ਨਾਲ-ਨਾਲ ਦੇਸ਼ ਦੇ ਗਿਆਨਵਾਨ ਇਤਿਹਾਸਕਾਰਾਂ, ਭੂ-ਵਿਗਿਆਨੀਆਂ ਤੇ ਭਾਰਤੀ ਗਿਆਨ ਪ੍ਰਣਾਲੀ ਦੇ ਵਿਦਵਾਨਾਂ ਨੇ ਵਿਚਾਰ-ਵਟਾਂਦਰਾ ਕੀਤਾ। ਨੈਕ ਕਾਰਜਕਾਰੀ ਕਮੇਟੀ ਦੇ ਚੇਅਰਮੈਨ ਪ੍ਰੋ.ਅਨਿਲ ਸਹਿਸਤਬੁੱਧੀ ਨੇ ਕਿਹਾ ਕਿ ਪਤੰਜਲੀ ਵੱਲੋਂ ਇਤਿਹਾਸ ਲਿਖਣ ਤੇ ਪ੍ਰਮਾਣਿਤ ਕਰਨ ਦਾ ਕੰਮ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਰੇਗਵਾ ਤੇ ਲੋਕਾਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲ ਜੋੜੇਗਾ। ਭਾਰਤੀ ਪੁਰਾਤੱਤਵ ਸਰਵੇਖਣ ਦੇ ਡਾਇਰੈਕਟਰ ਜਨਰਲ ਡਾ.ਵਾਈ.ਐੱਸ.ਰਾਵਤ ਨੇ ਕਿਹਾ ਕਿ ਪਤੰਜਲੀ ਇਤਿਹਾਸ ਨੂੰ ਸੰਭਾਲਣ ਦਾ ਇੱਕ ਵਿਲੱਖਣ ਕੰਮ ਕਰ ਰਿਹਾ ਹੈ। ਉਨ੍ਹਾਂ ਖੁਸ਼ੀ ਪ੍ਰਗਟ ਕੀਤੀ ਤੇ ਕਿਹਾ ਕਿ ਪਤੰਜਲੀ ਵੱਲੋਂ ਪੁਰਾਤੱਤਵ ਸਰਵੇਖਣ ਲਈ ਕੀਤਾ ਜਾ ਰਿਹਾ ਕੰਮ ਵਿਸ਼ਵ ਇਤਿਹਾਸ ਨੂੰ ਮੁੜ ਸੁਰਜੀਤ ਕਰੇਗਾ। ਇਸ ਮੌਕੇ 'ਤੇ ਸਵਾਮੀ ਰਾਮਦੇਵ ਮਹਾਰਾਜ ਨੇ ਕਿਹਾ ਕਿ ਭਾਰਤ ਦੇ ਸ਼ਾਨਦਾਰ ਇਤਿਹਾਸ ਨੂੰ ਜਾਣਬੁੱਝ ਕੇ ਛੁਪਾਇਆ ਗਿਆ ਹੈ। ਪਤੰਜਲੀ ਨੇ ਹੁਣ ਭਾਰਤ ਦੇ ਸੁਨਹਿਰੀ ਇਤਿਹਾਸ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਲਈ ਹੈ। ਇਸ ਸਮਾਗਮ ਵਿੱਚ ਪ੍ਰੋਫੈਸਰ ਜੀ.ਸੂਰਿਆਨਾਰਾਇਣ ਮੂਰਤੀ, ਮੁਖੀ, ਆਈਕੇਐੱਸ ਡਿਵੀਜ਼ਨ, ਸਿੱਖਿਆ ਮੰਤਰਾਲੇ, ਪਾਰਥ ਠੱਕਰ, ਆਰਕੀਟੈਕਟ, ਅਹਿਮਦਾਬਾਦ, ਗੁਜਰਾਤ ਤੋਂ ਮਿਊਜ਼ੀਅਮ ਡਾ.ਆਨੰਦ ਬਰਧਨ, ਸਹਾਇਕ ਪ੍ਰੋਫੈਸਰ ਡਾ. ਬੀ.ਆਰ. ਅੰਬੇਡਕਰ ਯੂਨੀਵਰਸਿਟੀ, ਦਿੱਲੀ, ਡਾ.ਧਰਮਵੀਰ ਸ਼ਰਮਾ, ਸਾਬਕਾ ਡਾਇਰੈਕਟਰ, ਏ.ਐੱਸ.ਆਈ. ਓਨਕੋਲੋਜਿਸਟ ਤੇ ਇਤਿਹਾਸਕਾਰ ਡਾ.ਪੁਨੀਤ ਗੁਪਤਾ, ਸੁਰੇਸ਼ ਚਵੰਕੇ, ਚੇਅਰਮੈਨ ਸੁਦਰਸ਼ਨ ਚੈਨਲ, ਗੀਤਾਂਜਲੀ ਬਰੂਆ, ਸਕੱਤਰ, ਚੀਨੀਕੀ, ਏ ਸੈਂਟਰ ਫਾਰ ਹੈਰੀਟੇਜ ਤੇ ਹੋਰ। ਆਈ.ਆਈ.ਟੀ. ਕਾਨਪੁਰ ਦੇ ਸੰਭਾਲ ਵਿਭਾਗ ਦੇ ਪ੍ਰੋਜੈਕਟ ਕੋਆਰਡੀਨੇਟਰ ਆਸਤਿਕ ਭਾਰਦਵਾਜ ਨੇ ਤਕਨੀਕੀ ਸੈਸ਼ਨ ਵਿਚ ਇੱਕ ਭਾਸ਼ਣ ਦੀ ਸਥਿਤੀ ਹੁਣ ਬਹੁਤ ਗੰਭੀਰ ਹੋ ਗਈ ਹੈ। ਇਹ 80 ਸਾਲ ਪੁਰਾਣਾ ਵਿਸ਼ਵਵਿਆਪੀ ਸੰਗਠਨ ਹੁਣ ਵਿੱਤੀ ਦੀਵਾਲੀਆਪਨ ਦੇ ਖਤਰੇ ਦਾ ਸਾਹਮਣਾ ਕਰ ਰਿਹਾ ਹੈ।

# ਪਾਕਿ ਵਿਦੇਸ਼ ਦ.ਫਤਰ ਨੇ ਭਾਰਤੀ .ਫੌਜ ਦੀ ਕਾਰਵਾਈ ਦੇ ਸੰਭਾਵੀ ਖ਼ਤਰੇ ਬਾਰੇ ਦਿੱਤੀ ਚਿਤਾਵਨੀ

ਅੰਮ੍ਰਿਤਸਰ, 7 ਮਈ (ਚ.ਨ.ਸ): ਪਾਕਿਸਤਾਨ ਦੇ ਇਸਲਾਮਾਬਾਦ ਸਥਿਤ ਵਿਦੇਸ਼ ਦਫਤਰ ਦੇ ਬੁਲਾਰੇ ਸ਼ਫਕਤ ਅਲੀ ਖਾਨ ਨੇ ਭਰੋਸੇਯੋਗ ਖ਼ੁਫੀਆ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਭਾਰਤ ਨੂੰ ਪਾਕਿ ਲਈ ਇਕ ਵੱਡਾ ਫ਼ੌਜੀ ਖ਼ਤਰਾ ਦੱਸਿਆ। ਉਨ੍ਹਾਂ ਨੇ ਪਾਕਿ ਵਿਰੁੱਧ ਭਾਰਤੀ ਫ਼ੌਜੀ ਕਾਰਵਾਈ ਦੀ ਸੰਭਾਵੀ ਖ਼ਤਰੇ ਬਾਰੇ ਚਿਤਾਵਨੀ ਵੀ ਦਿੱਤੀ। ਭਾਰਤ-ਪਾਕਿ ਸਥਿਤੀ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸਲਾਹ-ਮਸ਼ਵਰੇ ਤੋਂ ਬਾਅਦ ਬੋਲਦੇ ਹੋਏ ਬੁਲਾਰੇ ਨੇ ਕਿਹਾ ਕਿ ਪ੍ਰੀਸ਼ਦ ਦੇ ਮੈਂਬਰਾਂ ਨੇ ਖੇਤਰ 'ਚ ਵੱਧ ਰਹੇ ਤਣਾਅ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਮੈਂਬਰਾਂ ਨੇ ਹੋਰ ਤਣਾਅ ਤੋਂ ਬਚਣ ਲਈ ਤੁਰੰਤ ਸੰਜਮ ਤੇ ਤਣਾਅ ਘਟਾਉਣ ਦੀ ਮੰਗ ਕੀਤੀ। ਬੁਲਾਰੇ ਨੇ ਕਿਹਾ ਕਿ ਯੂ.ਐੱਨ.ਐੱਸ.ਸੀ. ਨੇ ਦੋਵਾਂ ਦੇਸ਼ਾਂ ਵਿਚਕਾਰ ਵਿਵਾਦਾਂ ਨੂੰ ਹੱਲ ਕਰਨ ਲਈ ਗੱਲਬਾਤ ਅਤੇ ਕੂਟਨੀਤੀ ਦੀ ਲੋੜ 'ਤੇ ਜ਼ੋਰ ਦਿੱਤਾ। ਪਾਕਿ ਨੇ ਦੁਹਰਾਇਆ ਕਿ ਉਹ ਤਣਾਅ ਵਧਾਉਣ ਦੀ ਕੋਸ਼ਿਸ਼ ਨਹੀਂ ਕਰਦਾ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੀ ਵਿਚੋਲਗੀ ਦੀ ਪੇਸ਼ਕਸ਼ ਦਾ ਸਵਾਗਤ ਕਰਦਾ ਹੈ।

# 'ਪਖਾਨੇ' ਬੰਦ ਹੋਣ ਕਾਰਨ ਏਅਰ ਇੰਡੀਆ ਦੇ ਜਹਾਜ਼ ਨੂੰ ਫਰੈਂਕਫਰਟ ਵੱਲ ਮੋੜਿਆ

ਨਵੀਂ ਦਿੱਲੀ, 7 ਮਈ (ਚ.ਨ.ਸ): ਟੋਰਾਂਟੋ ਤੋਂ 2 ਮਈ ਨੂੰ ਕੌਮੀ ਰਾਜਧਾਨੀ ਆ ਰਹੇ ਏਅਰ ਇੰਡੀਆ ਦੇ ਜਹਾਜ਼ ਨੂੰ ਪਖਾਨੇ ਬੰਦ ਹੋਣ ਕਾਰਨ ਫਰੈਂਕਫਰਟ ਵੱਲ ਮੋੜਨਾ ਪਿਆ। ਸੰਪਰਕ ਕਰਨ 'ਤੇ ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਕਿ ਤਕਨੀਕੀ ਨੁਕਸ ਕਾਰਨ ਜਹਾਜ਼ ਦਾ ਰਸਤਾ ਮੋੜਿਆ ਗਿਆ ਸੀ। ਏਅਰਲਾਈਨ ਦੇ ਸੂਤਰਾਂ ਨੇ ਦੱਸਿਆ ਕਿ ਜਹਾਜ਼ ਏਆਈ 188 ਨੂੰ ਫਰੈਂਕਫਰਟ ਵੱਲ ਮੋੜਨਾ ਪਿਆ ਕਿਉਂਕਿ ਕੁਝ ਪਖਾਨੇ ਵਰਤੋਂ ਯੋਗ ਨਹੀਂ ਰਹੇ ਸਨ। ਇਹ ਪਿਛਲੇ ਦੋ ਮਹੀਨਿਆਂ ਵਿੱਚ ਅਜਿਹੀ ਦੂਜੀ ਘਟਨਾ ਹੈ। ਸੂਤਰ ਨੇ ਦੱਸਿਆ ਕਿ ਪੁਰਾਣੇ ਜਹਾਜ਼ਾਂ ਤੇ ਯਾਤਰੀਆਂ ਦੇ ਵਿਵਹਾਰ ਕਾਰਨ ਏਅਰ ਇੰਡੀਆ ਦੇ ਜਹਾਜ਼ਾਂ ਨੂੰ ਲੰਬੀ ਦੂਰੀ ਦੇ ਰੂਟਾਂ 'ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਏਅਰਲਾਈਨ ਨੇ ਬਿਆਨ ਵਿੱਚ ਕਿਹਾ ਕਿ ਜਹਾਜ਼ ਵਿੱਚ 12 ਵਿੱਚੋਂ ਅੱਠ ਪਖਾਨੇ ਵਰਤੋਂ ਯੋਗ ਨਹੀਂ ਰਹੇ, ਜਿਸ ਕਾਰਨ ਜਹਾਜ਼ ਵਿੱਚ ਸਵਾਰ ਸਾਰੇ ਯਾਤਰੀਆਂ ਨੂੰ ਪ੍ਰੇਸ਼ਾਨੀ ਹੋਈ।

# ਪਿੰਡ ਦੀ ਕੋਈ ਵੀ ਗਲ਼ੀ ਕੱਚੀ ਨਹੀਂ ਰਹਿਣ ਦਿੱਤੀ ਜਾਵੇਗੀ : ਸਰਪੰਚ ਗੁਰਦੀਪ ਸਿੰਘ



ਬਟਾਲਾ, 7 ਮਈ (ਬਲਵਿੰਦਰ ਸਿੰਘ ਪੰਜਗਰਾਈਆਂ/ਧੰਨਪਾਲ ਸਿੰਘ ਕਲਸੀ): ਪਿੰਡ ਪੰਜਗਰਾਈਆਂ ਵਿਖੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਸੁਹਿਰਦ ਯਤਨਾਂ ਸਦਕਾ ਪਿੰਡ ਦੇ ਵਿਕਾਸ ਕਾਰਜ ਜ਼ੋਰਾਂ ਨਾਲ ਚੱਲ ਰਹੇ ਹਨ। ਬੀਤੇ ਦਿਨੀਂ ਪਿੰਡ ਦੇ ਸਰਪੰਚ ਗੁਰਦੀਪ ਸਿੰਘ ਦੀ ਅਗਵਾਈ ਹੇਠ ਬੀਬੀ ਗਿਆਨ ਕੌਰ ਵਾਲੀ ਗਲੀ ਵਿੱਚ ਇੰਟਰਲਾਕ ਟਾਇਲਾਂ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਿੰਡ ਦੇ ਸਰਪੰਚ ਗੁਰਦੀਪ ਸਿੰਘ ਨੇ ਕਿਹਾ ਕਿ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੀ ਰਹਿਨੁਮਾਈ ਹੇਠ ਜਿੱਥੇ ਹਲਕੇ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਹੋ ਰਹੇ ਹਨ, ਉਥੇ ਨਗਰ ਪੰਜਗਰਾਈਆਂ ਦੀ ਨੁਹਾਰ ਬਦਲਣ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਚਾਇਤ ਦੀ ਕੋਸ਼ਿਸ਼ ਹੈ ਕਿ ਪਿੰਡ ਦੀ ਕਿਸੇ ਵੀ ਗਲੀ ਨੂੰ ਕੱਚਿਆ ਨਹੀਂ ਰਹਿਣ ਦਿੱਤਾ ਜਾਵੇਗਾ। ਵਧੇਰੇ ਗੱਲਬਾਤ ਕਰਦੇ ਹੋਏ ਸਰਪੰਚ ਗੁਰਦੀਪ ਸਿੰਘ ਨੇ ਕਿਹਾ ਕਿ ਹਲਕਾ ਵਿਧਾਇਕ ਦੇ ਯਤਨਾਂ ਸਦਕਾ ਪਹਿਲਾਂ ਹੀ ਪਿੰਡ ਵਿੱਚ ਸੀਵਰੇਜ ਤੇ ਪਿੰਡ ਦੀਆਂ ਗਲੀਆਂ ਵਿੱਚ ਟਾਇਲਾਂ ਲੱਗ ਚੁੱਕੀਆਂ ਹਨ ਤੇ ਰਹਿੰਦੀਆਂ ਗਲੀਆਂ ਨੂੰ ਵੀ ਜਲਦੀ ਹੀ ਟਾਇਲਾਂ ਲਗਾ ਕੇ ਸੁੰਦਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਇਸ ਗਲੀ ਵਿੱਚ ਤਕਰੀਬਨ 40 ਸਾਲ ਬਾਅਦ ਇੰਟਰਲਾਕ ਟਾਇਲਾਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਸਰਪੰਚ ਗੁਰਦੀਪ ਸਿੰਘ ਹੇਅਰ ਤੋਂ ਇਲਾਵਾ ਹਰਪਾਲ ਸਿੰਘ ਢਿੱਲੋਂ, ਸਰਤਾਜ ਸਿੰਘ, ਪੰਚ ਗੁਰਦੇਵ ਸਿੰਘ, ਪੰਚ ਸੁਖਦੀਪ ਸਿੰਘ, ਪੰਚ ਸਤਨਾਮ ਸਿੰਘ, ਅਵਤਾਰ ਸਿੰਘ, ਸਤਿੰਤਰ ਸਿੰਘ, ਜਸਵੰਤ ਸਿੰਘ, ਅਸ਼ਵਨੀ ਕੁਮਾਰ ਤੇ ਹੋਰ ਅਨੇਕ ਪਿੰਡ ਵਾਸੀ ਹਾਜ਼ਰ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਕੰਟਰੋਲ ਰੂਮ ਸਥਾਪਤ

☛ ਜਨਤਾ ਲਈ ਕੰਟਰੋਲ ਰੂਮ ਦਾ ਨੰਬਰ 01874-266376 ਜਾਰੀ



ਗੁਰਦਾਸਪੁਰ, 7 ਮਈ (ਜਸਵਿੰਦਰ ਸਿੰਘ): ਭਾਰਤ-ਪਾਕਿਸਤਾਨ ਸਰਹੱਦ ਉੱਪਰ ਸੰਵੇਦਨਸ਼ੀਲ ਮਾਹੌਲ ਹੋਣ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਆਈ.ਸੀ.ਸੀ.ਸੀ. ਵਿਖੇ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਕੰਟਰੋਲ ਰੂਮ ਦਾ ਨੰਬਰ 01874-266376 ਹੈ ਤੇ ਇਹ ਕੰਟਰੋਲ ਰੂਮ ਰਾਊਂਡ ਦੀ ਕਲਾਕ ਚੱਲੇਗਾ। ਉਨ੍ਹਾਂ ਕਿਹਾ ਕਿ ਕੰਟਰੋਲ ਰੂਮ ਵਿੱਚ ਰਾਊਂਡ ਦੀ ਕਲਾਕ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਲੋੜ ਪੈਣ 'ਤੇ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01874-266376 ਉੱਪਰ ਸੰਪਰਕ ਕਰ ਸਕਦੇ ਹਨ।

# ਨਗਰ ਕੌਂਸਲ ਵੱਲੋਂ 2024-25 ਦਾ ਸਾਲਾਨਾ 22 ਕਰੋੜ 25 ਲੱਖ ਦਾ ਬਜਟ ਸਰਬਸਮੰਤੀ ਨਾਲ ਪਾਸ

ਨਵਾਂਸ਼ਹਿਰ, 7 ਮਈ (ਸੁਖਦੇਵ ਸਿੰਘ ਉੜਾਪੜ): ਨਗਰ ਕੌਂਸਲ ਨਵਾਂਸ਼ਹਿਰ ਦੀ ਬਜਟ ਮੀਟਿੰਗ ਪ੍ਰਧਾਨ ਬਲਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਣ ਤੋਂ ਪਹਿਲਾਂ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉਠ ਕੇ ਹਰ ਵਾਰਡ ਦਾ ਵਿਕਾਸ ਕੀਤਾ ਜਾਵੇਗਾ। ਜਿਸ 'ਚ ਨਗਰ ਕੌਂਸਲ ਨਵਾਂਸ਼ਹਿਰ ਨੇ ਸਾਲ 2024-25 ਲਈ 22 ਕਰੋੜ 25 ਲੱਖ ਰੁਪਏ ਦਾ ਵਿੱਤੀ ਬਜਟ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਬਜਟ ਤਿਆਰ ਵਿੱਚ ਘਰ-ਘਰ ਜਾ ਕੇ ਟੈਕਸ ਇਕੱਠਾ ਕਰਨ ਦਾ ਟੀਚਾ 25 ਲੱਖ ਰੁਪਏ ਵਧਾ ਦਿੱਤਾ ਗਿਆ ਤੇ ਕੌਂਸਲਰਾਂ ਨੇ ਕਿਹਾ ਕਿ ਜਦੋਂ ਨਗਰ ਕੌਂਸਲ ਰਾਹੋਂ 12 ਲੱਖ ਰੁਪਏ ਇਕੱਠਾ ਕਰ ਸਕਦੀ ਹੈ ਤਾਂ ਨਵਾਂਸ਼ਹਿਰ ਨੂੰ ਘੱਟੋ-ਘੱਟ 40 ਲੱਖ ਰੁਪਏ ਇਕੱਠੇ ਕਰਨੇ ਚਾਹੀਦੇ ਹਨ। ਇਸ 'ਤੇ ਕੌਂਸਲਰਾ ਨੇ ਸਹਿਮਤੀ ਪ੍ਰਗਟ ਕੀਤੀ ਅਤੇ ਘਰ-ਘਰ ਜਾ ਕੇ ਉਗਰਾਹੀ ਦੇ ਟੀਚੇ ਨੂੰ 25 ਲੱਖ ਰੁਪਏ ਵਧਾ ਕੇ ਕੁੱਲ 22 ਕਰੋੜ 25 ਲੱਖ ਰੁਪਏ ਦਾ ਬਜਟ ਪਾਸ ਕਰ ਦਿੱਤਾ।



ਇਸ 22.25 ਕਰੋੜ ਰੁਪਏ ਵਿੱਚੋਂ 9 ਕਰੋੜ ਰੁਪਏ ਕਰਮਚਾਰੀਆਂ ਦੀਆਂ ਤਨਖਾਹਾਂ ਆਦਿ 'ਤੇ ਖਰਚ ਕੀਤੇ ਜਾਣਗੇ, ਜਦੋਂ ਕਿ 13 ਕਰੋੜ 25 ਲੱਖ ਰੁਪਏ ਵਿਕਾਸ ਕਾਰਜਾਂ ਤੇ ਸੰਕਟਕਾਲੀਨ ਕੰਮਾਂ 'ਤੇ ਖਰਚ ਕੀਤੇ ਜਾਣਗੇ। ਮੀਟਿੰਗ ਵਿੱਚ ਮੱਖਣ ਸਿੰਘ ਗਰੇਵਾਲ, ਜਿੰਦਰਜੀਤ ਕੌਰ ਸੀਨੀਅਰ ਵਾਈਸ ਪ੍ਰਧਾਨ, ਗੁਰਮੱਖ ਸਿੰਘ ਜੂਨੀਅਰ ਵਾਈਸ ਪ੍ਰਧਾਨ, ਜਸਪ੍ਰੀਤ ਕੌਰ ਬਖਸ਼ੀ, ਸੀਸ ਕੌਰ ਕੌਂਸਲਰਾਂ ਤੋਂ ਇਲਾਵਾ ਸਿਮਰਨ ਸਿੰਘ ਢੀਸਰਾ ਈ.ਓ., ਜਸਪਾਲ ਖੇਪਰ ਜੇ.ਈ., ਅਸ਼ੋਕ ਕੁਮਾਰ ਅਕਾਊਂਟੈਂਟ ਹਾਜ਼ਰ ਸਨ।

# ਵਿਧਾਇਕ ਗੁਰਦੀਪ ਸਿੰਘ ਰੰਧਾਵਾ ਗੁੱਜਰ ਨੇ ਭਾਈਚਾਰੇ ਦਾ ਹਾਲ-ਚਾਲ ਜਾਣਿਆ

☛ ਰੰਧਾਵਾ ਨੇ ਸਰਕਾਰ ਵੱਲੋਂ ਯੋਗ ਮੁਆਵਜ਼ਾ ਦੇਣ ਦਾ ਵਿਸ਼ਵਾਸ ਦਿਵਾਇਆ



ਡੇਰਾ ਬਾਬਾ ਨਾਨਕ, 7 ਮਈ (ਹੈਪੀ ਕੋਟਲੀ): ਵਿਧਾਇਕ ਰੰਧਾਵਾ ਪਿੰਡ ਰਾਏਚੱਕ ਪਹੁੰਚੇ ਤੇ ਗੁੱਜਰ ਭਾਈਚਾਰੇ ਦੀ ਸਾਰ ਲਈ। ਪਿਛਲੇ ਦਿਨੀਂ ਅੱਗ ਦੀ ਲਪੇਟ 'ਚ ਆਉਣ ਨਾਲ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਰਾਏਚੱਕ 'ਚ ਰਹਿੰਦੇ ਗੁੱਜਰ ਭਾਈਚਾਰੇ ਦੇ ਦੋ ਡੇਰੇ ਸੜ੍ਹ ਕੇ ਸੁਆਹ ਹੋ ਗਏ ਸਨ। ਇਸ ਹਾਦਸੇ 'ਚ ਗੁੱਜਰ ਭਾਈਚਾਰੇ ਦੀਆਂ 20 ਤੋਂ 25 ਮੱਝਾਂ 15 ਬੱਕਰੀਆਂ ਮਰੀਆਂ ਸਨ। ਇਸ ਹਾਦਸੇ 'ਚ ਇਸ ਪਰਿਵਾਰ ਦਾ ਟਰੈਕਟਰ, ਮੋਟਰਸਾਈਕਲ ਤੇ ਹੋਰ ਘਰ ਦਾ ਸਮਾਨ ਸੜਨ ਨਾਲ ਕਾਫੀ ਵੱਡਾ ਨੁਕਸਾਨ ਹੋਇਆ ਸੀ। ਇਸ ਘਟਨਾ ਨੂੰ ਲੈ ਕੇ ਅੱਜ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਸਾਥੀਆਂ ਸਮੇਤ ਪਿੰਡ ਰਾਏਚੱਕ ਪਹੁੰਚੇ ਤੇ ਗੁੱਜਰ ਭਾਈਚਾਰੇ ਦਾ ਹਾਲ-ਚਾਲ ਜਾਣਿਆ। ਇਸ ਮੌਕੇ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇਸ ਹਾਦਸੇ ਦੌਰਾਨ ਗੁੱਜਰ ਭਾਈਚਾਰੇ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਦੁੱਖ ਦੀ ਘੜੀ 'ਚ ਆਪ ਸਰਕਾਰ ਪੂਰੀ ਤਰ੍ਹਾਂ ਇਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਇਸ ਹਾਦਸੇ ਨੂੰ ਲੈ ਕੇ ਡੀ.ਸੀ. ਗੁਰਦਾਸਪੁਰ ਦੇ ਧਿਆਨ 'ਚ ਲਿਆਂਦਾ ਗਿਆ ਹੈ ਤੇ ਵਿਭਾਗ ਦੇ ਅਧਿਕਾਰੀਆਂ ਨੂੰ ਰਿਪੋਰਟ ਬਣਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਜਲਦ ਰਿਪੋਰਟ ਤਿਆਰ ਹੋਣ ਉਪਰੰਤ ਇਸ ਪਰਿਵਾਰ ਨੂੰ ਸਰਕਾਰ ਵੱਲੋਂ ਯੋਗ ਮੁਆਵਜ਼ਾ ਦਿੱਤਾ ਜਾਵੇਗਾ। ਇਸਦੇ ਨਾਲ ਹੀ ਵਿਧਾਇਕ ਰੰਧਾਵਾ ਵੱਲੋਂ ਗੁੱਜਰ ਭਾਈਚਾਰੇ ਨਾਲ ਲੱਗਦੇ ਡੇਰਿਆਂ 'ਤੇ ਅੱਗ ਨਾਲ ਹੋਏ ਨੁਕਸਾਨ ਦਾ ਵੀ ਜਾਇਜ਼ਾ ਲਿਆ ਗਿਆ। ਇਸ ਮੌਕੇ ਰਣਜੀਤ ਸਿੰਘ ਭੱਟੀ ਦਰਗਾਬਾਦ, ਬਲਬੀਰ ਸਿੰਘ ਸਰਪੰਚ ਰਾਏਚੱਕ, ਦਲਬੀਰ ਸਿੰਘ ਭਿੱਲਾ ਸਰਪੰਚ ਕੋਟਲੀ, ਸੁਖਵਿੰਦਰ ਸਿੰਘ ਸਰਪੰਚ, ਗੁਰਬਾਜ ਸਿੰਘ ਸਰਪੰਚ ਰਾਏਚੱਕ 2, ਜਸਬੀਰ ਸਿੰਘ ਕਾਹਲੋਂ ਸਰਪੰਚ ਵਡਾਲਾ ਬਾਂਗਰ, ਮੋਹਨ ਮਸੀਹ ਲਖਮਾਨੀਆ, ਲਖਵਿੰਦਰ ਸਿੰਘ ਸਰਪੰਚ ਵੜੈਚ, ਜਸਪਾਲ ਸਿੰਘ ਰਾਏਚੱਕ, ਕੰਵਰਪਾਲ ਸਿੰਘ, ਗੁਰਪ੍ਰੀਤ ਸਿੰਘ, ਗੁਰਨਾਮ ਸਿੰਘ, ਨਵਦੀਪ ਕੋਹਾਲੀ, ਰਣਧੀਰ ਸਿੰਘ ਰਾਏਚੱਕ, ਸਚਿਨ ਕੁਮਾਰ, ਰਮੇਸ਼ ਮਸੀਹ, ਇਕਬਾਲ ਮਸੀਹ, ਗੁਰਪ੍ਰੀਤ ਸਿੰਘ, ਹਰਮੇਸ਼ ਸਿੰਘ ਆਦਿ ਹਾਜ਼ਰ ਸਨ।

# ਸ਼ਰਾਬ ਦੇ ਠੇਕੇਦਾਰ ਆਬਕਾਰੀ ਵਿਭਾਗ ਨਾਲ ਮਿਲ ਕੇ ਲਗਾ ਰਹੇ ਨੇ ਸ਼ਰਾਬ 'ਤੇ ਮਨਮਰਜ਼ੀ ਦਾ ਰੇਟ, ਲੋਕ ਪ੍ਰੇਸ਼ਾਨ




ਗੜ੍ਹਸ਼ੰਕਰ, 7 ਮਈ (ਅਜਮੇਰ ਸਿੰਘ ਭਨੋਟ): ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤੇ ਯੂਥ ਨੂੰ ਭੈੜੇ ਨਸ਼ਿਆਂ ਤੋਂ ਬਚਾਉਣ ਦੇ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਹੀ ਦੂਜੇ ਪਾਸੇ ਐਕਸਾਈਜ਼ ਵਿਭਾਗ ਦੀ ਛਤਰ ਛਾਇਆ ਹੇਠ ਹਾਈਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਹਾਈਵੇ ਦੇ ਉੱਪਰ ਠੇਕੇ ਖੋਲ੍ਹ ਕੇ ਅਤੇ ਰੇਟ ਲਿਸਟ ਤੋਂ ਕਈ ਗੁਣਾ ਵੱਧ ਕੀਮਤ 'ਤੇ ਸ਼ਰਾਬ ਵੇਚ ਕੇ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਜਾ ਰਹੀ ਹੈ। ਗੜ੍ਹਸ਼ੰਕਰ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਐਕਸਾਈਜ਼ ਵਿਭਾਗ ਦੀ ਮਿਲੀਭੁਗਤ ਨਾਲ ਸ਼ਰਾਬ ਦੇ ਨਾਜਾਇਜ਼ ਠੇਕਿਆਂ ਦੀ ਭਰਮਾਰ ਹੈ। ਠੇਕੇਦਾਰਾਂ ਨੇ ਸਥਾਨਕ ਇਲਾਕੇ ਵਿੱਚ ਵਿਭਾਗੀ ਨਿਯਮਾਂ ਨੂੰ ਛਿੱਕੇ ਟੰਗ ਕੇ ਸ਼ਰਾਬ ਦੇ ਨਜਾਇਜ਼ ਠੇਕੇ ਚਲਾਉਣ ਦੇ ਨਾਲ-ਨਾਲ ਸ਼ਰਾਬ ਦੀ ਵਿਕਰੀ ਵਿਚ ਵੀ ਮਨਮਰਜ਼ੀ ਦੇ ਭਾਅ ਵਸੂਲੇ ਜਾ ਰਹੇ ਹਨ ਪਰ ਐਕਸਾਈਜ਼ ਵਿਭਾਗ ਦੇ ਅਧਿਕਾਰੀ ਇਸ ਸਬੰਧੀ ਸਿਆਸੀ ਚੁੱਪ ਧਾਰੀ ਬੈਠੇ ਹਨ, ਇਸ ਤੋਂ ਇਲਾਵਾ ਕਈ ਠੇਕਿਆਂ ਦੇ ਨਾਲ ਖੁੱਲ੍ਹੇ ਵਿੱਚ ਗ੍ਰਾਹਕਾਂ ਨੂੰ ਸ਼ਰਾਬ ਪਰੋਸਣ ਦੇ ਨਾਜਾਇਜ਼ ਅਹਾਤੇ ਵੀ ਸ਼ੁਰੂ ਹੋ ਗਏ ਹਨ। ਜੋ ਕਿ ਵੱਖ-ਵੱਖ ਥਾਵਾਂ 'ਤੇ ਮਿਸਾਲਾਂ ਦੇ ਰੂਪ ਦੇਖੇ ਜਾ ਸਕਦੇ ਹਨ। ਲੋਕਾਂ ਅਨੁਸਾਰ ਅਜਿਹੇ ਨਾਜਾਇਜ਼ ਠੇਕੇ ਤੇ ਅਹਾਤੇ ਬੰਦ ਹੋਣੇ ਚਾਹੀਦੇ ਹਨ। ਵਰਣਨਯੋਗ ਹੈ ਕਿ ਆਬਕਾਰੀ ਵਿਭਾਗ ਦੀਆਂ ਨੀਤੀਆਂ ਅਨੁਸਾਰ ਨਗਰ ਕੌਂਸਲ ਦੀ ਹੱਦ ਅੰਦਰ ਕੋਈ ਵੀ ਸ਼ਰਾਬ ਦਾ ਮਨਜ਼ੂਰਸ਼ੁਦਾ ਠੇਕਾ ਮੁੱਖ ਹਾਈਵੇ ਦੇ ਨੇੜੇ ਖੋਲ੍ਹਿਆ ਜਾ ਸਕਦਾ ਹੈ ਪਰ ਕੌਂਸਲ ਦੀਆਂ ਹੱਦਾਂ ਤੋਂ ਬਾਹਰ ਠੇਕੇ ਦੀ ਮਨਜ਼ੂਰਸ਼ੁਦਾ ਬ੍ਰਾਂਚ ਹਾਈਵੇ ਤੋਂ 220 ਮੀਟਰ 'ਤੇ ਹੀ ਖੋਲ੍ਹਿਆ ਜਾ ਸਕਦਾ ਹੈ ਪਰ ਠੇਕੇ ਦਾ ਮੂੰਹ ਸੜਕ ਤੋਂ ਦੂਸਰੀ ਸਾਈਡ ਨੂੰ ਹੋਣਾ ਚਾਹੀਦਾ ਹੈ। ਪਰ ਗੜ੍ਹਸ਼ੰਕਰ, ਸਤਨੋਰ, ਪਦਰਾਣਾ, ਗੋਲੀਆਂ ਇਲਾਕੇ ਵਿੱਚ ਇਨ੍ਹਾਂ ਨਿਯਮਾਂ ਦੀਆਂ ਹਰ ਥਾਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸੁਖਵਿੰਦਰ ਸਿੰਘ ਸੰਧੂ, ਡਾ. ਮਨਜੀਤ ਸਿੰਘ, ਟੋਨੀ ਗੜ੍ਹਸ਼ੰਕਰ ਰਾਜੂ ਪੰਡਿਤ, ਸਾਬਕਾ ਸਰਪੰਚ ਸਾਹਪੁਰ ਜਸਵੰਤ ਸਿੰਘ, ਸੇਠੀ ਰਾਣਾ ਅਨੁਸਾਰ ਗੜ੍ਹਸ਼ੰਕਰ ਸਰਕਲ ਇਲਾਕੇ ਦੇ ਠੇਕੇ 'ਤੇ ਸ਼ਰਾਬ ਦੇ ਰੇਟਾਂ ਦੀ ਲਿਸਟ ਨਹੀਂ ਲਗਾਈ ਜਾਂਦੀ ਤੇ ਸ਼ਰਾਬ ਦੇ ਰੇਟ ਮਨਮਰਜ਼ੀ ਨਾਲ ਵਸੂਲੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗੈਰ ਮਨਜ਼ੂਰਸ਼ੁਦਾ ਠੇਕੇ ਬੰਦ ਹੋਣੇ ਚਾਹੀਦੇ ਹਨ ਤੇ ਸ਼ਰਾਬ ਦੇ ਰੇਟਾਂ ਵਿੱਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਉੱਧਰ ਇਸ ਮਾਮਲੇ ਵਿੱਚ ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਾਰਵਾਈ ਕਰਨ ਦੇ ਘੜਿਆ ਸਰਕਾਰੀ ਜਵਾਬ ਦੇ ਕੇ ਖਹਿੜਾ ਛੁਡਾਇਆ ਜਾ ਰਿਹਾ ਹੈ।

# ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ ਨੂੰ ਸਮਰਪਿਤ ਰਾਜ ਪੱਧਰੀ ਕਵੀ ਦਰਬਾਰ



ਬਟਾਲਾ, 7 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਸ਼ਿਵ ਕੁਮਾਰ ਬਟਾਲਵੀ ਕਲਾ ਤੇ ਸੱਭਿਆਚਾਰ ਸੁਸਾਇਟੀ ਵੱਲੋਂ ਪੰਜਾਬੀ ਦੇ ਮਹਾਨ ਸ਼ਾਇਰ, ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਦੀ 52ਵੀਂ ਬਰਸੀ ਦੇ ਮੌਕੇ ਉੱਤੇ ਇਕ ਰਾਜ ਪੱਧਰੀ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਅਰਜਨ ਸਿੰਘ ਗਰੇਵਾਲ ਤਹਿਸੀਲਦਾਰ, ਵਿਧਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਤੇ ਹੋਰ ਪਤਵੰਤਿਆਂ ਵੱਲੋਂ ਸ਼ਿਵ ਕੁਮਾਰ ਦੇ ਬੁੱਤ ਨੂੰ ਫੁੱਲ ਅਰਪਣ ਕਰਕੇ ਤੇ ਸ਼ਮ੍ਹਾ ਰੋਸ਼ਨ ਕਰਕੇ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਤੇ ਉੱਘੇ ਕਵੀ ਡਾ. ਰਵਿੰਦਰ ਨੇ ਸ਼ਿਵ ਕੁਮਰ ਦੇ ਜੀਵਨ ਤੇ ਉਸ ਦੀ ਸ਼ਾਇਰੀ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਤੇ ਉਸ ਦੀ ਯਾਦ ਵਿੱਚ ਉਸਾਰੇ ਗਏ ਆਡੀਟੋਰੀਅਮ ਬਾਰੇ ਵੀ ਚਾਨਣਾ ਪਾਇਆ। ਬਟਾਲਾ ਦੇ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਜੋ ਜ਼ਰੂਰੀ ਰੁਝੇਵੇਂ ਕਾਰਨ ਚੰਡੀਗੜ੍ਹ ਵਿਖੇ ਸਨ ਵੱਲੋਂ ਫੋਨ 'ਤੇ ਸ਼ਿਵ ਕੁਮਾਰ ਬਟਾਲਵੀ ਦੀ 52ਵੀਂ ਬਰਸੀ 'ਤੇ ਸ਼ਰਧਾ ਭੇਟ ਕਰਦਿਆਂ ਕਿਹਾ ਕਿ ਸ਼ਿਵ ਬਟਾਲਵੀ, ਬਟਾਲਾ ਸ਼ਹਿਰ ਦਾ ਮਾਣ ਹਨ, ਜਿਨ੍ਹਾਂ ਆਪਣੀ ਕਲਾ ਦਾ ਲੋਹਾ ਸਾਰੀ ਦੁਨੀਆਂ ਵਿੱਚ ਮਨਵਾਇਆ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਅੰਦਰ ਸੈਰ ਸਪਾਟਾ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਤੇ ਸੂਬੇ ਅੰਦਰ ਇਤਿਹਾਸਕ ਤੇ ਧਾਰਮਿਕ ਸਥਾਨਾਂ ਦੇ ਸਰਬਪੱਖੀ ਵਿਕਾਸ ਲਈ ਕਾਰਜ ਕਰਵਾਏ ਜਾ ਰਹੇ ਹਨ। ਕਵੀ ਦਰਬਾਰ ਵਿੱਚ ਪੰਜਾਬ ਭਰ ਤੋਂ ਆਏ ਉੱਘੇ ਕਵੀਆਂ ਤੇ ਸਥਾਨਕ ਸ਼ਾਇਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਉਤੇ ਮਲਵਿੰਦਰ, ਅਰਤਿੰਦਰ ਸੰਧੂ, ਵਿਸ਼ਾਲ ਬਿਆਸ, ਸਰਬਜੀਤ ਸੰਧੂ, ਹਰਮੀਤ ਆਰਟਿਸਟ, ਡਾ. ਵਿਕਰਮ, ਬਖਤਾਵਰ ਸਿੰਘ, ਕੰਵਲਜੀਤ ਭੁੱਲਰ, ਜਸਵੰਤ ਧਾਪ, ਅਜੀਤਕਮਲ, ਸੁਲਤਾਨ ਭਾਰਤੀ, ਵਿਜੇ ਅਗਨੀ ਹੋਤਰੀ, ਰਮੇਸ਼ ਜਾਨੂ, ਰਘਬੀਰ ਸਿੰਘ ਸੋਹਲ, ਡਾ. ਜਸਮੀਨ, ਵਿਨੋਦ ਸ਼ਾਇਰ, ਜਗਨਨਾਥ ਉਦੋਕੇ, ਪਰਮਜੀਤ ਸਿੰਘ ਛੋਟੇ ਘੁੰਮਣ, ਜਸਵੰਤ ਹਾਂਸ, ਧਰਮਿੰਦਰ ਔਲਖ, ਅਤਰ ਸਿੰਘ, ਧਰਮਿੰਦਰ ਸਿੰਘ ਗੁਰਪ੍ਰੀਤ ਸਿੰਘ, ਓਮ ਪ੍ਰਕਾਸ਼ ਭਗਤ, ਪ੍ਰਿਆਸ਼ੂ, ਅਰਸ਼ਦੀਪ ਸਿੰਘ ਸੁਲਤਾਨਪੁਰ ਲੋਧੀ ਜੋਗਿੰਦਰ ਪਾਲ ਤੇ ਹੀਰਾ ਸਿੰਘ ਨੇ ਹਿੱਸਾ ਲਿਆ। ਕਵੀ ਦਰਬਾਰ ਦਾ ਸੰਚਾਲਨ ਡਾ. ਰਵਿੰਦਰ ਨੇ ਹਰ ਕਵੀ ਦਾ ਸਾਹਿਤਕ ਯੋਗਦਾਨ ਦੱਸ ਕੇ ਨਿਵੇਕਲੀ ਅੰਦਾਜ਼ ਵਿੱਚ ਕੀਤਾ।

# ਲਾਰੈਂਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸਕੇਟਿੰਗ ਮੁਕਾਬਲਿਆਂ 'ਚ ਮਾਰੀਆਂ ਮੱਲਾਂ



ਕਲਾਨੌਰ, 7 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਲਾਰੈਂਸ ਇੰਟਰਨੈਸ਼ਨਲ ਸਕੂਲ, ਤਾਰਾਗੜ੍ਹ (ਡੇਰਾ ਬਾਬਾ ਨਾਨਕ ਰੋਡ) ਬਟਾਲਾ ਦੇ ਵਿਦਿਆਰਥੀਆਂ ਨੇ ਸਕੇਟਿੰਗ ਮੁਕਾਬਲਿਆਂ ਵਿੱਚ ਵੱਖ-ਵੱਖ ਸਥਾਨਾਂ ਵਿੱਚ ਜਿੱਤਾਂ ਦਰਜ ਕੀਤੀਆਂ। ਇਹ ਮੁਕਾਬਲੇ ਡੇਅਰੀ ਰੋਲਰ ਸਕੇਟਿੰਗ ਕਲੱਬ ਦੇ ਬੈਨਰ ਹੇਠ ਅੰਮ੍ਰਿਤਸਰ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਉਮਰ ਵਰਗ ਦੇ ਅਨੁਸਾਰ ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਲਾਰੈਂਸ ਇੰਟਰਨੈਸ਼ਨਲ ਸਕੂਲ ਦੇ ਚੌਥੀ ਜਮਾਤ ਦੇ ਸ਼ਿਵਮ ਕੁਮਾਰ ਨੇ ਪਹਿਲਾ ਸਥਾਨ, ਚੌਥੀ ਜਮਾਤ ਦੇ ਆਇਨ ਸੋਨੀ ਨੇ ਦੂਸਰਾ ਸਥਾਨ ਤੇ ਚੌਥੀ ਜਮਾਤ ਦੀ ਸੁਖਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਡਾ. ਉਪਮਾ ਮਹਾਜਨ ਵੱਲੋਂ ਖਿਡਾਰੀਆਂ ਦੇ ਉਤਸ਼ਾਹ ਨੂੰ ਵਧਾਇਆ ਤੇ ਸਵੇਰ ਦੀ ਪ੍ਰਾਥਨਾ ਸਭਾ ਦੇ ਵਿੱਚ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਤੇ ਸਕੂਲ ਮੈਨੇਜਮੈਂਟ ਵੱਲੋਂ ਸਪੋਰਟਸ ਡਿਪਾਰਟਮੈਂਟ ਨੂੰ ਮੁਬਾਰਕਾਂ ਦਿੱਤੀਆਂ ਗਈਆਂ ਤੇ ਖਾਸ ਤੌਰ 'ਤੇ ਕੋਚ ਸਰਬਜੀਤ ਤੇ ਭੁਪਿੰਦਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਵਿਦਿਆਰਥੀਆਂ ਨੇ ਇਹ ਜਿੱਤਾਂ ਹਾਸਲ ਕੀਤੀਆਂ। ਇਸ ਮੌਕੇ ਚੇਅਰਮੈਨ ਬਲਜਿੰਦਰ ਸਿੰਘ ਬੈਂਸ, ਗੁਰਜੀਤ ਸਿੰਘ ਬੈਂਸ, ਡਾਇਰੈਕਟਰ ਡਾ. ਗੁਰਿੰਦਰ ਕੌਰ ਮਾਨ, ਪ੍ਰਿੰਸੀਪਲ ਡਾ. ਉਪਮਾ ਮਹਾਜਨ ਸਮੂਹ ਅਧਿਆਪਕ ਵਰਗ ਵੱਲੋਂ ਖਿਡਾਰੀਆਂ ਨੂੰ ਮੁਬਾਰਕਾਂ ਦਿੱਤੀਆਂ ਗਈਆਂ।

# ਸਰਕਾਰੀ ਹਾਈ ਸਕੂਲ ਬਸਰਾਏ ਦੇ ਬੱਚਿਆਂ ਨੂੰ ਬੈਗ ਤੇ ਕਾਪੀਆਂ ਵੰਡੀਆਂ



ਕਾਦੀਆਂ, 7 ਮਈ (ਸਲਾਮ ਤਾਰੀ/ਸਿਕੰਦਰ ਸੰਧੂ): ਅੱਜ ਸਰਕਾਰੀ ਹਾਈ ਸਕੂਲ ਬਸਰਾਏ ਵਿਖੇ ਹਿਊਮੈਨਿਟੀ ਫਸਟ ਪੰਜਾਬ ਜਮਾਤ ਅਹਿਮਦੀਆ ਕਾਦੀਆਂ ਕਲੱਬ ਵੱਲੋਂ ਲੋੜਵੰਦ ਬੱਚਿਆਂ ਲਈ ਬੈਗ ਤੇ ਕਾਪੀਆਂ ਵੰਡੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਹੈੱਡਮਾਸਟਰ ਤੇ ਬੀ.ਐੱਨ.ਓ. ਵਿਜੇ ਕੁਮਾਰ ਵੱਲੋਂ ਦੱਸਿਆ ਗਿਆ ਕਿ ਜਮਾਤ ਅਹਿਮਦੀਆ ਯੂਥ ਵਿੰਗ ਵੱਲੋਂ ਚਲਾਏ ਜਾ ਰਹੇ ਕਲੱਬ ਹਿਊਮੈਨਿਟੀ ਫਸਟ ਪੰਜਾਬ ਵੱਲੋਂ ਸਰਕਾਰੀ ਹਾਈ ਸਕੂਲ ਬਸਰਾਏ ਤੇ ਸਰਕਾਰੀ ਪ੍ਰਾਇਮਰੀ ਸਕੂਲ ਬਸਰਾਏ ਦੇ ਬੱਚਿਆਂ ਲਈ ਬੈਗ ਤੇ ਕਾਪੀਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਜਮਾਤ ਵੱਲੋਂ ਪਹਿਲਾਂ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਵਰਦੀਆਂ ਸਟੇਸ਼ਨਰੀ ਤੇ ਹੋਰ ਲੋੜੀਂਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਸਕੂਲ ਦੇ ਵਿਦਿਆਰਥੀਆਂ ਤੇ ਇਲਾਕੇ ਦੇ ਬਹੁਤ ਸਾਰੇ ਸਕੂਲਾਂ ਦੇ ਲੋੜਵੰਦ ਵਿਦਿਆਰਥੀਆਂ ਲਈ ਹਰ ਸਾਲ ਕਲੱਬ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਜਾਂਦਾ ਹੈ। ਜਮਾਤ ਅਹਿਮਦੀਆ ਕਾਦੀਆਂ ਜਿਸ ਵੱਲੋਂ ਇਹ ਨਾਅਰਾ ਦਿੱਤਾ ਗਿਆ ਹੈ ਮੁਹੱਬਤ ਸਭ ਲਈ ਨਫਰਤ ਕਿਸੇ ਨਾਲ ਨਹੀਂ ਵੱਲੋਂ ਹਰ ਸਮੇਂ ਸਮਾਜਿਕ ਧਾਰਮਿਕ ਸਭਿਆਚਾਰਕ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਦਿੱਤਾ ਜਾਂਦਾ ਹੈ। ਜਮਾਤ ਅਹਿਮਦੀਆ ਦਾ ਯੂਥ ਵਿੰਗ ਜਿਸ ਦੇ ਭਾਰਤ ਦੇ ਪ੍ਰਧਾਨ ਸਮੀਮ ਅਹਮਦ ਗੋਰੀ ਪੰਜਾਬ ਦੇ ਪ੍ਰਧਾਨ ਨਵੀਦ ਅਹਿਮਦ ਫਜ਼ਲ ਵੱਲੋਂ ਆਪਣੀ ਟੀਮ ਨਾਲ ਵਿਸ਼ੇਸ਼ ਸ਼ਿਰਕਤ ਕੀਤੀ ਗਈ। ਇਸ ਮੌਕੇ 'ਤੇ ਉਨ੍ਹਾਂ ਨਾਲ ਸਬਾਹਤ ਰਜ਼ਾ ਮੁਹੰਮਦ ਅਬਦੁਲ ਸਲਾਮ ਤਾਰੀ ਵੀ ਹਾਜ਼ਰ ਸਨ। ਇਨ੍ਹਾਂ ਵੱਲੋਂ ਜਮਾਤ ਅਹਿਮਦੀਆ ਵੱਲੋਂ ਦਿੱਤੇ ਜਾ ਰਹੇ ਯੋਗਦਾਨ ਸਬੰਧੀ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਗਿਆ ਤੇ ਕਿਹਾ ਗਿਆ ਕਿ ਵੱਧ ਤੋਂ ਵੱਧ ਕਲੱਬ ਨਾਲ ਜੋੜ ਕੇ ਮਾਨਵਤਾ ਦੀ ਸੇਵਾ ਲਈ ਅੱਗੇ ਆਓ ਤਾਂ ਜੋ ਪੰਜਾਬ ਨੂੰ ਦੇਸ਼ ਨੂੰ ਸੁੰਦਰ ਤੇ ਤਰੱਕੀ ਦੇ ਰਾਹ 'ਤੇ ਲੈ ਕੇ ਜਾ ਸਕੀਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਆ ਤੇ ਕਿਹਾ ਕਿ ਪੜ੍ਹਾਈ ਲਈ ਕਿਸੇ ਵੀ ਲੋੜਵੰਦ ਵਿਦਿਆਰਥੀ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਕਲੱਬ ਤੇ ਜਮਾਤ ਅਹਿਮਦੀਆ ਵੱਧ ਚੜ੍ਹ ਕੇ ਆਪਣਾ ਯੋਗਦਾਨ ਦੇਵੇਗਾ। ਇਸ ਮੌਕੇ 'ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ। ਸਕੂਲ ਦੇ ਹੈੱਡਮਾਸਟਰ ਵਿਜੇ ਕੁਮਾਰ ਵੱਲੋਂ ਜਮਾਤ ਅਹਿਮਦੀਆ ਕਾਦੀਆਂ ਤੇ ਯੂਥ ਕਲੱਬ ਹਿਊਮੈਨਿਟੀ ਫਸਟ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਤੇ ਕਿਹਾ ਗਿਆ ਕਿ ਅਸੀਂ ਤਹਿ ਦਿਲੋਂ ਰਿਣੀ ਹਾਂ, ਜਿਨ੍ਹਾਂ ਨੇ ਸਾਡੇ ਲੋੜਵੰਦ ਬੱਚਿਆਂ ਦੀ ਪਹਿਲਾਂ ਵੀ ਬਹੁਤ ਮਦਦ ਕੀਤੀ ਹੈ ਤੇ ਹੁਣ ਵੀ ਇਨ੍ਹਾਂ ਬੱਚਿਆਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਇਹ ਵੀ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਕਲੱਬ ਇਸੇ ਤਰ੍ਹਾਂ ਹੀ ਸਮਾਜ ਦੀ ਸੇਵਾ ਕਰਦਾ ਰਹੇਗਾ।

# ਐੱਨ.ਸੀ.ਸੀ. ਕੈਡਿਟਾਂ ਨੂੰ ਸੀ.ਐੱਚ.ਸੀ. ਸਿੰਗੋਵਾਲ ਵਿਖੇ ਸੰਕਟ ਪ੍ਰਬੰਧਨ ਦੀ ਸਿਖਲਾਈ ਦਿੱਤੀ

ਦੀਨਾਨਗਰ, 7 ਮਈ (ਡਾ. ਰਮੇਸ਼ ਸਰੰਗਲ): ਭਾਰਤ-ਪਾਕਿਸਤਾਨ ਦਰਮਿਆਨ ਬਣੇ ਤਣਾਅਪੂਰਨ ਮਾਹੌਲ ਦੇ ਮੱਦੇਨਜ਼ਰ ਸਿਵਲ ਡਿਫੈਂਸ ਤਹਿਤ ਅੱਜ ਸੀ.ਐੱਚ.ਸੀ. ਸਿੰਗੋਵਾਲ, ਦੀਨਾਨਗਰ ਵਿਖੇ ਐੱਨ.ਸੀ.ਸੀ. ਕੈਡਿਟਾਂ ਦੀ ਸੰਕਟ ਪ੍ਰਬੰਧਨ ਸਿਖਲਾਈ ਕਰਵਾਈ ਗਈ। ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀਆਂ ਹਦਾਇਤਾਂ ਤੇ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਦੀ ਅਗਵਾਈ ਹੇਠ ਐੱਨ.ਸੀ.ਸੀ. ਕੈਡਿਟਾਂ ਨੂੰ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਇਹ ਸਿਖਲਾਈ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਮੌਜੂਦਾ ਹਾਲਾਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਿਵਲ ਡਿਫੈਂਸ ਤਹਿਤ ਐੱਨ.ਸੀ.ਸੀ. ਕੈਡਿਟਾਂ ਨੂੰ ਇਹ ਸੰਕਟ ਪ੍ਰਬੰਧਨ ਸਿਖਲਾਈ ਦਿੱਤੀ ਗਈ ਹੈ, ਜਿਸ ਵਿੱਚ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਤੇ ਐੱਸ.ਐੱਮ.ਓ. ਸੀ.ਐੱਚ.ਸੀ. ਸਿੰਗੋਵਾਲ, ਦੀਨਾਨਗਰ ਦੀ ਦੇਖ-ਰੇਖ ਹੇਠ ਡਾ. ਮੋਹਿਤ, ਡਾ. ਸੁਸ਼ੀਲ ਦੁਆਰਾ ਐੱਨ.ਸੀ.ਸੀ. ਕੈਡਿਟਾਂ ਨੂੰ ਸੀ.ਪੀ.ਆਰ. ਲਈ ਐਮਰਜੈਂਸੀ ਪ੍ਰਬੰਧਨ ਸਿਖਲਾਈ ਆਫ਼ਤ ਪ੍ਰਬੰਧਨ ਤੇ ਡਾ. ਸੁਖਵਿੰਦਰ ਸਿੰਘ ਦੁਆਰਾ ਮੈਕਸੀਲੋਫੇਸ਼ੀਅਲ ਟਰੌਮਾ ਬਾਰੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਰੇ ਹੀ ਕੈਡਿਟਾਂ ਵੱਲੋਂ ਇਸ ਸਿਖਲਾਈ ਨੂੰ ਧਿਆਨਪੂਰਵਕ ਕੀਤਾ ਗਿਆ ਹੈ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਵੁਸ਼ੂ ਮੁਕਾਬਲਿਆਂ 'ਚ ਜਿੱਤੇ 26 ਤਮ.ਗੇ



ਧਾਰੀਵਾਲ, 7 ਮਈ (ਅਸ਼ੋਕ ਕੁਮਾਰ): ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਾਲਾਨਾ 'ਜ਼ਿਲ੍ਹਾ ਗੁਰਦਾਸਪੁਰ ਵੁਸ਼ੂ ਸਬ ਜੂਨੀਅਰ ਯੂਥ ਐਂਡ ਸੀਨੀਅਰ ਚੈਂਪੀਅਨਸ਼ਿਪ' ਵਿੱਚ ਭਾਗ ਲਿਆ ਤੇ ਸਭ ਵਿਦਿਆਰਥੀਆਂ ਵੱਲੋਂ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸੋਨੇ ਤੇ ਚਾਂਦੀ ਦੇ ਤਮ.ਗੇ ਜਿੱਤੇ। ਇਹ ਮੁਕਾਬਲੇ ਸਿੱਧੂ ਜਿਮ ਤੇ ਮਾਰਸ਼ਲ ਆਰਟ ਸਪੋਰਟਸ ਅਕੈਡਮੀ ਅੱਡਾ ਸ਼ਾਹਬਾਦ ਕਾਦੀਆਂ ਰੋਡ ਬਟਾਲਾ ਵੱਲੋਂ ਕਰਵਾਏ ਗਏ। ਜਿਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਪੁਰਜ਼ੋਰ ਮਿਹਨਤ ਕਰਦੇ ਹੋਏ 19 ਸੋਨ ਤਮ.ਗੇ 4 ਚਾਂਦੀ ਦੇ ਤਮ.ਗੇ ਤੇ 3 ਕਾਂਸੇ ਦੇ ਤਮ.ਗੇ ਹਾਸਲ ਕੀਤੇ। ਇਨ੍ਹਾਂ ਵਿਦਿਆਰਥੀਆਂ ਵਿੱਚ ਜੋਹਨ ਮਸੀਹ ਸਪੁੱਤਰ ਹੈਪੀ ਮਸੀਹ ਪਿੰਡ ਨਵਾਂ ਪਿੰਡ ਸਰਦਾਰਾਂ, ਰਿਸ਼ਵ ਸਪੁੱਤਰ ਸੁਧਾਮਾ ਬਿਧੀਪੁਰ, ਏਕਮਜੋਤ ਸਿੰਘ ਸਪੁੱਤਰ ਮੇਜਰ ਸਿੰਘ ਧਾਰੀਵਾਲ, ਸਿਰਾਜਦੀਪ ਸਿੰਘ ਸਪੁੱਤਰ ਅਮਰੀਕ ਸਿੰਘ ਜਫਰਵਾਲ, ਦਮਨਪ੍ਰੀਤ ਕੌਰ ਸਪੁੱਤਰੀ ਜਸਵਿੰਦਰ ਸਿੰਘ ਅਠਵਾਲ, ਅਵਨੀਤ ਕੌਰ ਸਪੁੱਤਰੀ ਜਸਬੀਰ ਸਿੰਘ ਬਿਦੀਪੁਰ, ਸਮਾਈਲਪ੍ਰੀਤ ਕੌਰ ਸਪੁੱਤਰੀ ਨਿਰਮਲ ਸਿੰਘ ਲੇਹਲ, ਕਰਨਦੀਪ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਧਾਰੀਵਾਲ, ਤਕਸ਼ਿਲ ਬੇਦੀ ਸਪੁੱਤਰ ਸੰਜੀਵ ਬੇਦੀ ਧਾਰੀਵਾਲ, ਅਰਮਾਨਦੀਪ ਸਿੰਘ ਸਪੁੱਤਰ ਜਸਵਿੰਦਰ ਸਿੰਘ ਅਠਵਾਲ, ਵਰਿੰਦਰਦੀਪ ਸਿੰਘ ਸਪੁੱਤਰ ਕੇਵਲਦੀਪ ਸਿੰਘ ਅਹਿਮਦਾਬਾਦ, ਗੁਰਵੰਸ਼ ਸਿੰਘ ਸਪੁੱਤਰ ਭਗਵੰਤ ਸਿੰਘ ਭੁੰਬਲੀ, ਹਿਤਾਸ਼ ਪੁੱਤਰ ਅਮਨਦੀਪ ਧਾਰੀਵਾਲ, ਇਸ਼ਮੀਤ ਕੌਰ ਸਪੁੱਤਰੀ ਮਨਜੀਤ ਸਿੰਘ ਛੀਨਾ, ਨਵਕੀਰਤ ਸਿੰਘ ਸਪੁੱਤਰ ਜਸਵੰਤ ਸਿੰਘ ਜਫਰਵਾਲ, ਗੁਰਕੀਰਤ ਸਿੰਘ ਪੁੱਤਰ ਹਰਨੇਕ ਸਿੰਘ ਮੱਲੀਆਂ ਫਕੀਰਾਂ, ਆਰੂਸ਼ਦੀਪ ਸਿੰਘ ਸਪੁੱਤਰ ਹਲਵਿੰਦਰ ਸਿੰਘ ਧਾਰੀਵਾਲ, ਅਰਮਾਨਦੀਪ ਸਿੰਘ ਸਪੁੱਤਰ ਮੰਗਲ ਸਿੰਘ, ਸੁਖਮਨਪ੍ਰੀਤ ਸਿੰਘ ਸਪੁੱਤਰ ਹਰਜਿੰਦਰ ਸਿੰਘ ਦੁਆਰਾ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਸੋਨੇ ਦੇ ਤਮ.ਗੇ ਹਾਸਲ ਕੀਤੇ। ਅਗਮਜੋਤ ਸਿੰਘ ਸਪੁੱਤਰ ਅਮਰੀਕ ਸਿੰਘ ਪਿੰਡ ਮੱਲੀਆ, ਅਬੀਜੋਤ ਸਿੰਘ ਸਪੁੱਤਰ ਸਤਿੰਦਰਪਾਲ ਸਿੰਘ ਧਾਰੀਵਾਲ ਤੇ ਜਸਬੀਰ ਸਿੰਘ ਸਪੁੱਤਰ ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਸਪੁੱਤਰ ਖਜਾਨ ਸਿੰਘ ਦੁਆਰਾ ਚਾਂਦੀ ਦੇ ਤਮਗੇ ਤੇ ਯੋਧਵੀਰ ਸਿੰਘ ਸਪੁੱਤਰ ਜਤਿੰਦਰ ਸਿੰਘ ਪਿੰਡ ਚੌਧਰਪੁਰ, ਮਾਨਕ ਭਗਤ ਸਪੁੱਤਰ ਰਾਜਨ ਪਾਲ ਪਿੰਡ ਫਤਿਹ ਨੰਗਲ, ਵੰਸ਼ਦੀਪ ਸਿੰਘ ਸਪੁੱਤਰ ਲਖਵਿੰਦਰ ਸਿੰਘ ਪਿੰਡ ਕਲੇਰ ਕਲਾਂ ਵੱਲੋਂ ਤੀਸਰਾ ਸਥਾਨ ਹਾਸਲ ਕਰਕੇ ਕਾਂਸੇ ਦੇ ਤਮ.ਗੇ ਪ੍ਰਾਪਤ ਕੀਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਇਲਾਕੇ ਦੇ ਨਾਮਵਰ ਸਕੂਲਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਨੇ ਪੁਰਜ਼ੋਰ ਮਿਹਨਤ ਨਾਲ ਪਹਿਲਾ ਸਥਾਨ ਹਾਸਲ ਕੀਤਾ ਤੇ ਸਕੂਲ ਨੂੰ ਪਹਿਲੇ ਇਨਾਮ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੇ ਵੁਸ਼ੂ ਕੋਚ ਮੈਡਮ ਪੂਜਾ, ਵੁਸ਼ੂ ਟਰੇਨਰ ਬਲਜੀਤ ਕੌਰ, ਐਸਕੋਰਟਿੰਗਗ ਅਧਿਆਪਕ ਰੇਨੂ ਬਾਲਾ ਨੂੰ ਐਵਾਰਡ ਆਫ ਆਨਰ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁਕਾਬਲੇ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ ਹੋ ਚੁੱਕੀ ਹੈ।

# ਮੰਦਰ ਨਾਨਕ ਚੱਕ ਵਿਖੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ ਮੁ.ਫਤ ਮੈਡੀਕਲ ਕੈਂਪ 11 ਨੂੰ



ਫਤਹਿਗੜ੍ਹ ਚੂੜੀਆਂ, 7 ਮਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਭਗਵਾਨ ਸ੍ਰੀ ਚੰਦਰ ਜੀ ਦੇ ਪ੍ਰਾਚੀਨ ਤਪ ਅਸਥਾਨ ਮੰਦਰ ਭਗਵਾਨ ਸ੍ਰੀ ਚੰਦਰ ਜੀ ਨਾਨਕ ਚੱਕ ਦੇ ਗੱਦੀ ਨਸ਼ੀਨ ਸ੍ਰੀਮਾਨ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਹੇਠ ਸੰਤਾਂ ਮਹਾਂਪੁਰਖਾਂ ਦੀ ਬਰਸੀ ਮਨਾਉਣ ਸਬੰਧੀ ਤਿਆਰੀਆਂ ਮੁਕੰਮਲ ਹਨ। ਮੰਦਰ ਦੇ ਮਹੰਤ ਹਰੀ ਕੁੰਭ ਦਾਸ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ 11 ਮਈ ਦਿਨ ਐਤਵਾਰ ਨੂੰ ਮੁ.ਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਫਤਹਿਗੜ੍ਹ ਚੂੜੀਆਂ ਦੇ ਬੀਬੀ ਕੋਲਾ ਜੀ ਹਸਪਤਾਲ ਵੱਲੋਂ ਇਹ ਮੁ.ਫਤ ਮੈਡੀਕਲ ਚੈਕਅੱਪ ਕੈਂਪ ਮੰਦਰ ਨਾਨਕ ਚੱਕ ਵਿਖੇ ਮਾਹਿਰ ਡਾਕਟਰਾਂ ਵੱਲੋਂ ਲਗਾਇਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਇਹ ਕੈਂਪ 11 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਲਗਾਇਆ ਜਾਵੇਗਾ। ਇਸ ਮੌਕੇ 'ਤੇ ਰਵਿੰਦਰ ਮੁਨੀ, ਰਣਜੋਤ ਸਿੰਘ, ਪ੍ਰਿੰਸ ਘਣੀਏ ਕੇ ਬਾਂਗਰ, ਜੱਸ ਲੋਧੀ ਨੰਗਲ, ਸੰਦੀਪ ਬੇਦੀ, ਰਣਜੀਤ ਸਿੰਘ, ਯਾਦਵਿੰਦਰ ਸਿੰਘ, ਸੰਦੀਪ ਸਿੰਘ, ਦੁਰਲਭਜੀਤ ਸਿੰਘ, ਰਣਜੀਤ ਸਿੰਘ, ਗੁਰਲਾਲ ਸਿੰਘ, ਗੋਲਾ, ਦੀਪੂ, ਗੁਰਬੀਰ ਸਿੰਘ, ਕਰਨ, ਪਵਨ, ਗੁਰਲਾਲ ਸਿੰਘ, ਨੀਰਜ ਬੇਦੀ, ਜੋਬਨ, ਜਸ਼ਨ, ਗੁਰਵਿੰਦਰ ਸਿੰਘ, ਸ਼ੇਰਾ, ਸਤਿਨਾਮ ਸਿੰਘ, ਗੁਰਪ੍ਰੀਤ ਸਿੰਘ ਸਰਪੰਚ ਜਾਂਗਲਾ, ਇੰਦਰਜੀਤ ਸਿੰਘ, ਰਜਿੰਦਰ ਸਿੰਘ, ਕੁਲਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਬਲਵਿੰਦਰ ਸਿੰਘ ਰੰਧਾਵਾ ਹਾਜ਼ਰ ਸਨ।

# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Ms. Shikha Goel Principal Family Court, Nihal Singh Wala**
CNR No. PBMOF2-000099-2024
Next Date: 28.05.2025
Jyoti
Versus
Nikhil Kumar Goyal
Notice to: Nikhil Kumar Goyal Father:- Rajiv Goyal Resident of Kot Kapura Near Chawla Clinic Factory road, Kot Kapura Distt. Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-04-2025
**Sd/- Principal Family Court, Nihal Singh Wala**

(U/o 5 Rule 20 CPC)
**In the Court of Sh. Amar Jeet Singh Principal Judge Family Court, Nihal Singh Wala**
CNR No.:- PBMOF2-000092-2024
Next Date:- 28-05-2025
Gurpreet Kaur
Versus
Gurbhajan Singh
Notice to: Gurbhajan Singh Father:- Mukand Singh Near Bank Village Shayiawala, District Ferozepur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Principal Judge Family Court, Nihal Singh Wala**

(U/o 5 Rule 20 CPC)
**(Succession Case)**
**In the Court of Sh. Supreet Kaur Additional Civil Judge (Senior Division), Phagwara**
CNR No:- PBKPA0-000318-2025
Next Date:- 29-05-2025
Harminder Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.05.2025** at 10:00 A.M.
For details logon to https://highcourtchd.gov.in/?mod=district_notice&district=Kapurthala
Dated, this day of 06-05-2025
**Sd/- Additional Civil Judge (Senior Division), Phagwara**

(U/o 5 Rule 20 CPC)
**In the Court of Ms. Parveen Bali Principal Judge Family Court, Faridkot**
CNR No. PBFD01-002845-2024
Next Date: 28.05.2025
GW/20/2024
Harpreet Kaur
Versus
Raminder Singh
Notice to 6) Akramjeet Singh W/o Harwinder Singh 7) Satnam Singh @ Sattu R/o Ward No. 13, St. No. 2, Nihal Singh Wala, District Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-05-2025
**Sd/- Principal Judge Family Court, Faridkot**

(U/o 5 Rule 20 CPC)
**In the Court of Sh. Tanveer Singh Madhav Civil Judge (Junior Division), Kharar**
CNR No. PBSAA0-001739-2024
Next Date: 19.05.2025
Naveen Kumar
Versus
Kishan Singh
Notice to : Kishan Singh Son of Jeet singh House No. 86, Ward No. 12, Khamanon, Tehsil Khamanon, Distt. Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Civil Judge (Junior Division), Kharar**

(U/o 5 Rule 20 CPC)
**In the Court of Ms. Girish Principal Judge Family Court, Muktsar**
CNR No. PBSM01-001913-2024
Next Date: 14.05.2025
Santokh Singh
Versus
Kuldeep Kaur
Notice to :Kuldeep Kaur Spouse:- Santokh Singh Daughter of Darshan Singh Near Police Station, Village Malout Distt. Sri Muktsar sahib New Posted as Assistant Clerk, Central University, Mansa road, Bathinda.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 05-05-2025
**Sd/- Principal Judge Family Court, Muktsar**

(U/o 5 Rule 20 CPC)
**In the Court of Sh. Harwinder Singh Civil Judge Junior Division-16, Patiala**
CNR No. PBPT02-002092-2024
Next Date: 29.05.2025
Pooja Sharma
Versus
Achhar Singh
Notice to : 1. Achhar Singh 2. Raghbir Singh Both S/o Holdar Singh R/o Vill. Majhal Kalan, Tehsil and Distt. Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.05.2025** at 10:00 A.M.
For details logon to https://highcourtchd.gov.in/?mod=district_notice&district=patiala
Dated, this day of 07-05-2025
**Sd/- Civil Judge Junior Division-16, Patiala**

(U/o 5 Rule 20 CPC)
**In the Court of Dr. Seema Agnihotri Civil Judge (Junior Division), Rupnagar**
CNR No. PBRO02-001082-2024
Next Date: 29.05.2025
Bahadur Singh
Versus
Major Singh
Notice to: Def No. 16. Parneet Kaur Sandhu Spouse W/o:- Harpreet Singh Sandhu House NO. 2158, Sector 35-C, Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.05.2025** at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 07-05-2025
**Sd/- Civil Judge (Junior Division), Rupnagar**

**In the Court of Ms. Parveen Singh Additional Civil Judge (Senior Division), Ludhiana**
**Publication Notice in Petition Under Section 8 of the Hindu Minorities and Guardianship Act**
CNR No. PBLD02-010495-2024
Next Date: 28.05.2025
Peshi: 28-05-2025
1. Ginderjit Kaur (42 Years) W/o Late S. Harinder Singh 2. Ekamjot Singh (17 Years) (DOB: 11.5.2007) Minor S/o Late S. Harinder Singh 3. Amrit Singh (15 Years) (DOB: 29.10.2009) Minor S/o Late S. Harinder Singh, (Both No. & 3 Through Their Mother, Natural Guardian & Next Friend Smt. Ginderjit Kaur Petitioner No. 1) All Residents of Village Chak Kalan, District Ludhiana-141110
Versus
General Public
Notice to: General Public
Whereas the above named petitioner Ginderjit Kaur W/o Late S. Harinder Singh has filed petition for permission to the petitioner for the sale of 1/4th share each of both minors/ petitioners no.2 & 3 namely Ekamjot Singh & Harjot Singh in the following land: [a] 1/12th share out of land measuring 0 Kanal 6 Marlas comprised in Khasra No.159, Khewat No.239/235, Khatauni No.251: [b] 85/2738 shares out of land measuring 68 Kanals 9 Marlas comprised in Khasra No.62//2/3, 62//5/3, 62//6, 62//7, 62//8, 62//13, 62//14, 62//16/1, 62//17/2, 62//18, 62//19/1, 62//22/3, 62//23/1, 62//20/2, Khewat No.240/236, Khatauni No.252; (c) 1/92 shares out of land measuring 13 Kanals 16 Marlas comprised in Khasra No.62//3/1, 62//4/2, Khewat No.241/237, Khatauni No.253; [d] 184/1306 shares out of land measuring 65 Kanals 6 Marlas comprised in Khasra No.72//21, 72//22/1, 73//24/3, 73//25, 80//4/3, 80//5, 80//6/1, 81//1, 81//2/1, 81//9/3, 81//10, Khewat No.242/238, Khatauni No.254; [e] 21/404 shares out of land measuring 40 Kanals 8 Marlas comprised in Khasra No.62//15, 63//1/3, 63//2/1, 63//9/2, 63//10, 63//11, 63//12/1, 63//19/4, 63//20/1, Khewat No.243/239, Khatauni No.255; [f] 4/45 shares out of land measuring 12 Kanals 5 Marlas comprised in Khasra No.56//20/3, 56//21/1, 57//16/2, 57//25/2, Khewat No.245/241, Khatauni No.257; [g] 4/27 shares out of land measuring 1 Kanal 7 Marlas comprised in Khasra No.62//5/2, 63//1/1, Khewat No.246/242, Khatauni No.258; [h] 4/27 shares out of land measuring 14 Kanals 17 Marlas comprised in Khasra No.78//24/2, 80//4/2, 81//9/2, Khewat No.247/243, Khatauni No.259; (i) 4/11 shares out of land measuring 2 Kanals 15 Marlas comprised in Khasra No.515, 51//1/2/1, 51//7/2/1, Khewat No.474/461, Khatauni No.508; [j] 1/60 shares out of land measuring 3 Kanals 12 Marlas comprised in Khasra No.9//2/1, 9//12/2, Khewat No.867/879, Khatauni No.911; as per jamabandi for the year 2013-2014, situated at Village Chak, Sub Tehsil Mullanpur Dakha, District Ludhiana, on the basis of oral and documentary evidence. This notice is hereby issued to the general public regarding the institution of this petition. If any person has any objection to sell the property of the above said petitioner of the said children, then he/she should appear in the court on 28-05-2025 at 10.00 a.m, either in person or through an authorised agent or lawyer for filing objections failing which the petition shall be decided in accordance with law.
Given under my hand and the seal of the Court, this 02-05-2025.
For details logon to https://highcourtchd.gov.in/?trs-district_notice&district=ludhiana
**Sd/- Additional Civil Judge (Senior Division), Ludhiana**

(U/o 5 Rule 20 CPC)
**In the Court of Ms. Amandeep Kaur-II Additional Civil Judge Sr. Division, Sri Muktsar sahib**
CNR No. PBSM0-000528-2022
Next Date: 03.07.2025
State Bank of India, a Body Corporate constituted under the State Bank of India Act, 1955 having its Corporate Centre at Madam Cama Road, Nariman Point, Mumbai and one of its Local Head Office at Sector 17, Chandigarh, One of its administrative offices at the Mohali, carrying on the business of Banking and having branches at different places including one of its Agricultural Development Branch offices at Nurpur Bedi Sub Tehsil Nurpur Bedi, Tehsil Sri Anandpur Sahib District Ropar through its Branch Manager
Versus
Surinder Singh Son of Shanker Dass @ Shanker Singh Resident of Village Mothapur ub Tehsil Nurpur Bedi, Tehsil Sri Anandpur Sahib District Ropar
Notice to: Surinder Singh Son of Shanker Dass @ Shanker Singh Resident of Village Mothapur Sub Tehsil Nurpur Bedi, Tehsil Sri Anandpur Sahib District Ropar Petition u/s u/o34Rule4,5
Surinder Singh Son of Shanker Dass @ Shanker Singh Resident of Village Mothapur Sub Tehsil Nurpur Bedi, Tehsil Sri Anandpur Sahib District Ropar now deceased leaving behind his following legal Representatives 1. Gurnaib Singh Son of Surinder Singh Son of Shanker Dass @ Shanker Singh Resident of Village Mothapur Sub Tehsil Nurpur Bedi, Tehsil Sri Anandpur Sahib District Runagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 03.07.2025 at 10:00 A.M.
For details logon to https://highcourtchd.gov.in/?trs=district_notice&district=muktsar
Dated, this day of 21-01-2025
**Sd/- Additional Civil Judge Sr. Division, Sri Muktsar sahib**

## Change of Name

I, Kuldip Singh Khokhar S/o Sewa Singh R/o H No-B-14/137/16 Dhangu Peer Pathankot have changed my name from kuldip Singh Khokhar to Kuldeep Singh Concerned Note.

## ਬੇਦਖਲੀ ਸੂਚਨਾ

ਮੈਂ, ਮਲਕੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਸੀ-548, ਤਿਲਕ ਵਿਹਾਰ, ਤਿਲਕ ਨਗਰ, ਵੈਸਟ ਦਿੱਲੀ, ਹਾਲ ਅਬਾਦ ਮਕਾਨ ਨੰ. 437/7, ਜੱਟਾਂ ਵਾਲਾ ਚੌਂਤੜਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਸਰਬਜੀਤ ਸਿੰਘ ਮੇਰਾ ਲੜਕਾ ਹੈ ਅਤੇ ਰਣਜੀਤ ਕੌਰ ਮੇਰੀ ਨੂੰਹ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਪਰਿਵਾਰ ਨਾਲ ਲੜਾਈ ਝਗੜਾ ਕਰਦੇ ਹਨ। ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਅਗਰ ਕੋਈ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ ਦੇਣ ਕਰੇਗਾ ਤਾਂ ਉਹ ਉਸਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸਾਰਦਾ ਦੇਵੀ ਪਤਨੀ ਲੇਟ ਸ੍ਰੀ ਕੈਲਾਸ਼ ਚੰਦ ਵਾਸੀ ਮਕਾਨ ਨੰ. ਬੀ-38/06, ਤ੍ਰਿਪੜੀ ਮੋੜ ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੰਜੇ ਅਤੇ ਉਸਦੀ ਘਰਵਾਲੀ ਮਮਤਾ ਮੇਰੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ ਅਤੇ ਇਹਨਾਂ ਨੂੰ ਕਈ ਵਾਰ ਸਮਝਾਇਆ ਪਰ ਇਹ ਨਹੀਂ ਸਮਝੇ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਅਗਰ ਕੋਈ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਰੱਖਦਾ ਹੈ ਤਾਂ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਆਪ ਜ਼ਿੰਮੇਵਾਰ ਹੋਵੇਗਾ। ਇਸ ਵਿਚ ਮੇਰੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿੱਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਦਾ ਜ਼ਿੰਮੇਵਾਰ ਨਹੀਂ ਹੋਵੇਗਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

PLA (Pus) 2075/78
Date: 06/05/25
**Before the Hon'ble Permanent Lok Adalat (Public Utility Services), Chandigarh.**
Application No 33 of 2024
In Re:
Avneet Kapoor
.......Applicant
Versus
M/s Gupta Builders and Promoters Pvt. Ltd. & others
................Respondents
Application under Section 22(A) of Legal Service Authorities Act.
To: 1. M/s Gupta Builders and Promoters Pvt. Ltd., Having its Registered and Corporate office at SCO 196-197, Ground Floor, Sector 34-A, Chandigarh Through its Directors Satish Kumar and Pardeep Kumar. 2. Gupta Builders and Promoters Pvt. Ltd. Having its registered and corporate office at SCO 196-197, Ground Floor, Sector 34-A, Chandigarh Through its Authorized Signatory. 3. Satish Kumar, Director of Gupta Builders and Promoters Pvt. Ltd. Having its registered and corporate office at SCO 196-197, Ground Floor, Sector 34-A, Chandigarh. 4. Pardeep Kumar, Director of Gupta Builders and Promoters Pvt. Ltd. Having its registered and corporate office at SCO 196-197, Ground Floor, Sector 34-A, Chandigarh
................Respondents
Whereas the Applicant mentioned above has filed the application against you and even after the publication in news paper, you have not appeared and therefore now the terms of settlement i.e. "Whether the Applicant is entitled for the sale deed of property in question" be conveyed to by virtue of present Proclamation for 27.05.2025.
Given under my hand and seal of this court on 06 day of 05, 2025.
**Sd/- Sh. S.K. Sachdeva Chairman Permanent Lok Adalat (Public Utility) Chandigarh.**

**ਅਦਾਲਤ ਮਾਨਯੋਗ ਸ੍ਰੀ ਕ੍ਰਿਸ਼ਨ ਪਾਲ ਰਾਜਪੂਤ, ਐਸ ਡੀ ਐਮ ਕਮ ਏ ਸੀ ਫਸਟ ਅਬੋਹਰ**
ਰਾਜਿੰਦਰ ਪ੍ਰਸਾਦ
ਬਨਾਮ
ਬਨਵਾਰੀ ਲਾਲ ਵਗੈਰਾ
ਦਰਖਾਸਤ ਇਜਰਾਏ ਦਾਵਾ ਅੰਡਰ ਸੈਕਸ਼ਨ 77ਏ , 42 ਏ, 43,44 ਆਫ਼ ਪੰਜਾਬ ਟਨੈਨਸੀ ਐਕਟ
ਹੇਠ ਲਿਖੇ ਨੂੰ ਪਬਲਿਕ ਨੋਟਿਸ ਜਾਰੀ ਕੀਤਾ ਜਾਂਦਾ ਹੈ:–
ਰਾਮ ਲਾਲ ਪੁੱਤਰ ਰਾਜੂ ਰਾਮ ਪੁੱਤਰ ਖੁਸ਼ਹਾਲ ਹਾਲ ਮੁਤਵਫੀ ਬਜਰੀਆ ਵਾਰਸਾਨ: (ਏ) ਮਹਿੰਦਰ ਕੁਮਾਰ ਪੁੱਤਰ ਰਾਮ ਲਾਲ ਪੁੱਤਰ ਰਾਜੂ ਰਾਮ ਬੀ) ਚੰਦਰ ਮੁੱਖੀ ਵਿਧਵਾ ਦੁਲਾ ਰਾਮ ਪੁੱਤਰ ਰਾਮ ਲਾਲ ਸੀ) ਕਮਲਾ ਦੇਵੀ ਪੁੱਤਰੀ ਦੁਲ ਰਾਮ ਪੁੱਤਰ ਰਾਮ ਲਾਲ ਡੀ ) ਰੇਖਾ ਪੁੱਤਰੀ ਦੁਲਾ ਰਾਮ ਪੁੱਤਰ ਰਾਮ ਲਾਲ ਈ) ਵਿਜੈ ਸਿੰਘ ਪੁੱਤਰ ਰਾਮ ਲਾਲ ਪੁੱਤਰ ਰਾਮ ਲਾਲ ਐਫ ) ਸੁਸ਼ੀਲਾ ਪੁੱਤਰੀ ਦੁਲਾ ਰਾਮ ਪੁੱਤਰ ਰਾਮ ਲਾਲ ਜ਼ੀ) ਰਾਜਿੰਦਰ ਕੁਮਾਰ ਪੁੱਤਰ ਦੁਲਾ ਰਾਮ ਪੁੱਤਰ ਰਾਮ ਲਾਲ ਵਾਸੀਆਨ ਪਿੰਡ ਮੋਜਗੜ੍ਹ ਤਹਿ. ਅਬੋਹਰ ਜ਼ਿਲ੍ਹਾ ਫਾਜ਼ਿਲਕਾ
ਅਤੇ ਇਸ ਅਦਾਲਤ ਨੂੰ ਯਕੀਨ ਹੋ ਚੁਕਾ ਹੈ ਕਿ ਉਪਰੋਕਤ ਉਤਰਵਾਦੀਆਂ ਦੀ ਤਾਮੀਲ ਸਧਾਰਨ ਤਰੀਕੇ ਨਾਲ ਨਾ ਹੋ ਸਕਦੀ ਹੈ। ਇਸ ਕੇਸ ਦੀ ਅਗਲੀ ਸੁਣਵਾਈ ਮਿਤੀ 14.05.2025 ਨੂੰ ਰੱਖੀ ਗਈ ਹੈ ਅਤੇ ਜੇ ਉਹ ਕੇਸ ਵਿਚ ਕੁਝ ਕਹਿਣਾ ਚਾਹੁੰਦੇ ਹਨ ਤਾਂ ਮਿਤੀ 14.05.2025 ਨੂੰ ਖੁਦ ਜਾਂ ਵਕੀਲ ਜਾਂ ਕਿਸੇ ਅਧਿਕਾਰਤ ਵਿਅਕਤੀ ਰਾਹੀਂ ਪੇਸ਼ ਹੋਣ। ਇਹ ਯਾਦ ਰਹੇ ਕਿ ਉਹਨਾਂ ਦੇ ਉਪਰੋਕਤ ਮਿਤੀ ਅਤੇ ਸਮੇਂ ਮੁਤਾਬਕ ਅਦਾਲਤ ਵਿਚ ਪੇਸ਼ ਨਾ ਹੋਣ ਦੀ ਸੂਰਤ ਵਿਚ ਅਗਲੀ ਕਾਰਵਾਈ ਕੀਤੀ ਜਾਵੇਗੀ ਅਤੇ ਉਹਨਾਂ ਦੀ ਗੈਰ ਹਾਜ਼ਰੀ ਲਗਾ ਕੇ ਕੇਸ ਦਾ ਫੈਸਲਾ ਉਹਨਾਂ ਦੀ ਗੈਰ ਹਾਜ਼ਰੀ ਵਿਚ ਕਰ ਦਿੱਤਾ ਜਾਵੇਗਾ। ਮਿਤੀ 02.05.2025 ਨੂੰ ਅਦਾਲਤ ਦੀ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।
**ਸਹੀ/- ਏ ਸੀ ਫਸਟ ਅਬੋਹਰ**

**ਪਰਮਾਨੈਂਟ ਲੋਕ ਅਦਾਲਤ ਬਰਨਾਲਾ**
ਕੇਸ ਨੰ.–515/11/10/24
ਯੂਨੀਅਨ ਬੈਂਕ ਆਫ ਇੰਡੀਆ ਮੇਨ ਬਰਨਾਲਾ
ਸਾਇਲ
ਬਨਾਮ
ਰਣਧੀਰ ਸਿੰਘ ਪੁੱਤਰ ਬਾਬੂ ਸਿੰਘ ਨੇੜੇ ਪੈਪਸੀ ਕੰਪਨੀ ਡੀਲਰ ਨੇੜੇ ਡਾਕਟਰ ਰਿੰਪੀ ਹਾਊਸ ਪਰੇਮ ਨਗਰ ਧਨੌਲਾ ਰੋਡ ਬਰਨਾਲਾ ਮੋਬਾਇਲ ਨੰ. 76558–15310
ਮਸੂਲਇਲਾ
ਦਰਖਾਸਤ ਬਰਾਏ ਸੈਟਲਮੈਂਟ ਬਾ ਵਸੂਲੀ ਰੁਪਏ 39,136/–
ਜੋ ਕਿ ਯੂਨੀਅਨ ਬੈਂਕ ਆਫ ਇੰਡੀਆ ਬਰਨਾਲਾ ਨੇ ਆਪ ਦੇ ਖਿਲਾਫ ਇਕ ਦਰਖਾਸਤ ਬੁਰਾਏ ਸੈਟਲਮੈਂਟ ਬਾ ਰਿਕਵਰੀ/ਵਸੂਲੀ ਮੁਬਲਿਗ 39,136/– ਦਿੱਤੀ ਹੈ ਅਦਾਲਤ ਨੇ ਇਹ ਔਬਜਰਵ ਕੀਤਾ ਹੈ ਕਿ ਤੁਸੀਂ ਸਰਵਿਸ ਤੋਂ ਟਲ ਰਹੇ ਹੋ ।ਅਦਾਲਤ ਨੂੰ ਇਹ ਲੱਗਦਾ ਹੈ ਕਿ ਤੁਸੀ ਆਮ ਇਤਲਾਹ ਰਾਹੀਂ ਤਲਬ ਨਹੀਂ ਕੀਤੇ ਜਾ ਸਕਦੇ। ਲਿਹਾਜ਼ਾ ਅਦਾਲਤ ਵੱਲੋਂ ਆਪ ਜੀ ਨੂੰ ਉਕਤ ਪਬਲੀਕੇਸ਼ਨ ਰਾਹੀਂ ਇਤਲਾਹ ਦਿੱਤੀ ਜਾਂਦੀ ਹੈ ਕਿ ਆਪ ਇਸ ਅਦਾਲਤ ਵਿਚ ਮਿਤੀ 21-07-2025 ਨੂੰ ਉਪਰੋਕਤ ਅਦਾਲਤ ਵਿੱਚ ਖੁਦ ਹਾਜ਼ਰ ਹੋਵੇ ਜਾਂ ਆਪਣੇ ਵਕੀਲ ਰਾਹੀਂ ਪੇਸ਼ ਹੋਵੋ ਤੇ ਆਪਣਾ ਜਵਾਬ ਪੇਸ਼ ਕਰੋ। ਅਗਰ ਤੁਸੀਂ ਇਸ ਇਤਲਾਹ ਮੁਤਾਬਕ ਪੇਸ਼ ਨਹੀਂ ਹੁੰਦੇ ਜਾਂ ਆਪਣਾ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਅਦਾਲਤ ਆਪ ਦੇ ਖਿਲਾਫ਼ ਨਾ ਪੇਸ਼ ਹੋਣ ਕਾਰਨ ਇਕਤਰਫਾ ਕਾਰਵਾਈ ਕਰ ਸਕਦੀ ਹੈ।
**ਸਹੀ/- ਪਰਮਾਨੈਂਟ ਲੋਕ ਅਦਾਲਤ (ਪਬਲਿਕ ਯੂਟੀਲਿਟੀ ਸਰਵਿਸ) ਚੌਥੀ ਮੰਜ਼ਿਲ ਸਿਵਲ ਕੋਰਟ ਕੰਪਲੈਕਸ ਬਰਨਾਲਾ**

## ਛੱਪੜ ਦੀ ਬੋਲੀ

ਪਿੰਡ ਚਚੋਹਰ ਦੇ ਛੱਪੜ ਦੀ ਖੁੱਲੀ ਬੋਲੀ ਮਿਤੀ 23.05.2025 ਨੂੰ ਪਿੰਡ ਦੀ ਐਸ. ਸੀ. ਧਰਮਸ਼ਾਲਾ ਵਿਖੇ ਸਵੇਰੇ 9 ਵਜੇ ਰੱਖੀ ਗਈ ਹੈ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਬੋਲੀ ਦੇਣ ਦੇ ਚਾਹਵਾਨ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ।
ਸੰਪਰਕ ::: ਸਰਪੰਚ ਸੁਖਪਾਲ ਕੌਰ 98595–59000
ਸੈਕਟਰੀ ਜਗਸੀਰ ਸਿੰਘ ਮੋਬਾਇਲ ::: 8360705404

## ਬੇਦਖਲੀ ਸੂਚਨਾ

ਮੈਂ, ਲਾਜਵੰਤੀ ਵਿਧਵਾ ਗੁਰਨਾਮ ਸਿੰਘ ਵਾਰਡ ਨੰਬਰ 5 ਅਮਲੋਹ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਆਪਣੇ ਲੜਕੇ ਲਖਵਿੰਦਰ ਸਿੰਘ ਅਤੇ ਨੂੰਹ ਰਾਜਿੰਦਰ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਸਮਝਾਉਣ 'ਤੇ ਵੀ ਨਹੀਂ ਸਮਝਦੇ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਨੋਟ ਕਰਨ।

## Change of Name

I, Mirdula Prashar D/o Rajesh Chander Prashar R/o H.NO-B 4/888, Modhian, Near Chhatta Bazar,Hoshiarpur have changed my name to Mridula Prashar Concerned Note.

## ਅਸਾਮੀ ਦੀ ਲੋੜ

ਦੀ ਰੋੜਗੜ੍ਹ ਬਹੁ ਮੰਤਵੀ ਸਹਿਕਾਰੀ ਸਭਾ ਲਿਮ. ਰੋੜਗੜ੍ਹ ਜ਼ਿਲ੍ਹਾ ਪਟਿਆਲਾ ਲਈ ਸੇਲਜ਼ਮੈਨ ਦੀ ਅਸਾਮੀ ਦੀ ਲੋੜ ਹੈ। ਉਮਰ 25.5.2025 ਨੂੰ 18 ਤੋਂ 35 ਸਾਲ ਹੋਵੇ। ਯੋਗਤਾ, ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਸਮੇਤ ਦਸਵੀਂ ਪੰਜਾਬੀ ਪੱਧਰ 'ਤੇ ਪਾਸ ।120 ਘੰਟੇ ਦਾ ਕੰਪਿਊਟਰ ਕੋਰਸ ਪਾਸ ਹੋਵੇ। ਪੇਂਡੂ ਏਰੀਏ ਦਾ ਸਰਟੀਫਿਕੇਟ ਹੋਵੇ। ਉਮੀਦਵਾਰ ਪਿੰਡ ਰੋੜਗੜ੍ਹ, ਦਿਆਗੜ੍ਹ ਦਾ ਵਾਸੀ ਹੋਵੇ। ਤਨਖਾਹ ਡੀ ਸੀ ਰੇਟ ਅਨੁਸਾਰ ਦਿੱਤੀ ਜਾਵੇਗੀ। ਯੋਗ ਉਮੀਦਵਾਰ ਤਸਦੀਕਸ਼ੁਦਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਅਰਜ਼ੀ ਸਮੇਤ ਮਿਤੀ 26.05.2025 ਤੱਕ ਸ਼ਾਮ 5 ਵਜੇ ਤਕ ਪ੍ਰਧਾਨ/ਸਕੱਤਰ ਸਭਾ ਪਾਸ ਦਸਤੀ ਜਮ੍ਹਾਂ ਕਰਵਾ ਸਕਦਾ ਹੈ। ਉਮੀਦਵਾਰ ਵੱਲੋਂ ਮਿਤੀ 03.06.2025 ਨੂੰ ਸਵੇਰੇ 10 ਵਜੇ ਸਭਾ ਦੇ ਦਫਤਰ ਵਿਖੇ ਅਰਜ਼ੀ ਨਾਲ ਨੱਥੀ ਕੀਤੇ ਅਤੇ ਅਸਲ ਦਸਤਾਵੇਜ਼ ਮੌਕੇ 'ਤੇ ਪੇਸ਼ ਕੀਤੇ ਜਾਣਗੇ। ਅਰਜ਼ੀਆਂ ਦੀ ਪੜਤਾਲ ਸਿਲੈਕਸ਼ਨ ਕਮੇਟੀ ਦੁਆਰਾ ਕੀਤੀ ਜਾਵੇਗੀ। ਅਧੂਰੀਆਂ ਅਰਜ਼ੀਆਂ ਨੂੰ ਵਿਚਾਰਿਆ ਨਹੀਂ ਜਾਵੇਗਾ। ਸਿਲੈਕਸ਼ਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ। ਭਰਤੀ ਸੰਬੰਧੀ ਬਾਕੀ ਸ਼ਰਤਾਂ ਸਭਾ ਦੇ ਦਫਤਰ ਵਿਖੇ ਕਿਸੇ ਕੰਮਕਾਰ ਵਾਲੇ ਦਿਨ ਪਤਾ ਕੀਤੀਆਂ ਜਾ ਸਕਦੀਆਂ ਹਨ।
ਵੱਲੋਂ: ਮੀਤ ਪ੍ਰਧਾਨ/ਦੀ ਰੋੜਗੜ੍ਹ ਬਹੁਮੰਤਵੀ ਸਹਿਕਾਰੀ ਸਭਾ
ਮੋਬਾਇਲ ਨੰ. 6280385349

**ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ**
(ਰਜਿ: ਦਫ਼ਤਰ ਪੀ.ਐਸ.ਈ.ਬੀ. ਹੈੱਡ ਆਫ਼ਿਸ ਦੀ ਮਾਲ ਪਟਿਆਲਾ - 147001)
CIN: U40109PB2010SGC033814
ਦਫ਼ਤਰ: ਨਿਗਰਾਨ ਇੰਜੀਨੀਅਰ TLSC ਹਲਕਾ ਫਲੈਟ ਨੰ. 12 ਅਤੇ 16, ਸ਼ਕਤੀ ਵਿਹਾਰ, ਪਟਿਆਲਾ
ਈ-ਮੇਲ: se-tlsc-pta@pstcl.org (ਓਪਨ ਈ-ਟੈਂਡਰ ਨੋਟਿਸ)
ਈ-ਟੈਂਡਰ ਇਨਕੁਆਰੀ ਨੰ. 01/ਟੀ.ਐਲ.ਐਸ.ਸੀ./ਪਟਿਆਲਾ/2025-26

Laying of tower foundations, erection of towers, Stringing & Sagging of conductor for 220 KV D/C Line from 440 KV S/s PGCIL Patiala to 220 KV S/s Bhadson (to be upgraded from 66 KV S/s). ਬਿਆਨਾ ਰਕਮ ਘੱਟ ਤੋਂ ਘੱਟ 5,92,500/– ਰੁਪਏ ਜਾਂ Micro & Small enterprises exempted under MSMED Act, 2006 ਜਾਂ PEMD (Rs. 5.00 Lac) Certificate issued by PSTCL. ਟੈਂਡਰ ਭਰਨ ਅਤੇ ਦਸਤਾਵੇਜ਼ ਅਪਲੋਡ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ 05.06.2025 upto 11.00 A.M. ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ 06.06.2025 AT 11.00 A.M.

ਨੋਟ : ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸੰਬੰਧੀ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ www.pstcl.org ਤੇ ਵੇਖੇ ਜਾਣ। Terms and conditionsmay be downloaded from PSTCL's website https://eproc.punjab.gov.in
--ਸਹੀ--
ਉੱਪ ਮੁੱਖ ਇੰਜੀਨੀਅਰ ਟੀ.ਐਲ.ਐਸ.ਸੀ. ਹਲਕਾ ਪਟਿਆਲਾ
**RO No. PR Advt. No. 76 / 12 / 1265 / 2023 / 44166 / Dated upto 5/7/2025**

## ਨੋਟਿਸ ਬੋਲੀ

ਜਲ ਸਰੋਤ ਵਿਭਾਗ ਦੀਆਂ ਪਟਿਆਲਾ ਨਹਿਰ ਹਲਕਾ ਅਧੀਨ ਆਉਂਦੀਆਂ ਵਾਹੀਯੋਗ ਜ਼ਮੀਨਾਂ ਨੂੰ ਇਕ ਸਾਲ ਲਈ 2025–26 ਲੀਜ਼ ਤੇ ਦੇਣ ਸਬੰਧੀ ਖੁੱਲੀ ਬੋਲੀ ਮਿਤੀ 09.05.2025 ਨੂੰ ਕਰਵਾਈ ਜਾਣੀ ਹੈ। ਬੋਲੀ ਦੀਆਂ ਸ਼ਰਤਾਂ ਅਤੇ ਵਧੇਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ https://irrigation.punjab. gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
ਸਹੀ/– ਕਾਰਜਕਾਰੀ ਇੰਜੀਨੀਅਰ/ਅਸਟੇਟ
ਨਹਿਰ ਹਲਕਾ ਪਟਿਆਲਾ ,
ਜਲ ਸਰੋਤ ਵਿਭਾਗ, ਪੰਜਾਬ।
**Ro No PR ADVT NO: NA/12/29750/2023/44172/Dated CHD: 5/7/2025**

**ਪੰਜਾਬ ਸਰਕਾਰ**
**ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ**
**ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਜ਼-2, ਪਟਿਆਲਾ**
ਈ–ਟੈਂਡਰ/ਪੁੱਡਾ/ਡੀਈ (ਸੀ)/2025/15141–147 ਮਿਤੀ 07.05.2025
ਮੰਡਲ ਇੰਜੀਨੀਅਰ (ਸੀ) ਪੁੱਡਾ, ਪਟਿਆਲਾ ਵੱਲੋਂ **"ਪੁੱਡਾ ਇਨਕਲੇਵ-2 (ਰਾਜਪੁਰਾ ਕਲੋਨੀ), ਪਟਿਆਲਾ ਵਿਖੇ ਨੁਕਸਾਨੀ ਸੜਕ (ਪੀਸੀਸੀ ਪੈਨਲਜ਼) ਦੀ ਮੁਰੰਮਤ। (ਡੀਐਨਆਈਟੀ ਰਕਮ- ਰੁ. 7.91 ਲੱਖ)"** ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
**ਬੰਦ ਹੋਣ ਦੀ ਮਿਤੀ ਅਤੇ ਸਮਾਂ :** 22.05.2025 ਨੂੰ ਬਾ.ਦੁ. 01.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: **https://eproc.punjab.gov.in**
**ਨੋਟ : ਟੈਂਡਰ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ ਤੇ ਹੀ ਪਾਈ ਜਾਵੇਗੀ।**
**RO.No.PR-ADVT No. NA/12/29764/2023/44190/Dated CHD : 5/7/2025**

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ
ਮਾਮਲਾ ਨੰ.: ਓਏ/1712/2023 ਫਾਰਮ ਨੰ.3
[ਦੇਖੋ ਨਿਯਮ-13 (I) (a)]
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਸਵਰਨ ਸਿੰਘ**
**ਵੱਲ,**
(1) **ਸਵਰਨ ਸਿੰਘ**
**ਪੁੱਤਰੀ/ਪਤਨੀ/ਸਪੁੱਤਰ- ਸਪੁੱਤਰ ਚੰਨਣ ਸਿੰਘ**
ਵਾਸੀ ਮਕਾਨ ਨੰ. 171, ਪਿੰਡ ਮੰਨਰ ਉਰਫ਼ ਮੰਨਣ, ਪੋ. ਨੌਗਾਜਾ, ਤਹਿਸੀਲ ਜਲੰਧਰ 2, ਜ਼ਿਲ੍ਹਾ ਜਲੰਧਰ, ਪੰਜਾਬ–144301
(2) ਜੋਗਾ ਸਿੰਘ
ਪੁੱਤਰ ਸਵਰਨ ਸਿੰਘ ਪੁੱਤਰ ਚੰਨਣ ਸਿੰਘ,
ਵਾਸੀ ਮਕਾਨ ਨੰ. 171, ਪਿੰਡ ਮੰਨਰ ਉਰਫ਼ ਮੰਨਣ, ਪੋ.ਨੌਗਾਜਾ, ਤਹਿਸੀਲ ਜਲੰਧਰ 2, ਜ਼ਿਲ੍ਹਾ ਜਲੰਧਰ, ਪੰਜਾਬ–144301
**ਸੰਮਨ**
**ਜਿਥੇ ਕਿ, ਓ. ਏ./1712/2023, 05.02.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 28,03,710/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) **ਕਾਨੂੰਨ ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**
ਕਾਨੂੰਨ ਦੀ ਧਾਰਾ 19 ਦੀ ਉਪ–ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :–
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 20.05.2025 ਨੂੰ **ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 10.02.2025 **ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

**IIFL FINANCE**
**CIN: L67100MH1995PLC093797**
**Regd. Office:** IIFL House, Sun Infotech Park, Road No. 16V, Plot No.B-23, Thane Industrial Area, Wagle Estate, Thane - 400604
Tel: (91-22) 41035000 • Fax: (91-22) 25806654
E-mail: reach@iifl.com • Website: www.iifl.com

## ਸੋਨੇ ਦੇ ਗਹਿਣਿਆਂ ਦੀ ਨਿਲਾਮੀ ਦਾ ਜਨਤਕ ਨੋਟਿਸ

ਇਸ ਨੋਟਿਸ ਦੁਆਰਾ ਜਨਤਾ ਅਤੇ ਖਾਸ ਤੌਰ 'ਤੇ ਸੰਬਧਿਤ ਕਰਜ਼ਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ, ਆਈਆਈਐਫਐਲ ਫਾਈਨਾਂਸ ਲਿਮਿਟੇਡ (''**IIFL**'') ਡਿਫਾਲਟਰ ਗਾਹਕਾਂ ਦੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਕਰ ਰਹੇ ਹਾਂ ਜਿਨ੍ਹਾਂ ਨੇ ਰਜਿਸਟਰਡ ਨਿਲਾਮੀ ਨੋਟਿਸਾਂ ਅਤੇ ਵਾਰ–ਵਾਰ ਰੀਮਾਈਂਡਰ ਦੁਆਰਾ ਸੂਚਿਤ ਕੀਤੇ ਜਾਣ ਦੇ ਬਾਵਜੂਦ, ਨਾ ਤਾਂ ਆਪਣੇ ਕਰਜ਼ਿਆਂ ਨੂੰ ਨਿਯਮਤ ਕੀਤਾ ਹੈ ਅਤੇ ਨਾ ਹੀ ਰਕਮ ਦਾ ਭੁਗਤਾਨ ਕੀਤਾ ਹੈ। ਨਿਮਨਲਿਖਤ ਕਰਜ਼ਾ ਖਾਤਿਆਂ ਵਿੱਚ ਗਿਰਵੀ ਰੱਖੇ ਗਏ ਸੋਨੇ ਦੇ ਗਹਿਣਿਆਂ ਦੀ ਸਰਵਜਨਕ ਨੀਲਾਮੀ **12.05.2025** ਨੂੰ ਸਵੇਰੇ **10** ਵਜੇ ਤੋਂ ਨਿਮਨਲਿਖਤ ਜ਼ਿਲਾ ਕੇਂਦਰ **ਪਟਿਆਲਾ ਲੀਲਾ ਭਵਨ ਜੀ.ਐਲ – ਆਈ.ਆਈ.ਐੱਫ.ਐੱਲ ਫਾਈਨਾਂਸ, ਐਸ.ਸੀ.ਓ ਨੰਬਰ ੨, ਓਪੋ ਇਨਕਮ ਟੈਕਸ ਆਫਿਸ, ਲੀਲਾਭਵਨ , ਪਟਿਆਲਾ ੧੪੭੦੦੧.** ਵਿਖੇ ਆਯੋਜਿਤ ਕੀਤੀ ਜਾਵੇਗੀ। ਸਥਾਨ ਜਾਂ ਤਾਰੀਕ ਵਿੱਚ ਕੋਈ ਵੀ ਬਦਲਾਵ (ਜੇਕਰ ਕੋਈ ਹੋਵੇ) ਨੀਲਾਮੀ ਕੇਂਦਰ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ। ਜੇਕਰ ਕਿਸੇ ਕਾਰਨ ਕਰ ਕੇ ਨੀਲਾਮੀ ਇੱਥੇ ਉਲੇਖਿਤ ਤਾਰੀਕ 'ਤੇ ਆਯੋਜਿਤ ਨਹੀਂ ਕੀਤੀ ਜਾ ਸਕਦੀ ਹੈ ਜਾਂ ਫਿਰ ਨੀਲਾਮੀ ਉਸੇ ਦਿਨ ਪੂਰੀ ਨਹੀਂ ਹੋ ਪਾਉਂਦੀ ਹੈ, ਤਾਂ ਆਈਆਈਐਫਐਲ ਕਿਸੇ ਵੀ ਬਾਅਦ ਦੀ ਤਾਰੀਕ 'ਤੇ ਸਮਾਨ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਉਕਤ ਨੀਲਾਮੀ ਨੂੰ ਆਯੋਜਿਤ ਕਰਨ ਜਾਂ ਅੱਗੇ ਵਧਾਉਣ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ। ਜੇਕਰ ਗਾਹਕ ਦੀ ਮੌਤ ਹੋ ਜਾਂਦੀ ਹੈ, ਤਾਂ ਨੀਲਾਮੀ ਨਾਲ ਸਬੰਧਿਤ ਸਾਰੀਆਂ ਸ਼ਰਤਾਂ ਨਾਮਜ਼ਦ ਵਿਅਕਤੀ/ਕਾਨੂੰਨੀ ਉੱਤਰਾਧਿਕਾਰੀ 'ਤੇ ਲਾਗੂ ਹੋਣਗੀਆਂ।
**ਗੋਲਡ ਲੋਨ ਖਾਤਾ ਨੰਬਰ:** GL32107051, GL32123268, GL32367711, GL32646153, GL32647840, GL32661231, GL32663025, GL32791559, GL32802985, GL33253534, GL33270789, GL32851709, GL34173361, GL34192016, GL34270651, GL34288783, GL34307181, GL34313531, GL34344787, GL25268530, GL32427890, GL32488685, GL32881334, GL32963108, GL33421520, GL34340974, GL30582338, GL30601917, GL32647726, GL32662028, GL34071341, GL34089748, GL32163415, GL32171727, GL32946750, GL33160599, GL33220966, GL33473531, GL33493625, GL33517676, GL33951770, GL33968716, GL34004366, GL34340027, GL34340195, GL33167189, GL33177200, GL32872544, GL32892719, GL34226693.
ਉਪਰੋਕਤ ਸੋਨੇ ਦੇ ਗਹਿਣਿਆਂ ਦੀ ਗੁਣਵੱਤਾ, ਸ਼ੁੱਧਤਾ, ਕੈਰੇਟੇਜ, ਭਾਰ ਅਤੇ ਮੁਲਾਂਕਣ ਦੇ ਸੰਬੰਧ ਵਿੱਚ, ਆਈਆਈਐਫਐਲ ਕੋਈ ਪ੍ਰਤੀਨਿਧਤਾ ਜਾਂ ਵਾਰੰਟੀ ਨਹੀਂ ਦਿੰਦਾ ਹੈ। ਨਿਲਾਮੀ ''ਜਿਵੇਂ ਹੈ ਜਿੱਥੇ ਹੈ'', ''ਜਿਵੇਂ ਹੈ ਜੋ ਹੈ'', ਅਤੇ ''ਜੋ ਵੀ ਹੈ'' ਦੇ ਆਧਾਰ 'ਤੇ ਆਯੋਜਿਤ ਕੀਤੀ ਜਾਵੇਗੀ। ਆਪਣੇ ਇਕੱਲੇ ਅਤੇ ਸੰਪੂਰਨ ਵਿਵੇਕ ਵਿੱਚ, ਆਈਆਈਐਫਐਲ ਕੋਲ ਅਤੇ ਨਿਲਾਮੀ ਸੂਚੀ ਵਿੱਚੋਂ ਕਿਸੇ ਵੀ ਖਾਤੇ ਨੂੰ ਮੁਲਤਵੀ ਕਰਨ ਜਾਂ ਹਟਾਉਣ ਦਾ ਅਧਿਕਾਰ ਹੈ ਅਤੇ ਕੋਈ ਵੀ ਪੂਰਵ ਸੂਚਨਾ ਪ੍ਰਦਾਨ ਕੀਤੇ ਬਿਨਾਂ ਤੇ ਬਿਨਾ ਕਾਰਨ ਦੱਸੇ ਕਿਸੇ ਵੀ ਜਾਂ ਸਾਰੀਆਂ ਬੋਲੀ ਜਾਂ ਪੇਸ਼ਕਸ਼ਾਂ ਨੂੰ ਰੱਦ ਕਰਨ ਦਾ ਅਧਿਕਾਰ ਹੈ। ਸੰਬੰਧਿਤ ਸ਼ਾਖਾ 'ਤੇ, ਗਿਰਵੀ ਰੱਖੇ ਗਹਿਣਿਆਂ ਬਾਰੇ ਜਾਣਕਾਰੀ, ਡਿਫਾਲਟ ਕਰਜ਼ਦਾਰਾਂ ਅਤੇ ਹੋਰ ਵੇਰਵੇ ਡਿਸਪਲੇ 'ਤੇ ਹਨ। ਇਸ ਨੋਟਿਸ ਨੂੰ ਪ੍ਰਕਾਸ਼ਿਤ ਕਰਨ ਤੋਂ ਬਾਅਦ ਵੀ, ਡਿਫਾਲਟ ਕਰਜ਼ਦਾਰਾਂ ਕੋਲ ਵਿਆਜ ਅਤੇ ਲਾਗੂ ਹੋਣ ਵਾਲੇ ਖਰਚਿਆਂ ਸਮੇਤ ਪੂਰੀ ਬਕਾਇਆ ਰਕਮ ਦਾ ਭੁਗਤਾਨ ਕਰਨ ਅਤੇ ਆਪਣੇ ਲੋਨ ਖਾਤੇ ਨੂੰ ਬੰਦ ਜਾਂ ਨਿਯਮਤ ਕਰਨ ਦਾ ਵਿਕਲਪ ਹੁੰਦਾ ਹੈ। ਨਿਲਾਮੀ ਦੀ ਮਿਤੀ ਤੱਕ ਜੋ ਉਹ ਭੁਗਤਾਨ ਨਹੀਂ ਕਰਦੇ, ਤਾਂ ਗਿਰਵੀ ਰੱਖੇ ਸੋਨੇ ਦੇ ਗਹਿਣੇ ਵੇਚੇ ਜਾਣਗੇ ਅਤੇ ਕੋਈ ਵੀ ਬਕਾਇਆ (ਜੋ ਕੋਈ ਹੈ) ਨੂੰ ਵਿਆਜ ਅਤੇ ਲਾਗਤਾਂ ਸਮੇਤ ਬਰਾਮਦ ਕੀਤਾ ਜਾਵੇਗਾ। ਫਿਰ ਵੀ, ਇਸ ਪ੍ਰਕਾਸ਼ਨ 'ਤੇ ਜਾਂ ਇਸ ਤੋਂ ਬਾਅਦ ਬੰਦ ਜਾਂ ਨਿਯਮਤ ਕੀਤੇ ਗਏ ਡਿਫਾਲਟਰ ਲੋਨ ਤੇ ਪ੍ਰਸਤਾਵਿਤ ਪ੍ਰਕਾਸ਼ਿਤ ਖਰਚਾ ਚਾਰਜ ਕੀਤਾ ਜਾਵੇਗਾ। ਕਿਸੇ ਵੀ ਨਿਲਾਮੀ ਦੀ ਵਾਧੂ ਕਮਾਈ ਦੀ ਅਦਾਇਗੀ ਪ੍ਰਾਪਤ ਕਰਨ ਲਈ, ਲੋਨ ਲੈਣ ਵਾਲਿਆਂ ਨੂੰ ਉਹਨਾਂ ਦੀ ਸਭ ਤੋਂ ਤਾਜ਼ਾ ਬੈਂਕ ਖਾਤੇ ਦੀ ਜਾਣਕਾਰੀ ਦੇਣ ਜਾਂ ਅਪਡੇਟ ਕਰਨ ਲਈ ਕਿਹਾ ਜਾਂਦਾ ਹੈ।
**ਵਿਸਤਰਿਤ ਜਾਣਕਾਰੀ, ਨਿਯਮਾਂ ਅਤੇ ਸ਼ਰਤਾਂ ਲਈ ਆਈਆਈਐਫਐਲ ਫਾਈਨਾਂਸ ਲਿਮਿਟੇਡ ਦੇ ਸਬੰਧਿਤ ਸ਼ਾਖਾ ਦਫ਼ਤਰ ਨਾਲ ਸੰਪਰਕ ਕਰੋ।**
**ਸਥਾਨ:** ਪਟਿਆਲਾ
**ਤਾਰੀਖ਼: 08.05.2025**
Sd/
ਅਧਿਕਾਰਤ ਹਸਤਾਖਰਿਤ
ਆਈਆਈਐਫਐਲ ਫਾਈਨਾਂਸ ਲਿਮਿਟੇਡ

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

**ਯੂਕੋ ਬੈਂਕ UCO BANK**
ਸ਼ਾਖਾ ਦਫਤਰ : ਸੁਜਾਪੁਰ, ਜਗਰਾਓਂ, ਨੇੜੇ ਝਾਂਸੀ ਰਾਣੀ ਚੌਂਕ, ਜ਼ਿਲ੍ਹਾ ਲੁਧਿਆਣਾ
ਵੱਲ ਮਿਤੀ: 30.04.2025
1. ਦਲਬੀਰ ਸਿੰਘ ਪੁੱਤਰ ਦਲਜਿੰਦਰ ਸਿੰਘ, ਪਿੰਡ ਸੁਨੇਤ, ਪਿੰਡ ਅਤੇ ਡਾਕਖਾਨਾ ਰਾਜਗੁਰੂ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012
2. ਗੁਰਪ੍ਰੀਤ ਸਿੰਘ ਪੁੱਤਰ ਦਲਜਿੰਦਰ ਸਿੰਘ, ਪਿੰਡ ਸੁਨੇਤ, ਪਿੰਡ ਅਤੇ ਡਾਕਖਾਨਾ ਰਾਜਗੁਰੂ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ-141012
**ਸ੍ਰੀਮਾਨ/ਸ੍ਰੀਮਤੀ**
**ਸਬ:- ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 ਦੀ ਧਾਰਾ 13(8) ਦੇ ਤਹਿਤ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ।**
ਜਿਵੇਂ ਕਿ ਯੂਕੋ ਬੈਂਕ ਦੇ ਅਧਿਕਾਰਤ ਅਧਿਕਾਰੀ, ਸੁਰੱਖਿਅਤ ਕਰਜ਼ਦਾਤਾ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ (SARFAESI) ਐਕਟ, 2002 ਦੇ ਤਹਿਤ, ਉਕਤ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, 17.11.2023 ਨੂੰ ਜਾਰੀ ਕੀਤਾ ਗਿਆ ਮੰਗ–ਨੋਟਿਸ ਜਿਸ ਵਿੱਚ ਤੁਹਾਨੂੰ ਯੂਕੋ ਬੈਂਕ ਪ੍ਰਤੀ ਆਪਣੀਆਂ ਦੇਣਦਾਰੀਆਂ ਨੂੰ ਪ੍ਰਾਪਤ ਹੋਣ ਦੀ ਮਿਤੀ ਤੋਂ ਸੱਠ (60) ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਨਿਭਾਉਣ ਲਈ ਕਿਹਾ ਗਿਆ ਹੈ।
ਕਿਉਂਕਿ ਤੁਸੀਂ ਉਪਰੋਕਤ ਨਾਮਿਤ ਕਰਜ਼ਦਾਰ/ਜ਼ਾਮਨ ਉਕਤ ਮੰਗ ਨੋਟਿਸ ਵਿੱਚ ਦੱਸੇ ਅਨੁਸਾਰ ਪੂਰੀ ਤਰ੍ਹਾਂ ਦੇਣਦਾਰੀ ਨਿਭਾਉਣ ਵਿੱਚ ਅਸਫਲ ਰਹੇ, ਇਸ ਲਈ ਯੂਕੋ ਬੈਂਕ ਨੇ ਆਪਣੇ ਬਕਾਏ ਵਸੂਲਣ ਦਾ ਸਹਾਰਾ ਲਿਆ ਹੈ, ਅਤੇ ਇਸਦੇ ਅਧਿਕਾਰਤ ਅਧਿਕਾਰੀ ਨੇ 03.05.2024 ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਅਚੱਲ ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈ ਲਿਆ ਹੈ, ਜਿਵੇਂ ਕਿ 03.05.2024 ਦੇ ਕਬਜ਼ੇ–ਸੂਚਨਾ ਦੀ ਨੱਥੀ ਕਾਪੀ ਵਿੱਚ ਦੱਸਿਆ ਗਿਆ ਹੈ।
ਕਿਉਂਕਿ ਤੁਸੀਂ ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈਣ ਤੋਂ ਬਾਅਦ ਵੀ ਬੈਂਕ ਦੇ ਪੂਰੇ ਬਕਾਏ ਨੂੰ ਖਤਮ ਕਰਨ ਵਿੱਚ ਅਸਫਲ ਰਹੇ ਹੋ, ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅਤੇ/ਜਾਂ ਜਨਤਕ ਨਿਲਾਮੀ ਆਦਿ ਲਈ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਭਵਿੱਖ ਦੇ ਵਿਆਜ, ਸਾਰੀਆਂ ਲਾਗਤਾਂ, ਖਰਚਿਆਂ ਅਤੇ ਖਰਚਿਆਂ ਆਦਿ ਦੇ ਨਾਲ ਬੈਂਕ ਦੇ ਬਕਾਏ ਵਾਪਸ ਕਰ ਦਿਓ। ਇਸ ਤਰ੍ਹਾਂ, ਤੁਹਾਡਾ ਧਿਆਨ ਉਪਰੋਕਤ ਨਿਰਧਾਰਤ ਸਮੇਂ ਦੇ ਅੰਦਰ ਧਾਰਾ 13(8) ਦੇ ਅਨੁਸਾਰ ਸੁਰੱਖਿਅਤ ਸੰਪਤੀਆਂ ਨੂੰ ਵਾਪਸ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।
ਜੇਕਰ ਤੁਸੀਂ ਇਸ ਨੋਟਿਸ ਦੇ ਅਨੁਸਾਰ ਕਾਰਵਾਈ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ SARFAESI ਐਕਟ, 2002 ਦੇ ਉਪਬੰਧਾਂ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਾਰ ਭਵਿੱਖ ਵਿੱਚ ਵਿਆਜ, ਲਾਗਤਾਂ, ਖਰਚਿਆਂ ਅਤੇ ਖਰਚਿਆਂ ਆਦਿ ਦੇ ਨਾਲ ਆਪਣੇ ਬਕਾਏ ਦੀ ਵਸੂਲੀ ਲਈ ਅੱਗੇ ਵਧੇਗਾ।
ਕਿਰਪਾ ਕਰਕੇ ਧਿਆਨ ਦਿਓ ਕਿ ਇਹ ਬੈਂਕ ਦੇ ਅਧਿਕਾਰਾਂ ਅਤੇ ਮੌਜੂਦਾ ਸਮੇਂ ਲਈ ਲਾਗੂ ਕਾਨੂੰਨ(ਕਾਨੂੰਨਾਂ) ਅਧੀਨ ਉਪਲਬਧ ਵਿਵਾਦਾਂ ਦੇ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।
**ਤੁਹਾਡਾ ਵਫ਼ਾਦਾਰੀ ਨਾਲ**
**ਅੰਸ਼ੁਲ ਸਿੰਘਲ,**
**ਮੁੱਖ ਪ੍ਰਬੰਧਕ**

## ਭਾਰਤ-ਪਾਕਿ ਦਰਮਿਆਨ ਬਣੇ ਹਾਲਾਤਾਂ ਕਾਰਨ ਫਤਿਹਗੜ੍ਹ ਸਾਹਿਬ ਵਿਖੇ ਰੈਲੀ 10 ਦੀ ਥਾਂ 24 ਮਈ ਨੂੰ : ਪ੍ਰੋ. ਚੰਦੂਮਾਜਰਾ

ਫਤਿਹਗੜ੍ਹ ਸਾਹਿਬ, 7 ਮਈ (ਨਰਿੰਦਰ ਸਿੰਘ) ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਠਿਤ ਪੰਜ ਮੈਂਬਰੀ ਕਮੇਟੀ ਵੱਲੋਂ ਕੀਤੀ ਜਾਣ ਵਾਲੀ ਭਰਤੀ ਲਈ ਫਤਿਹਗੜ੍ਹ ਸਾਹਿਬ ਵਿਖੇ ਰੱਖੀ ਗਈ ਮੀਟਿੰਗ ਭਾਰਤ–ਪਾਕਿਸਤਾਨ ਦਰਮਿਆਨ ਦੋਵਾਂ ਦੇਸ਼ਾਂ ਵਿੱਚ ਪਹਿਲਗਾਮ ਹਮਲੇ ਨੂੰ ਲੈ ਕੇ ਚੱਲ ਰਹੇ ਤਨਾਓ ਕਾਰਨ ਬਣੇ ਹੋਏ ਅਣਸੁਖਾਵੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੋਇਆਂ 10 ਮਈ ਦੀ ਬਜਾਏ ਹੁਣ 24 ਮਈ ਨੂੰ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪਿੰਡ ਪੰਜੋਲੀ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਦੀ ਅਗਵਾਈ ਵਿੱਚੋਂ ਹੋਈ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਅਣਸੁਖਾਵੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਪ੍ਰਸ਼ਾਸਨ ਵੱਲੋਂ ਵੀ ਕਈ ਕਿਸਮ ਦੀਆਂ ਨਵੀਆਂ ਗਾਈਡਲਾਈਨਜ (ਹਦਾਇਤਾਂ) ਜਾਰੀ ਕੀਤੀਆਂ ਜਾ ਰਹੀਆਂ ਹਨ ਤੇ ਉਸੇ ਨੂੰ ਮੁੱਖ ਰੱਖਦੇ ਹੋਏ ਰੈਲੀ ਦੀ ਤਰੀਕ ਵਧਾ ਕੇ 24 ਮਈ ਕੀਤੀ ਗਈ ਹੈ ਤੇ ਇਸ ਮੀਟਿੰਗ ਨੂੰ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾ, ਬੀਬੀ ਸਤਵੰਤ ਕੌਰ, ਸੰਤਾ ਸਿੰਘ ਉਮੈਦਪੁਰੀ ਸੰਬੋਧਨ ਕਰਨਗੇ ਜਦੋਂ ਕਿ ਪੰਜਵੇ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਵਿਦੇਸ਼ੀ ਦੌਰੇ ਤੇ ਜਾਣ ਕਾਰਨ ਇਸ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋ ਰਹੇ ਤੇ ਇਨ੍ਹਾਂ ਦੇ ਨਾਲ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਸਤਵਿੰਦਰ ਕੌਰ ਧਾਲੀਵਾਲ ਸਮੇਤ ਹੋਰ ਸੀਨੀਅਰ ਸੁਹਿਰਦ ਲੀਡਰਸ਼ਿਪ ਦੇ ਨਾਲ ਨਾਲ ਜ਼ਿਲਾ ਫਤਿਹਗੜ੍ਹ ਸਾਹਿਬ ਦੀ ਵੀ ਲੀਡਰਸ਼ਿਪ ਸ਼ਮੂਲੀਅਤ ਕਰਕੇ ਸੰਗਤ ਨੂੰ ਸੰਬੋਧਨ ਕਰੇਗੀ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਇਸ ਭਰਤੀ ਮੁਹਿੰਮ ਨੂੰ ਲੈ ਕੇ ਫਤਿਹਗੜ੍ਹ ਸਾਹਿਬ ਦੇ ਵੱਖ–ਵੱਖ ਪਿੰਡਾਂ ਵਿੱਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੌਰਾਨ ਜੋ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਇਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ ਪ੍ਰਵਾਨ ਕਰਦੀ ਹੋਈ ਵੱਡੇ ਪੱਧਰ ਤੇ ਭਰਤੀ ਮੁਹਿਮ ਵਿੱਚ ਹਿੱਸਾ ਲੈ ਰਹੀ ਹੈ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਸਾਰੀ ਅਕਾਲੀ ਲੀਡਰਸ਼ਿਪ ਜੋ ਇਸ ਭਰਤੀ ਮੁਹਿੰਮ ਵਿੱਚ ਸ਼ਾਮਿਲ ਹੋਈ ਹੈ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਸੁਨੇਹਾ ਦੇ ਰਹੀ ਹੈ ਅਤੇ ਹੁਣ 24 ਮਈ ਨੂੰ ਹੋਣ ਵਾਲੀ ਵੱਡੇ ਪੱਧਰ ਤੇ ਵਿਸ਼ਾਲ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰ ਰਹੀ ਹੈ।

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਰਮਨ ਸਿੰਦੂਰੀਆ ਸਪੁੱਤਰ ਸ੍ਰੀ ਪਿਆਰੇ ਲਾਲ** ਦੇ ਨਾਮ ਤੋਂ **ਸ੍ਰੀ ਭਜਨ ਲਾਲ ਸਾਂਗਵਾਨ ਸਪੁੱਤਰ ਸ੍ਰੀ ਸਤਬੀਰ ਸਿੰਘ ਸਾਂਗਵਾਨ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 45-ਸੀ, ਚੰਡੀਗੜ੍ਹ ਵਿੱਚ ਐਮਆਈਜੀ (ਐਲ) ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2168-3 (ਤੀਜੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 45-ਸੀ, ਚੰਡੀਗੜ੍ਹ ਵਿੱਚ ਐਮਆਈਜੀ (ਐਲ) ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2168-3 (ਤੀਜੀ ਮੰਜ਼ਿਲ)**, ਅਲਾਟੀ/ਟ੍ਰਾਂਸਫਰੀ **ਸ੍ਰੀ ਰਮਨ ਸਿੰਦੂਰੀਆ ਸਪੁੱਤਰ ਸ੍ਰੀ ਪਿਆਰੇ ਲਾਲ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਰਮਨ ਸਿੰਦੂਰੀਆ ਸਪੁੱਤਰ ਸ੍ਰੀ ਪਿਆਰੇ ਲਾਲ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 22.04.2025 ਨੂੰ ਸਬ–ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਭਜਨ ਲਾਲ ਸਾਂਗਵਾਨ ਸਪੁੱਤਰ ਸ੍ਰੀ ਸਤਬੀਰ ਸਿੰਘ ਸਾਂਗਵਾਨ** ਨੂੰ ਵੇਚ ਦਿੱਤੀ ਹੈ। **ਸ੍ਰੀ ਭਜਨ ਲਾਲ ਸਾਂਗਵਾਨ ਸਪੁੱਤਰ ਸ੍ਰੀ ਸਤਬੀਰ ਸਿੰਘ ਸਾਂਗਵਾਨ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ,**
**ਚੰਡੀਗੜ੍ਹ**

**pnb ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ
ਮਿਡ ਕਾਰਪੋਰੇਟ ਸੈਂਟਰ (ਐਮਸੀਸੀ), ਜੀਟੀ ਰੋਡ, ਨੇੜੇ ਅਕਲਸਰ ਚੌਂਕ, ਮੋਗਾ

## ਮੰਗ ਸੂਚਨਾ

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 3 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ) ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ।**
ਤੁਹਾਨੂੰ ਸਾਰੇ ਨਿਮਨ ਦਰਸਾਏ ਵਿਅਕਤੀਆਂ (ਕਰਜ਼ਦਾਰਾਂ/ਜ਼ਾਮਨ (ਾਂ)) ਨੂੰ ਸੂਚਨਾ ਤੋਂ 60 (ਸੱਠ) ਦਿਨਾਂ ਦੇ ਅੰਦਰ ਭੁਗਤਾਨ ਹੋਣ ਤੱਕ ਅਗਲੇਰੇ ਵਿਆਜ ਸਮੇਤ ਸੂਚਨਾਵਾਂ ਦੀ ਮਿਤੀ ਨੂੰ ਖਾਤੇ ਅਧੀਨ ਦਰਸਾਈ ਮੰਗ ਸੂਚਨਾ ਦੀ ਰਕਮ ਨੂੰ ਅਦਾ ਕਰਨ ਲਈ ਤੁਹਾਨੂੰ ਸਾਰਿਆਂ ਨੂੰ ਸੱਦਾ ਦਿੰਦੇ ਹੋਏ ਬੈਂਕ ਦੇ 'ਅਧਿਕਾਰਤ ਅਧਿਕਾਰੀ' ਵੱਲੋਂ ਨਿਮਨ ਦਰਸਾਈਆਂ ਮਿਤੀਆਂ ਨੂੰ ਸਰਫਾਇਸੀ ਐਕਟ–2002 ਦੀ ਧਾਰਾ 13 (2) ਦੇ ਅਧੀਨ ਪੰਜੀਕ੍ਰਿਤ ਮੰਗ ਸੂਚਨਾਵਾਂ ਭੇਜੀਆਂ ਗਈਆਂ ਸਨ। ਦਰਸਾਈ ਮੰਗ ਸੂਚਨਾ ਤੁਹਾਨੂੰ ਸਾਰਿਆਂ ਨੂੰ ਤਾਮੀਲ ਨਹੀਂ ਹੋ ਸਕੀ ਅਤੇ ਨਿਸ਼ਚਿਤ ਮਾਮਲਿਆਂ ਵਿਚ ਇਹ ਸੂਚਨਾ ਅਣਸੌਂਪੀ ਹੀ ਪਰਤ ਆਈ। ਨਿਮਨ ਹਸਤਾਖ਼ਰੀ ਕੋਲ ਸੁਰੱਖਿਅਤ ਕਰਜ਼ਦਾਤਾ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਇਹ ਮੰਨ ਲੈਣ ਦੇ ਕਾਰਨ ਹਨ ਕਿ ਤੁਹਾਨੂੰ ਸਭ ਨੂੰ ਵਿਕਲਪਿਕ ਤਾਮੀਲ ਦੀ ਵਿਧੀ ਤੋਂ ਬਿਨਾਂ ਸਧਾਰਨ ਢੰਗ ਨਾਲ ਮੰਗ ਸੂਚਨਾ ਦੀ ਤਾਮੀਲ ਨਹੀਂ ਕਰਵਾਈ ਜਾ ਸਕਦੀ। ਇਸ ਲਈ, ਤੁਹਾਡੇ ਵਿਚੋਂ ਹਰੇਕ ਨੂੰ ਇਸ ਜਨਤਕ ਸੂਚਨਾ ਰਾਹੀਂ ਇਥੇ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਤੁਹਾਡੇ ਵੱਲ ਬਣਦੀ ਰਕਮ ਭੁਗਤਾਨ ਦੀ ਮਿਤੀ ਤੱਕ ਅਗਲੇਰੇ ਵਿਆਜ ਸਮੇਤ ਨਿਮਨ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕ ਨਿਮਨ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਕਬਜ਼ਾ ਲੈਣ ਲਈ ਦਰਸਾਏ ਕਾਨੂੰਨ–2002 ਦੀ ਧਾਰਾ 13 (4) ਦੇ ਅਧੀਨ ਕਾਰਵਾਈ ਸ਼ੁਰੂ ਕਰੇਗਾ ਅਤੇ ਇਸ ਉਪਰੰਤ ਇਨ੍ਹਾਂ ਨੂੰ ਵੇਚਿਆ ਜਾਵੇਗਾ ਤਾਂ ਜੋ ਲਾਗਤਾਂ ਸਮੇਤ ਭਰਪਾਈ ਹੋਣ ਤੱਕ ਅਗਲੇਰੇ ਵਿਆਜ ਸਮੇਤ ਬਕਾਇਆਂ ਦੀ ਪੂਰਤੀ ਹੋ ਸਕੇ। ਕਰਜ਼ਦਾਰ ਵੱਲੋਂ ਬਕਾਇਆਂ ਦੀ ਭੁਗਤਾਨ ਨਾ ਕੀਤੇ ਜਾਣ ਕਾਰਨ ਜ਼ਾਮਨ/ਗਿਰਵੀਕਾਰ (ਾਂ) ਵੱਲੋਂ ਦਿੱਤੀ ਜ਼ਾਮਨੀ ਇਸ ਦੁਆਰਾ ਰੱਦ ਕੀਤੀ ਜਾਂਦੀ ਹੈ ਅਤੇ ਤੁਹਾਨੂੰ ਸਮੁੱਚੀ ਰਕਮ ਦਾ ਭੁਗਤਾਨ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਸੁਰੱਖਿਆ ਦੇ ਵੇਰਵੇ (ਸਾਰੇ ਭਾਗ ਅਤੇ ਹਿੱਸੇ) | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ (ਰੁ.) |
|---|---|---|---|
| ਕਰਜ਼ਦਾਰ: ਮੈਸ. ਐਮਕੇ ਹਾਈ–ਟੈਕ ਕੋਲਡ ਸਟੋਰੇਜ (ਪ੍ਰੋਪ. ਸ੍ਰੀ ਸੰਨੀ ਅਰੋੜਾ), ਪਿੰਡ ਸਲੇਮਪੁਰਾ, ਜਲੰਧਰ ਰੋਡ, ਜਗਰਾਉਂ, ਬੀ.ਬੀ.ਐਸ.ਬੀ. ਕਾਨਵੈਂਟ ਸਕੂਲ ਦੇ ਨੇੜੇ, ਪੰਜਾਬ- 142026। ਜ਼ਾਮਨ: 1. ਸ੍ਰੀਮਤੀ ਕਾਂਤਾ ਰਾਣੀ ਪਤਨੀ ਸ੍ਰੀ ਮੈਡਮ ਲਾਲ, ਵਾਰਡ ਨੰਬਰ 13, ਮਾਡਲ ਟਾਊਨ, ਸ਼ਾਹਕੋਟ, ਜਲੰਧਰ, ਸ਼ਾਹਕੋਟ, ਪੰਜਾਬ 144702, 2. ਸ੍ਰੀ ਮਦਨ ਲਾਲ ਪੁੱਤਰ ਬਿਹਾਰੀ ਲਾਲ, ਵਾਰਡ ਨੰਬਰ 13, ਮਾਡਲ ਟਾਊਨ, ਸਾਹਕੋਟ, ਜਲੰਧਰ, ਸ਼ਾਹਕੋਟ, ਪੰਜਾਬ 144702. 3. ਸ੍ਰੀ ਰੋਹਿਤ ਅਰੋੜਾ ਪੁੱਤਰ ਸ੍ਰੀ ਮੈਡਮ ਲਾਲ, ਵਾਰਡ ਨੰਬਰ 13, ਮਾਡਲ ਟਾਊਨ, ਸ਼ਾਹਕੋਟ, ਜਲੰਧਰ, ਸਾਹਕੋਟ, ਪੰਜਾਬ 144702 | **ਜਾਇਦਾਦ:** 1. ਕੋਲਡ ਸਟੋਰ ਦੀ 12 ਕਨਾਲ ਜ਼ਮੀਨ, ਪਿੰਡ ਸਲੇਮਪੁਰਾ, ਹੱਦਬਸਤ ਨੰਬਰ 26, ਸਿੱਧਵਾਂ ਬੇਟ, ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਸੰਨੀ ਅਰੋੜਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2018–19/99/1/360 ਮਿਤੀ 03.01.2019, ਖਤੌਨੀ ਨੰਬਰ 237/249, ਮੁਸਤਿਲ ਨੰਬਰ 123, ਕਿਲਾ ਨੰਬਰ 24/1 (5–15) 25/2 (5–15) 23/2 (5–16) ਜਮ੍ਹਾਂਬੰਦੀ 2015–16, ਪਿੰਡ ਸਲੇਮਪੁਰ ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ। **ਜਾਇਦਾਦ:** 2. ਵਪਾਰਕ ਗੋਦਾਮ ਸਹਿ ਰਿਹਾਇਸ਼ੀ ਘਰ ਜੋ ਕਿ 14 ਕੇ 17 ਐਮ ਜ਼ਮੀਨ ਦਾ 14/297 ਹਿੱਸਾ ਹੈ, ਖ./ਖ. ਨੰਬਰ 68/72 ਅਤੇ 69/73 ਜਿਸ ਵਿੱਚ ਖ. ਨੰ. 8//19/2 (5–1), 20/1 (2–2) 21/2 (1–4) 8//22 (6–10) ਵਾਸਿਕਾ ਨੰਬਰ 368 ਮਿਤੀ 01.06.2016 ਨੂੰ ਸ੍ਰੀਮਤੀ ਕਾਂਤਾ ਰਾਣੀ ਪਤਨੀ ਮਦਨ ਲਾਲ ਦੇ ਨਾਮ 'ਤੇ ਮਲਕੀਅਤ ਪਿੰਡ ਢੇਰੀਆਂ ਮੁਸ਼ਤਰਕਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੇ ਖੇਤਰ ਵਿੱਚ ਸਥਿਤ ਹੈ। ਜਾਇਦਾਦ: 3: ਨਿਮਨ ਵੇਰਵਿਆਂ ਅਨੁਸਾਰ 04 ਕਨਾਲ 04 ਮਰਲੇ (84 ਮਰਲੇ) ਮਾਪ ਵਾਲੀ ਰਿਹਾਇਸ਼ੀ ਸੰਪੱਤੀ : ਖ./ਖ. ਨੰ. 151/157 ਖ. ਨੰ. 7//14/2 (4–4) ਵਿਚ ਸ਼ਾਮਲ 04 ਕਨਾਲ 04 ਮਰਲੇ ਮਾਪ ਵਾਲੀ ਜ਼ਮੀਨ ਦੇ 1162/6444 ਹਿੱਸੇ ਵਜੋਂ 15 ਮਰਲੇ 01 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖ/ਖ ਨੰ. 150/156 ਖ. ਨੰ. 7//4/2 (5–14) ਵਿਚ ਸ਼ਾਮਲ 05 ਕਨਾਲ 14 ਮਰਲੇ ਮਾਪ ਵਾਲੀ ਜ਼ਮੀਨ ਦੇ 1162/6444 ਹਿੱਸੇ ਵਜੋਂ 01 ਕਨਾਲ 05 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਰਕਬਾ ਮਾਡਲ ਟਾਊਨ, ਪਿੰਡ ਢੇਰੀਆਂ ਮੁਸ਼ਤਰਕਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਚ ਸਥਿਤ ਸ੍ਰੀਮਤੀ ਕਾਂਤਾ ਰਾਣੀ ਪਤਨੀ ਮਦਨ ਲਾਲ ਦੇ ਨਾਮ 'ਤੇ ਵਸੀਕਾ ਨੰ. 2018–19/177/1/644 ਮਿਤੀ 17.01.2019 ਦੇ ਅਧੀਨ ਖ/ਖ ਨੰ. 189/213 ਖ. ਨੰ. 7//7/1 (5–8) ਵਿਚ ਸ਼ਾਮਲ 5 ਕਨਾਲ 08 ਮਰਲੇ ਮਾਪ ਵਾਲੀ ਜ਼ਮੀਨ ਦੇ 350/1944 ਹਿੱਸੇ ਵਜੋਂ 19 ਮਰਲੇ 04 ਸਰਸਾਹੀ ਮਾਪ ਵਾਲੀ ਜ਼ਮੀਨ ਅਤੇ ਖ/ਖ ਨੰ.152/158 ਖ.ਨੰ. 7//16 (8–0) ਵਿਚ ਸ਼ਾਮਲ 08 ਕਨਾਲ ਮਾਪ ਵਾਲੀ ਜ਼ਮੀਨ ਦੇ 26/144 ਹਿੱਸੇ ਵਜੋਂ 01 ਕਨਾਲ 08 ਮਰਲੇ 08 ਸਰਸਾਹੀ ਮਾਪ ਵਾਲੀ ਜ਼ਮੀਨ। **ਜਾਇਦਾਦ:** 4. ਵਪਾਰਕ ਜਾਇਦਾਦ ਮਾਪ 01 ਕਨਾਲ–02 ਮਰਲੇ–03ਸਰਸਾਹੀ ਵੇਰਵੇ ਵਜੋਂ ਜ਼ਮੀਨ ਮਾਪ 01 ਮਰਲੇ 06 ਸਰਸਾਹੀ 5/99 ਹਿੱਸਾ 01 ਕਨਾਲ 13 ਮਰਲੇ ਜ਼ਮੀਨ ਮਾਪ ਖ./ਖ. ਨੰ. 142/147 ਵਿੱਚ ਸ਼ਾਮਲ ਹੈ ਜਿਸ ਵਿੱਚ ਖ ਨੰ. 8//8/2/2 (1–13) ਅਤੇ 10 ਮਰਲੇ 05 ਸਰਸਾਹੀ 5/54 ਹਿੱਸਾ 05 ਕਨਾਲ14 ਮਰਲੇ ਜ਼ਮੀਨ ਮਾਪ 05 ਕਨਾਲ 14 ਮਰਲੇ ਜ਼ਮੀਨ ਮਾਪ ਖ./ਖ. ਨੰ. 176/200 ਵਿੱਚ ਸ਼ਾਮਲ ਖ. ਨੰ.8//8/1 (5–14) ਅਤੇ 10 ਮਰਲੇ 01 ਸਰਸਾਹੀ ਜ਼ਮੀਨ ਜੋ ਕਿ 02 ਕਨਾਲ 12 ਮਰਲੇ ਨਾਪ ਦਾ 7/36 ਹਿੱਸਾ ਹੈ, ਜੋ ਕਿ ਖ./ਖ./ਨ. 177/201, ਖ.ਨੰ. 8//13/2/2 (2–12) ਵਿੱਚ ਸ਼ਾਮਲ ਹੈ, ਵਾਸਿਕਾ ਨੰਬਰ 157 ਮਿਤੀ 28.04.2016 ਅਨੁਸਾਰ ਸ੍ਰੀ ਰੋਹਿਤ ਅਰੋੜਾ ਪੁੱਤਰ ਮਦਨ ਲਾਲ ਦੇ ਨਾਮ 'ਤੇ, ਪਿੰਡ ਅਤੇ ਡਾਕਘਰ–ਢੇਰੀਆਂ ਮੁਸ਼ਤਰਕਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੇ ਖੇਤਰ ਵਿੱਚ ਸਥਿਤ ਹੈ। ਇਹ ਪਹਿਲਾਂ ਹੀ ਮੈਸਰਜ਼ ਸਿੱਧੂ ਨਿਊ ਟੈਕ ਕੋਲਡ ਸਟੋਰ ਬੀ/ਓ–ਸ਼ਾਹਕੋਟ ਦੇ ਕਰਜ਼ਾ ਖਾਤੇ ਵਿੱਚ ਗਿਰਵੀ ਹੈ। **ਜਾਇਦਾਦ:** 5. ਜ਼ਮੀਨ ਦੀ ਮਾਪ ਲਗਭਗ 5 ਮਰਲੇ 7 ਸਰਸਾਹੀ ਵੇਰਵੇ ਜਿਵੇਂ ਕਿ ਜ਼ਮੀਨ ਦੀ ਮਾਪ 04 ਮਰਲੇ 04 ਸਰਸਾਹੀ ਮਾਪ 01 ਕਨਾਲ 13 ਮਰਲੇ ਜ਼ਮੀਨ ਦਾ 40/297 ਹਿੱਸਾ ਹੈ ਜੋ ਕਿ ਖ./ਖ. ਨੰ. 142/147 ਜਿਸ ਵਿੱਚ ਖ. ਨੰ. 8//8/2/2 (1–13) ਸ਼ਾਮਲ ਹੈ ਅਤੇ ਜ਼ਮੀਨ ਦੀ ਮਾਪ 01 ਮਰਲੇ 03 ਸਰਸਾਹੀ ਮਾਪ 01 ਕਨਾਲ 13ਮਰਲੇ ਜ਼ਮੀਨ ਦਾ 4/99 ਹਿੱਸਾ ਹੈ ਜੋ ਕਿ ਖ./ਖ. ਨੰ. 142/147 ਜਿਸ ਵਿੱਚ ਖ. ਨੰ. 8/18/2/2 (1–13) ਸ਼ਾਮਲ ਹੈ, ਵਾਸਿਕਾ ਨੰਬਰ 4250 ਮਿਤੀ 23.03.2005 ਅਤੇ ਵਾਸਿਕਾ ਨੰਬਰ 158 ਮਿਤੀ 28.04.2016 ਸ੍ਰੀ ਰੋਹਿਤ ਅਰੋੜਾ ਪੁੱਤਰ ਮਦਨ ਲਾਲ ਦੇ ਨਾਮ 'ਤੇ, ਜੋ ਕਿ ਪਿੰਡ ਅਤੇ ਡਾਕਖਾਨਾ–ਢੇਰੀਆਂ ਮੁਸ਼ਤਰਕਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੇ ਖੇਤਰ ਵਿੱਚ ਸਥਿਤ। | 25.04.2025 / 28.03.2025 | **Rs. 3,60,29,265/-** (ਰੁ. ਤਿੰਨ ਕਰੋੜ ਸੱਠ ਲੱਖ ਉਣੱਤੀ ਹਜ਼ਾਰ ਦੋ ਸੌ ਪੈਂਹਠ ਕੇਵਲ) 30.03.2025 ਦੇ ਅਨੁਸਾਰ, ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ, ਲਾਗਤਾਂ ਸਮੇਤ |

**ਮਿਤੀ:** 07.05.2025 **ਸਥਾਨ : ਮੋਗਾ** **ਅਧਿਕਾਰਤ ਅਧਿਕਾਰੀ**

**ਬੈਂਕ ਆਫ ਬੜੌਦਾ Bank of Baroda**
ਸ਼ਾਖਾ ਦਫਤਰ :ਜਲੰਧਰ ਖੇਤਰੀ, 24, ਪਹਿਲੀ ਮੰਜ਼ਿਲ, ਵਿਜੇ ਨਗਰ, ਫੁੱਟਬਾਲ ਚੌਂਕ, ਜਲੰਧਰ, ਫੋਨ : 0181-5057857
**E-mail: SARJAL@bankofbaroda.com**

**ਭੌਤਿਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**
**[ਅੰਤਿਕਾ 4 ਅਨੁਸਾਰ ਨਿਯਮ, 2002 ਦੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 8(1) ਦੇ ਨਾਲ ਪੜ੍ਹੇ ਜਾਣ ਵਾਲੇ ਕਾਨੂੰਨ]**
ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈਆਂ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨਿਮਨ ਅਨੁਸਾਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।***

| ਖਾਤਾ, ਕਰਜ਼ਦਾਰ ਅਤੇ ਜ਼ਾਮਨ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| **ਕਰਜ਼ਦਾਰ (ਾਂ):- ਮੈਸ. ਜੇਐਮਸੀ ਇੰਟਰਨੈਸ਼ਨਲ** ਅਤੇ ਇਸਦੇ ਭਾਗੀਦਾਰ **ਸ੍ਰੀ ਸੁਖਵਿੰਦਰ ਕਾਲੀਆ ਅਤੇ ਸ੍ਰੀਮਤੀ ਸ਼ਿਵਾਨੀ ਕਾਲੀਆ** | ਅਚੱਲ ਜਾਇਦਾਦ, ਅਬਾਦੀ ਸੁਭਾਸ਼ ਨਗਰ, ਕੱਚਾ ਰਸਤਾ, ਸਾਈਪੁਰ, ਜਲੰਧਰ ਵਿਖੇ ਸਥਿਤ ਇੱਕ ਫੈਕਟਰੀ ਇਮਾਰਤ ਅਤੇ 10 ਮਰਲੇ, ਖਸਰਾ ਨੰਬਰ 12822, 12829, 12830, 12831, 12832, 12834, 12835, ਹੱਦਬਸਤ ਨੰਬਰ 307, ਸਾਲ 2009–2010 ਲਈ ਜਮ੍ਹਾਂਬੰਦੀ ਅਨੁਸਾਰ ਮਾਲਕੀ ਡੀਡ ਨੰਬਰ 2004 ਮਿਤੀ 12.05.2016 ਨੂੰ ਸ੍ਰੀਮਤੀ ਸ਼ਿਵਾਨੀ ਕਾਲੀਆ ਪਤਨੀ ਸ੍ਰੀ ਸੁਖਵਿੰਦਰ ਕਾਲੀਆ ਦੇ ਨਾਮ 'ਤੇ ਤਬਦੀਲ ਕੀਤੀ ਗਈ। ਇਸ ਤਰ੍ਹਾਂ ਹੱਦਬੰਦੀ: – ਪੂਰਬ: ਸੜਕ; ਉੱਤਰ: ਸ਼ਿਵਾਨੀ ਕਾਲੀਆ; ਪੱਛਮ: ਸ਼ਿਵਾਨੀ ਕਾਲੀਆ ਦੱਖਣ: ਸ਼ਿਵਾਨੀ ਕਾਲੀਆ | 02.08.2023 | 07.05.2025 | **Rs. 38,83,346.72** 01.05.2023 ਦੇ ਅਨੁਸਾਰ, ਠੇਕਾ ਦਰ 'ਤੇ ਅਗਲੇਰੇ ਵਿਆਜ ਸਮੇਤ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਫੀਸਾਂ ਅਤੇ ਖਰਚੇ। |

**ਮਿਤੀ :** 07.05.2025 **ਸਥਾਨ : ਜਲੰਧਰ** **ਅਧਿਕਾਰਤ ਅਧਿਕਾਰੀ**

# ਉਹ 5 ਕਾਰਨ... ਅਤੇ ਪਾਕਿਸਤਾਨ ਠੰਢਾ ਪੈ ਗਿਆ?

## ਕਿਹਾ-ਭਾਰਤ ਵਿਰੁੱਧ ਬਦਲਾ ਨਹੀਂ ਲਵਾਂਗੇ !



ਭਾਰਤ ਨੇ ਪਹਿਲਗਾਮ ਅੱਤਵਾਦੀ ਹਮਲੇ (ਪਾਕਿਸਤਾਨ 'ਤੇ ਭਾਰਤ ਦੀ ਹੜਤਾਲ) ਲਈ ਪਾਕਿਸਤਾਨ ਨੂੰ ਢੁਕਵਾਂ ਜਵਾਬ ਦਿੱਤਾ ਹੈ ਅਤੇ ਮੰਗਲਵਾਰ ਰਾਤ ਨੂੰ 'ਆਪ੍ਰੇਸ਼ਨ ਸਿੰਦੂਰ' ਦੇ ਤਹਿਤ ਪਾਕਿਸਤਾਨ ਅਤੇ ਪੀਓਕੇ ਵਿੱਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ। ਦੂਜੇ ਪਾਸੇ, ਪਾਕਿਸਤਾਨ ਜੋ ਪਿਛਲੇ 15 ਦਿਨਾਂ ਤੋਂ ਧਮਕੀਆਂ ਦੇ ਰਿਹਾ ਹੈ, ਇਸ ਹਵਾਈ ਹਮਲੇ ਤੋਂ ਬਾਅਦ ਠੰਢਾ ਪੈ ਗਿਆ ਜਾਪਦਾ ਹੈ। ਇਹ ਅਸੀਂ ਨਹੀਂ ਕਹਿ ਰਹੇ, ਸਗੋਂ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਖੁਦ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਅਸੀਂ ਕੋਈ ਕਾਰਵਾਈ ਨਹੀਂ ਕਰਾਂਗੇ। ਪਰ ਜੇਕਰ ਅਸੀਂ ਪਾਕਿਸਤਾਨ ਦੀ ਹਾਰ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਇਸਦੇ ਇੱਕ ਨਹੀਂ ਸਗੋਂ ਕਈ ਕਾਰਨ ਹਨ। ਆਓ ਤੁਹਾਨੂੰ ਦੱਸਦੇ ਹਾਂ ਅਜਿਹੇ 5 ਕਾਰਨ...

ਪਾਕਿ ਰੱਖਿਆ ਮੰਤਰੀ ਨੇ ਕਿਹਾ- 'ਅਸੀਂ ਕੁਝ ਨਹੀਂ ਕਰਾਂਗੇ...'

ਹੁਣ ਤੱਕ, ਭਾਰਤ ਨੂੰ ਪਾਕਿਸਤਾਨ ਵੱਲੋਂ ਲਗਾਤਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ ਅਤੇ ਪਾਕਿਸਤਾਨੀ ਸਰਕਾਰ ਦੇ ਮੰਤਰੀ ਵੀ ਪ੍ਰਮਾਣੂ ਹਮਲੇ ਦੀਆਂ ਧਮਕੀਆਂ ਦੇ ਰਹੇ ਸਨ। ਪਰ ਭਾਰਤ ਦੇ ਹਵਾਈ ਹਮਲੇ ਤੋਂ ਬਾਅਦ, ਉਨ੍ਹਾਂ ਦਾ ਸੁਰ ਬਦਲ ਗਿਆ ਜਾਪਦਾ ਹੈ। ਪਾਕਿਸਤਾਨ ਦੇ ਮੰਤਰੀਆਂ ਦੇ ਬਿਆਨ ਹੈਰਾਨੀਜਨਕ ਹਨ ਅਤੇ ਇਸਦੀ ਹਾਲਤ ਨੂੰ ਵੀ ਪ੍ਰਗਟ ਕਰਦੇ ਹਨ। ਦਰਅਸਲ, ਜਦੋਂ ਭਾਰਤ ਨੇ ਆਪ੍ਰੇਸ਼ਨ ਸਿੰਦੂਰ ਚਲਾਇਆ ਅਤੇ ਪਾਕਿਸਤਾਨ ਅਤੇ ਪੀਓਕੇ ਵਿੱਚ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ, ਇਸ ਹਮਲੇ ਤੋਂ ਬਾਅਦ, ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ ਹੈ ਕਿ ਅਸੀਂ ਆਪਣੀ ਰੱਖਿਆ ਖੁਦ ਕਰਾਂਗੇ। ਉਨ੍ਹਾਂ ਨੇ ਇੱਕ ਟੀਵੀ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਅੱਗੇ ਕਿਹਾ ਕਿ ਜੇਕਰ ਭਾਰਤ ਅੱਗੇ ਕਾਰਵਾਈ ਨਹੀਂ ਕਰਦਾ ਤਾਂ ਅਸੀਂ ਵੀ ਕੁਝ ਨਹੀਂ ਕਰਾਂਗੇ।

### ਪਹਿਲਾ ਕਾਰਨ ਇਹ ਹੈ ਕਿ ਭਾਰਤ ਫੌਜੀ ਸ਼ਕਤੀ ਦੇ ਮਾਮਲੇ ਵਿੱਚ ਬਰਾਬਰ ਨਹੀਂ ਹੋ ਸਕਦਾ।

ਭਾਵੇਂ ਪਾਕਿਸਤਾਨ ਨਿਰਾਸ਼ਾ ਵਿੱਚ ਵੱਡੇ-ਵੱਡੇ ਦਾਅਵੇ ਕਰਦਾ ਹੈ ਅਤੇ ਆਪਣੀ ਫੌਜੀ ਸ਼ਕਤੀ ਬਾਰੇ ਬਿਗਲ ਵਜਾਉਂਦਾ ਹੈ, ਪਰ ਇਸ ਮਾਮਲੇ ਵਿੱਚ ਉਹ ਭਾਰਤ ਤੋਂ ਬਹੁਤ ਪਿੱਛੇ ਹੈ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਸਵੀਡਨ ਦੇ ਪ੍ਰਮੁੱਖ ਥਿੰਕ ਟੈਂਕ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਦੁਆਰਾ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਸਾਲ 2024 ਵਿੱਚ ਭਾਰਤ ਦਾ ਫੌਜੀ ਖਰਚ ਪਾਕਿਸਤਾਨ ਦੇ ਖਰਚੇ ਨਾਲੋਂ ਲਗਭਗ ਨੌਂ ਗੁਣਾ ਵੱਧ ਸੀ। ਦੋਵਾਂ ਦੇਸ਼ਾਂ ਵਿਚਕਾਰ ਜਿੰਨੀਆਂ ਵੀ ਜੰਗਾਂ ਹੋਈਆਂ ਹਨ, ਉਨ੍ਹਾਂ ਵਿੱਚ ਪਾਕਿਸਤਾਨ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਫੌਜ ਅਤੇ ਹਥਿਆਰਾਂ 'ਤੇ ਭਾਰੀ ਖਰਚ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ 5ਵੇਂ ਸਥਾਨ 'ਤੇ ਹੈ, ਜਦੋਂ ਕਿ ਪਾਕਿਸਤਾਨ ਇਸ ਸੂਚੀ ਵਿੱਚ ਬਹੁਤ ਹੇਠਾਂ ਹੈ। ਜੇਕਰ ਅਸੀਂ SIPRI ਰਿਪੋਰਟ 'ਤੇ ਨਜ਼ਰ ਮਾਰੀਏ, ਤਾਂ ਭਾਰਤ ਨੇ ਪਿਛਲੇ ਸਾਲ 2024 ਵਿੱਚ ਆਪਣੀ ਫੌਜ 'ਤੇ 86.1 ਬਿਲੀਅਨ ਡਾਲਰ (ਲਗਭਗ 7,32,453 ਕਰੋੜ ਰੁਪਏ) ਖਰਚ ਕੀਤੇ, ਜਦੋਂ ਕਿ ਪਾਕਿਸਤਾਨ ਦਾ ਖਰਚ ਸਿਰਫ 10.2 ਬਿਲੀਅਨ ਡਾਲਰ (ਲਗਭਗ 2,85,397 ਕਰੋੜ ਪਾਕਿਸਤਾਨੀ ਰੁਪਏ) ਸੀ।

### ਦੂਜਾ ਕਾਰਨ- ਪਾਕਿਸਤਾਨ ਭਾਰਤ ਦੇ ਸਾਹਮਣੇ ਆਰਥਿਕ ਤੌਰ 'ਤੇ ਹਾਰ ਗਿਆ ਹੈ।

ਆਰਥਿਕ ਮੋਰਚੇ 'ਤੇ, ਪਾਕਿਸਤਾਨ ਭਾਰਤ ਦੇ ਸਾਹਮਣੇ ਕਿਤੇ ਵੀ ਨਹੀਂ ਹੈ। ਵਰਲਡ ਇਕਨਾਮਿਕਸ ਦੇ ਅਨੁਸਾਰ, ਪਾਕਿਸਤਾਨ ਦਾ ਜੀਡੀਪੀ, ਜੋ ਲੰਬੇ ਸਮੇਂ ਤੋਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ, 350 ਬਿਲੀਅਨ ਡਾਲਰ ਹੈ ਅਤੇ ਇਸਦਾ ਕੁੱਲ ਬਾਹਰੀ ਕਰਜ਼ਾ ਜੀਡੀਪੀ ਦਾ ਲਗਭਗ 42 ਪ੍ਰਤੀਸ਼ਤ ਹੈ। ਇਸ ਲਈ ਉੱਥੇ ਭਾਰਤ ਦੀ ਜੀਡੀਪੀ 4 ਟ੍ਰਿਲੀਅਨ ਡਾਲਰ ਦੇ ਨੇੜੇ ਹੈ। ਇਸਦਾ ਮਤਲਬ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੋਈ ਮੁਕਾਬਲਾ ਨਹੀਂ ਹੈ। ਦੇਸ਼ ਵਿੱਚ ਮਹਿੰਗਾਈ ਦੀ ਸਥਿਤੀ ਅਜਿਹੀ ਹੈ ਕਿ ਲੋਕ ਖਾਣ-ਪੀਣ ਦੀਆਂ ਚੀਜ਼ਾਂ ਅਤੇ ਰੋਜ਼ਾਨਾ ਦੀਆਂ ਜ਼ਰੂਰਤਾਂ ਦਾ ਸਾਮਾਨ ਵੀ ਨਹੀਂ ਖਰੀਦ ਪਾ ਰਹੇ ਹਨ।

### ਤੀਜਾ ਕਾਰਨ- ਦੋਸਤ ਵੀ ਚੁੱਪ, ਚੀਨ ਨਫ਼ੇ-ਨੁਕਸਾਨ ਵੱਲ ਦੇਖ ਰਿਹਾ ਹੈ

ਪਹਿਲਗਾਮ ਹਮਲੇ ਤੋਂ ਬਾਅਦ, ਪਾਕਿਸਤਾਨ ਭਾਰਤ ਦੇ ਸਖ਼ਤ ਰੁਖ਼ ਤੋਂ ਘਬਰਾ ਗਿਆ ਜਾਪਦਾ ਹੈ। ਇਸ ਦੌਰਾਨ, ਇਸਨੇ ਆਪਣੇ ਦੋਸਤ ਦੇਸ਼ਾਂ ਅਤੇ ਇੱਥੋਂ ਤੱਕ ਕਿ IMF ਤੋਂ ਵੀ ਵਿੱਤੀ ਮਦਦ ਦੀ ਭੀਖ ਮੰਗੀ ਹੈ। ਪਰ ਉਸਨੂੰ ਮਦਦ ਨਹੀਂ ਮਿਲ ਰਹੀ। ਹਾਂ, ਪਾਕਿਸਤਾਨੀ ਵਿੱਤ ਮੰਤਰੀ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਖੁਦ ਮੰਨਿਆ ਹੈ ਕਿ ਪਾਕਿਸਤਾਨ ਨੇ ਚੀਨ ਨੂੰ ਆਪਣੀ ਸਵੈਪ ਲਾਈਨ 10 ਬਿਲੀਅਨ ਡਾਲਰ ਵਧਾਉਣ ਲਈ ਕਿਹਾ ਹੈ। ਇਸ ਵੇਲੇ ਇਹ 30 ਅਰਬ ਯੂਆਨ ਹੈ ਅਤੇ ਇਸਨੂੰ ਵਧਾ ਕੇ 40 ਅਰਬ ਯੂਆਨ ਕਰਨ ਦੀ ਬੇਨਤੀ ਕੀਤੀ ਗਈ ਹੈ। ਪਰ ਚੀਨ ਇਸ ਮਾਮਲੇ ਵਿੱਚ ਚੁੱਪੀ ਧਾਰ ਕੇ ਬੈਠਾ ਹੈ, ਜੋ ਕਿ ਪਾਕਿਸਤਾਨ ਲਈ ਇੱਕ ਵੱਡਾ ਝਟਕਾ ਹੈ।

### ਚੌਥਾ ਕਾਰਨ- ਪਾਕਿਸਤਾਨੀ ਸਟਾਕ ਮਾਰਕੀਟ ਦੀ ਹਾਲਤ ਮਾੜੀ ਹੋਵੇਗੀ

ਵਿੱਤੀ ਸੰਕਟ ਵਿੱਚ ਘਿਰੇ ਪਾਕਿਸਤਾਨ ਦੇ ਸ਼ੇਅਰ ਬਾਜ਼ਾਰ ਵਿੱਚ ਵੀ ਹਾਹਾਕਾਰ ਮੱਚੀ ਹੋਈ ਹੈ ਅਤੇ ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਦੀ ਕਾਰਵਾਈ ਤੋਂ ਡਰਿਆ ਹੋਇਆ ਹੈ। ਨਿਵੇਸ਼ਕਾਂ ਦੀ ਵਿਕਰੀ ਦੀ ਹੱਦ ਇਸ ਹੱਦ ਤੱਕ ਹੈ ਕਿ 22 ਅਪ੍ਰੈਲ, ਪਹਿਲਗਾਮ ਹਮਲੇ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਪਾਕਿਸਤਾਨੀ ਸਟਾਕ ਮਾਰਕੀਟ 11000 ਅੰਕਾਂ ਤੱਕ ਡਿੱਗ ਚੁੱਕੀ ਹੈ ਅਤੇ ਬੁੱਧਵਾਰ ਨੂੰ ਭਾਰਤ ਦੇ ਹਵਾਈ ਹਮਲੇ ਤੋਂ ਬਾਅਦ, ਇਹ ਖੁੱਲ੍ਹਦੇ ਹੀ ਕਰੈਸ਼ ਹੋ ਗਿਆ (ਪਾਕਿਸਤਾਨ ਸਟਾਕ ਮਾਰਕੀਟ ਕਰੈਸ਼) ਅਤੇ 6,000 ਅੰਕਾਂ ਤੋਂ ਵੱਧ ਡਿੱਗ ਗਿਆ। ਮੰਗਲਵਾਰ ਨੂੰ, KSE-100 1,13,568.51 'ਤੇ ਬੰਦ ਹੋਇਆ ਸੀ, ਪਰ ਅੱਜ ਇਹ ਅਚਾਨਕ 1,07,296 ਦੇ ਪੱਧਰ 'ਤੇ ਖਿਸਕ ਗਿਆ।

### ਪੰਜਵਾਂ ਕਾਰਨ- ਜੰਗ ਦੀ ਸਥਿਤੀ ਵਿੱਚ IMF-ਵਿਸ਼ਵ ਬੈਂਕ ਤੋਂ ਸਹਾਇਤਾ ਰੋਕਣ ਦਾ ਡਰ

ਇੱਕ ਪਾਸੇ, ਪਾਕਿਸਤਾਨ ਦੀ ਅਪੀਲ 'ਤੇ ਚੀਨ ਦੀ ਚੁੱਪੀ ਉਸ ਲਈ ਚਿੰਤਾ ਦਾ ਕਾਰਨ ਹੈ, ਜਦੋਂ ਕਿ ਦੂਜੇ ਪਾਸੇ, ਇਹ ਡਰ ਹੈ ਕਿ ਜੰਗ ਦੀ ਸਥਿਤੀ ਵਿੱਚ, ਪਾਕਿਸਤਾਨ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (IMF) ਅਤੇ ਵਿਸ਼ਵ ਬੈਂਕ ਵਰਗੀਆਂ ਵਿਸ਼ਵ ਸੰਸਥਾਵਾਂ ਤੋਂ ਸਹਾਇਤਾ ਰੋਕਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨੂੰ ਇੱਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ, ਕਿਉਂਕਿ 9 ਮਈ ਨੂੰ ਆਈਐਮਐਫ ਦੀ ਮੀਟਿੰਗ ਵਿੱਚ 1.3 ਬਿਲੀਅਨ ਡਾਲਰ ਦੀ ਸਹਾਇਤਾ ਪ੍ਰਾਪਤ ਕਰਨ ਦਾ ਫੈਸਲਾ ਲਿਆ ਜਾਣਾ ਹੈ।

# ਮਰਕਜ਼ ਤਇਬਾ, ਅਹਿਲੇ ਹਦੀਸ... ਪਾਕਿਸਤਾਨ ਦੇ 9 ਅੱਤਵਾਦੀ ਟਿਕਾਣੇ ਜਿਨ੍ਹਾਂ ਨੂੰ ਭਾਰਤ ਨੇ ਤਬਾਹ ਕਰ ਦਿੱਤਾ ?



ਭਾਰਤੀ ਫੌਜ ਨੇ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਅਤੇ ਪੀਓਕੇ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਵਿੱਚ ਤਬਾਹ ਕੀਤੇ ਗਏ ਅੱਤਵਾਦੀ ਠਿਕਾਣਿਆਂ ਦੀ ਪੂਰੀ ਸੂਚੀ ਦੁਨੀਆ ਦੇ ਸਾਹਮਣੇ ਰੱਖੀ ਹੈ। ਭਾਰਤ ਦਾ ਕਹਿਣਾ ਹੈ ਕਿ ਇਨ੍ਹਾਂ ਥਾਵਾਂ 'ਤੇ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਬਦਨਾਮ ਅੱਤਵਾਦੀ ਸੰਗਠਨ ਆਪਣੇ ਸਿਖਲਾਈ ਕੈਂਪ ਚਲਾ ਰਹੇ ਸਨ ਅਤੇ ਇੱਥੋਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਸਨ।

ਭਾਰਤ ਦਾ ਇਹ ਵੀ ਕਹਿਣਾ ਹੈ ਕਿ ਇਨ੍ਹਾਂ ਅੱਤਵਾਦੀ ਸੰਗਠਨਾਂ ਨੂੰ ਪਾਕਿਸਤਾਨੀ ਫੌਜ ਅਤੇ ਉਸਦੀ ਖੁਫੀਆ ਏਜੰਸੀ ਆਈਐਸਆਈ ਤੋਂ ਮਦਦ ਮਿਲਦੀ ਹੈ।

ਇਹ ਜਾਣਨਾ ਮਹੱਤਵਪੂਰਨ ਹੋਵੇਗਾ ਕਿ ਇਨ੍ਹਾਂ ਅੱਤਵਾਦੀ ਟਿਕਾਣਿਆਂ ਦੀ ਵਰਤੋਂ ਕਿਸ ਮਕਸਦ ਲਈ ਕੀਤੀ ਗਈ ਸੀ?

ਮਰਕਜ਼ ਸੁਭਾਨ ਅੱਲ੍ਹਾ ਜੈਸ਼ ਦਾ ਸਿਖਲਾਈ ਕੇਂਦਰ ਹੈ।

ਇਹ ਅੱਤਵਾਦੀ ਕੈਂਪ 2015 ਤੋਂ ਚੱਲ ਰਿਹਾ ਹੈ ਅਤੇ ਜੈਸ਼-ਏ-ਮੁਹੰਮਦ ਦਾ ਮੁੱਖ ਸਿਖਲਾਈ ਕੇਂਦਰ ਹੈ। ਇੱਕ ਤਰ੍ਹਾਂ ਨਾਲ, ਇਹ ਜੈਸ਼-ਏ-ਮੁਹੰਮਦ ਦਾ ਸੰਚਾਲਨ ਮੁੱਖ ਦਫਤਰ ਵੀ ਹੈ। ਇਹ ਕਹਿਣਾ ਪਵੇਗਾ ਕਿ ਇਹ ਭਾਰਤ ਵਿੱਚ ਪੁਲਵਾਮਾ ਹਮਲੇ ਸਮੇਤ ਕਈ ਭਾਰਤ ਵਿਰੋਧੀ ਕਾਰਵਾਈਆਂ ਵਿੱਚ ਸ਼ਾਮਲ ਰਿਹਾ ਹੈ। ਇੱਥੇ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ, ਮੁਫਤੀ ਅਬਦੁਲ ਰਊਫ ਅਸਗਰ, ਮੌਲਾਨਾ ਅੰਮਾਰ ਅਤੇ ਹੋਰ ਬਹੁਤ ਸਾਰੇ ਲੋਕਾਂ ਦੇ ਘਰ ਹਨ। ਮਸੂਦ ਅਜ਼ਹਰ ਨੇ ਇੱਥੇ ਕਈ ਭਾਰਤ ਵਿਰੋਧੀ ਭਾਸ਼ਣ ਦਿੱਤੇ, ਨੌਜਵਾਨਾਂ ਨੂੰ ਇਸਲਾਮਿਕ ਜੇਹਾਦ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

### ਮਰਕਜ਼ ਤਾਇਬਾ ਹਥਿਆਰਾਂ ਦੀ ਸਿਖਲਾਈ ਦਿੰਦਾ ਹੈ

ਮਰਕਜ਼ ਤਾਇਬਾ ਲਸ਼ਕਰ ਦਾ ਮੁੱਖ ਸਿਖਲਾਈ ਕੇਂਦਰ ਹੈ। ਇਸਦੀ ਸ਼ੁਰੂਆਤ ਸਾਲ 2000 ਵਿੱਚ ਨੰਗਲ ਸਹਦਾਨ, ਮੁਰੀਦਕੇ (ਸ਼ੇਖੂਪੁਰਾ, ਪੰਜਾਬ) ਵਿਖੇ ਹੋਈ ਸੀ। ਇਹ ਪਾਕਿਸਤਾਨ ਦੇ ਅੰਦਰ ਅਤੇ ਬਾਹਰੋਂ ਰੰਗਰੂਟਾਂ ਨੂੰ ਹਥਿਆਰਾਂ ਦੀ ਸਿਖਲਾਈ ਅਤੇ ਧਾਰਮਿਕ ਸਿੱਖਿਆ ਪ੍ਰਦਾਨ ਕਰਦਾ ਹੈ। ਕਿਹਾ ਜਾਂਦਾ ਹੈ ਕਿ ਓਸਾਮਾ ਬਿਨ ਲਾਦੇਨ ਨੇ ਮਰਕਜ਼ ਤਾਇਬਾ ਦੇ ਅੰਦਰ ਇੱਕ ਮਸਜਿਦ ਅਤੇ ਗੈਸਟ ਹਾਊਸ ਦੀ ਉਸਾਰੀ ਲਈ ਫੰਡ ਦਿੱਤਾ ਸੀ। ਇਸਨੇ 26/11 ਦੇ ਮੁੰਬਈ ਹਮਲਾਵਰਾਂ, ਜਿਨ੍ਹਾਂ ਵਿੱਚ ਅਜਮਲ ਕਸਾਬ ਵੀ ਸ਼ਾਮਲ ਸੀ, ਨੂੰ ਸਿਖਲਾਈ ਦਿੱਤੀ ਅਤੇ ਡੇਵਿਡ ਹੈਡਲੀ ਅਤੇ ਤਹਵੁਰ ਰਾਣਾ ਵਰਗੇ ਸਾਜ਼ਿਸ਼ਕਾਰਾਂ ਨੂੰ ਵੀ ਪਨਾਹ ਦਿੱਤੀ।

### ਸਰਜਲ / ਤੇਹਰਾ ਕਲਾਂ

ਇਹ ਅੱਤਵਾਦੀ ਅੱਡਾ ਪਾਕਿਸਤਾਨ ਦੇ ਪੰਜਾਬ ਦੇ ਨਾਰੋਵਾਲ ਜ਼ਿਲ੍ਹੇ ਦੇ ਸ਼ਕਰਗ ਤਹਿਸੀਲ ਦੇ ਪਿੰਡ ਤੇਹਰਾ ਕਲਾਂ ਵਿੱਚ ਸਥਿਤ ਹੈ ਅਤੇ ਇੱਕ ਪ੍ਰਾਇਮਰੀ ਸਿਹਤ ਕੇਂਦਰ ਤੋਂ ਚਲਾਇਆ ਜਾਂਦਾ ਹੈ। ਇਹ ਜੰਮੂ-ਕਸ਼ਮੀਰ ਦੇ ਸਾਂਬਾ ਸੈਕਟਰ ਦੇ ਨੇੜੇ ਅੰਤਰਰਾਸ਼ਟਰੀ ਸਰਹੱਦ ਤੋਂ ਲਗਭਗ 6 ਕਿਲੋਮੀਟਰ ਦੂਰ ਹੈ ਅਤੇ ਇਸਦੀ ਵਰਤੋਂ ਡਰੋਨ ਉਡਾਉਣ ਅਤੇ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕੀਤੀ ਜਾਂਦੀ ਹੈ।

### ਮਹਿਮੂਨਾ ਜੋਇਆ ਸੈਂਟਰ, ਸਿਆਲਕੋਟ

ਇਸ ਅੱਤਵਾਦੀ ਕੇਂਦਰ ਦੀ ਵਰਤੋਂ ਹਿਜ਼ਬੁਲ ਮੁਜਾਹਿਦੀਨ ਜੰਮੂ ਵਿੱਚ ਘੁਸਪੈਠ ਕਰਨ ਲਈ ਕਰਦਾ ਹੈ। ਇੱਥੇ ਕਾਡਰਾਂ ਨੂੰ ਹਥਿਆਰਾਂ ਅਤੇ ਅੱਤਵਾਦੀ ਰਣਨੀਤੀਆਂ ਨੂੰ ਸੰਭਾਲਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸਦੀ ਕਮਾਨ ਮੁਹੰਮਦ ਇਰਫਾਨ ਖਾਨ (ਇਰਫਾਨ ਟਾਂਡਾ) ਦੇ ਹੱਥ ਹੈ। ਟਾਂਡਾ ਨੂੰ ਜੰਮੂ ਵਿੱਚ ਹੋਏ ਕਈ ਹਮਲਿਆਂ ਨਾਲ ਜੋੜਿਆ ਗਿਆ ਹੈ।

### ਮਰਕਜ਼ ਅਹਲੇ ਹਦੀਸ, ਬਰਨਾਲਾ, ਭਿੰਬਰ

ਮਰਕਜ਼ ਅਹਿਲੇ ਹਦੀਸ ਬਰਨਾਲਾ ਦੇ ਬਾਹਰਵਾਰ ਹੈ। ਇਹ ਕੋਟ ਜਮੇਲ ਰੋਡ 'ਤੇ ਹੈ ਅਤੇ ਇਸਦੀ ਵਰਤੋਂ ਪੁੰਛ-ਰਾਜੌਰੀ-ਰਿਆਸੀ ਸੈਕਟਰ ਵਿੱਚ ਘੁਸਪੈਠੀਆਂ ਅਤੇ ਹਥਿਆਰਾਂ ਦੀ ਤਸਕਰੀ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਲਸ਼ਕਰ ਦੇ ਕਈ ਅੱਤਵਾਦੀ ਸਰਗਰਮ ਹਨ।

### ਮਰਕਜ਼ ਅੱਬਾਸ, ਕੋਟਲੀ

ਮਰਕਜ਼ ਅੱਬਾਸ ਨੂੰ ਮਰਕਜ਼ ਸੈਦਨਾ ਹਜ਼ਰਤ ਅੱਬਾਸ ਬਿਨ ਅਬਦੁਲ ਮੁਤਾਲਿਬ (ਕਰੀ ਜਰਾਰ) ਵਜੋਂ ਵੀ ਜਾਣਿਆ ਜਾਂਦਾ ਹੈ। ਇਸਦੀ ਅਗਵਾਈ ਹਾਫਿਜ਼ ਅਬਦੁਲ ਸ਼ਕੂਰ ਕਰ ਰਹੇ ਹਨ। ਇਹ ਪੁੰਛ-ਰਾਜੌਰੀ ਸੈਕਟਰ ਵਿੱਚ ਘੁਸਪੈਠ ਦੀ ਯੋਜਨਾ ਬਣਾਉਣ ਲਈ ਇੱਕ ਕੇਂਦਰ ਵਜੋਂ ਕੰਮ ਕਰਦਾ ਹੈ। ਕਾਰੀ ਜ਼ਰਾਰ ਐਨਆਈਏ ਦੀ ਸੂਚੀ ਵਿੱਚ ਲੋੜੀਂਦਾ ਹੈ।

### ਮਸਕਰ ਰਹੀਲ ਸ਼ਹੀਦ, ਕੋਟਲੀ

ਇਹ ਅੱਤਵਾਦੀ ਕੈਂਪ ਪਹਾੜੀ ਇਲਾਕਿਆਂ ਵਿੱਚ ਹਥਿਆਰਾਂ ਦੀ ਸਿਖਲਾਈ, ਸਨਾਈਪਿੰਗ, ਬਚਾਅ ਦੀ ਸਿਖਲਾਈ ਪ੍ਰਦਾਨ ਕਰਦਾ ਹੈ। ਇਹ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਹਿਜ਼ਬੁਲ ਮੁਜਾਹਿਦੀਨ ਦੇ ਸਭ ਤੋਂ ਪੁਰਾਣੇ ਅੱਤਵਾਦੀ ਕੇਂਦਰਾਂ ਵਿੱਚੋਂ ਇੱਕ ਹੈ।

### 26/11 ਦੇ ਹਮਲਾਵਰਾਂ ਨੇ ਇੱਥੇ ਸਿਖਲਾਈ ਲਈ ਸੀ

ਸ਼ਵਾਈ ਨਾਲਾ ਕੈਂਪ ਮੁਜ਼ੱਫਰਾਬਾਦ-ਨੀਲਮ ਰੋਡ 'ਤੇ ਚੇਲਾਬੰਡੀ ਪੁਲ ਦੇ ਨੇੜੇ ਸਥਿਤ ਹੈ। ਇਸਨੂੰ ਲਸ਼ਕਰ-ਏ-ਤਾਇਬਾ ਕੈਂਪ ਬੈਤ-ਉਲ-ਮੁਜਾਹਿਦੀਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਕੈਂਪ 2000 ਦੇ ਦਹਾਕੇ ਦੇ ਸ਼ੁਰੂ ਤੋਂ ਚੱਲ ਰਿਹਾ ਹੈ। ਇਹ ਹਥਿਆਰਾਂ ਨੂੰ ਸੰਭਾਲਣ ਦੀ ਸਿਖਲਾਈ ਪ੍ਰਦਾਨ ਕਰਦਾ ਹੈ। 26/11 ਦੇ ਹਮਲਾਵਰਾਂ ਨੇ ਇੱਥੇ ਸਿਖਲਾਈ ਲਈ ਸੀ।

### ਮਰਕਜ਼ ਸਯਦਨਾ ਬਿਲਾਲ

ਇਹ ਅੱਤਵਾਦੀ ਕੈਂਪ ਮੁਜ਼ੱਫਰਾਬਾਦ ਦੇ ਲਾਲ ਕਿਲ੍ਹੇ ਦੇ ਸਾਹਮਣੇ ਕੰਮ ਕਰਦਾ ਹੈ। ਇਹ ਮਕਬੂਜ਼ਾ ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ ਦਾ ਮੁੱਖ ਕੇਂਦਰ ਹੈ ਅਤੇ ਅੱਤਵਾਦੀ ਜੰਮੂ-ਕਸ਼ਮੀਰ ਵਿੱਚ ਘੁਸਪੈਠ ਕਰਨ ਤੋਂ ਪਹਿਲਾਂ ਇਸਨੂੰ ਇੱਕ ਟ੍ਰਾਂਜ਼ਿਟ ਕੈਂਪ ਵਜੋਂ ਵਰਤਦੇ ਹਨ।



# ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪੰਜਾਬ ਦਾ ਮਾਹੌਲ

# 'ਪਤਾ ਨਹੀਂ ਕੀ ਹੋਣ ਵਾਲਾ ਹੈ, ਇਸ ਲਈ ਘਰ ਖਾਲ੍ਹੀ ਕਰਕੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਾਂ'

"ਜੰਗ ਦਾ ਖ਼ਤਰਾ ਹੈ, ਪਤਾ ਨਹੀਂ ਰਾਤ-ਬਰਾਤੇ ਹਮਲਾ ਕਰ ਦੇਣ ਪਾਕਿਸਤਾਨ ਵਾਲੇ, ਸਾਨੂੰ ਕੁਝ ਪਤਾ ਨਹੀਂ ਕਿ ਕੀ ਕੁਝ ਹੋਣ ਵਾਲਾ ਹੈ, ਦਾਣੇ ਅਤੇ ਕੱਪੜੇ ਲੈ ਕੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਾਂ ਤਾਂ ਕਿ ਬੱਚਿਆਂ ਨੂੰ ਸੁਰੱਖਿਅਤ ਰੱਖ ਸਕੀਏ।"

ਫਿਰੋਜ਼ਪੁਰ ਦੇ ਪਿੰਡ ਟੇਂਡੀਵਾਲਾ ਦੀ ਵਸਨੀਕ ਪੰਜੋ ਬਾਈ ਦੇ ਇਹ ਸ਼ਬਦ ਪੰਜਾਬ ਦੇ ਸਰਹੱਦੀ ਖੇਤਰ ਵਿੱਚ ਲੋਕਾਂ ਦੇ ਮਨਾਂ ਵਿਚਲੇ ਡਰ ਅਤੇ ਸਹਿਮ ਦੀ ਤਸਵੀਰ ਨੂੰ ਪੇਸ਼ ਕਰਦੇ ਹਨ।

ਪੰਜੋ ਬਾਈ ਪਰਿਵਾਰ ਨਾਲ ਜ਼ਰੂਰੀ ਸਾਜੋ-ਸਮਾਨ ਟ੍ਰੈਕਟਰ ਉੱਤੇ ਲੱਦ ਕੇ ਆਪਣੇ ਰਿਸ਼ਤੇਦਾਰਾਂ ਕੋਲ ਮੋਗਾ ਦੇ ਧਰਮਕੋਟ ਜਾ ਰਹੇ ਹਨ।

ਫਿਰੋਜ਼ਪੁਰ ਦੇ ਹੁਸੈਨੀਵਾਲਾ ਬਾਰਡਰ ਉੱਤੇ ਵੱਸੇ 12-14 ਤੋਂ ਵੱਧ ਸਰਹੱਦੀ ਪਿੰਡਾਂ ਵਿੱਚ ਲੋਕ ਸਮਾਨ ਲੈ ਕੇ ਪਿੰਡ ਖਾਲ੍ਹੀ ਕਰ ਰਹੇ ਹਨ।

ਇਹ ਲੋਕ ਪਰਿਵਾਰ ਦੇ ਇੱਕ ਦੋ ਜੀਅ ਘਰ ਛੱਡ ਕੇ ਜਾ ਰਹੇ ਹਨ, ਜੋ ਪਸ਼ੂਆਂ ਅਤੇ ਘਰਾਂ ਦੇ ਦੇਖਭਾਲ ਕਰ ਸਕਣ।

ਜਾਣੋ ਹੁਣ ਤੱਕ ਕੀ-ਕੀ ਹੋਇਆ ਹੈ...

- ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹਮਲੇ ਤੋਂ ਦੋ ਹਫ਼ਤਿਆਂ ਬਾਅਦ, ਭਾਰਤ ਨੇ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ਵਿੱਚ ਕਈ ਥਾਵਾਂ 'ਤੇ ਹਮਲੇ ਕੀਤੇ ਹਨ।
- ਭਾਰਤ ਨੇ ਇਨ੍ਹਾਂ ਹਮਲਿਆਂ ਨੂੰ 'ਆਪ੍ਰੇਸ਼ਨ ਸਿੰਦੂਰ' ਦਾ ਨਾਮ ਦਿੱਤਾ ਹੈ।
- ਭਾਰਤ ਨੇ ਕਿਹਾ ਹੈ ਕਿ ਉਸਨੇ ਪਾਕਿਸਤਾਨ ਵਿੱਚ ਨੌਂ ਥਾਵਾਂ 'ਤੇ ਹਮਲਾ ਕੀਤਾ ਹੈ।
- ਪਾਬੰਦੀਸ਼ੁਦਾ ਸੰਗਠਨ ਜੈਸ਼-ਏ-ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਬਹਾਵਲਪੁਰ ਵਿੱਚ ਸੁਭਾਨ ਅੱਲ੍ਹਾ ਜਾਮਾ ਮਸਜਿਦ 'ਤੇ ਭਾਰਤ ਵੱਲੋਂ ਕੀਤੇ ਗਏ ਹਮਲੇ ਵਿੱਚ ਉਨ੍ਹਾਂ ਦੇ ਪਰਿਵਾਰ ਦੇ ਦਸ ਮੈਂਬਰ ਅਤੇ ਚਾਰ ਕਰੀਬੀ ਸਾਥੀ ਮਾਰੇ ਗਏ ਹਨ।
- ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਹਵਾਈ ਹਮਲਿਆਂ ਵਿੱਚ 26 ਨਾਗਰਿਕਾਂ ਦੀ ਮੌਤ ਹੋ ਗਈ ਹੈ ਅਤੇ 46 ਲੋਕ ਜ਼ਖ਼ਮੀ ਹੋ ਗਏ ਹਨ।
- ਭਾਰਤ ਦਾ ਦਾਅਵਾ ਹੈ ਕਿ ਸਰਹੱਦ ਉੱਤੇ ਪੁੰਛ ਇਲਾਕੇ ਵਿੱਚ ਹੋਈ ਪਾਕਿਸਤਾਨੀ ਗੋਲੀਬਾਰੀ ਵਿੱਚ ਮਰਨ ਵਾਲਿਆਂ ਦੀ ਗਿਣਤੀ 10 ਹੋ ਗਈ ਹੈ ਅਤੇ 32 ਲੋਕ ਜ਼ਖ਼ਮੀ ਹਨ।
- ਹਾਲਾਂਕਿ, ਭਾਰਤ ਨੇ ਮੀਡੀਆ ਨੂੰ ਦੱਸਿਆ ਹੈ ਕਿ ਪਾਕਿਸਤਾਨ ਅਤੇ ਪਾਕਿਸਤਾਨ ਸ਼ਾਸਿਤ ਕਸ਼ਮੀਰ ਵਿੱਚ ਹਵਾਈ ਹਮਲੇ 'ਗਿਣੇ-ਮਿੱਥੇ ਅਤੇ ਗ਼ੈਰ-ਭੜਕਾਊ' ਸਨ।
- ਭਾਰਤ ਨੇ ਇਹ ਵੀ ਦਾਅਵਾ ਕੀਤਾ ਕਿ ਉਸਨੇ ਕਿਸੇ ਵੀ ਫੌਜੀ ਢਾਂਚੇ ਨੂੰ ਨਿਸ਼ਾਨਾ ਨਹੀਂ ਬਣਾਇਆ ਹੈ।
- ਪਾਕਿਸਤਾਨ ਅਤੇ ਭਾਰਤ ਨੇ ਕਈ ਇਲਾਕਿਆਂ ਵਿੱਚ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਹਨ।
- ਭਾਰਤੀ ਫੌਜ ਵੱਲੋਂ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕਰਨ ਤੋਂ ਬਾਅਦ, ਕਈ ਏਅਰਲਾਈਨਾਂ ਨੇ ਟਰੈਵਲ ਐਡਵਾਇਜ਼ਰੀ ਜਾਰੀ ਕੀਤੀ ਹੈ।

ਪਿੰਡ ਖਾਲ੍ਹੀ ਕਰਨ ਬਾਰੇ ਅਜੇ ਕੋਈ ਸਰਕਾਰੀ ਹੁਕਮ ਜਾਂ ਹਦਾਇਤ ਜਾਰੀ ਨਹੀਂ ਹੋਈ ਹੈ ਪਰ ਲੋਕਾਂ ਵਿੱਚ ਸਹਿਮ ਦਾ ਮਾਹੌਲ ਵੇਖਿਆ ਜਾ ਸਕਦਾ ਹੈ।

ਇਨ੍ਹਾਂ ਪਿੰਡਾਂ ਵੱਲ ਸਿਰਫ਼ ਸਥਾਨਕ ਲੋਕਾਂ ਨੂੰ ਹੀ ਜਾਣ ਦਿੱਤਾ ਜਾ ਰਿਹਾ ਹੈ ਤੇ ਬਾਹਰੀ ਲੋਕਾਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਸਥਾਨਕ ਲੋਕਾਂ ਦੀ ਵੀ ਖੂਬ ਪੁੱਛ-ਗਿੱਛ ਕੀਤੀ ਜਾ ਰਹੀ ਹੈ।

ਫਿਰੋਜ਼ਪੁਰ ਦੇ ਐੱਸਡੀਐੱਮ ਗੁਰਮੀਤ ਸਿੰਘ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ ਕਿ ਪ੍ਰਸ਼ਾਸ਼ਨ ਜਾਂ ਫੌਜ ਵਲੋਂ ਕਿਸੇ ਨੂੰ ਪਿੰਡ ਛੱਡ ਕੇ ਜਾਣ ਲਈ ਨਹੀਂ ਕਿਹਾ ਗਿਆ ਹੈ।

ਉਨ੍ਹਾਂ ਕਿਹਾ, "ਅਸੀਂ ਲੋਕਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਅਜਿਹਾ ਕਰਨ ਦੀ ਕੋਈ ਲੋੜ ਨਹੀਂ ਹੈ।"

ਸੜਕ ਉੱਤੇ ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਪੰਜੋ ਬਈ ਕੋਲੋਂ ਲੰਘਦੇ ਦੂਜੇ ਟ੍ਰੈਕਟਰ ਵੱਲ ਇਸ਼ਾਰਾ ਕਰਦੇ ਕਹਿੰਦੇ ਹਨ, "ਓ ਦੇਖੋ ਉਹ ਵੀ ਜਾ ਰਹੇ ਹਨ, ਆਪਣੇ ਬੱਚਿਆਂ ਨੂੰ ਲੈ ਕੇ।"

ਭਾਰਤ ਵਲੋਂ 6-7 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਭਾਰਤੀ ਫੌਜ ਨੇ ਪਾਕਿਸਤਾਨ ਅਤੇ ਪਾਕਿਸਤਾਨੀ ਸਾਸ਼ਿਤ ਕਸ਼ਮੀਰ ਉੱਤੇ ਮਿਜ਼ਾਇਲ ਹਮਲਾ ਕੀਤਾ ਗਿਆ ਹੈ।

ਜਿਸ ਤੋਂ ਬਾਅਦ ਦੋਵਾਂ ਮੁਲਕਾਂ ਵਿੱਚ ਪਹਿਲਗਾਮ ਹਮਲੇ ਤੋਂ ਸ਼ੁਰੂ ਹੋਇਆ ਤਣਾਅ ਸਿਖ਼ਰ ਉੱਤੇ ਪਹੁੰਚਦਾ ਦਿਖ ਰਿਹਾ ਹੈ। ਬੀਤੇ 22 ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੌਰਾਨ 26 ਮੌਤਾਂ ਹੋਈਆਂ ਸਨ।

ਹੁਣ ਭਾਰਤੀ ਮਿਜ਼ਾਇਲ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਤਣਾਅ ਹੋਰ ਵਧਣ ਦੇ ਖ਼ਦਸ਼ੇ ਪ੍ਰਗਟਾਏ ਜਾ ਰਹੇ ਹਨ, ਜਿਸ ਤੋਂ ਬਾਅਦ ਸਰਹੱਦੀ ਖੇਤਰਾਂ ਦੇ ਲੋਕਾਂ ਅੱਗੇ ਇੱਕ ਵਾਰ ਫੇਰ ਉਜਾੜੇ ਦਾ ਡਰ ਪੈਦਾ ਹੋ ਗਿਆ।

ਪੰਜੋ ਬਾਈ ਦੱਸਦੇ ਹਨ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਫੌਜੀ ਅਫ਼ਸਰ ਨੇ ਉਨ੍ਹਾਂ ਨੂੰ ਪਿੰਡ ਛੱਡਣ ਲਈ ਨਹੀਂ ਕਿਹਾ ਹੈ, ਉਹ ਆਪਸੀ ਗੱਲਬਾਤ ਤੋਂ ਬਾਅਦ ਬੱਚਿਆਂ ਨੂੰ ਲੈ ਕੇ ਸਰਹੱਦ ਤੋਂ ਪਿੱਛੇ ਜਾ ਰਹੇ ਹਨ।

ਹਮਲੇ ਤੋਂ ਬਾਅਦ ਲੋਕ ਡਰ ਗਏ ਹਨ

ਪੰਜੋ ਬਾਈ ਵਾਂਗ ਝੁੱਗੇ ਹਜ਼ਾਰਾ ਸਿੰਘਵਾਲਾ ਦੇ ਜੀਤ ਸਿੰਘ ਵੀ ਆਪਣੇ ਪਰਿਵਾਰ ਨੂੰ ਲੈ ਕੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਨ। ਉਹ ਇਸ ਦੀ ਤਿਆਰੀ ਵਿੱਚ ਰੁੱਝੇ ਹੋਏ ਹਨ।

ਉਹ ਦੱਸਿਆ, "ਰਾਤ ਦੇ ਮਿਜ਼ਾਇਲ ਹਮਲੇ ਤੋਂ ਬਾਅਦ ਪਿੰਡ ਵਿੱਚ ਡਰ ਜ਼ਿਆਦਾ ਪੈਦਾ ਹੋ ਗਿਆ ਹੈ। ਲੋਕ ਆਪਣੇ ਘਰਾਂ ਨੂੰ ਛੱਡ ਕੇ ਪਿੱਛੇ ਰਿਸ਼ਤੇਦਾਰਾਂ ਕੋਲ ਜਾ ਰਹੇ ਹਨ , ਅਸੀਂ ਵੀ ਜਾਵਾਂਗੇ ਉਸੇ ਦੀ ਤਿਆਰੀ ਕਰ ਰਹੇ ਹਾਂ।"

ਗੱਲ ਕਰਦੇ-ਕਰਦੇ ਜੀਤ ਸਿੰਘ ਸੜਕ ਉੱਤੇ ਜਾ ਰਹੇ ਟ੍ਰੈਕਟਰ ਦੀ ਅਵਾਜ਼ ਸੁਣ ਕੇ ਪਿੱਛੇ ਵੱਲ ਇਸ਼ਾਰਾ ਕਰਦੇ ਹਨ, "ਦੇਖੋ, ਰਾਤ ਤੋਂ ਬਾਅਦ ਜਿਸ ਤਰ੍ਹਾਂ ਦੇ ਹਾਲਾਤ ਬਣ ਗਏ ਹਨ, ਲੱਗਦਾ ਹੈ, ਪੂਰਾ ਇਲਾਕਾ ਖਾਲ੍ਹੀ ਹੋ ਜਾਵੇਗਾ।"

ਸਾਡਾ ਇਸ਼ਾਰਾ ਦੇਖ ਕੇ ਟ੍ਰੈਕਟਰ ਵਾਲਾ ਵੀ ਰੁਕ ਗਿਆ, ਇਹ ਵਿਅਕਤੀ ਸੀ ਜੱਜ ਸਿੰਘ, ਜੋ ਜੀਤ ਸਿੰਘ ਦੇ ਪਿੰਡ ਝੁੱਗੇ ਹਜ਼ਾਰਾ ਸਿੰਘਵਾਲਾ ਦਾ ਹੀ ਰਹਿਣ ਵਾਲਾ ਹੈ।

ਉਹ ਕਹਿੰਦਾ ਹੈ, "ਸਾਨੂੰ ਕਿਸੇ ਨੇ ਘਰ ਛੱਡ ਕੇ ਜਾਣ ਲਈ ਨਹੀਂ ਕਿਹਾ ਗਿਆ, ਪਰ ਅਸੀਂ ਜਾ ਰਹੇ ਹਾਂ। ਕਿਉਂ ਕਿ ਜੰਗ ਦੌਰਾਨ ਪਹਿਲਾਂ ਵੀ ਫੌਜ ਨੇ 1971 ਦੀ ਜੰਗ ਦੌਰਾਨ ਸਤਲੁਜ ਦਰਿਆ ਉੱਤੇ ਬਣਿਆ ਪੁਲ ਉਡਾ ਦਿੱਤਾ ਸੀ। ਹੋ ਸਕਦਾ ਹੈ ਇਸ ਵਾਰ ਵੀ ਉਡਾ ਦੇਣ, ਫੇਰ ਨਿਕਲ ਨਹੀਂ ਹੋਵੇਗਾ।"

ਦਰਅਸਲ ਫਿਰੋਜ਼ਪੁਰ ਅਤੇ ਹੁਸੈਨੀਵਾਲਾ ਬਾਰਡਰ ਉੱਤੇ ਵੱਸੇ ਇਨ੍ਹਾਂ ਪਿੰਡਾਂ ਨੂੰ ਸਤਲੁਜ ਦਰਿਆ ਉੱਤੇ ਬਣਿਆ ਪੁਲ਼ ਜੋੜਦਾ ਹੈ, ਲੋਕਾਂ ਨੂੰ ਡਰ ਹੈ ਕਿ ਇਸ ਵਾਰ ਇਹ ਪੁਲ਼ ਦੁਬਾਰਾ ਨਾ ਤੋੜ ਦਿੱਤਾ ਜਾਵੇ। ਇਸ ਲਈ ਇਹ ਆਪ ਹੀ ਸਰਹੱਦ ਤੋਂ ਪਿੱਛੇ ਹਟਣੇ ਸ਼ੁਰੂ ਹੋ ਰਹੇ ਹਨ।

ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਸਕੂਲ ਬੰਦ

ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਵਿੱਚ ਫਿਰੋਜ਼ਪੁਰ ਬਾਰਡਰ ਵਰਗਾ ਪਰਵਾਸ ਨਹੀਂ ਦੇਖਿਆ ਜਾ ਰਿਹਾ।

ਪਰ ਚੌਕਸੀ ਵਜੋਂ ਕਈ ਤਰ੍ਹਾਂ ਦੇ ਕਦਮ ਚੁੱਕੇ ਜਾ ਰਹੇ ਹਨ ਅਤੇ ਪੰਜਾਬ ਵਿੱਚ ਕਈ ਜ਼ਿਲ੍ਹਿਆਂ ਵਿੱਚ ਵਿਦਿਅਕ ਅਦਾਰੇ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸੂਬੇ ਵਿੱਚ ਜ਼ਿਲ੍ਹਾ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਤੇ ਫਾਜ਼ਿਲਕਾ ਵਿੱਚ ਸਿੱਖਿਆ ਸੰਸਥਾਵਾਂ ਨੂੰ ਅਗਲੇ 72 ਘੰਟਿਆਂ ਤੱਕ ਬੰਦ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

ਸਰਹੱਦੀ ਜ਼ਿਲ੍ਹਿਆਂ ਵਿੱਚ ਇਸ ਘਟਨਾ ਤੋਂ ਬਾਅਦ ਲੋਕਾਂ ਵਿੱਚ ਕੁਝ ਤਣਾਅ ਦੇਖਣ ਨੂੰ ਮਿਲ ਰਿਹਾ ਹੈ।





ਪਰ ਬੀਬੀਸੀ ਦੇ ਸਹਿਯੋਗੀਆਂ ਦੀ ਜਾਣਕਾਰੀ ਮੁਤਾਬਕ ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਹਾਲਾਤ ਦੇ ਮੱਦੇਨਜ਼ਰ ਲੋਕ ਆਪਣਾ ਸਾਜੋ ਸਮਾਨ ਸਾਂਭਣ ਲੱਗੇ ਹਨ।

ਦੂਜੇ ਅੰਮ੍ਰਿਤਸਰ ਅਤੇ ਚੰਡੀਗੜ੍ਹ ਦੇ ਹਵਾਈ ਅੱਡਿਆਂ ਉੱਤੇ ਆਮ ਨਾਗਰਿਕਾਂ ਲਈ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਬਠਿੰਡਾ ਵਿੱਚ ਏਅਰਕ੍ਰਾਫਟ ਕਰੈਸ਼

ਪੰਜਾਬ ਪੁਲਿਸ ਦੇ ਇੱਕ ਉੱਚ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉੱਤੇ ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨਾਲ ਗੱਲਬਾਤ ਦੌਰਾਨ ਬਠਿੰਡਾ ਵਿੱਚ ਏਅਰਕ੍ਰਾਫਟ ਦੇ ਹਾਦਸਾ ਦੇ ਸ਼ਿਕਾਰ ਹੋਣ ਦੀ ਪੁਸ਼ਟੀ ਕੀਤੀ ਹੈ।

ਜਾਣਕਾਰੀ ਮੁਤਾਬਕ ਬਠਿੰਡਾ ਦੇ ਪਿੰਡ ਅਕਲੀਆਂ ਕਲਾਂ ਵਿੱਚ ਬੀਤੀ ਰਾਤ ਲਗਭਗ 2 ਵਜੇ ਇੱਕ ਏਅਰਕ੍ਰਾਫਟ ਹਾਦਸਾ ਗ੍ਰਸਤ ਹੋਇਆ ਸੀ।

ਇਸ ਹਾਦਸੇ ਵਿਚ ਵਿੱਚ ਇੱਕ ਸਥਾਨਕ ਨਿਵਾਸੀ ਦੀ ਮੌਤ ਹੋ ਗਈ ਅਤੇ 9 ਜਣੇ ਹੋਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਸਥਾਨਕ ਹਸਪਤਾਲ ਵਿੱਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ।

ਪਾਇਲਟ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ। ਸਾਰੇ ਜ਼ਖ਼ਮੀ ਵਿਅਕਤੀ ਸਥਾਨਕ ਨਿਵਾਸੀ ਹਨ। ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਸਰਹੱਦੀ ਖੇਤਰਾਂ 'ਚ ਤਣਾਅ

ਬੀਬੀਸੀ ਸਹਿਯੋਗੀ ਗੁਰਪ੍ਰੀਤ ਚਾਵਲਾ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ ਗੁਰਦਾਸਪੁਰ ਦੇ ਸ਼ਹਿਰ ਬਟਾਲਾ ਵਿੱਚ ਪੈਟ੍ਰੋਲਪੰਪਾਂ ਉੱਤੇ ਲੋਕਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲ ਰਹੀਆਂ ਹਨ।

ਗੁਰਦਾਸਪੁਰ ਦੇ ਸਰਹੱਦ ਨਾਲ ਲੱਗਦੇ ਪਿੰਡਾ ਦੇ ਲੋਕਾਂ ਨੇ ਦੱਸਿਆ ਕਿ ਰਾਤ ਤੋਂ ਜਹਾਜ਼ਾਂ ਦੀ ਆਵਾਜ਼ ਆ ਰਹੀ ਸੀ। ਸਵੇਰੇ ਉਠ ਕੇ ਹਮਲੇ ਬਾਰੇ ਪਤਾ ਲੱਗਿਆ ਹੈ।

ਲੋਕਾਂ ਨੇ ਕਿਹਾ ਕਿ ਸਵੇਰੇ ਸਕੂਲ ਬੰਦ ਕਰ ਦਿੱਤੇ ਗਏ ਹਨ, ਕਿਤੇ ਪੈਟ੍ਰੋਲ ਪੰਪ ਬੰਦ ਕਰਨ ਜਾਂ ਅਜਿਹੇ ਕੋਈ ਹੋਰ ਫ਼ੈਸਲੇ ਨਾ ਲਏ ਜਾਣ ਇਸ ਗੱਲ ਦਾ ਸਹਿਮ ਵੀ ਹੈ।

ਕੁਝ ਲੋਕ ਪੈਟ੍ਰੋਲ ਪੰਪਾਂ ਤੋਂ ਤੇਲ ਪੁਆਉਣ ਅਤੇ ਕੁਝ ਰਾਸ਼ਨ ਦੀ ਖਰੀਦਦਾਰੀ ਕਰਦੇ ਵੀ ਦਿਖਾਈ ਦਿੱਤੇ।

ਪੰਜਾਬ ਤੋਂ ਸਿਆਸੀ ਪ੍ਰਤੀਕਰਮ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਭਾਰਤੀ ਫੌਜ ਦੇ ਨਾਲ ਖੜ੍ਹੇ ਹੋਣ ਦੀ ਗੱਲ ਕਹੀ ਹੈ।

ਮੁੱਖ ਮਾਨ ਨੇ ਲਿਖਿਆ, "ਅੱਤਵਾਦ ਦੇ ਖ਼ਿਲਾਫ਼ ਇਸ ਲੜਾਈ ਵਿੱਚ ਪੂਰਾ ਦੇਸ਼ ਇੱਕਜੁੱਟ ਹੈ। ਸਾਨੂੰ ਸਾਡੀ ਭਾਰਤੀ ਫੌਜ ਅਤੇ ਆਪਣੇ ਵੀਰ ਜਵਾਨਾਂ 'ਤੇ ਮਾਣ ਹੈ। 140 ਕਰੋੜ ਦੇਸ਼ ਵਾਸੀ ਭਾਰਤੀ ਫੌਜ ਦੇ ਨਾਲ ਖੜ੍ਹੇ ਹਨ। ਜਵਾਨਾਂ ਦੀ ਹਿੰਮਤ ਅਤੇ ਹੌਸਲੇ ਲਈ ਪੰਜਾਬ ਦੇ ਲੋਕ ਦੇਸ਼ ਦੀ ਫੌਜ ਦੇ ਨਾਲ ਖੜ੍ਹੇ ਹਨ।"

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਲਿਖਿਆ, "ਸ਼੍ਰੋਮਣੀ ਅਕਾਲੀ ਦਲ ਸਾਡੀਆਂ ਬਹਾਦਰ ਹਥਿਆਰਬੰਦ ਫੌਜਾਂ ਵੱਲੋਂ ਆਪ੍ਰੇਸ਼ਨ ਸਿੰਦੂਰ ਨੂੰ ਦ੍ਰਿੜਤਾ ਅਤੇ ਸੰਜਮ ਨਾਲ ਚਲਾਉਣ 'ਤੇ ਸਲਾਮ ਕਰਦਾ ਹੈ। ਅਸੀਂ ਅੱਤਵਾਦ ਵਿਰੁੱਧ ਫ਼ੈਸਲਾਕੁੰਨ ਲੜਾਈ ਵਿੱਚ ਭਾਰਤ ਸਰਕਾਰ ਦੇ ਨਾਲ ਖੜ੍ਹੇ ਹਾਂ।"

# ਮੋਕਡ੍ਰੀਲ ਅਤੇ ਬਲੈਕ ਆਊਟ ਵਿਚ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਵਲੋਂ ਕੀਤਾ ਸਹਿਯੋਗ

**ਰਾਤ 10:30 ਵਜੇ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਦੀਆਂ ਲਾਇਟਾਂ ਕੀਤੀਆ ਬੰਦ, ਸਚਖੰਡ ਵਿਚ ਹਲਕੀ ਰੋਸ਼ਨੀ ਨਾਲ ਰਿਹਾ ਪ੍ਰਕਾਸ਼**

ਅੰਮ੍ਰਿਤਸਰ, 7 ਮਈ (ਬਬਲੂ ਮਹਾਜਨ) : ਬੀਤੇ ਦਿਨੀ ਪਹਿਲਗਾਮ ਵਿਚ ਹੋਏ ਆਤੰਕੀ ਹਮਲੇ ਵਿਚ ਮਾਰੇ ਗਏ ਨਿਰਦੋਸ਼ ਭਾਰਤੀਆ ਦੇ ਕਤਲੇਆਮ ਤੋ ਬਾਦ ਜਿਥੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਵਧਦਾ ਨਜਰ ਆ ਰਿਹਾ ਹੈ ਉਸ ਦੇ ਮੱਦੇਨਜ਼ਰ ਭਾਰਤ ਵਲੋ ਤੜਕਸਾਰ ਅੱਤਵਾਦੀ ਸ਼ਿਵਰਾਂ ਉਪਰ ਹਮਲਾ ਕਰ ਸਰਜੀਕਲ ਸਟ੍ਰਾਇਕ ਕੀਤੀ।ਜਿਸ ਤੋ ਬਾਦ ਅੱਜ ਪੰਜਾਬ ਦੇ ਸਰਹੱਦੀ ਖੇਤਰਾਂ ਵਿਚ ਮੌਕ ਡ੍ਰੀਲ ਕੀਤੀ ਗਈ।ਜਿਸ ਵਿਚ ਪੰਜਾਬ ਦੀ ਜਨਤਾ ਨੇ ਭਰਵਾਂ ਸਹਿਯੋਗ ਕੀਤਾ। ਉਥੇ ਹੀ ਵਿਸ਼ਵ ਭਰ ਦੀ ਆਸਥਾ ਦੇ ਕੇਂਦਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵੀ ਬਲੈਕ ਆਉਟ ਦਾ ਅਸਰ ਵੇਖਣ ਨੂੰ ਮਿਲਿਆ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨਾਲ ਸਹਿਯੋਗ ਕਰਦਿਆ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਾਤ 10:30 ਵਜੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਚੌਗਿਰਦੇ ਦੀਆਂ ਲਾਇਟਾ ਅਤੇ ਲੰਗਰ ਹਾਲ ਦੀਆਂ ਲਾਇਟਾ ਬੰਦ ਕਰਕੇ ਸਹਿਯੋਗ ਕੀਤਾ। ਜ਼ਿਕਰ ਯੋਗ ਹੈ ਕਿ ਸਚਖੰਡ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਹਲਕੀ ਰੋਸ਼ਨੀ ਕਰਕੇ ਬਲੈਕ ਆਉਟ ਮੌਕੇ ਜਿੰਮੇਵਾਰੀ ਨਿਭਾਈ। ਲੇਕਿਨ ਕਿਤੇ ਨਾ ਕਿਤੇ ਦੋਵੇ ਦੇਸ਼ਾ ਦੇ ਵਿਚਾਲੇ ਚਲਦੇ ਤਣਾਅ ਦੇ ਮੱਦੇਨਜਰ ਮੌਕ ਡ੍ਰੀਲ ਅਤੇ ਬਲੈਕ ਆਉਟ ਵਰਗੇ ਐਕਸ਼ਨ ਤੋ ਬਾਦ ਯਾਤਰੂਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਵੇਖਣ ਨੂੰ ਮਿਲੀ ਅਤੇ ਹਮੇਸ਼ਾ ਦਰਬਾਰ ਸਾਹਿਬ ਦੇ ਆਲੇ ਦੁਆਲੇ ਫੁਲ ਰਹਿਣ ਵਾਲਿਆਂ ਸਰਾਂਵਾ ਦੇ ਕਮਰੇ ਵੀ ਕਾਫੀ ਹੱਦ ਤਕ ਖਾਲੀ ਰਹੇ। ਜੋ ਕਿ ਦੋਵੇ ਦੇਸ਼ਾ ਦੇ ਰਿਸ਼ਤੀਆ ਵਿਚ ਆਈ ਖਟਾਸ ਦਾ ਨਤੀਜਾ ਹੈ।ਇਸ ਮੌਕੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ ਦੇ ਵੀਰ ਸੈਨਿਕਾ ਦੀ ਚੜ੍ਹਦੀਕਲਾ ਅਤੇ ਪਹਿਲਗਾਮ ਆਤੰਕੀ ਹਮਲੇ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦੀ ਆਤਮਿਕ ਸਾਂਤੀ ਦੀ ਅਰਦਾਸ ਕੀਤੀ ਗਈ।ਇਥੇ ਇਹ ਗੌਰਤਲਬ ਹੈ ਕਿ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ ਸੁਰਖਿਆ ਦੇ ਮੱਦੇਨਜਰ ਪ੍ਰਕਾਸ਼ (ਰੋਸ਼ਨੀ) ਘੱਟ ਹੋਵੇ ਲੇਕਿਨ ਫਿਰ ਵੀ ਸਿਖ ਧਰਮ ਦੀ ਮਰਿਆਦਾ ਨੂੰ ਮੱਦੇਨਜਰ ਰਖਦੇ ਹੋਏ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਾਲਕੀ ਸਾਹਿਬ ਲਿਜਾਂਦੇ ਹੋਏ ਹਲਕੀ ਰੋਸ਼ਨੀ ਰਖੀ ਗਈ ਤਾਂ ਜੋ ਬਲੈਕ ਆਉਟ ਨੂੰ ਸਫਲ ਬਣਾਇਆ ਜਾਵੇ।ਇਸ ਮੌਕੇ ਮੈਨੇਜਰ ਦਰਬਾਰ ਸਾਹਿਬ ਅਤੇ ਪ੍ਰਧਾਨ ਸ਼੍ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

# ਸਫ਼ਾ ਤਿੰਨ ਦੀ ਬਾਕੀ

## ਆਪ੍ਰੇਸ਼ਨ ਸਿੰਦੂਰ: ਭਾਰਤ ਵੱਲੋਂ ਪਾਕਿ ’ਚ

ਇਹ ਕਦਮ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ, ਜਿਸ ਵਿੱਚ 25 ਭਾਰਤੀਆਂ ਅਤੇ ਇੱਕ ਨੇਪਾਲੀ ਨਾਗਰਿਕ ਦੀ ਹੱਤਿਆ ਕਰ ਦਿੱਤੀ ਗਈ ਸੀ।” ਬਿਆਨ ਵਿਚ ਕਿਹਾ ਗਿਆ,“ਅਸੀਂ ਇਸ ਵਚਨਬੱਧਤਾ ’ਤੇ ਖਰੇ ਉਤਰ ਰਹੇ ਹਾਂ ਕਿ ਇਸ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ।” ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਭਾਰਤ ਦੇ ਉੱਚ ਫੌਜੀ ਅਧਿਕਾਰੀ ਇਸ ਕਾਰਵਾਈ ’ਤੇ ਨੇੜਿਓਂ ਨਜ਼ਰ ਰੱਖ ਰਹੇ ਸਨ। ਕਾਬਿਲੇਗੌਰ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 29 ਅਪ੍ਰੈਲ ਨੂੰ ਸਿਖਰਲੇ ਰੱਖਿਆ ਅਧਿਕਾਰੀਆਂ ਨਾਲ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਭਾਰਤੀ ਹਥਿਆਰਬੰਦ ਬਲਾਂ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਦੇ ਢੰਗ, ਟੀਚਿਆਂ ਅਤੇ ਸਮੇਂ ਬਾਰੇ ਫੈਸਲਾ ਲੈਣ ਲਈ ਪੂਰੀ ਖੁੱਲ੍ਹ ਦਿੱਤੀ ਸੀ। ਮੋਦੀ ਨੇ ‘ਅੱਤਵਾਦ ਨੂੰ ਕਰਾਰਾ ਝਟਕਾ’ ਦੇਣ ਦੇ ਕੌਮੀ ਅਹਿਦ ’ਤੇ ਵੀ ਜ਼ੋਰ ਦਿੱਤਾ।

## ਪਟਿਆਲਾ ’ਚ ਸੜਕ ਹਾਦਸੇ ਦੌਰਾਨ 5 ਸਕੂਲੀ

ਅੰਸੂਮਨ ਬਾਂਸਲ (5) ਪੁੱਤਰ ਮੋਹਿਤ ਬਾਂਸਲ, ਤਨਵੀ ਬਾਂਸਲ (11) ਪੁੱਤਰੀ ਮੋਹਿਤ ਬਾਂਸਲ, ਨਕਸਿਤਾ (10) ਪੁੱਤਰੀ ਸੋਰਵ ਸਿੰਗਲਾ, ਸਿਫਤ (9) ਪੁੱਤਰੀ ਹਰਪ੍ਰੀਤ ਸਿੰਘ, ਅਨਾਇਕਾ(12) ਪੁੱਤਰੀ ਪੰਕਜ ਬਾਂਸਲ, ਅਨਾਇਆ (12) ਪੁੱਤਰੀ ਅਮਿਤ ਕੁਮਾਰ, ਜਸਮੀਤ ਕੁਮਾਰ(9) ਪੁੱਤਰ ਸੁਨੀਲ ਕੁਮਾਰ, ਕ੍ਰਿਸ਼ਨ ਬਾਂਸਲ(7) ਪੁੱਤਰ ਵਰੁਣ ਬਾਂਸਲ, ਹਨਿਆ (15) ਪੁੱਤਰ ਅਮਿਤ ਕੁਮਾਰ ਤੋਂ ਇਲਾਵਾ ਤਕਵਿੰਦਰ ਸਿੰਘ (26) ਪੁੱਤਰ ਬੂਟਾ ਸਿੰਘ ਸਣੇ 10 ਸ਼ਾਮਲ ਹਨ,ਜੋ ਸਮਾਨਾ-ਪਟਿਆਲਾ ਦੇ ਵੱਖ-ਵੱਖ ਹਸਪਤਾਲਾਂ ਵਿਚ ਜੇਰੇ ਇਲਾਜ ਹਨ । ਇਸ ਸੜਕ ਹਾਦਸੇ ਦੀ ਖਬਰ ਮਿਲਦੇ ਹੀ ਸਿਹਤ ਮੰਤਰੀ ਡਾ: ਬਲਬੀਰ ਸਿੰਘ ,ਹਲਕਾ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ, ਡੀ.ਸੀ. ਪ੍ਰੀਤੀ ਯਾਦਵ,ਪਟਿਆਲਾ, ਐਸ.ਪੀ. ਪਲਵਿੰਦਰ ਸਿੰਘ ਚੀਮਾ ਤੋਂ ਇਲਾਵਾ ਪ੍ਰਸਾਸਨਿਕ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਸਥਿਤੀ ਦਾ ਜਾਇਜਾ ਲਿਆ।

## ਸਾਨੂੰ ਆਪਣੀਆਂ ਫ਼ੌਜਾਂ ’ਤੇ

ਆਪ੍ਰੇਸ਼ਨ ਸਿੰਦੂਰ ਦੇ ਸਫ਼ਲ ਹੋਣ ਦੇ ਕੁਝ ਹੀ ਘੰਟਿਆਂ ਬਾਅਦ ਸਾਹਮਣੇ ਆਇਆ ਹੈ। ਭਾਰਤੀ ਫ਼ੌਜ ਨੇ ਮੰਗਲਵਾਰ-ਬੁੱਧਵਾਰ ਦੀ ਦਰਮਿਆਨੀ ਰਾਤ 1.44 ਵਜੇ ਦੇ ਕਰੀਬ ਐਲਾਨ ਕੀਤਾ ਕਿ ਉਨ੍ਹਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਮਕਬੂਜ਼ਾ ਕਸ਼ਮੀਰ ਦੇ 9 ਟਿਕਾਣਿਆਂ ਨੂੰ ਢਹਿ-ਢੇਰੀ ਕਰ ਦਿੱਤਾ ਹੈ। ਦੱਸ ਦੇਈਏ ਕਿ ਪਹਿਲਗਾਮ ਅੱਤਵਾਦੀ ਹਮਲੇ ਵਿਚ 26 ਬੇਕਸੂਰ ਲੋਕਾਂ ਦੀ ਜਾਨ ਚੱਲੀ ਗਈ ਸੀ। ਇਸ ਹਮਲੇ ਨੂੰ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਸੰਗਠਨਾਂ ਨੇ ਅੰਜਾਮ ਦਿੱਤਾ ਸੀ।

## ਅਸੀਂ ਉਨ੍ਹਾਂ ਨੂੰ ਮਾਰਿਆ, ਜਿਨ੍ਹਾਂ ਸਾਡੇ

ਇਸ ਦਰਮਿਆਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਡੀ ਫ਼ੌਜ ਨੇ ਪਾਕਿਸਤਾਨ ਸਪਾਂਸਰ ਅੱਤਵਾਦੀਆਂ ਖਿਲਾਫ਼ ਵੱਡੀ ਕਾਰਵਾਈ ਕੀਤੀ। ਫ਼ੌਜ ਨੇ ਅੱਤਵਾਦੀ ਹਮਲਿਆਂ ਦਾ ਸਟੀਕ ਜਵਾਬ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਰਗਦਰਸ਼ਨ ਵਿਚ ਸਾਰੇ ਭਾਰਤੀਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ। ਫ਼ੌਜ ਨੇ ਸਾਡਾ ਸਿਰ ਉੱਚਾ ਕੀਤਾ। ਰਾਜਨਾਥ ਨੇ ਇਸ ਦੇ ਨਾਲ ਹੀ ਕਿਹਾ ਕਿ ਅਸੀਂ ਉਨ੍ਹਾਂ ਨੂੰ ਮਾਰਿਆ, ਜਿਨ੍ਹਾਂ ਨੇ ਸਾਡੇ ਬੇਕਸੂਰ ਲੋਕਾਂ ਨੂੰ ਮਾਰਿਆ। ‘ਆਪ੍ਰੇਸ਼ਨ ਸਿੰਦੂਰ’ ਨਾਲ ਸਾਡੀਆਂ ਫੌਜਾਂ ਨੇ ਅੱਤਵਾਦੀ ਸਿਖਲਾਈ ਕੈਂਪਾਂ ਨੂੰ ਤਬਾਹ ਕਰਕੇ ਢੁਕਵਾਂ ਜਵਾਬ ਦਿੱਤਾ ਹੈ। ਰਾਜਨਾਥ ਸਿੰਘ ਨੇ ਅੱਗੇ ਕਿਹਾ ਕਿ ਕੱਲ੍ਹ ਰਾਤ ਭਾਰਤੀ ਫੌਜਾਂ ਨੇ ਆਪਣੀ ਬਹਾਦਰੀ ਅਤੇ ਦਲੇਰੀ ਦਾ ਪ੍ਰਦਰਸ਼ਨ ਕਰਕੇ ਇਕ ਨਵਾਂ ਇਤਿਹਾਸ ਰਚਿਆ ਹੈ। ਭਾਰਤੀ ਫੌਜ ਨੇ ਸਟੀਕਤਾ, ਚੌਕਸੀ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕੀਤਾ ਹੈ। ਸਾਡੇ ਵਲੋਂ ਨਿਰਧਾਰਤ ਕੀਤੇ ਗਏ ਨਿਸ਼ਾਨਿਆਂ ਨੂੰ ਸਟੀਕਤਾ ਨਾਲ ਤਬਾਹ ਕਰ ਦਿੱਤਾ ਗਿਆ ਹੈ ਅਤੇ ਸਾਡੀ ਫੌਜ ਨੇ ਕਿਸੇ ਵੀ ਨਾਗਰਿਕ ਸਥਾਨ ਨੂੰ ਪ੍ਰਭਾਵਿਤ ਨਾ ਹੋਣ ਦੇਣ ’ਚ ਸੰਵੇਦਨਸ਼ੀਲਤਾ ਵੀ ਦਿਖਾਈ ਹੈ। ਮੈਂ ਪੂਰੇ ਦੇਸ਼ ਵੱਲੋਂ ਫੌਜ ਦੇ ਜਵਾਨਾਂ ਅਤੇ ਅਧਿਕਾਰੀਆਂ ਨੂੰ ਵਧਾਈ ਦਿੰਦਾ ਹਾਂ। ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਫੌਜ ਨੂੰ ਪੂਰਾ ਸਮਰਥਨ ਦੇਣ ਲਈ ਵੀ ਵਧਾਈ ਦਿੰਦਾ ਹਾਂ।

## ਇੱਕ ਬਹੁਤ ਹੀ ਸਟੀਕ ਹਮਲਾ,

÷ਪੂਰਾ ਦੇਸ਼ ਸਾਡੇ ਵੱਲ ਦੇਖ ਰਿਹਾ ਸੀ। ਸਾਨੂੰ ਆਪਣੀ ਫ਼ੌਜ ’ਤੇ ਮਾਣ ਹੈ।÷ ਸੂਤਰਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਨੇ ਹਥਿਆਰਬੰਦ ਬਲਾਂ (ਭਾਰਤੀ ਫ਼ੌਜ) ਦੀ ਉਨ੍ਹਾਂ ਦੇ ਸ਼ਲਾਘਾਯੋਗ ਕੰਮ ਲਈ ਪ੍ਰਸ਼ੰਸਾ ਕੀਤੀ ਅਤੇ ਰਾਸ਼ਟਰੀ ਸੁਰੱਖਿਆ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਕੈਬਨਿਟ ਮੰਤਰੀਆਂ ਨੇ ਸਰਬਸੰਮਤੀ ਨਾਲ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਹਥਿਆਰਬੰਦ ਬਲਾਂ ਦੀ ਉਨ੍ਹਾਂ ਦੇ ਸਫ਼ਲ ਆਪ੍ਰੇਸ਼ਨ ਲਈ ਪ੍ਰਸ਼ੰਸਾ ਕੀਤੀ। ਕੇਂਦਰੀ ਮੰਤਰੀਆਂ ਨੇ ਕਿਹਾ ਕਿ ਪੂਰਾ ਦੇਸ਼ ਅਤਿਵਾਦ ਵਿਰੁਧ ਲੜਾਈ ਵਿੱਚ ਪ੍ਰਧਾਨ ਮੰਤਰੀ ਅਤੇ ਹਥਿਆਰਬੰਦ ਸੈਨਾਵਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਇਸ ਹਮਲੇ ਨੂੰ, ਸਰਹੱਦ ਪਾਰੋਂ ਘੁਸਪੈਠ ਲਈ ਵਰਤੇ ਜਾਣ ਵਾਲੇ ਅਤਿਵਾਦੀ ਟਿਕਾਣਿਆਂ ਅਤੇ ਕੈਂਪਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ, ਸਰਹੱਦ ਪਾਰੋਂ ਅਤਿਵਾਦ ਵਿਰੁਧ ਇੱਕ ਸਖ਼ਤ ਸੰਦੇਸ਼ ਵਜੋਂ ਦੇਖਿਆ ਜਾ ਰਿਹਾ ਹੈ।

## ਹਾਈ ਕੋਰਟ ਨੇ ਪੰਜਾਬ ਪੁਲਿਸ ਨੂੰ ਡੈਮਾਂ ਦੀ ਸੁਰੱਖਿਆ ਕਰਨ

ਪਾਲਣਾ ਕਰੇ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਅਗਰ ਪੰਜਾਬ ਸਰਕਾਰ ਨੂੰ ਕੇਂਦਰ ਦੇ ਕਿਸੇ ਫੈਸਲੇ ਪ੍ਰਤੀ ਇਤਰਾਜ਼ ਹੈ ਤਾਂ ਉਹ ਬੀ.ਬੀ.ਐਮ.ਬੀ. ਦੇ ਚੇਅਰਮੈਨ ਰਾਹੀਂ ਕੇਂਦਰ ਸਰਕਾਰ ਤੱਕ ਇਤਰਾਜ਼ ਪੁੱਜਦਾ ਕਰ ਸਕਦੀ ਹੈ। ਅਦਾਲਤ ਨੇ ਕੇਂਦਰ ਨੂੰ ਵੀ ਆਦੇਸ਼ ਦਿੱਤੇ ਹਨ ਕਿ ਅਜਿਹਾ ਇਤਰਾਜ਼ ਆਉਣ ਦੀ ਸੂਰਤ ਵਿੱਚ ਇਸਦਾ ਨਿਤਾਰਾ ਤੁਰੰਤ ਕੀਤਾ ਜਾਵੇ। ਦੱਸਣਯੋਗ ਹੈ ਕਿ ਬੀ.ਬੀ.ਐਮ.ਬੀ. ਨੇ ਦੋ ਦਿਨ ਪਹਿਲਾਂ ਡੈਮਾਂ ਨੂੰ ਪੰਜਾਬ ਪੁਲਿਸ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

## ਸੁਰੱਖਿਆ ਬਲਾਂ ਨੇ ਛੱਤੀਸਗੜ੍ਹ-ਤੇਲੰਗਾਨਾ

ਗੋਲੀਬਾਰੀ ਤੋਂ ਬਾਅਦ, ਸੁਰੱਖਿਆ ਕਰਮਚਾਰੀਆਂ ਨੇ ਮੁਕਾਬਲੇ ਵਾਲੀ ਥਾਂ ਤੋਂ ਇੱਕ ਵਰਦੀਧਾਰੀ ਮਹਿਲਾ ਮਾਓਵਾਦੀ ਦੀ ਲਾਸ਼ ਅਤੇ ਇੱਕ .303 ਰਾਈਫਲ ਬਰਾਮਦ ਕੀਤੀ। ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੌਕੇ ’ਤੇ ਮਿਲੇ ਨਿਸ਼ਾਨਾਂ ਦੇ ਆਧਾਰ ’ਤੇ, ਇਸ ਗੱਲ ਦੀ ਮਜ਼ਬੂਤ ?ਸੰਭਾਵਨਾ ਹੈ ਕਿ ਇਸ ਕਾਰਵਾਈ ਵਿੱਚ ਕਈ ਹੋਰ ਨਕਸਲੀ ਮਾਰੇ ਗਏ ਜਾਂ ਜ਼ਖਮੀ ਹੋਏ ਹਨ।

ਇਸ ਤੋਂ ਪਹਿਲਾਂ 28 ਅਪ੍ਰੈਲ ਨੂੰ, 24 ਨਕਸਲੀਆਂ, ਜਿਨ੍ਹਾਂ ਵਿੱਚ 14 ਨਕਸਲੀ ਵੀ ਸ਼ਾਮਲ ਸਨ, ਨੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ। ਬੀਜਾਪੁਰ ਦੇ ਵਧੀਕ ਪੁਲਿਸ ਸੁਪਰਡੈਂਟ ਚੰਦਰਕਾਂਤ ਗੋਵਰਨਾ ਨੇ ਕਿਹਾ, ÷28.50 ਲੱਖ ਰੁਪਏ ਦੇ ਕੁੱਲ ਇਨਾਮ ਵਾਲੇ 14 ਨਕਸਲੀਆਂ ਨੇ ਆਤਮ ਸਮਰਪਣ ਕਰ ਦਿੱਤਾ, ਅਤੇ ਬੀਜਾਪੁਰ ਵਿੱਚ ਕੁੱਲ 24 ਨਕਸਲੀਆਂ ਨੇ ਆਤਮ ਸਮਰਪਣ ਕਰ ਦਿੱਤਾ।÷ ਉਨ੍ਹਾਂ ਅੱਗੇ ਕਿਹਾ, ÷1 ਜਨਵਰੀ, 2025 ਤੋਂ, ਕਈ ਘਟਨਾਵਾਂ ਵਿੱਚ ਸ਼ਾਮਲ 213 ਨਕਸਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, 203 ਨਕਸਲੀਆਂ ਨੇ ਆਤਮ ਸਮਰਪਣ ਕਰ ਦਿੱਤਾ ਹੈ, ਅਤੇ ਜ਼ਿਲ੍ਹੇ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਕੁੱਲ 90 ਨਕਸਲੀ ਮਾਰੇ ਗਏ ਹਨ।÷ ਆਤਮ ਸਮਰਪਣ ਕਰਨ ਵਾਲੇ ਅਤੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਨਕਸਲੀਆਂ ਨੂੰ ਪ੍ਰੋਤਸਾਹਨ ਵਜੋਂ 50,000 ਰੁਪਏ ਦਾ ਚੈੱਕ ਦਿੱਤਾ ਗਿਆ।

## ਪਾਕਿ ਸੁਰੱਖਿਆ ਸਮੂਹ ਨੇ ਬਦਲਾ ਲੈਣ ਲਈ

ਕਬਜ਼ੇ ਵਾਲੇ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ ’ਤੇ ਮਿਜ਼ਾਈਲ ਹਮਲੇ ਕੀਤੇ। ਐਨ.ਐਸ.ਸੀ. ਦੇ ਇੱਕ ਬਿਆਨ ਵਿੱਚ ਚੇਤਾਵਨੀ ਦਿੱਤੀ ਗਈ ਹੈ ਕਿ ਸੰਯੁਕਤ ਰਾਸ਼ਟਰ ਚਾਰਟਰ ਦੇ ਆਰਟੀਕਲ-51 ਦੇ ਅਨੁਸਾਰ, ਪਾਕਿਸਤਾਨ ਭਾਰਤੀ ਹਮਲਿਆਂ ਵਿੱਚ ਮਾਸੂਮ ਪਾਕਿਸਤਾਨੀ ਜਾਨਾਂ ਦੇ ਨੁਕਸਾਨ ਦਾ ਬਦਲਾ ਲੈਣ ਲਈ ਸਵੈ-ਰੱਖਿਆ ਵਿੱਚ÷ਆਪਣੀ ਪਸੰਦ ਦੇ ਸਮੇਂ, ਸਥਾਨ ਅਤੇ ਤਰੀਕੇ ਨਾਲ÷ ਜਵਾਬ ਦੇਣ ਦਾ ਅਧਿਕਾਰ ਰੱਖਦਾ ਹੈ। ਐਨਐਸਸੀ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ÷ਪਾਕਿਸਤਾਨ ਦੀਆਂ ਹਥਿਆਰਬੰਦ ਬਲਾਂ ਨੂੰ ਇਸ ਸਬੰਧ ਵਿੱਚ ਅਨੁਸਾਰੀ ਕਾਰਵਾਈਆਂ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ।÷ਸ਼ਰੀਫ ਕੈਬਨਿਟ ਮੀਟਿੰਗ ਕਰਨ ਵਾਲੇ ਹਨ ਅਤੇ ਸੰਸਦ ਵਿੱਚ ਆਪਣੇ ਸੰਬੋਧਨ ਰਾਹੀਂ ਰਾਸ਼ਟਰ ਨਾਲ ਵੇਰਵੇ ਸਾਂਝੇ ਕਰਨ ਲਈ ਤਿਆਰ ਹਨ। ਐਨ.ਐਸ.ਸੀ. ਦੀ ਮੀਟਿੰਗ ਨੇ ਇਨ੍ਹਾਂ ਹਮਲਿਆਂ ਨੂੰ ਭਾਰਤ ਦਾ÷ਬਿਨਾਂ ਭੜਕਾਹਟ÷ ਅਤੇ ÷ਗੈਰ-ਕਾਨੂੰਨੀ ਜੰਗ÷ ਦੱਸਿਆ ਅਤੇ ਕਿਹਾ ਕਿ ਐਨ.ਐਸ.ਸੀ. ਨੇ ÷ਸਪੱਸ਼ਟ ਤੌਰ ’ਤੇ ਨਿੰਦਾ÷ ਕੀਤੀ ਜਿਸਨੂੰ ਇਸ ਨੇ ਪਾਕਿਸਤਾਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਘੋਰ ਉਲੰਘਣਾ ਕਿਹਾ, ÷ਜੋ ਕਿ ਸਪੱਸ਼ਟ ਤੌਰ ’ਤੇ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ ਜੰਗ ਦੇ ਕੰਮ ਹਨ,÷ ਬਿਆਨ ਵਿੱਚ ਕਿਹਾ ਗਿਆ ਹੈ। ÷ਭਾਰਤੀ ਫੌਜ ਦੁਆਰਾ ਨਿਰਦੋਸ਼ ਔਰਤਾਂ ਅਤੇ ਬੱਚਿਆਂ ਸਮੇਤ ਨਾਗਰਿਕਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣਾ ਇੱਕ ਘਿਨਾਉਣਾ ਅਤੇ ਸ਼ਰਮਨਾਕ ਅਪਰਾਧ ਹੈ ਜੋ ਮਨੁੱਖੀ ਵਿਵਹਾਰ ਦੇ ਸਾਰੇ ਨਿਯਮਾਂ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਉਪਬੰਧਾਂ ਦੀ ਉਲੰਘਣਾ ਹੈ,÷ ਬਿਆਨ ਵਿੱਚ ਅੱਗੇ ਕਿਹਾ ਗਿਆ ਹੈ। ਐਨ.ਐਸ.ਸੀ. ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ÷ਭਾਰਤ ਦੀਆਂ ਬਿਨਾਂ ਭੜਕਾਹਟ ਦੇ ਗੈਰ-ਕਾਨੂੰਨੀ ਕਾਰਵਾਈਆਂ ਦੀ ਗੰਭੀਰਤਾ÷ ਨੂੰ ਪਛਾਣਨ ਅਤੇ ਅੰਤਰਰਾਸ਼ਟਰੀ ਨਿਯਮਾਂ ਅਤੇ ਕਾਨੂੰਨਾਂ ਦੀ ਘੋਰ ਉਲੰਘਣਾ ਲਈ ਜਵਾਬਦੇਹ ਠਹਿਰਾਉਣ ਦਾ ਸੱਦਾ ਦਿੱਤਾ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਭਾਰਤੀ ਹਮਲੇ ਨੇ ਜਾਣਬੁੱਝ ਕੇ ਨਾਗਰਿਕ ਖੇਤਰਾਂ ਨੂੰ ਨਿਸ਼ਾਨਾ ਬਣਾਇਆ, ÷ਕਾਲਪਨਿਕ ਅੱਤਵਾਦੀ ਕੈਂਪਾਂ ਦੀ ਮੌਜੂਦਗੀ ਦੇ ਝੂਠੇ ਬਹਾਨੇ÷, ਜਿਸ ਦੇ ਨਤੀਜੇ ਵਜੋਂ ਮਾਸੂਮ ਆਦਮੀਆਂ, ਔਰਤਾਂ ਅਤੇ ਬੱਚਿਆਂ ਦੀ ਮੌਤ ਹੋਈ, ਅਤੇ ਮਸਜਿਦਾਂ ਸਮੇਤ ਨਾਗਰਿਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ। ਐਨ.ਐਸ.ਸੀ. ਦੇ ਬਿਆਨ ਵਿੱਚ ਅੱਗੇ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੇ ਹਮਲੇ ਖਾੜੀ ਦੇਸ਼ਾਂ ਨਾਲ ਸਬੰਧਤ ਵਪਾਰਕ ਏਅਰਲਾਈਨਾਂ ਲਈ ਵੀ ਗੰਭੀਰ ਖ਼ਤਰਾ ਪੈਦਾ ਕਰ ਰਹੇ ਹਨ, ਜਿਸ ਨਾਲ ਜਹਾਜ਼ ਵਿੱਚ ਸਵਾਰ ਹਜ਼ਾਰਾਂ ਯਾਤਰੀਆਂ ਦੀ ਜਾਨ ਨੂੰ ਖ਼ਤਰਾ ਹੈ। ਇਸ ਤੋਂ ਇਲਾਵਾ, ਨੀਲਮ-ਜੇਲਮ ਹਾਈਡ੍ਰੋਪਾਵਰ ਪ੍ਰੋਜੈਕਟ ਨੂੰ ਵੀ ਜਾਣਬੁੱਝ ਕੇ ਅੰਤਰਰਾਸ਼ਟਰੀ ਸੰਮੇਲਨਾਂ ਦੀ ਉਲੰਘਣਾ ਕਰਕੇ ਨਿਸ਼ਾਨਾ ਬਣਾਇਆ ਗਿਆ ਸੀ, ਇਸ ਵਿੱਚ ਦਾਅਵਾ ਕੀਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਸ਼ਰੀਫ ਘਟਨਾਕ੍ਰਮ ’ਤੇ ਹੋਰ ਚਰਚਾ ਕਰਨ ਲਈ ਕੈਬਨਿਟ ਮੀਟਿੰਗ ਕਰਨਗੇ। ÷ਬਾਅਦ ਵਿੱਚ, ਉਹ ਸੰਸਦ ਵਿੱਚ ਆਪਣੇ ਸੰਬੋਧਨ ਰਾਹੀਂ ਰਾਸ਼ਟਰ ਨਾਲ ਚੱਲ ਰਹੇ ਤਣਾਅ ਸੰਬੰਧੀ ਫੈਸਲਿਆਂ ਨੂੰ ਸਾਂਝਾ ਕਰਨਗੇ,÷ਅਧਿਕਾਰੀਆਂ ਨੇ ਕਿਹਾ।ਇਸ ਤੋਂ ਪਹਿਲਾਂ, ਪਾਕਿਸਤਾਨੀ ਫੌਜ ਨੇ ਕਿਹਾ ਸੀ ਕਿ ਪੰਜਾਬ ਸੂਬੇ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਦੇ ਸ਼ਹਿਰਾਂ ’ਤੇ ਅੱਧੀ ਰਾਤ ਤੋਂ ਥੋੜ੍ਹੀ ਦੇਰ ਬਾਅਦ ਕੀਤੇ ਗਏ ਭਾਰਤੀ ਹਮਲਿਆਂ ਵਿੱਚ ਘੱਟੋ-ਘੱਟ 26 ਲੋਕ ਮਾਰੇ ਗਏ ਅਤੇ 46 ਜ਼ਖਮੀ ਹੋ ਗਏ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਬਦਲੇ ਵਿੱਚ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ 26 ਲੋਕ ਮਾਰੇ ਗਏ ਸਨ। ਇਸ ਭਿਆਨਕ ਹਮਲੇ ਨਾਲ ÷ਸਰਹੱਦ ਪਾਰ ਸਬੰਧਾਂ÷ ਦਾ ਹਵਾਲਾ ਦਿੰਦੇ ਹੋਏ, ਭਾਰਤ ਨੇ ਹਮਲੇ ਵਿੱਚ ਸ਼ਾਮਲ ਲੋਕਾਂ ਨੂੰ ਸਖ਼ਤ ਸਜ਼ਾ ਦੇਣ ਦਾ ਵਾਅਦਾ ਕੀਤਾ ਹੈ। .

## 11 ਭਾਰਤੀ ਹਵਾਈ ਅੱਡੇ ਕੀਤੇ ਬੰਦ,

ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ। ਇੰਡੀਗੋ ਨੇ 10 ਮਈ ਨੂੰ ਸਵੇਰੇ 05:29 ਵਜੇ ਤੱਕ 11 ਸ਼ਹਿਰਾਂ ਲਈ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ। ਇਹ ਸ਼ਹਿਰ ਹਨ- ਜੰਮੂ, ਸ਼੍ਰੀਨਗਰ, ਅੰਮ੍ਰਿਤਸਰ, ਲੇਹ, ਚੰਡੀਗੜ੍ਹ, ਧਰਮਸ਼ਾਲਾ, ਬੀਕਾਨੇਰ, ਜੋਧਪੁਰ, ਗਵਾਲੀਅਰ, ਕਿਸ਼ਨਗੜ੍ਹ ਅਤੇ ਰਾਜਕੋਟ। ਸਪਾਈਸਜੈੱਟ ਨੇ 7 ਮਈ ਤੱਕ 6 ਸ਼ਹਿਰਾਂ ਲਈ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਇਹ ਸ਼ਹਿਰ ਹਨ - ਲੇਹ, ਸ਼੍ਰੀਨਗਰ, ਜੰਮੂ, ਕਾਂਗੜਾ (ਹਿਮਾਚਲ), ਕਾਂਡਲਾ (ਗੁਜਰਾਤ) ਅਤੇ ਅੰਮ੍ਰਿਤਸਰ। 10 ਮਈ ਤੱਕ, ਇੰਡੀਗੋ ਦੀਆਂ 165 ਘਰੇਲੂ ਉਡਾਨਾਂ ਰੱਦ ਕੀਤੀਆਂ ਗਈਆਂ ਹਨ। ਇਹ ਏਅਰਲਾਈਨ ਹਰ ਰੋਜ਼ ਲਗਭਗ 2200 ਉਡਾਣਾਂ ਚਲਾਉਂਦੀ ਹੈ। ਦਿੱਲੀ ਹਵਾਈ ਅੱਡੇ ’ਤੇ ਵੱਖ-ਵੱਖ ਏਅਰਲਾਈਨਾਂ ਦੀਆਂ 20 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

## ਪਾਕਿ ਵੱਲੋਂ ਐਲ.ਓ.ਸੀ ’ਤੇ ਗੋਲ਼ੀਬਾਰੀ,

ਕੰਟਰੋਲ ਰੇਖਾ (ਐਲ.ਓ.ਸੀ.) ’ਤੇ ਭਾਰੀ ਮੋਰਟਾਰ ਗੋਲਾਬਾਰੀ ਕੀਤੀ। ਭਾਰਤ ਅਤੇ ਪਾਕਿਸਤਾਨ ਵਿਚਕਾਰ ਫ਼ਰਵਰੀ 2021 ਵਿੱਚ ਹੋਏ ਜੰਗਬੰਦੀ ਸਮਝੌਤੇ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ’ਤੇ ਇਹ ਪਹਿਲੀ ਵੱਡੀ ਗਿਣਤੀ ਵਿਚ ਨਾਗਰਿਕ ਮਾਰੇ ਗਏ ਹਨ। ਇਸ ਦੌਰਾਨ, ਲਗਾਤਾਰ ਗੋਲੀਬਾਰੀ ਕਾਰਨ ਕਈ ਸਰਹੱਦੀ ਪਿੰਡਾਂ ਦੇ ਵਸਨੀਕਾਂ ਨੂੰ ਸੁਰੱਖਿਅਤ ਥਾਵਾਂ ’ਤੇ ਭੇਜ ਦਿੱਤਾ ਗਿਆ ਹੈ।

## ਪਾਕਿਸਤਾਨ ਵੱਲੋਂ ਪੁੰਛ ਦੇ ਗੁਰੂਘਰ

ਇਸ ਹਮਲੇ ਤੋਂ ਬਾਅਦ ਸਰਹੱਦੀ ਇਲਾਕੇ ਵਿੱਚ ਤਣਾਅ ਹੈ ਅਤੇ ਫੌਜ ਇਸ ’ਤੇ ਤਿੱਖੀ ਨਜ਼ਰ ਰੱਖ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹਮਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਜਗ੍ਹਾ ’ਤੇ ਅਜਿਹਾ ਹਮਲਾ ਕਰਨਾ ਜਿੱਥੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ, ਉਥੇ ਇਸ ਤਰ੍ਹਾਂ ਦਾ ਹਮਲਾ ਕਰਨਾ ਬੇਹੱਦ ਨਿੰਦਣੇਗ ਹੈ। ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ। ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ, ਗੁਰੂ ਸਾਹਿਬ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਸੁਰੱਖਿਆ ਪ੍ਰੀਸ਼ਦ ਵੱਲੋਂ ਭਾਰਤ-ਪਾਕਿ ਨੂੰ ‘ਸੰਜਮ’

ਸੁਰੱਖਿਆ ਪ੍ਰੀਸ਼ਦ ਨੇ ਮੀਟਿੰਗ ਤੋਂ ਬਾਅਦ ਕੋਈ ਬਿਆਨ ਜਾਰੀ ਨਹੀਂ ਕੀਤਾ ਪਰ ਪਾਕਿਸਤਾਨ ਨੇ ਦਾਅਵਾ ਕੀਤਾ ਕਿ ਉਸਦੇ ਉਦੇਸ਼ ÷ਕਾਫ਼ੀ ਹੱਦ ਤੱਕ ਪੂਰੇ÷ ਹੋ ਗਏ। ਸੰਯੁਕਤ ਰਾਸ਼ਟਰ ਵਿਚ ਰਾਜਨੀਤਿਕ ਅਤੇ ਸ਼ਾਂਤੀ ਨਿਰਮਾਣ ਮਾਮਲਿਆਂ ਦੇ ਵਿਭਾਗ ਅਤੇ ਸ਼ਾਂਤੀ ਸੰਚਾਲਨ ਵਿਭਾਗ ਵਿੱਚ ਪੱਛਮੀ ਏਸ਼ੀਆ, ਏਸ਼ੀਆ ਅਤੇ ਪ੍ਰਸ਼ਾਂਤ ਮਾਮਲਿਆਂ ਦੇ ਸਹਾਇਕ ਸਕੱਤਰ-ਜਨਰਲ ਖਾਲਿਦ ਮੁਹੰਮਦ ਖੈਰੀ ਨੇ ਦੋਵਾਂ ਵਿਭਾਗਾਂ ਵੱਲੋਂ ਸੁਰੱਖਿਆ ਪ੍ਰੀਸ਼ਦ ਨੂੰ ਜਾਣਕਾਰੀ ਦਿੱਤੀ। ਖੈਰੀ ਟਿਊਨੀਸ਼ੀਆ ਤੋਂ ਹੈ। ਮੀਟਿੰਗ ਤੋਂ ਬਾਹਰ ਆ ਕੇ ਖੈਰੀ ਨੇ ਕਿਹਾ ਕਿ ÷ਸੰਘਰਸ਼ ਦਾ ਹੱਲ ਗੱਲਬਾਤ ਅਤੇ ਸ਼ਾਂਤੀਪੂਰਨ ਤਰੀਕਿਆਂ ਨਾਲ ਕਰਨ÷ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਥਿਤੀ ÷ਬਹੁਤ ਅਸਥਿਰ÷ ਹੈ। ਸੰਯੁਕਤ ਰਾਸ਼ਟਰ ਵਿੱਚ ਯੂਨਾਨ ਦੇ ਸਥਾਈ ਪ੍ਰਤੀਨਿਧੀ ਅਤੇ ਮੌਜੂਦਾ ਯੂ.ਐੱਨ.ਐੱਸ.ਸੀ. ਪ੍ਰਧਾਨ, ਰਾਜਦੂਤ ਇਵਾਂਜੇਲੋਸ ਸੇਕੇਰਿਸ ਨੇ ਇਸਨੂੰ ÷ਫਲਦਾਇਕ ਅਤੇ ਲਾਭਦਾਇਕ ਮੀਟਿੰਗ÷ ਦੱਸਿਆ। ਇੱਕ ਰੂਸੀ ਡਿਪਲੋਮੈਟ ਨੇ ਕਿਹਾ, ÷ਸਾਨੂੰ ਉਮੀਦ ਹੈ ਕਿ ਤਣਾਅ ਘੱਟ ਜਾਵੇਗਾ।÷ ਸੂਤਰਾਂ ਮੁਤਾਬਕ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ ਨੇ ਆਪਣੇ ਗੈਰ-ਰਸਮੀ ਸੈਸ਼ਨ ਵਿੱਚ ਪਾਕਿਸਤਾਨ ਤੋਂ ÷ਸਖਤ ਸਵਾਲ÷ ਪੁੱਛੇ। ਉਨ੍ਹਾਂ ਕਿਹਾ ਕਿ ਭਾਰਤ ਨਾਲ ਦੁਵੱਲੇ ਤੌਰ ’ਤੇ ਮੁੱਦਿਆਂ ਨੂੰ ਹੱਲ ਕਰਨ ਦੀ ਸਲਾਹ ਦਿੱਤੀ ਗਈ ਹੈ। ਸੂਤਰਾਂ ਨੇ ਕਿਹਾ ਕਿ ਅੱਤਵਾਦੀ ਹਮਲੇ ਦੀ ਵਿਆਪਕ ਤੌਰ ’ਤੇ ਨਿੰਦਾ ਕੀਤੀ ਗਈ ਅਤੇ ਜਵਾਬਦੇਹੀ ਦੀ ਜ਼ਰੂਰਤ ਨੂੰ ਸਵੀਕਾਰ ਕੀਤਾ ਗਿਆ। ਸੂਤਰਾਂ ਨੇ ਦੱਸਿਆ ਕਿ ਕੁਝ ਮੈਂਬਰਾਂ ਨੇ ਧਾਰਮਿਕ ਆਸਥਾ ਦੇ ਆਧਾਰ ’ਤੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਦਾ ਮੁੱਦਾ ਉਠਾਇਆ। ਯੂ.ਐੱਨ.ਐੱਸ.ਸੀ. ਮੈਂਬਰਾਂ ਨੇ ਪੁੱਛਿਆ ਕਿ ਕੀ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ ਜਾਂ ਨਹੀਂ। ਸੁਰੱਖਿਆ ਪ੍ਰੀਸ਼ਦ ਦੀ ਇਹ ਮੀਟਿੰਗ ਸੋਮਵਾਰ ਦੁਪਹਿਰ ਨੂੰ ਲਗਭਗ ਡੇਢ ਘੰਟੇ ਤੱਕ ਚੱਲੀ। ਇਹ ਮੀਟਿੰਗ ‘ਯੂ.ਐੱਨ.ਐੱਸ.ਸੀ. ਚੈਂਬਰ’ ਵਿੱਚ ਨਹੀਂ ਸਗੋਂ ਇਸਦੇ ਨਾਲ ਵਾਲੇ ਸਲਾਹ-ਮਸ਼ਵਰੇ ਵਾਲੇ ਕਮਰੇ ਵਿੱਚ ਹੋਈ।


## ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ, ਪੰਜਾਬ

**ਖੇਤੀ ਭਵਨ, ਸਾਈਟ ਨੰਬਰ 204 (ਨੇੜੇ ਦਾਰਾ ਸਟੂਡੀਓ), ਫੇਜ਼-6, ਐਸ.ਏ.ਐਸ. ਨਗਰ (ਮੋਹਾਲੀ)**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੁਆਰਾ ਮਿਤੀ 03/05/2025 ਨੂੰ ਪ੍ਰਕਾਸ਼ਿਤ ਪੰਜਾਬ ਵਿੱਚ ਕੀਟਨਾਸ਼ਕਾਂ ਦੀ ਵਿਕਰੀ ਵਿੱਚ QR ਕੋਡ-ਅਧਾਰਤ ਟਰੈਕ ਅਤੇ ਟਰੇਸ ਸਿਸਟਮ ਲਈ ਵਿਕਰੇਤਾਵਾਂ ਨੂੰ Presentation ਦੇ ਸੱਦੇ ਸੰਬੰਧੀ ਜਾਰੀ ਕੀਤੇ ਗਏ ਪਬਲਿਕ ਨੋਟਿਸ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ।

ਇਸ਼ਤਿਹਾਰ ਦੀ ਤੀਜੀ ਲਾਈਨ ਵਿੱਚ, “ਸਾਰੇ Vendors” ਤੋਂ ਬਾਅਦ ਅਤੇ “ਆਪਣੀ-ਆਪਣੀ Presentation” ਤੋਂ ਪਹਿਲਾਂ, ਹੇਠ ਲਿਖੀ ਲਿਖਤ ਸ਼ਾਮਿਲ ਕੀਤੀ ਜਾਂਦੀ ਹੈ :

“ਵਿਭਾਗ ਨੂੰ ਆਪਣੇ ਹੱਲ ਪ੍ਰਦਾਨ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ Vendors ਘੱਟੋ-ਘੱਟ ਦੋ ਕੀਟਨਾਸ਼ਕ ਨਿਰਮਾਤਾਵਾਂ (ਛੋਟੇ ਅਤੇ ਵੱਡੇ) ਦਾ ਦੌਰਾ ਕਰਕੇ, ਉਨ੍ਹਾਂ ਦੀਆਂ ਉਤਪਾਦਨ ਅਤੇ ਪੈਕੇਜ਼ਿੰਗ ਪ੍ਰਕਿਰਿਆਵਾਂ ਧਿਆਨ ਵਿੱਚ ਰੱਖਦੇ ਹੋਏ ਆਪਣੀ Presentation ਤਿਆਰ ਕਰਨ। Vendors ਨੂੰ ਵਿਭਾਗ ਦੀ ਵੈੱਬਸਾਈਟ ’ਤੇ ਉਪਲਬਧ ਵਿਸਤ੍ਰਿਤ ਜ਼ਰੂਰਤਾਂ ਦੀ ਸਮੀਖਿਆ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।”

ਪਬਲਿਕ ਨੋਟਿਸ ਦੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ ਪਹਿਲਾਂ ਵਾਂਗ ਹੀ ਰਹਿਣਗੀਆਂ।

ਸਹੀ/-
ਡਾਇਰੈਕਟਰ,
ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

RO No. PR Advt. No. : 2401 / 12 / 37 / 2023 / 44203 / Dated : 5/7/2025



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਹਰਦੀਪ ਸਿੰਘ ਸਪੁੱਤਰ ਸ੍ਰੀ ਗੁਰਦੇਵ ਸਿੰਘ** ਦੇ ਨਾਮ ਤੋਂ **ਸ੍ਰੀ ਅਮਰਜੀਤ ਸਿੰਘ ਸਪੁੱਤਰ ਸ੍ਰੀ ਸੇਵਾ ਸਿੰਘ** ਦੇ ਨਾਮ ’ਤੇ **ਵਿਕਰੀ ਡੀਡ** ਦੇ ਅਧਾਰ ’ਤੇ **ਸੈਕਟਰ 61, ਚੰਡੀਗੜ੍ਹ ਵਿੱਚ ਐਮਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 1434-ਏ (ਪਹਿਲੀ ਮੰਜ਼ਿਲ)** ਦੇ ਸੰਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 61, ਚੰਡੀਗੜ੍ਹ ਵਿੱਚ ਐਮਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 1434-ਏ (ਪਹਿਲੀ ਮੰਜ਼ਿਲ)**, ਅਲਾਟੀ/ਟ੍ਰਾਂਸਫਰੀ **ਸ੍ਰੀ ਹਰਦੀਪ ਸਿੰਘ ਸਪੁੱਤਰ ਸ੍ਰੀ ਗੁਰਦੇਵ ਸਿੰਘ** ਦੇ ਨਾਮ ’ਤੇ ਦਰਜ ਹੈ। ਹੁਣ, **ਸ੍ਰੀ ਹਰਦੀਪ ਸਿੰਘ ਸਪੁੱਤਰ ਸ੍ਰੀ ਗੁਰਦੇਵ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 02.05.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਅਮਰਜੀਤ ਸਿੰਘ ਸਪੁੱਤਰ ਸ੍ਰੀ ਸੇਵਾ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਅਮਰਜੀਤ ਸਿੰਘ ਸਪੁੱਤਰ ਸ੍ਰੀ ਸੇਵਾ ਸਿੰਘ** ਨੇ ਵਿਕਰੀ ਡੀਡ ਦੇ ਆਧਾਰ ’ਤੇ ਆਪਣੇ ਨਾਮ ’ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ’ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

**ਜਨਤਕ ਸੂਚਨਾ**

**ਸ੍ਰੀ ਅਸ਼ੋਕ ਕੁਮਾਰ ਸੋਨੀ ਸਪੁੱਤਰ ਸਵ. ਸ੍ਰੀ ਸਵਰਨ ਲਾਲ ਸੋਨੀ, ਵਾਸੀ ਮਕਾਨ ਨੰ. 473, ਸੈਕਟਰ 20-ਏ, ਚੰਡੀਗੜ੍ਹ** ਨੇ ਬੂਥ ਨੰ. 256, ਐਮਐਚਸੀ ਮਨੀਮਾਜਰਾ, **ਚੰਡੀਗੜ੍ਹ** ਦੇ ਸੰਬੰਧ ਵਿਚ ਅਲਾਟਮੈਂਟ ਪੱਤਰ ਦਾ ਦਸਤਾਵੇਜ਼ ਗੁੰਮ ਜਾਣ ਕਾਰਨ ਇਸ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸੰਬੰਧੀ ਮਿਤੀ 05.12.2022 ਨੂੰ ਪੁਲਿਸ ਸਟੇਸ਼ਨ-19, ਜੀਡੀ ਨੰ. 022, ਚੰਡੀਗੜ੍ਹ ਕੋਲ ਪੰਜੀਕ੍ਰਿਤ ਡੀਡੀਆਰ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਦਰਸਾਏ ਸ੍ਰੀ ਅਸ਼ੋਕ ਕੁਮਾਰ ਸੋਨੀ ਸਪੁੱਤਰ ਸਵ. ਸ੍ਰੀ ਸਵਰਨ ਲਾਲ ਸੋਨੀ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸੰਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ ’ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



**ਭਾਰਤੀਯ ਰੇਲ**
**ਪਟਿਆਲਾ ਲੋਕੋਮੋਟਿਵ ਵਰਕਸ**
(ਪੂਰਵ ਵਿਚ ਡੀਜਲ ਰੇਲਇੰਜਨ ਆਧੁਨਿਕਰੀਕਨ ਕਾਰਖਾਨਾ)
ਪਟਿਆਲਾ-147 003
ਫੋਨ : 0175-2396000, 2396001, ਫੈਕਸ : 0175-2306413, 2306370

ਨਿਵਿਦਾ ਮੰਗ ਸੂਚਨਾ ਨੰ. ਪੀ.ਐਲ.ਡਬਲਯੂ./ਡਬਲਯੂ.ਡਬਲਯੂ./ਡਬਲਯੂ.ਏ/ਸੀ.ਐਸ/979/Vol-III ਮਿਤੀ 06.05.2025 ਸਾਡੇ ਨਾਲ ਮਿਲੋ www.ireps.gov.in

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਉਪ ਮੁੱਖ ਯਾਂਤਰਿਕ ਪਟਿਆਲਾ ਲੋਕੋਮੋਟਿਵ ਵਰਕਸ, ਪਟਿਆਲਾ ਦੁਆਰਾ ਹੇਠਾਂ ਲਿਖਤ ਕੰਮਾਂ ਦੇ ਲਈ ਟੈਂਡਰ ਈ-ਨਿਵਿਦਾ ਵੈਬ ਸਾਈਟ www.ireps.gov.in ਤੇ ਮੰਗ ਕਰਦੇ ਹਨ। ਨਿਵਿਦਾਕਰਤਾ ਕੇਵਲ ਤੈਅ ਸਮੇਂ ਅਤੇ ਮਿਤੀ ਤਕ ਆਪਣੇ ਮੂਲ ਦਸਤਾਵੇਜ ਪੇਸ਼ ਕਰ ਸਕਦੇ ਹਨ। ਕੋਈ ਨਿਵਿਦਾ ਮੈਨੂੰਅਲ ਸਵੀਕਾਰ ਨਹੀਂ ਕੀਤਾ ਜਾਏਗੀ। ਐਸੇ ਮੈਨੂੰਅਲ ਪ੍ਰਾਪਤ ਹੋਈ ਨਿਵਿਦਾ ਨਕਾਰ ਦਿਤੀ ਜਾਵੇਗੀ। ਠੇਕੇਦਾਰ ਟੈਂਡਰਾਂ ਦੀ ਕੀਮਤ ਅਤੇ ਬਿਆਨਾ ਰਕਮ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਆਨਲਾਈਨ ਭਰ ਸਕਦੇ ਹਨ। ਮੈਨੂੰਅਲ ਪੇਮੈਂਟ ਜਿਵੇਂ ਕਿ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫ.ਡੀ.ਆਰ. ਦੁਆਰਾ ਸਵੀਕਾਰ ਨਹੀਂ ਹੋਵੇਗੀ।

| ਨਿਵਿਦਾ ਨੰਬਰ ਕੰਮ ਦਾ ਨਾਮ | ਕੰਮ ਦੀ ਅੰਦਾਜਨ ਲਾਗਤ (ਰੁਪੈ ਵਿਚ) | ਜਮਾਨਤ ਰਾਸ਼ੀ (ਰੁਪੈ ਵਿਚ) | ਸਮਾਪਤੀ ਦਾ ਸਮਾਂ | ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮਾਂ | ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ |
|---|---|---|---|---|---|
| ਸੀ.ਈ.ਪੀ.ਐਲ. ਡਬਲਯੂ/ਟੀ-04/ 2025-26/ਪਟਿ, ਮਿ. 06.05.2025 | 2082412/- | 41700/- | 24 ਮਹੀਨੇ | 05.06.2025 at 15:00 hrs. | 05.06.2025 at 15:05 hrs. |
| ਪੀ.ਐਲ.ਡਬਲਯੂ ਪਟਿਆਲਾ ਦੇ ਕਾਲੋਨੀ-2 ਖੇਤਰ ਵਿਚ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਸੰਚਾਲਨ ਅਤੇ ਰਖ-ਰਖਾਅ ਦੇ ਲਈ ਠੇਕਾ (ਦੋ ਸਾਲਾਂ ਦੇ ਲਈ)। (2025-26-27) | | | | | |

ਨੋਟ:-1. ਨਿਵਿਦਾ ਖੋਹਲਣ ਦੇ ਬਾਅਦ ਨਿਵਿਦਾਕਰਤਾ ਤੋਂ ਪ੍ਰਾਪਤ ਪ੍ਰਮਾਣ-ਪੱਤਰਾਂ/ਦਸਤਾਵੇਜਾਂ ਤੇ ਸੰਗਿਆਨ ਨਹੀਂ ਲਿਆ ਜਾਵੇਗਾ। 2. ਐਨਆਈਟੀ ਨੰਬਰ ਟੀ-04 ਦੇ ਲਈ ਯੋਗਤਾ ਮਾਨਦੰਡ ਵੈਬਸਾਈਟ www.ireps.gov.in 'ਤੇ ਦੇਖੇ ਜਾ ਸਕਦੇ ਹਨ। 3. ਬੋਲੀ ਲਗਾਉਣ ਤੋਂ ਪਹਿਲਾਂ ਬੋਲੀਦਾਤਾਵਾਂ ਨੂੰ ਨਿਵਿਦਾ ਦੇ ਅਲਗ ਤੋਂ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨੀ ਚਾਹੀਦੀ। ਨੰ. ਪੀ.ਐਲ.ਡਬਲਯੂ./ਡਬਲਯੂ.ਡਬਲਯੂ./ ਡਬਲਯੂ.ਏ/ਸੀ.ਐਸ/979/Vol-III ਮਿਤੀ: 06.05.2025 1358/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ




**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਅਸ਼ੋਕ ਕੁਮਾਰ ਭਾਟੀਆ ਸਪੁੱਤਰ ਸ੍ਰੀ ਹਕੀਮ ਰਾਏ ਭਾਟੀਆ** ਦੀ ਬੇਵਸੀਅਤੀ ਮੌਤ ’ਤੇ (1) **ਸ੍ਰੀਮਤੀ ਸੀਤਾ ਰਾਣੀ ਭਾਟੀਆ ਸੁਪਤਨੀ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ** (2) **ਸ੍ਰੀ ਆਦਰਸ਼ ਭਾਟੀਆ ਸਪੁੱਤਰ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ ਅਤੇ** (3) **ਸ੍ਰੀ ਰਮਨ ਭਾਟੀਆ ਸਪੁੱਤਰ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ** ਦੇ ਨਾਮ ’ਤੇ **ਸੈਕਟਰ 19-ਸੀ, ਚੰਡੀਗੜ੍ਹ ਵਿਚ ਐਮਆਈਜੀ-2 ਫਲੈਟ ਵਰਗ ਦੇ ਡੀਯੂ ਨੰਬਰ 2114/2** ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 19-ਸੀ, ਚੰਡੀਗੜ੍ਹ ਵਿਚ ਐਮਆਈਜੀ-2 ਫਲੈਟ ਵਰਗ ਦੇ ਡੀਯੂ ਨੰਬਰ 2114/2** ਦੇ ਮਾਲਕ **ਸ੍ਰੀ ਅਸ਼ੋਕ ਕੁਮਾਰ ਭਾਟੀਆ ਸਪੁੱਤਰ ਸ੍ਰੀ ਹਕੀਮ ਰਾਏ ਭਾਟੀਆ** ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ **ਚੰਡੀਗੜ੍ਹ** ਵਿਖੇ 16.11.2022 ਨੂੰ ਮੌਤ ਹੋ ਗਈ ਸੀ। (1) **ਸ੍ਰੀਮਤੀ ਸੀਤਾ ਰਾਣੀ ਭਾਟੀਆ ਸੁਪਤਨੀ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ** (2) **ਸ੍ਰੀ ਆਦਰਸ਼ ਭਾਟੀਆ ਸਪੁੱਤਰ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ ਅਤੇ** (3) **ਸ੍ਰੀ ਰਮਨ ਭਾਟੀਆ ਸਪੁੱਤਰ ਸਵ. ਸ੍ਰੀ ਅਸ਼ੋਕ ਕੁਮਾਰ ਭਾਟੀਆ** ਨੇ **ਸ੍ਰੀ ਅਸ਼ੋਕ ਕੁਮਾਰ ਭਾਟੀਆ ਸਪੁੱਤਰ ਸ੍ਰੀ ਹਕੀਮ ਰਾਏ ਭਾਟੀਆ** ਦੀ ਬੇਵਸੀਅਤੀ ਮੌਤ ਦੇ ਆਧਾਰ ’ਤੇ ਆਪਣੇ ਨਾਮ ’ਤੇ **ਸੈਕਟਰ 19-ਸੀ, ਚੰਡੀਗੜ੍ਹ ਵਿਚ ਐਮਆਈਜੀ-2 ਫਲੈਟ ਵਰਗ ਦੇ ਡੀਯੂ ਨੰਬਰ 2114/2** ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ ਅਤੇ ਉਹ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਮ੍ਰਿਤਕ ਮਾਲਕ ਦੇ ਇਕਲੌਤੇ ਕਾਨੂੰਨੀ ਵਾਰਸ ਹਨ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀਮਤੀ ਸੀਤਾ ਰਾਣੀ ਭਾਟੀਆ (ਸੁਪਤਨੀ)**, (2) **ਸ੍ਰੀ ਆਦਰਸ਼ ਭਾਟੀਆ (ਸਪੁੱਤਰ) ਅਤੇ** (3) **ਸ੍ਰੀ ਰਮਨ ਭਾਟੀਆ (ਸਪੁੱਤਰ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ ’ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ 0172-2511141
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

**ਜਨਤਕ ਸੂਚਨਾ**

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ ’ਤੇ ਰਿਹਾਇਸ਼ੀ ਇਕਾਈ ਦੀ ਉਪਹਾਰ/ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਖਰੀਦਦਾਰ ਦਾ ਨਾਮ | ਵਿਕਰੀਕਾਰ ਦਾ ਨਾਮ | ਡੀਯੂ ਨੰ. | ਵਰਗ | ਸੈਕਟਰ |
|---|---|---|---|---|
| ਸ੍ਰੀ ਸੁੰਦਰ ਸਿੰਘ ਸਪੁੱਤਰ ਸ੍ਰੀ ਪ੍ਰਤਾਪ ਸਿੰਘ | ਸ੍ਰੀਮਤੀ ਸੁਧੀਰਾ ਸ਼ਰਮਾ ਸੁਪਤਨੀ ਸ੍ਰੀ ਅਸ਼ੋਕ ਕੁਮਾਰ | 3356-1 | LIG (U) | 40-ਡੀ ਚੰਡੀਗੜ੍ਹ |
| ਸ੍ਰੀ ਉਮੇਦ ਸਿੰਘ ਸਪੁੱਤਰ ਸ੍ਰੀ ਬਚਨ ਸਿੰਘ | ਸ੍ਰੀਮਤੀ ਵੀਨਾ ਉਰਫ਼ ਵੀਨਾ ਕੁਮਾਰੀ ਸੁਪਤਨੀ ਸ੍ਰੀ ਦਰਸ਼ਨ ਕੁਮਾਰ | 2037-2 | HIG (L)/ CAT-II | 47-ਸੀ ਚੰਡੀਗੜ੍ਹ |
| ਸ੍ਰੀ ਅਰੁਣ ਮੋਹਨ ਸ਼ਰਮਾ ਸਪੁੱਤਰ ਸ੍ਰੀ ਬ੍ਰਿਜ ਮੋਹਨ ਸ਼ਰਮਾ | ਸ੍ਰੀ ਗੋਬਿੰਦ ਰਾਮ ਸਪੁੱਤਰ ਸ੍ਰੀ ਦਾਤਾ ਰਾਮ | 232-2 | LIG | 41-ਏ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਵਿਜੇ ਪਾਲ ਸਿੰਘ ਸਪੁੱਤਰ ਸ੍ਰੀ ਚਰਨਜੀਤ ਸਿੰਘ ਮਰਵਾਹਾ** ਦੇ ਨਾਮ ਤੋਂ **ਸ੍ਰੀਮਤੀ ਪੂਨਮ ਸੁਪਤਨੀ ਸ੍ਰੀ ਸੁਖਵਿੰਦਰ ਸਿੰਘ** ਦੇ ਨਾਮ ’ਤੇ **ਵਿਕਰੀ ਡੀਡ** ਦੇ ਅਧਾਰ ’ਤੇ **ਸੈਕਟਰ 49, ਚੰਡੀਗੜ੍ਹ ਵਿੱਚ ਇਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2840 (ਜ਼ਮੀਨੀ ਤਲ)** ਦੇ ਸੰਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 49, ਚੰਡੀਗੜ੍ਹ ਵਿੱਚ ਇਕ ਬੈਡਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 2840 (ਜ਼ਮੀਨੀ ਤਲ)**, ਅਲਾਟੀ/ਟ੍ਰਾਂਸਫਰੀ **ਸ੍ਰੀ ਵਿਜੇ ਪਾਲ ਸਿੰਘ ਸਪੁੱਤਰ ਸ੍ਰੀ ਚਰਨਜੀਤ ਸਿੰਘ ਮਰਵਾਹਾ** ਦੇ ਨਾਮ ’ਤੇ ਦਰਜ ਹੈ। ਹੁਣ, **ਸ੍ਰੀ ਵਿਜੇ ਪਾਲ ਸਿੰਘ ਸਪੁੱਤਰ ਸ੍ਰੀ ਚਰਨਜੀਤ ਸਿੰਘ ਮਰਵਾਹਾ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 25.03.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀਮਤੀ ਪੂਨਮ ਸੁਪਤਨੀ ਸ੍ਰੀ ਸੁਖਵਿੰਦਰ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀਮਤੀ ਪੂਨਮ ਸੁਪਤਨੀ ਸ੍ਰੀ ਸੁਖਵਿੰਦਰ ਸਿੰਘ** ਨੇ ਵਿਕਰੀ ਡੀਡ ਦੇ ਆਧਾਰ ’ਤੇ ਆਪਣੇ ਨਾਮ ’ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ’ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ,
ਚੰਡੀਗੜ੍ਹ



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ




**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਮਿਸ ਨਲਿਨੀ ਡੋਗਰਾ ਸਪੁੱਤਰੀ ਸਵ. ਸ੍ਰੀ ਰਤਨ ਚੰਦ ਡੋਗਰਾ** ਦੀ ਬੇਵਸੀਅਤੀ ਮੌਤ ’ਤੇ **ਸ੍ਰੀ ਮਹਿੰਦਰ ਪ੍ਰਤਾਪ ਡੋਗਰਾ ਸਪੁੱਤਰ ਸ੍ਰੀ ਸਵ. ਸ੍ਰੀ ਰਤਨ ਚੰਦ ਡੋਗਰਾ** ਦੇ ਨਾਮ ’ਤੇ **ਸੈਕਟਰ 47-ਡੀ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 3162-1** ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 47-ਡੀ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 3162-1** ਦੇ ਮਾਲਕ **ਮਿਸ ਨਲਿਨੀ ਡੋਗਰਾ ਸਪੁੱਤਰੀ ਸਵ. ਸ੍ਰੀ ਰਤਨ ਚੰਦ ਡੋਗਰਾ** ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ ਮੋਹਾਲੀ (ਪੰਜਾਬ) ਵਿਖੇ 07.01.2025 ਨੂੰ ਮੌਤ ਹੋ ਗਈ ਸੀ। **ਸ੍ਰੀ ਮਹਿੰਦਰ ਪ੍ਰਤਾਪ ਡੋਗਰਾ ਸਪੁੱਤਰ ਸ੍ਰੀ ਸਵ. ਸ੍ਰੀ ਰਤਨ ਚੰਦ ਡੋਗਰਾ** ਨੇ **ਮਿਸ ਨਲਿਨੀ ਡੋਗਰਾ ਸਪੁੱਤਰੀ ਸਵ. ਸ੍ਰੀ ਰਤਨ ਚੰਦ ਡੋਗਰਾ** ਦੀ ਬੇਵਸੀਅਤੀ ਮੌਤ ਦੇ ਆਧਾਰ ’ਤੇ ਆਪਣੇ ਨਾਮ ’ਤੇ **ਸੈਕਟਰ 47-ਡੀ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 3162-1** ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ **ਸ੍ਰੀ ਮਹਿੰਦਰ ਪ੍ਰਤਾਪ ਡੋਗਰਾ (ਭਰਾ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ ’ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



**ਉੱਤਰ ਰੇਲਵੇ**

**ਈ-ਨਿਵਿਦਾ**

**ਖੁਲ੍ਹੀ ਨਿਵਿਦਾ ਨੰਬਰ-06-ਅੰਬਾਲਾ/2025-26 ਮਿਤੀ 07.05.2025**

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

| ਨ. ਨ. | ਕੰਮ ਦਾ ਨਾਮ | ਅੰਦਾਜਨ ਲਾਗਤ (Rs.) | ਅਗਾਊਂ ਰਾਸ਼ੀ (Rs.) | ਕੰਮ ਸਮਾਪਤੀ ਦਾ ਸਮਾਂ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | ਗੁਰਨੇ ਰੇਲਵੇ ਸਟੇਸ਼ਨ ਤੇ ਦੂਜੇ ਲੂਪ ਦੇ ਪ੍ਰਾਵਧਾਨ ਦੇ ਸਬੰਧ ਵਿਚ ਪੀ.ਵੇ. ਕੰਮ। | 53,61,143 | 1,07,200 | 04 ਮਹੀਨੇ | 30.05.2025 |
| 2 | ਏਡੀਈਐਨ/ਆਰਪੀਜੇ ਅਨੁਭਾਗ ਵਿਚ ਸੀਵਰੇਜ/ਜਲ ਨਿਕਾਸੀ ਪ੍ਰਣਾਲੀ (ਜੀਵੀਜੀ, ਕੇਐਨਐਨ, ਆਰਪੀਜੇ, ਐਸਐਮਯੂ ਅਤੇ ਹੋਰ ਰੇਲਵੇ ਕਲੋਨੀਆਂ) ਦੀ ਮੁਰੰਮਤ, ਪੁਲ ਜਲਮਾਰਗ ਦੀ ਸਫਾਈ (ਬ੍ਰ. ਨੰ. 313, 325, 361-ਏ, 344, 331 ਅਤੇ ਯੂਐਮਬੀ-ਐਲਡੀਐਚ ਸੈਕਸ਼ਨ ਤੇ ਹੋਰ ਪੁਲ)। | 41,44,467 | 82,900 | 06 ਮਹੀਨੇ | 30.05.2025 |
| 3 | ਰੇਲਵੇ ਜਮੀਨ ਉਪਯੋਗ ਦੀ ਜੀਆਈਐਸ ਮੈਪਿੰਗ ਜੀਪੀਐਸ ਆਧਾਰਿਤ ਡਿਵਾਈਸ ਦਾ ਉਪਯੋਗ ਕਰਕੇ ਆਈਆਰ ਜਿਓ ਪੋਰਟਲ ਦੇ ਲਈ ਵਿਸਤ੍ਰਿਤ ਮੈਪਿੰਗ ਅਤੇ ਅੰਬਾਲਾ ਡਵੀਜਨ ਵਿਚ ਜੀਆਈਐਸ ਡੇਟਾ ਤਿਆਰ ਕਰਨ ਅਤੇ ਸ਼ੇਪ ਫਾਈਲ ਫਾਰਮੈਟ ਵਿਚ ਆਊਟਪੁਟ ਦੇ ਲਈ ਇਨਪੁਟ ਫਾਰਮ ਦਾ ਵਿਕਾਸ। | 28,32,804 | 56,700 | 03 ਮਹੀਨੇ | 30.05.2025 |
| 4 | ਸੀਨੀਅਰ ਡੀਈਐਨ-II- ਯੂਐਮਬੀ ਦੇ ਤਹਿਤ ਬੀਟੀਆਈ-ਐਸਜੀਐਨਆਰ ਸੈਕਸ਼ਨ ਤੇ ਪੁਲ ਨੰਬਰ 57ਬੀ (1x12.20 ਮੀਟਰ), 57ਏ (4x12.20 ਮੀਟਰ) ਅਤੇ ਡੀਯੂਆਈ-ਬੀਟੀਆਈ ਤੇ ਪੁਲ ਨੰਬਰ 172 (2x12.19 ਮੀਟਰ) ਦੇ ਸਪੈਨ 9.14 ਅਤੇ 12.20 ਮੀਟਰ ਦੇ ਵਿਚ ਪੁਲਾਂ ਦੇ ਉਪ-ਸੰਰਚਨਾ ਨੂੰ ਮਜਬੂਤ ਕਰਨਾ ਅਤੇ ਪੀਐਸਸੀ ਸਲੈਬ ਦੇ ਨਾਲ ਸਟੀਲ ਗਡੂਸ੍ਰ ਦੀ ਪ੍ਰਤੀਸਥਾਪਨਾ ਦੇ ਨਾਲ-ਨਾਲ ਪੁਲ ਦੇ ਉਪ-ਸੰਰਚਨਾ ਦੀ ਜੈਕੇਟਿੰਗ ਅਤੇ ਸੰਰਚਨਾਤਮਕ ਡ੍ਰਾਇੰਗ ਦੀ ਸਪਲਾਈ। | 2,46,33,625 | 2,73,200 | 12 ਮਹੀਨੇ | 30.05.2025 |
| 5 | ਏਡੀਈਐਨ/ਯੂਐਮਬੀ ਦੇ ਤਹਿਤ ਐਸਐਸਈ/ਡਬਲਯੂ/ਐਮ/ਯੂਐਮਬੀ ਦੇ ਸੇਕਸ਼ਨ ਵਿਚ ਐਮਓਵਾਈ-ਯੂਐਮਬੀ ਸੇਕਸ਼ਨ ਤੇ ਕਿਮੀ 191/16-18 ਤੇ ਬੀਆਰ ਨੰਬਰ 232 ਯੂਪੀ (2x12.20 ਐਮ) ਦੇ ਪੀਐਸਸੀ ਸਲੈਬ ਦੇ ਨਾਲ ਮੌਜੂਦਾ ਸਟੀਲ ਗਡੂਰ ਨੂੰ ਪ੍ਰਤੀਸਥਾਪਿਤ ਕਰਨਾ। | 82,90,530 | 1,65,800 | 09 ਮਹੀਨੇ | 30.05.2025 |
| 6 | ਏਡੀਈਐਨ/ਬੀਟੀਆਈ ਦੇ ਤਹਿਤ ਐਸਐਸਈ/ਪੀ.ਵੇ/ਬੀਐਨਐਨ ਸੇਕਸ਼ਨ ਵਿਚ ਟ੍ਰੈਕ ਦੇ ਦਿਨ-ਪ੍ਰਤੀਦਿਨ ਦੇ ਰਖਰਖਾਅ ਦੇ ਸਬੰਧ ਵਿਚ ਵਖ-ਵਖ ਕੰਮ। | 31,76,105 | 63,500 | 12 ਮਹੀਨੇ | 30.05.2025 |
| 7 | ਏਡੀਈਐਨ/ਬੀਟੀਆਈ ਦੇ ਤਹਿਤ ਐਸਐਸਈ/ਪੀ.ਵੇ/ਬੀਟੀਆਈ ਅਤੇ ਐਸਐਸਈ/ਪੀ.ਵੇ./ ਏਬੀਐਸ ਅਨੁਭਾਗ ਵਿਚ ਟ੍ਰੈਕ ਦੇ ਦਿਨ-ਪ੍ਰਤੀਦਿਨ ਦੇ ਰਖਰਖਾਅ ਦੇ ਸਬੰਧ ਵਿਚ ਵਖ-ਵਖ ਕੰਮ। | 63,52,159 | 1,27,100 | 12 ਮਹੀਨੇ | 30.05.2025 |
| 8 | ਸੀਨੀਅਰ ਡੀਈਐਨ-IV/UMB ਦੇ ਸੈਕਸ਼ਨ ਵਿਚ ਟੀਟੀਆਰ, ਟੀਐਸਆਰ, ਟੀਟੀਆਰ (ਟੀਐਸਆਰ) ਅਤੇ ਹੋਰ ਟ੍ਰੈਕ ਕੰਮ, ਰਾਜਪੁਰਾ-ਧੂਰੀ - ਲੇਹਰਾ ਮੁਹਬਬਤ - ਟੀਆਰਆਰ (ਪੀ) - 82.179 ਟੀਕੇਐਮ ਅਤੇ ਅੰਬਾਲਾ ਡਵੀਜਨ - ਟੀਟੀਆਰ (ਟੀਐਸਆਰ) - 148 ਸੇਟ (1:12 - 118 ਸੇਟ ਅਤੇ 1:8.5 - 30 ਸੇਟ) ਦੇ ਸਵੀਕ੍ਰਿਤ ਕੰਮ। | 73,10,411 | 1,46,200 | 12 ਮਹੀਨੇ | 30.05.2025 |
| 9 | ਸੀਨੀਅਰ ਡੀਈਐਨ/ਆਈ/ਯੂਐਮਬੀ ਅਨੁਭਾਗ ਵਿਚ ਬੀਸੀਐਮ ਦੇ ਨਾਲ 43.850 ਟੀਕੇਐਮ ਦੀ ਡੀਪ ਸਕ੍ਰੀਨਿੰਗ। | 1,40,04,775 | 2,20,000 | 08 ਮਹੀਨੇ | 30.05.2025 |
| 10 | ਯੂਐਮਬੀ-ਕੇਐਲਕੇ ਸੈਕਸ਼ਨ ਤੇ ਡੀਕੇਟੀ-ਐਲਐਲਯੂ ਸਟੇਸ਼ਨ ਦੇ ਵਿਚਕਾਰ ਕਿਮੀ 207/3-5 ਤੇ ਰਾਜ ਸਰਕਾਰ ਵਿਭਾਗ ਦੇ ਲਈ ਰੇਲਵੇ ਟ੍ਰੈਕ/ ਜਮੀਨ ਦੇ ਹੇਠਾਂ ਪਹਿਲਾਂ 1200 ਮਿਮੀ ਐਮ.ਐਸ.ਏ ਅਨਕੇਸਿੰਗ ਪਾਈਪ ਅਤੇ 1400 ਮਿਮੀ ਐਮ.ਐਸ. ਦੂਜੇ ਕੇਸਿੰਗ ਪਾਈਪ ਦੇ ਮਾਧਿਅਮ ਨਾਲ 2 ਨਗ 100 ਮਿਮੀ (40”) ਵਿਆਸ ਦੇ ਡੀਆਈ ਵਾਹਕ ਪਾਈਪ ਦੀ ਜਲ ਨਿਕਾਸੀ/ਸੀਵਰੇਜ ਸਪਲਾਈ ਦਾ ਕੰਮ। | 3,25,96,189 | 3,13,000 | 06 ਮਹੀਨੇ | 30.05.2025 |

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੈਂਟ ਨੈਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ। 1353/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ




# ਤੁਹਾਡੇ ਪੈਰਾਂ ਦੀਆਂ ਤਲ਼ੀਆਂ 'ਤੇ ਵੀ ਹੁੰਦੀ ਹੈ ਜਲਣ, ਅਪਣਾਓ ਇਹ ਨੁਸਖ਼ਾ, ਮਿਲੇਗੀ ਰਾਹਤ



ਗਰਮੀਆਂ 'ਚ ਪੈਰਾਂ ਦੇ ਤਲ਼ਿਆਂ ਵਿੱਚ ਜਲਣ ਸਮੱਸਿਆ ਵੱਧ ਜਾਂਦੀ ਹੈ। ਇਹ ਸਮੱਸਿਆ ਬਜ਼ੁਰਗਾਂ ਜਾਂ ਮੱਧ-ਉਮਰ ਦੇ ਲੋਕਾਂ ਵਿੱਚ ਦੇਖੀ ਜਾਂਦੀ ਹੈ ਪਰ ਅੱਜ-ਕੱਲ੍ਹ ਇਹ ਸਮੱਸਿਆ ਨੌਜਵਾਨਾਂ ਵਿੱਚ ਵੀ ਦੇਖੀ ਜਾ ਰਹੀ ਹੈ। ਵਿਟਾਮਿਨ ਬੀ12 ਦੀ ਕਮੀ, ਡਾਇਬੀਟਿਕ ਨਿਊਰੋਪੈਥੀ ਵਰਗੀਆਂ ਸਮੱਸਿਆਵਾਂ ਇਸ ਜਲਣ ਦੇ ਪਿੱਛੇ ਮੁੱਖ ਕਾਰਨ ਹੋ ਸਕਦੀਆਂ ਹਨ।

**ਚੰਦਨ ਪਾਊਡਰ ਦਾ ਪੇਸਟ ;** ਜੇਕਰ ਤੁਹਾਡੇ ਤਲੇ ਗਰਮੀ ਕਾਰਨ ਸੜ ਰਹੇ ਹਨ ਤਾਂ ਚੰਦਨ ਪਾਊਡਰ ਦੀ ਵਰਤੋਂ ਕਰਨਾ ਇੱਕ ਵਧੀਆ ਹੱਲ ਹੋ ਸਕਦਾ ਹੈ। ਇਸ ਦੇ ਲਈ ਥੋੜ੍ਹਾ ਜਿਹਾ ਚੰਦਨ ਪਾਊਡਰ ਲਓ ਅਤੇ ਉਸ ਵਿੱਚ ਗੁਲਾਬ ਜਲ ਜਾਂ ਸਾਦਾ ਪਾਣੀ ਮਿਲਾ ਕੇ ਇੱਕ ਮੁਲਾਇਮ ਪੇਸਟ ਤਿਆਰ ਕਰੋ। ਹੁਣ ਇਸ ਪੇਸਟ ਨੂੰ ਤਲੇ 'ਤੇ ਚੰਗੀ ਤਰ੍ਹਾਂ ਲਗਾਓ ਅਤੇ ਲਗਭਗ 30 ਮਿੰਟ ਲਈ ਛੱਡ ਦਿਓ।

**ਪੈਰਾਂ ਨੂੰ 15 ਮਿੰਟ ਲਈ ਠੰਡੇ ਪਾਣੀ ਵਿੱਚ ਰੱਖੋ ;** ਆਪਣੇ ਪੈਰਾਂ ਨੂੰ ਘੱਟੋ-ਘੱਟ 15 ਮਿੰਟ ਲਈ ਠੰਡੇ ਪਾਣੀ ਵਿੱਚ ਭਿਓਣ ਨਾਲ ਤੁਹਾਨੂੰ ਤੁਰੰਤ ਰਾਹਤ ਮਿਲ ਸਕਦੀ ਹੈ। ਦਰਅਸਲ, ਕਈ ਵਾਰ ਸਰੀਰ ਵਿੱਚ ਪਾਣੀ ਦੀ ਕਮੀ ਜਾਂ ਸਰੀਰ ਦੀ ਜ਼ਿਆਦਾ ਗਰਮੀ ਕਾਰਨ ਪੈਰਾਂ ਦੇ ਤਲੇ ਸੜ ਸਕਦੇ ਹਨ। ਅਜਿਹੀ ਸਥਿਤੀ ਵਿੱਚ ਪੈਰਾਂ ਨੂੰ ਠੰਡੇ ਪਾਣੀ ਵਿੱਚ ਰੱਖਣ ਨਾਲ ਜਲਣ ਤੋਂ ਤੁਰੰਤ ਰਾਹਤ ਮਿਲ ਸਕਦੀ ਹੈ।

**ਨੀਲਗਿਰੀ ਤੇਲ ਨਾਲ ਪੈਰਾਂ ਦੀ ਕਰੋ ਮਾਲਿਸ਼ ;** ਨੀਲਗਿਰੀ ਤੇਲ ਨਾਲ ਪੈਰਾਂ ਦੀ ਮਾਲਿਸ਼ ਪੈਰਾਂ 'ਚ ਜਲਣ ਅਤੇ ਦਰਦ ਤੋਂ ਰਾਹਤ ਪਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਤਰੀਕਾ ਜਲਦੀ ਨਤੀਜੇ ਦਿਖਾਉਂਦਾ ਹੈ। ਨੀਲਗਿਰੀ ਤੇਲ ਠੰਡਾ ਹੁੰਦਾ ਹੈ ਅਤੇ ਇਸ ਵਿੱਚ ਸਾੜ ਵਿਰੋਧੀ ਗੁਣ ਹੁੰਦੇ ਹਨ, ਜੋ ਦਰਦ ਤੋਂ ਤੁਰੰਤ ਰਾਹਤ ਪ੍ਰਦਾਨ ਕਰ ਸਕਦੇ ਹਨ।

**ਪੁਦੀਨੇ ਦਾ ਤੇਲ ਲਗਾਓ ;** ਤਲੀਆਂ ਤੇ ਪੁਦੀਨੇ ਦੇ ਤੇਲ ਦੀ ਵਰਤੋਂ ਕਰਨ ਨਾਲ ਤੁਹਾਨੂੰ ਬਹੁਤ ਰਾਹਤ ਮਿਲ ਸਕਦੀ ਹੈ। ਇਹ ਤਰੀਕਾ ਹਮੇਸ਼ਾ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ ਅਤੇ ਤੁਹਾਨੂੰ ਆਰਾਮਦਾਇਕ ਮਹਿਸੂਸ ਕਰਾਉਂਦਾ ਹੈ। ਪੁਦੀਨੇ ਦਾ ਤੇਲ ਠੰਡਾ ਹੁੰਦਾ ਹੈ, ਜੋ ਨਸਾਂ ਨੂੰ ਆਰਾਮ ਦਿੰਦਾ ਹੈ ਅਤੇ ਜਲਣ ਦੀ ਭਾਵਨਾ ਨੂੰ ਘਟਾਉਂਦਾ ਹੈ। ਇਸ ਤੋਂ ਇਲਾਵਾ ਇਹ ਤੁਹਾਨੂੰ ਜਲਦੀ ਸੌਣ ਵਿੱਚ ਵੀ ਮਦਦ ਕਰ ਸਕਦਾ ਹੈ।

**ਐਪਲ ਸਾਈਡਰ ਸਿਰਕਾ ;** ਕੋਸੇ ਪਾਣੀ ਵਿੱਚ ਐਪਲ ਸਾਈਡਰ ਸਿਰਕਾ ਮਿਲਾ ਕੇ ਪੈਰਾਂ ਨੂੰ ਇਸ ਵਿੱਚ ਭਿਉਂ ਕੇ ਲਗਾਉਣ ਨਾਲ ਪੈਰਾਂ ਵਿੱਚ ਜਲਣ ਦੀ ਭਾਵਨਾ ਤੋਂ ਰਾਹਤ ਮਿਲਦੀ ਹੈ। ਇਹ ਪ੍ਰਕਿਰਿਆ ਪਹਿਲਾਂ ਤੁਹਾਡੇ ਤਲੀਆਂ ਦੇ ਚਮੜੀ ਦੇ ਛੇਦ ਖੋਲ੍ਹਦੀ ਹੈ, ਫਿਰ ਦਰਦ ਅਤੇ ਸੋਜ ਤੋਂ ਰਾਹਤ ਦਿੰਦੀ ਹੈ।

# ਪੇਤਰਾ ਕਵਿਤੋਵਾ ਨੇ ਇਟਾਲੀਅਨ ਓਪਨ ਵਿੱਚ ਪਹਿਲੀ ਜਿੱਤ ਕੀਤੀ ਦਰਜ

ਰੋਮ, 7 ਮਈ (ਚ.ਨ.ਸ.) : ਦੋ ਵਾਰ ਦੀ ਵਿੰਬਲਡਨ ਚੈਂਪੀਅਨ ਅਤੇ ਚੈੱਕ ਗਣਰਾਜ ਦੀ ਟੈਨਿਸ ਖਿਡਾਰਨ ਪੇਤਰਾ ਕਵਿਤੋਵਾ ਨੇ ਆਪਣੇ ਪਹਿਲੇ ਬੱਚੇ ਦੇ ਜਨਮ ਤੋਂ ਬਾਅਦ ਇਟਾਲੀਅਨ ਓਪਨ ਵਿੱਚ ਆਪਣੀ ਪਹਿਲੀ ਜਿੱਤ ਦਰਜ ਕੀਤੀ ਹੈ। ਰੋਮ ਵਿੱਚ ਇਟਾਲੀਅਨ ਓਪਨ ਦੇ ਪਹਿਲੇ ਦੌਰ ਵਿੱਚ ਚੈੱਕ ਗਣਰਾਜ ਦੀ ਖਿਡਾਰਨ ਕਵਿਤੋਵਾ ਨੇ ਰੋਮਾਨੀਆ ਦੀ ਇਰੀਨਾ-ਕੈਮੀਲੀਆ ਬੇਗੂ ਨੂੰ ਸਿੱਧੇ ਸੈੱਟਾਂ ਵਿੱਚ 7-5, 6-1 ਨਾਲ ਹਰਾਇਆ।



ਪੇਤਰਾ ਕਵਿਤੋਵਾ ਨੇ ਮੈਚ ਤੋਂ ਬਾਅਦ ਮਹਿਲਾ ਟੈਨਿਸ ਐਸੋਸੀਏਸ਼ਨ (→"1) ਨੂੰ ਦੱਸਿਆ, ਮੈਨੂੰ 95 ਪ੍ਰਤੀਸ਼ਤ ਯਕੀਨ ਸੀ ਕਿ ਮੈਂ ਕਦੇ ਵੀ ਕੋਰਟ ਤੇ ਵਾਪਸ ਨਹੀਂ ਆਵਾਂਗੀ। ਉਸ ਸਮੇਂ, ਮੈਂ ਟੈਨਿਸ ਤੋਂ ਬੋਰ ਹੋ ਗਈ ਸੀ। ਮੈਂ ਸੋਚ ਰਹੀ ਸੀ, ਮੈਂ ਹੁਣ ਹੋਰ ਨਹੀਂ ਖੇਡ ਸਕਦੀ ਇਸ ਲਈ ਅਸੀਂ ਬੱਚੇ ਲਈ ਕੋਸ਼ਿਸ਼ ਕਰਨ ਦਾ ਫੈਸਲਾ ਕੀਤਾ। ਕਵਿਤੋਵਾ ਟੂਰਨਾਮੈਂਟ ਦੇ ਦੂਜੇ ਦੌਰ ਵਿੱਚ ਦੁਨੀਆ ਦੀ 36ਵੀਂ ਨੰਬਰ ਦੀ ਖਿਡਾਰਨ ਟਿਊਨੀਸ਼ੀਆ ਦੀ ਓਨਸ ਜਾਬਿਊਰ ਨਾਲ ਭਿੜੇਗੀ। ਦੂਜੇ ਮੈਚ ਵਿੱਚ, ਬ੍ਰਿਟੇਨ ਦੀ ਸੋਨੀਆ ਕੈਟਰਲ ਨੇ ਦੋ ਘੰਟੇ 10 ਮਿੰਟ ਤੱਕ ਚੱਲੇ ਇੱਕ ਅੱਧ ਮੁਕਾਬਲੇ ਵਿੱਚ ਆਸਟ੍ਰੇਲੀਆਈ ਖਿਡਾਰਨ ਕਿੰਬਰਲੀ ਬਿਰੇਲ ਨੂੰ 4-6, 6-3, 6-4 ਨਾਲ ਹਰਾਇਆ।

# ਭਾਰਤ ਦਾ ਅੱਤਵਾਦੀ ਢਾਂਚੇ 'ਤੇ ਹਮਲਾ ਕਰਨਾ ਜਾਇਜ਼ : ਰਿਸ਼ੀ ਸੁਨਕ

ਲੰਡਨ, 7 ਮਈ (ਚ.ਨ.ਸ.) : ਭਾਰਤ ਨੂੰ ਸਮਰਥਨ ਦਿੰਦੇ ਹੋਏ ਯੂ.ਕੇ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਸਰਹੱਦ ਪਾਰ ਅੱਤਵਾਦ ਵਿਰੁੱਧ ਨਵੀਂ ਦਿੱਲੀ ਦੀ ਕਾਰਵਾਈ ਦਾ ਜ਼ੋਰਦਾਰ ਸਮਰਥਨ ਕੀਤਾ ਅਤੇ ਕਿਹਾ ਕਿ ਭਾਰਤ ਦਾ ਅੱਤਵਾਦੀ ਢਾਂਚੇ ਤੇ ਹਮਲਾ ਕਰਨਾ ਜਾਇਜ਼ ਹੈ। ਐਕਸ ਤੇ ਇੱਕ ਪੋਸਟ ਸਾਂਝੀ ਕਰਦੇ ਹੋਏ ਸੁਨਕ ਨੇ ਕਿਹਾ, ਕਿਸੇ ਵੀ ਦੇਸ਼ ਨੂੰ ਕਿਸੇ ਹੋਰ ਦੇਸ਼ ਦੁਆਰਾ ਨਿਯੰਤਰਿਤ ਜ਼ਮੀਨ ਤੋਂ ਆਪਣੇ ਵਿਰੁੱਧ ਕੀਤੇ ਜਾ ਰਹੇ ਅੱਤਵਾਦੀ ਹਮਲਿਆਂ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ। ਭਾਰਤ ਦਾ ਅੱਤਵਾਦੀ ਢਾਂਚੇ ਤੇ ਹਮਲਾ ਕਰਨਾ ਜਾਇਜ਼ ਹੈ। ਅੱਤਵਾਦੀਆਂ ਨੂੰ ਕੋਈ ਛੋਟ ਨਹੀਂ ਦਿੱਤੀ ਜਾ ਸਕਦੀ। ਇਸ ਦੌਰਾਨ ਯੂ.ਕੇ ਦੇ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਭਾਰਤ ਅਤੇ ਪਾਕਿਸਤਾਨ ਨੂੰ ਅਪੀਲ ਕੀਤੀ ਕਿ ਉਹ ਸੰਜਮ ਦਿਖਾਉਣ ਅਤੇ 22 ਅਪ੍ਰੈਲ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ ਵਿੱਚ ਪਾਕਿਸਤਾਨ ਅਤੇ ਪੀ.ਓ.ਜੇਕੇ ਵਿੱਚ ਅੱਤਵਾਦੀ ਢਾਂਚੇ ਨੂੰ ਤਬਾਹ ਕਰਨ ਲਈ ਇੱਕ ਨਿਸ਼ਾਨਾਬੱਧ ਹੜਤਾਲ ਮਿਸ਼ਨ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਸਿੱਧੀ ਗੱਲਬਾਤ ਵਿੱਚ ਸ਼ਾਮਲ ਹੋਣ। ਯੂ.ਕੇ ਦੇ ਵਿਦੇਸ਼ ਸਕੱਤਰ ਨੇ ਅੱਗੇ ਕਿਹਾ ਕਿ ਦੋਵਾਂ ਧਿਰਾਂ ਨੂੰ ਖੇਤਰੀ ਸਥਿਰਤਾ ਨੂੰ ਬਹਾਲ ਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ।ਲੈਮੀ ਨੇ ਕਿਹਾ,ਭਾਰਤ ਅਤੇ ਪਾਕਿਸਤਾਨ ਵਿਚਕਾਰ ਮੌਜੂਦਾ ਤਣਾਅ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਯੂ.ਕੇ ਸਰਕਾਰ ਭਾਰਤ ਅਤੇ ਪਾਕਿਸਤਾਨ ਨੂੰ ਸੰਜਮ ਦਿਖਾਉਣ ਅਤੇ ਅੱਗੇ ਵਧਣ ਲਈ ਇੱਕ ਤੇਜ਼, ਕੂਟਨੀਤਕ ਰਸਤਾ ਲੱਭਣ ਲਈ ਸਿੱਧੀ ਗੱਲਬਾਤ ਵਿੱਚ ਸ਼ਾਮਲ ਹੋਣ ਦੀ ਅਪੀਲ ਕਰ ਰਹੀ ਹੈ। ਲੈਮੀ ਨੇ ਅੱਗੇ ਕਿਹਾ,ਯੂ.ਕੇ ਦੇ ਦੋਵਾਂ ਦੇਸ਼ਾਂ ਨਾਲ ਡੂੰਘੇ ਅਤੇ ਵਿਲੱਖਣ ਸਬੰਧ ਹਨ। ਸਾਨੂੰ ਸਾਰੇ ਪੱਖਾਂ ਨੂੰ ਖੇਤਰੀ ਸਥਿਰਤਾ ਨੂੰ ਬਹਾਲ ਕਰਨ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਕੰਮ ਕਰਨ ਦੀ ਲੋੜ ਹੈ। ਲੈਮੀ ਨੇ ਅੱਗੇ ਕਿਹਾ ਕਿ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਸਥਿਤੀ ਦਾ ਮੁਲਾਂਕਣ ਕਰ ਰਿਹਾ ਹੈ ਅਤੇ ਖੇਤਰ ਵਿੱਚ ਕਿਸੇ ਵੀ ਬ੍ਰਿਟਿਸ਼ ਨਾਗਰਿਕ ਦਾ ਸਮਰਥਨ ਕਰਨ ਲਈ ਤਿਆਰ ਹੈ।



# ਤਾਈਪੇ ਓਪਨ: ਸ਼੍ਰੀਕਾਂਤ, ਆਯੂਸ਼, ਮਾਨੇਪੱਲੀ, ਉਨਤੀ ਹੁੱ ਦੂਜੇ ਦੌਰ ਵਿੱਚ

ਤਾਈਪੇ, 7 ਮਈ (ਚ.ਨ.ਸ.) : ਸਟਾਰ ਭਾਰਤੀ ਸ਼ਟਲਰ ਕਿਦਾਂਬੀ ਸ਼੍ਰੀਕਾਂਤ ਨੇ ਬੁੱਧਵਾਰ ਨੂੰ ਇੱਥੇ ਤਾਈਪੇ ਓਪਨ ਸੁਪਰ 300 ਬੈਡਮਿੰਟਨ ਟੂਰਨਾਮੈਂਟ ਵਿੱਚ ਆਪਣੀ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ, ਜਿਸ ਵਿੱਚ ਸਿੱਧੇ ਗੇਮ ਵਿੱਚ ਜਿੱਤ ਦਰਜ ਕਰਕੇ ਕਈ ਹੋਰ ਨੌਜਵਾਨ ਖਿਡਾਰੀਆਂ ਦੇ ਨਾਲ ਦੂਜੇ ਦੌਰ ਵਿੱਚ ਪ੍ਰਵੇਸ਼ ਕੀਤਾ। ਵਿਸ਼ਵ ਵਿੱਚ 61ਵੇਂ ਸਥਾਨ ਤੇ ਕਾਬਜ਼ ਸ਼੍ਰੀਕਾਂਤ ਨੇ ਹਮਵਤਨ ਸ਼ੰਕਰ ਸੁਬਰਾਮਨੀਅਮ (2022 ਵਿਸ਼ਵ ਜੂਨੀਅਰ ਚੈਂਪੀਅਨਸ਼ਿਪ ਦੇ ਚਾਂਦੀ ਦਾ ਤਗਮਾ ਜੇਤੂ) ਨੂੰ 21-16, 21-15 ਨਾਲ ਹਰਾ ਕੇ ਦੂਜੇ ਦੌਰ ਵਿੱਚ ਪ੍ਰਵੇਸ਼ ਕੀਤਾ ਅਤੇ ਹੁਣ ਉਸਦਾ ਸਾਹਮਣਾ ਇੱਕ ਹੋਰ ਭਾਰਤੀ ਆਯੁਸ਼ ਸ਼ੈੱਟੀ ਨਾਲ ਹੋਵੇਗਾ। ਓਰਲੀਨਜ਼ ਮਾਸਟਰਜ਼ ਦੇ ਸੈਮੀਫਾਈਨਲ ਵਿੱਚ ਪਹੁੰਚਦੇ ਹੋਏ, ਆਯੂਸ਼ ਨੇ 50 ਮਿੰਟਾਂ ਵਿੱਚ ਚੀਨੀ ਤਾਈਪੇ ਦੇ ਤੀਜੇ ਦਰਜੇ ਦੇ ਲੀ ਚੀਆ ਹਾਓ ਨੂੰ 21-17, 21-18 ਨਾਲ ਹਰਾਇਆ। ਇਸ ਦੌਰਾਨ, 2023 ਰਾਸ਼ਟਰੀ ਖੇਡਾਂ ਦੇ ਸੋਨ ਤਗਮਾ ਜੇਤੂ ਥਰੁਨ ਮਾਨੇਪੱਲੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜਾਪਾਨ ਦੇ ਸ਼ੋਗੋ ਓਗਾ ਨੂੰ 70 ਮਿੰਟਾਂ ਵਿੱਚ 21-17, 19-21, 21-12 ਨਾਲ ਹਰਾਇਆ ਅਤੇ ਹੁਣ ਉਸਦਾ ਸਾਹਮਣਾ ਇੰਡੋਨੇਸ਼ੀਆ ਦੇ ਮੁਹੰਮਦ ਜ਼ਕੀ ਉਬੈਦਿੱਲਾਹ ਨਾਲ ਹੋਵੇਗਾ। ਹਾਲਾਂਕਿ ਮੇਰਬ ਲੁਵਾਂਗ ਮੇਸਨਮ ਕੈਨੇਡਾ ਦੇ ਬ੍ਰਾਇਨ ਯਾਂਗ ਤੋਂ 21-23, 12-21 ਨਾਲ ਹਾਰ ਗਏ। ਮਹਿਲਾ ਸਿੰਗਲਜ਼ ਵਿੱਚ, ਉੱਨਤੀ ਹੁੱਡਾ ਨੇ ਹਮਵਤਨ ਅਨੁਪਮਾ ਉਪਾਧਿਆਏ ਨੂੰ 21-13, 21-17 ਨਾਲ ਹਰਾ ਕੇ ਦੂਜੇ ਦੌਰ ਵਿੱਚ ਪ੍ਰਵੇਸ਼ ਕੀਤਾ ਜਿੱਥੇ ਉਸਦਾ ਸਾਹਮਣਾ ਤਾਈਪੇ ਦੀ ਲਿਨ ਸ਼ਿਹ ਯੂਨ ਨਾਲ ਹੋਵੇਗਾ। ਹਾਲਾਂਕਿ, ਆਕਰਸ਼ੀ ਕਸ਼ਯਪ ਇੱਕ ਪਾਸੜ ਮੈਚ ਵਿੱਚ ਤਾਈਪੇ ਦੇ ਹੰਗ ਯੀ ਟਿੰਗ ਤੋਂ 9-21, 12-21 ਨਾਲ ਹਾਰ ਗਈ।



# ਭਾਰਤੀ ਮਹਿਲਾ ਟੀਮ ਨੇ ਦੱਖਣੀ ਅਫਰੀਕਾ ਨੂੰ 23 ਦੌੜਾਂ ਨਾਲ ਹਰਾ ਕੇ ਫਾਈਨਲ 'ਚ ਕੀਤਾ ਪ੍ਰਵੇਸ਼

ਕੋਲੰਬੋ, 7 ਮਈ (ਚ.ਨ.ਸ.) : ਜੇਮੀਮਾ ਰੌਡਰਿਗਜ਼ ਦੇ ਕਰੀਅਰ ਦੇ ਸਰਵਸ੍ਰੇਸ਼ਠ ਸੈਂਕੜੇ ਦੀ ਬਦੌਲਤ ਭਾਰਤ ਨੇ ਬੁੱਧਵਾਰ ਨੂੰ ਇੱਥੇ ਦੱਖਣੀ ਅਫਰੀਕਾ ਨੂੰ 23 ਦੌੜਾਂ ਨਾਲ ਹਰਾ ਕੇ ਮਹਿਲਾ ਤਿਕੋਣੀ ਵਨਡੇ ਸੀਰੀਜ਼ ਦੇ ਫਾਈਨਲ ਵਿੱਚ ਪ੍ਰਵੇਸ਼ ਕਰ ਲਿਆ। ਚੌਵੀ ਸਾਲਾ ਜੇਮਿਮਾ ਰੌਡਰਿਗਜ਼ ਨੇ 101 ਗੇਂਦਾਂ ਵਿੱਚ 15 ਚੌਕਿਆਂ ਅਤੇ ਇੱਕ ਛੱਕੇ ਦੀ ਮਦਦ ਨਾਲ 123 ਦੌੜਾਂ ਦੀ ਤੇਜ਼ ਪਾਰੀ ਖੇਡੀ। ਇਹ ਉਸਦਾ ਦੂਜਾ ਵਨਡੇ ਸੈਂਕੜਾ ਸੀ ਕਿਉਂਕਿ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਨੌਂ ਵਿਕਟਾਂ ਤੇ 337 ਦੌੜਾਂ ਬਣਾਈਆਂ।ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ (51) ਅਤੇ ਦੀਪਤੀ ਸ਼ਰਮਾ (93) ਨੇ ਅਰਧ ਸੈਂਕੜੇ ਲਗਾਏ। ਦੱਖਣੀ ਅਫਰੀਕਾ 50 ਓਵਰਾਂ ਵਿੱਚ ਸੱਤ ਵਿਕਟਾਂ ਤੇ ਸਿਰਫ਼ 314 ਦੌੜਾਂ ਹੀ ਬਣਾ ਸਕਿਆ, ਜਿਸ ਵਿੱਚ ਐਨੇਰੀ ਡਰਕਸਨ ਨੇ 81 ਅਤੇ ਕਪਤਾਨ ਕਲੋਏ ਟ੍ਰਾਇਓਨ ਨੇ 67 ਦੌੜਾਂ ਦਾ ਯੋਗਦਾਨ ਪਾਇਆ। ਭਾਰਤ ਲਈ ਅਮਨਜੋਤ ਕੌਰ ਤਿੰਨ ਵਿਕਟਾਂ ਲੈ ਕੇ ਸਭ ਤੋਂ ਸਫਲ ਗੇਂਦਬਾਜ਼ ਰਹੀ ਜਦੋਂਕਿ ਦੀਪਤੀ ਸ਼ਰਮਾ ਨੇ ਦੋ ਵਿਕਟਾਂ ਲਈਆਂ।



# 'ਆਪ੍ਰੇਸ਼ਨ ਸਿੰਦੂਰ': ਵਿਦੇਸ਼ੀ ਖਿਡਾਰੀਆਂ 'ਚ ਸਹਿਮ, ਆਈ.ਪੀ.ਐਲ. 'ਤੇ ਕਾਲੇ ਬੱਦਲ ਛਾਏ ?

ਚੰਡੀਗੜ੍ਹ, 7 ਮਈ (ਚ.ਨ.ਸ.) : ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ ਵਿਚ ਨੌਂ ਥਾਵਾਂ 'ਤੇ



ਕੀਤੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਆਈਪੀਐੱਲ ਵਿਚ ਹਿੱਸਾ ਲੈ ਰਹੇ ਵਿਦੇਸ਼ੀ ਖਿਡਾਰੀਆਂ ਵਿਚ ਤਣਾਅ ਫੈਲ ਗਿਆ ਹੈ। ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਹੁਣ ਤੱਕ ਟੂਰਨਾਮੈਂਟ ਸ਼ਡਿਊਲ ਅਨੁਸਾਰ ਹੋਵੇਗਾ। ਹਾਲਾਂਕਿ, ਇਸ ਬਾਰੇ ਇਕ ਅਧਿਕਾਰਤ ਪੁਸ਼ਟੀ ਦਿਨ ਦੇ ਅੰਤ ਵਿੱਚ ਹੋਣ ਦੀ ਸੰਭਾਵਨਾ ਹੈ। ਇੱਕ ਉੱਚ ਪੱਧਰੀ ਸੂਤਰ ਨੇ ਕਿਹਾ, "ਸਾਨੂੰ ਤਿਆਰੀ ਜਾਰੀ ਰੱਖਣ ਲਈ ਕਿਹਾ ਗਿਆ ਹੈ। ਅੱਜ ਕੋਲਕਾਤਾ ਵਿਚ ਅਤੇ ਭਲਕੇ ਧਰਮਸ਼ਾਲਾ ਦੇ ਐੱਚਪੀਸੀਏ ਸਟੇਡੀਅਮ ਵਿਚ ਇੱਕ ਮੈਚ ਖੇਡਿਆ ਜਾਵੇਗਾ। ਦੋਵਾਂ ਥਾਵਾਂ 'ਤੇ ਮੈਚਾਂ ਨੂੰ ਮੁਲਤਵੀ ਕਰਨ ਜਾਂ ਰੱਦ ਕਰਨ ਬਾਰੇ ਅਜੇ ਤੱਕ ਕੋਈ ਅਧਿਕਾਰਤ ਸੂਚਨਾ ਨਹੀਂ ਮਿਲੀ ਹੈ।"ਇਸ ਦੌਰਾਨ ਫ੍ਰੈਂਚਾਇਜ਼ੀ ਇਸ ਸਮੇਂ ਖਿਡਾਰੀਆਂ 'ਤੇ ਨਜ਼ਰ ਰੱਖ ਰਹੀਆਂ ਹਨ, ਖਾਸ ਕਰਕੇ ਵਿਦੇਸ਼ੀ ਖਿਡਾਰੀਆਂ 'ਤੇ ਤਾਂ ਜੋ ਕਿਸੇ ਵੀ ਘਬਰਾਹਟ ਦੀ ਸਥਿਤੀ ਤੋਂ ਬਚਿਆ ਜਾ ਸਕੇ। ਭਾਰਤੀ ਹਵਾਈ ਸੈਨਾ ਵੱਲੋਂ ਪਾਕਿਸਤਾਨ 'ਤੇ ਕੀਤੇ ਗਏ ਅਣਐਲਾਨੇ ਹਵਾਈ ਹਮਲੇ ਨਾਲ ਵਿਦੇਸ਼ੀ ਖਿਡਾਰੀ ਘਬਰਾ ਗਏ ਹਨ। ਸੂਤਰ ਨੇ ਅੱਗੇ ਕਿਹਾ, "ਉਹ ਘਬਰਾ ਗਏ ਹਨ.. ਭਾਰਤੀ ਖਿਡਾਰੀ ਵੀ ਘਬਰਾ ਗਏ ਹਨ। ਸਾਰੀਆਂ ਫ੍ਰੈਂਚਾਇਜ਼ੀ ਦੁਪਹਿਰ ਨੂੰ ਬੀਸੀਸੀਆਈ ਅਤੇ ਆਈਪੀਐੱਲ ਚੇਅਰਮੈਨ ਨਾਲ ਇੱਕ ਸਮੂਹਿਕ ਮੀਟਿੰਗ ਕਰਨਗੀਆਂ ਅਤੇ ਅੱਗੇ ਦੀ ਯੋਜਨਾ ਬਣਾਉਣਗੀਆਂ।

# ਕੈਨੇਡਾ-ਅਮਰੀਕਾ ਸਬੰਧਾਂ 'ਚ ਖਟਾਸ ਤੋਂ ਬਾਅਦ ਦੋਹੇਂ ਪਾਸਿਓਂ ਆਵਾਜਾਈ ਅੱਧੀ ਹੋਈ

ਵੈਨਕੂਵਰ, 7 ਮਈ (ਚ.ਨ.ਸ.): ਕੈਨੇਡਾ ਤੇ ਅਮਰੀਕਾ ਦੇ ਸਬੰਧਾਂ ਵਿਚ ਆਈ ਖਟਾਸ ਨੇ ਜਿੱਥੇ ਮੇਡ ਇੰਨ ਕੈਨੇਡਾ ਦੀ ਸੋਚ ਨੂੰ ਉਭਾਰਿਆ ਹੈ, ਉੱਥੇ ਹੀ ਦੋਹਾਂ ਦੇਸ਼ਾਂ ਦੇ ਵਾਸੀਆਂ ਦੀ ਭਾਈਚਾਰਕ ਸਾਂਝ ਨੂੰ ਵੀ ਪ੍ਰਭਾਵਤ ਕੀਤਾ ਹੈ। ਦੋਹਾਂ ਦੇਸ਼ਾਂ ਦੇ ਆਰ-ਪਾਰ ਦੇ ਲਾਂਘਿਆਂ ਦੇ ਪਿਛਲੇ ਮਹੀਨਿਆਂ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਟੈਕਸ ਕਾਰਨ ਉੱਭਰੀ ਖਟਾਸ ਨੇ ਆਵਾਜਾਈ ਨੂੰ ਅੱਧਾ ਕਰ ਦਿੱਤਾ ਹੈ। ਇਸ ਸਾਲ ਦੇ ਮਾਰਚ ਮਹੀਨੇ 1 ਲੱਖ 21 ਹਜਾਰ ਲੋਕ ਆਰ-ਪਾਰ ਲੰਘੇ, ਜਦੋਂ ਕਿ ਪਿਛਲੇ ਸਾਲ ਇਸੇ ਮਹੀਨੇ ਦਾ ਇਹ ਅੰਕੜਾ 2 ਲੱਖ 16 ਹਜਾਰ ਸੀ।ਇਸੇ ਤਰਾਂ ਅਪਰੈਲ ਮਹੀਨੇ ਆਵਾਜਾਈ ਦਾ ਅੰਕੜਾ ਇਕ ਲੱਖ ਤੋਂ ਘੱਟ ਰਿਹਾ, ਜਦੋਂ ਕਿ ਪਿਛਲੇ ਸਾਲ ਇਹੀ ਅਵਾਜਾਈ ਦੋ ਲੱਖ ਤੋਂ ਵੱਧ ਲੋਕਾਂ ਦੀ ਸੀ। ਸਰੀ ਦੇ ਨਾਲ ਲੱਗਦਾ ਪੀਸ ਆਰਚ ਸਰਹੱਦੀ ਲਾਂਘਾ, ਜਿੱਥੇ ਕੈਨੇਡਾ ਤੇ ਅਮਰੀਕਾ ਵਾਲੇ ਪਾਸੇ 10-12 ਜਾਂਚ ਗੇਟ ਹਨ, ਜਿੰਨ੍ਹਾਂ ਵਿਚੋਂ ਚੋਂ ਲਗਭਗ ਦੋ ਹੀ ਖੁੱਲੇ ਰੱਖੇ ਜਾਂਦੇ ਹਨ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੋਮਵਾਰ ਨੂੰ ਅਮਰੀਕਾ ਦਾਖਲੇ ਵਾਸਤੇ ਸਿਰਫ ਦੋ ਗੇਟ ਖੁੱਲੇ ਹੋਣ ਦੇ ਬਾਵਜੂਦ ਵਾਹਨਾਂ ਦੀ ਉਡੀਕ ਕਤਾਰ ਬਹੁਤੀ ਲੰਮੀ ਨਹੀਂ ਸੀ।ਉਥੇ ਮੌਜੂਦ ਲੋਕਾਂ ਨੇ ਕਿਹਾ ਕਿ ਅਨਿਸ਼ਚਿਤਤਾ ਵਾਲੇ ਹਾਲਾਤ ਵਿਚ ਸਿਰਫ ਜਰੂਰੀ ਕੰਮਾਂ ਲਈ ਹੀ ਆਰ-ਪਾਰ ਜਾਇਆ ਜਾਂਦਾ ਹੈ, ਜਦ ਕਿ ਪਹਿਲਾਂ ਸੈਰ ਸਪਾਟੇ ਲਈ ਇੱਧਰ ਉੱਧਰ ਦੇ ਚੱਕਰ ਲੱਗਦੇ ਸ2। ਸਰੀ ਦੇ ਪ੍ਰਦੁੱਮਣ ਸਿੰਘ ਨੇ ਕਿਹਾ ਕਿ ਉਹ 5 ਮਹੀਨੇ ਬਾਅਦ ਆਪਣੀ ਧੀ ਕੋਲ ਕੈਂਟ ਸਿਟੀ ਜਾ ਰਿਹਾ ਹੈ, ਜਦ ਕਿ ਪਹਿਲਾਂ ਹਰੇਕ ਮਹੀਨੇ ਚੱਕਰ ਲੱਗਦਾ ਸੀ। ਰਿਚਮੰਡ ਦੇ ਚੀਨੀ ਮੂਲ ਦੇ ਲਿਆਂਗ ਨੇ ਦੁਖੀ ਮਨ ਨਾਲ ਦੱਸਿਆ ਕਿ ਹੁਣ ਤਾਂ ਅਮਰੀਕਾ ਜਾਣ ਲੱਗਿਆ ਸੋਚਣਾ ਪੈਂਦਾ ਹੈ ਕਿ ਠੀਕ ਠਾਕ ਵਾਪਸ ਪਹੁੰਚਾਂਗੇ ਕਿ ਨਹੀਂ।



# ਪਤੰਜਲੀ ਯੂਨੀਵਰਸਿਟੀ, ਰਿਸਰਚ ਫਾਊਂਡੇਸ਼ਨ ਅਤੇ ਭਾਰਤੀ ਗਿਆਨ ਪ੍ਰਣਾਲੀ ਵਿਭਾਗ, ਵਿਚਕਾਰ ਸਮਝੌਤਾ ਪੱਤਰ 'ਤੇ ਹਸਤਾਖ਼ਰ



ਹਰਿਦੁਆਰ, 7 ਮਈ (ਚ.ਨ.ਸ.) : ਭਾਰਤ ਦੀ ਪ੍ਰਾਚੀਨ ਸ਼ਾਨਦਾਰ ਗਿਆਨ ਪਰੰਪਰਾ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਮੋਹਰੀ ਖੋਜ ਸੰਸਥਾ ਪਤੰਜਲੀ ਯੂਨੀਵਰਸਿਟੀ ਅਤੇ ਪਤੰਜਲੀ ਰਿਸਰਚ ਫਾਊਂਡੇਸ਼ਨ ਅਤੇ ਭਾਰਤੀ ਗਿਆਨ ਪ੍ਰਣਾਲੀ ਵਿਭਾਗ, ਸਿੱਖਿਆ ਮੰਤਰਾਲੇ, ਭਾਰਤ ਸਰਕਾਰ ਵਿਚਕਾਰ ਆਪਸੀ ਸਹਿਯੋਗ ਅਤੇ ਅਕਾਦਮਿਕ ਤਾਲਮੇਲ ਲਈ ਇੱਕ ਸਮਝੌਤਾ (ਸਮਝੌਤਾ ਪੱਤਰ) ਤੇ ਹਸਤਾਖਰ ਕੀਤੇ ਗਏ। ਇਸ ਸਮਝੌਤੇ ਤੇ ਪਤੰਜਲੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਚਾਰੀਆ ਬਾਲਕ੍ਰਿਸ਼ਨ ਅਤੇ ਭਾਰਤੀ ਗਿਆਨ ਪ੍ਰਣਾਲੀ ਦੀ ਲਾਗੂ ਕਰਨ ਕਮੇਟੀ ਅਤੇ ਕਾਰਜਕਾਰੀ ਕਮੇਟੀ ਦੇ ਚੇਅਰਮੈਨ ਪ੍ਰੋ. ਨੇ ਦਸਤਖਤ ਕੀਤੇ। ਅਨਿਲ ਸਹਸ੍ਰਬੁੱਧੀ ਦੁਆਰਾ ਦਸਤਖਤ ਕੀਤੇ ਗਏ।ਪ੍ਰੋਗਰਾਮ ਵਿੱਚ, ਆਚਾਰੀਆ ਬਾਲਕ੍ਰਿਸ਼ਨ ਨੇ ਕਿਹਾ ਕਿ ਉਕਤ ਐਮਓਯੂ ਰਾਹੀਂ, ਪਤੰਜਲੀ ਯੂਨੀਵਰਸਿਟੀ ਨੂੰ ਆਈਕੇਐਸ ਡਿਵੀਜ਼ਨ ਦੇ ਅਧੀਨ ਵੱਖ-ਵੱਖ ਵਿਸ਼ਿਆਂ ਤੇ ਖੋਜ, ਸਿਖਲਾਈ, ਵਰਕਸ਼ਾਪਾਂ ਅਤੇ ਕਾਨਫਰੰਸਾਂ ਆਦਿ ਦੇ ਆਯੋਜਨ ਲਈ ਆਈਕੇਐਸ ਕੇਂਦਰ ਵਜੋਂ ਮਾਨਤਾ ਦਿੱਤੀ ਜਾ ਸਕਦੀ ਹੈਆਚਾਰੀਆ ਜੀ ਨੇ ਕਿਹਾ ਕਿ ਪਤੰਜਲੀ ਯੂਨੀਵਰਸਿਟੀ ਅਤੇ ਪੀਆਰਐਫਟੀ ਇਸ ਕਾਰਜ ਨੂੰ ਅੰਜਾਮ ਦੇਣ ਲਈ ਆਪਣੇ ਵਿਗਿਆਨਕ ਮਨੁੱਖੀ ਸ਼ਕਤੀ ਦੀ ਵਰਤੋਂ ਕਰਨਗੇ। ਆਈਕੇਐਸ ਡਿਵੀਜ਼ਨ ਪਤੰਜਲੀ ਯੂਨੀਵਰਸਿਟੀ, ਆਈਕੇਐਸ ਸੈਂਟਰ ਨਾਲ ਮਿਲ ਕੇ ਭਾਰਤੀ ਇਤਿਹਾਸ ਨੂੰ ਸਮਰਪਿਤ ਇੱਕ ਅਜਾਇਬ ਘਰ ਸਥਾਪਤ ਕਰਨ ਲਈ ਕੰਮ ਕਰੇਗਾ, ਜਿਸ ਵਿੱਚ ਨਾ ਸਿਰਫ਼ ਪੁਰਾਤੱਤਵ ਕਲਾਕ੍ਰਿਤੀਆਂ ਸ਼ਾਮਲ ਹੋਣਗੀਆਂ, ਸਗੋਂ ਇਤਿਹਾਸਕ ਗਿਆਨ, ਵਿਗਿਆਨਕ ਸਬੂਤ ਅਤੇ ਭਾਰਤੀ ਗਿਆਨ ਪ੍ਰਣਾਲੀ ਦੀ ਵਿਆਪਕ ਪ੍ਰਤੀਨਿਧਤਾ ਵੀ ਸ਼ਾਮਲ ਹੋਵੇਗੀ।ਇਸ ਮੌਕੇ ਪ੍ਰੋ. ਸਹਸ੍ਰਬੁੱਧੀ ਨੇ ਕਿਹਾ ਕਿ ਆਈਕੇਐਸ ਡਿਵੀਜ਼ਨ ਪਤੰਜਲੀ ਯੂਨੀਵਰਸਿਟੀ ਨਾਲ ਵਿਗਿਆਨਕ ਸਬੂਤਾਂ ਦੇ ਆਧਾਰ ਤੇ ਖੋਜ ਵਿੱਚ ਸਹਿਯੋਗ ਕਰੇਗਾ ਤਾਂ ਜੋ ਇਤਿਹਾਸ, ਭਾਰਤੀ ਦਰਸ਼ਨ ਆਦਿ ਦੇ ਅਨੁਸ਼ਾਸਨ ਦੇ ਅੰਦਰ ਭਾਰਤੀ ਗਿਆਨ ਪ੍ਰਣਾਲੀ ਨੂੰ ਅੱਗੇ ਵਧਾਇਆ ਜਾ ਸਕੇ।ਉਨ੍ਹਾਂ ਦੱਸਿਆ ਕਿ ਆਈਕੇਐਸ ਡਿਵੀਜ਼ਨ, ਪਤੰਜਲੀ ਯੂਨੀਵਰਸਿਟੀ ਦੇ ਸਹਿਯੋਗ ਨਾਲ, ਇੱਕ ਇਤਿਹਾਸ-ਕੇਂਦ੍ਰਿਤ ਵਿਗਿਆਨਕ ਪ੍ਰਯੋਗਸ਼ਾਲਾ ਵਿਕਸਤ ਕਰੇਗਾ ਜੋ ਭਾਰਤੀ ਦਰਸ਼ਨ, ਇਤਿਹਾਸ ਅਤੇ ਗਿਆਨ ਪ੍ਰਣਾਲੀਆਂ ਦੇ ਬੁਨਿਆਦੀ ਸਿਧਾਂਤਾਂ ਦੀ ਪੜਚੋਲ ਅਤੇ ਵਿਆਖਿਆ ਕਰਨ ਲਈ ਉੱਨਤ ਤਕਨਾਲੋਜੀ ਦੀ ਵਰਤੋਂ ਕਰੇਗੀ।ਪ੍ਰੋਗਰਾਮ ਵਿੱਚ ਆਈ.ਕੇ.ਐਸ. ਡਿਵੀਜ਼ਨ ਦੇ ਰਾਸ਼ਟਰੀ ਕੋਆਰਡੀਨੇਟਰ ਪ੍ਰੋ. ਸੂਰਿਆਨਾਰਾਇਣ ਮੂਰਤੀ, ਪਤੰਜਲੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਮਯੰਕ ਅਗਰਵਾਲ, ਪਤੰਜਲੀ ਹਰਬਲ ਰਿਸਰਚ ਡਿਵੀਜ਼ਨ ਦੇ ਮੁਖੀ ਡਾ. ਵੇਦਪ੍ਰਿਯਾ ਆਰੀਆ ਅਤੇ ਹੋਰ ਪਤਵੰਤੇ ਮੌਜੂਦ ਸਨ।

# ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀ.ਆਈ.ਐਸ.) ਵੱਲੋਂ ਕੈਥਲ ਵਿਖੇ ਸਮਰੱਥਾ ਨਿਰਮਾਣ ਪ੍ਰੋਗਰਾਮ ਦਾ ਸਫ਼ਲ ਆਯੋਜਨ

ਕੈਥਲ, 7 ਮਈ (ਚ.ਨ.ਸ.) : ਭਾਰਤੀ ਮਿਆਰ ਬਿਊਰੋ ਹਰਿਆਣਾ ਸ਼ਾਖਾ ਦਫ਼ਤਰ ਵੱਲੋਂ ਜ਼ਿਲ੍ਹਾ ਸਕੱਤਰਾਲੇ, ਕੈਥਲ ਵਿੱਚ ਇੱਕ ਰੋਜ਼ਾ ਸਮਰੱਥਾ ਨਿਰਮਾਣ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ—ਖ਼ਾਸ ਕਰਕੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਅਤੇ ਖ਼ੁਰਾਕ ਸੁਰੱਖਿਆ ਵਿਭਾਗ ਨਾਲ ਸਬੰਧਤ ਕਰਮਚਾਰੀਆਂ—ਨੂੰ ਮਿਆਰਾਂ ਅਤੇ ਗੁਣਵੱਤਾ ਦੇ ਮਹੱਤਵ ਬਾਰੇ ਜਾਗਰੂਕ ਕਰਨਾ ਅਤੇ ਲੋਕ-ਭਲਾਈ ਸਕੀਮਾਂ ਵਿੱਚ ਉਨ੍ਹਾਂ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ। ਇਹ ਪ੍ਰੋਗਰਾਮ ਸ਼੍ਰੀਮਤੀ ਪ੍ਰੀਤੀ, ਆਈ.ਏ. ਐਸ., ਡਿਪਟੀ ਕਮਿਸ਼ਨਰ, ਕੈਥਲ ਦੀ ਅਗਵਾਈ ਵਿੱਚ ਸੰਚਾਲਿਤ ਕੀਤਾ ਗਿਆ, ਜਿਨ੍ਹਾਂ ਦੀ ਸਰਗਰਮ ਭੂਮਿਕਾ ਅਤੇ



ਸਹਿਯੋਗ ਕਾਰਨ ਇਹ ਪ੍ਰੋਗਰਾਮ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਮਾਪਤ ਹੋਇਆ। ਸ਼੍ਰੀ ਦੀਪਕ ਬਾਬੂਲਾਲ ਕਰਵਾ, ਆਈ.ਏ. ਐਸ., ਵਧੀਕ ਡਿਪਟੀ ਕਮਿਸ਼ਨਰ, ਕੈਥਲ ਨੇ ਵੀ ਹਾਜ਼ਰੀ ਭਰੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰੀ ਸੇਵਾਵਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਮਿਆਰਾਂ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਯੋਜਨਾਵਾਂ ਦਾ ਲਾਭ ਆਖਰੀ ਵਿਅਕਤੀ ਤੱਕ ਪਹੁੰਚ ਸਕੇ।ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀਮਤੀ ਆਰਤੀ ਚੌਧਰੀ, ਮਿਆਰ ਪ੍ਰਚਾਰ ਅਧਿਕਾਰੀ, ਬੀ.ਆਈ.ਐਸ.ਹਰਿਆਣਾ ਸ਼ਾਖਾ ਦਫ਼ਤਰ ਵੱਲੋਂ ਸਵਾਗਤੀ ਭਾਸ਼ਣ ਅਤੇ ਜਾਣ-ਪਛਾਣ ਪੇਸ਼ਕਾਰੀ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਚਰਚਾ ਦੇ ਮੁੱਖ ਵਿਸ਼ਿਆਂ ਉੱਤੇ ਰੋਸ਼ਨੀ ਪਾਈ।ਤਕਨੀਕੀ ਸੈਸ਼ਨ ਦਾ ਸੰਚਾਲਨ ਸ਼੍ਰੀਮਤੀ ਨਵਿਤਾ ਯਾਦਵ, ਵਿਗਿਆਨੀ-ਈ ਅਤੇ ਡਾਇਰੈਕਟਰ, ਬੀ.ਆਈ.ਐਸ. ਹਰਿਆਣਾ ਸ਼ਾਖਾ ਦਫ਼ਤਰ ਨੇ ਕੀਤਾ। ਪ੍ਰੋਗਰਾਮ ਦੀ ਸਮਾਪਤੀ ਇੱਕ ਇੰਟਰੈਕਟਿਵ ਸਵਾਲ-ਜਵਾਬ ਸੈਸ਼ਨ ਅਤੇ ਧੰਨਵਾਦ ਸਮਾਰੋਹ ਨਾਲ ਹੋਈ।ਬੀ.ਆਈ.ਐਸ. ਨੇ ਆਪਣੀ ਇਸ ਪਹਿਲ ਰਾਹੀਂ ਮਿਆਰਾਂ ਅਤੇ ਗੁਣਵੱਤਾ ਪ੍ਰਤੀ ਜਾਗਰੂਕਤਾ ਦਾ ਮਾਹੌਲ ਸਿਰਜਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਭਵਿੱਖ ਵਿੱਚ ਵੀ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਅਜਿਹੇ ਹੋਰ ਪ੍ਰੋਗਰਾਮ ਆਯੋਜਿਤ ਕਰਨ ਦਾ ਭਰੋਸਾ ਦਿੱਤਾ।

# ਆਈ.ਪੀ.ਐਲ. ਵਿਚਾਲੇ ਰੋਹਿਤ ਸ਼ਰਮਾ ਨੇ ਕਰਤਾ ਸੰਨਿਆਸ ਦਾ ਐਲਾਨ !

ਚੰਡੀਗੜ੍ਹ, 7 ਮਈ (ਚ.ਨ.ਸ.): ਭਾਰਤੀ ਕ੍ਰਿਕਟ ਟੀਮ ਦੇ ਨਿਯਮਤ ਕਪਤਾਨ ਰੋਹਿਤ ਸ਼ਰਮਾ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਇਸ ਨਾਲ ਹੁਣ ਸਭ ਤੋਂ ਲੰਬੇ ਫਾਰਮੈਟ ਵਿੱਚ ਉਨ੍ਹਾਂ ਦੇ ਭਵਿੱਖ ਬਾਰੇ ਅਟਕਲਾਂ ਤੇ ਰੋਕ ਲੱਗ



ਗਈ ਹੈ। ਰੋਹਿਤ ਟੈਸਟ ਫਾਰਮੈਟ ਵਿੱਚ ਭਾਰਤ ਦਾ ਸਭ ਤੋਂ ਸਫਲ ਬੱਲੇਬਾਜ਼ ਹਨ, ਜਿਨ੍ਹਾਂ ਨੇ 67 ਟੈਸਟ ਮੈਚਾਂ ਵਿੱਚ 40.57 ਦੀ ਔਸਤ ਨਾਲ 430 ਦੌੜਾਂ ਬਣਾਈਆਂ ਹਨ, ਜਿਸ ਵਿੱਚ 12 ਸੈਂਕੜੇ ਅਤੇ 18 ਅਰਧ ਸੈਂਕੜੇ ਸ਼ਾਮਲ ਹਨ।

# ਇੰਡੀਆ ਪੋਸਟ ਨੇ ਨਾਲੇਜ ਪੋਸਟ ਸੇਵਾ ਸ਼ੁਰੂ ਕੀਤੀ

ਚੰਡੀਗੜ੍ਹ, 7 ਮਈ (ਚ.ਨ.ਸ.): ਦੇਸ਼ ਭਰ ਵਿੱਚ ਵਿਦਿਅਕ ਸਮੱਗਰੀ ਦੇ ਆਸਾਨ ਅਤੇ ਲਾਗਤ-ਪ੍ਰਭਾਵਸ਼ਾਲੀ ਪ੍ਰਸਾਰ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ, ਇੰਡੀਆ ਪੋਸਟ ਨੇ ਨਾਲੇਜ ਪੋਸਟ ਨਾਮਕ ਇੱਕ ਨਵੀਂ ਸੇਵਾ ਸ਼ੁਰੂ ਕੀਤੀ ਹੈ। ਇਹ ਸੇਵਾ ਵਿਸ਼ੇਸ਼ ਤੌਰ ਤੇ ਬਹੁਤ ਹੀ ਛੋਟ ਵਾਲੀਆਂ ਦਰਾਂ ਤੇ ਵਿਦਿਅਕ, ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਸਮੱਗਰੀ ਭੇਜਣ ਲਈ ਤਿਆਰ ਕੀਤੀ ਗਈ ਹੈ।ਗਿਆਨ ਪੋਸਟ




ਸੇਵਾ ਦੇਸ਼ ਦੇ ਹਰ ਕੋਨੇ ਤੱਕ ਸਿੱਖਿਆ ਅਤੇ ਜਾਣਕਾਰੀ ਦਾ ਪ੍ਰਸਾਰ ਕਰਨ ਵਿੱਚ ਮਦਦ ਕਰਨ ਲਈ ਇੰਡੀਆ ਪੋਸਟ ਦੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਪਹਿਲ ਸਿਖਿਆਰਥੀਆਂ, ਸੰਸਥਾਵਾਂ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਪਹੁੰਚਯੋਗ ਜਾਣਕਾਰੀ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਹ ਸੇਵਾ 1 ਮਈ 2025 ਤੋਂ ਲਾਗੂ ਹੋ ਗਈ ਹੈ ਅਤੇ ਹੁਣ ਚੰਡੀਗੜ੍ਹ ਡਿਵੀਜ਼ਨ ਦੇ ਸਾਰੇ ਡਾਕਘਰਾਂ ਵਿੱਚ ਉਪਲਬਧ ਹੈ। ਇੰਡੀਆ ਪੋਸਟ ਸਾਰੇ ਵਿਦਿਅਕ ਅਦਾਰਿਆਂ, ਸਮਾਜਿਕ ਅਤੇ ਸੱਭਿਆਚਾਰਕ ਸੰਗਠਨਾਂ ਅਤੇ ਆਮ ਲੋਕਾਂ ਨੂੰ ਇਸ ਸਹੂਲਤ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਗਿਆਨ ਦੇ ਪ੍ਰਸਾਰ ਵਿੱਚ ਹਿੱਸਾ ਲੈਣ ਦੀ ਅਪੀਲ ਕਰਦਾ ਹੈ।

# ਬਾਬਾ ਜੈਮਲ ਸਿੰਘ ਭਿੰਡਰ ਦੇ ਅੰਤਿਮ ਸਸਕਾਰ ਮੌਕੇ ਸੰਤ-ਮਹਾਂਪੁਰਸ਼ਾਂ, ਰਾਜਨੀਤਕ ਤੇ ਧਾਰਮਿਕ ਸ਼ਖ਼ਸੀਅਤਾਂ ਨੇ ਕੀਤੇ ਸ਼ਰਧਾ ਦੇ ਫੁੱਲ ਭੇਟ





ਪਟਿਆਲਾ, 7 ਮਈ (ਅਮਰਜੀਤ ਸਿੰਘ) : ਗੁਰਦੁਆਰਾ ਸਤਿਸੰਗ ਭਵਨ, ਨਿਊ ਮੇਹਰ ਸਿੰਘ ਕਲੋਨੀ ਤ੍ਰਿਪੜੀ ਦੇ ਮਹਾਂਪੁਰਸ਼ ਬਾਬਾ ਜੈਮਲ ਸਿੰਘ ਭਿੰਡਰ ਜੋ ਕਿ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਅੱਜ ਤ੍ਰਿਪੜੀ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ। ਇਸ ਮੌਕੇ 'ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ 'ਤੇ ਸੰਤ ਮਹਾਂਪੁਰਸ਼ ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆ ਵਾਲੇ, ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ, ਕਾਂਗਰਸ ਪਾਰਟੀ ਦੀ ਸਮੁੱਚੀ ਲੀਡਰਸ਼ਿਪ, ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਚੜ੍ਹਦੀਕਲਾ ਟਾਈਮ ਟੀ.ਵੀ. ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ, ਸ. ਪ੍ਰਭਜੀਤ ਸਿੰਘ ਚੌਧਰੀ, ਸਤਿਬੀਰ ਸਿੰਘ ਖੱਟੜਾ, ਟ੍ਰੈਫਿਕ ਸਿਟੀ-2 ਦੇ ਇੰਚਾਰਜ ਜਗਵਿੰਦਰ ਸਿੰਘ ਬੁੱਟਰ, ਏ.ਐਸ.ਆਈ. ਪ੍ਰੇਮ ਸਿੰਘ ਤੋਂ ਇਲਾਵਾ ਪਟਿਆਲਾ ਸ਼ਹਿਰ ਦੀਆਂ ਧਾਰਮਿਕ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬਾਨ ਤੋਂ ਇਲਾਵਾ ਵੱਖ-ਵੱਖ ਸ਼ਹਿਰਾਂ ਦੀਆਂ ਸੰਗਤਾਂ ਅਤੇ ਕਲੋਨੀ ਵਾਸੀਆਂ ਨੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਜਾਣਕਾਰੀ ਦਿੰਦਿਆਂ ਸੰਗਤਾਂ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਬਾਬਾ ਜੈਮਲ ਸਿੰਘ ਭਿੰਡਰ ਜੀ ਸੰਗਤਾਂ ਨੂੰ ਗੁਰੂ ਘਰ ਨਾਲ ਜੋੜ ਰਹੇ ਸਨ। ਬਾਬਾ ਜੈਮਲ ਸਿੰਘ ਜੀ ਦੇ ਅੰਤਿਮ ਸਸਕਾਰ ਮੌਕੇ ਪਹੁੰਚੀਆਂ ਸੰਗਤਾਂ ਨੇ ਕਿਹਾ ਕਿ ਅਜਿਹੇ ਮਹਾਂਪੁਰਸ਼ਾਂ ਤੋਂ ਸਾਨੂੰ ਪ੍ਰੇਰਣਾ ਲੈਣੀ ਚਾਹੀਦੀ ਹੈ, ਜੋ ਮਹਾਂਪੁਰਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਕੱਢ ਕੇ ਬਾਣੀ ਨਾਲ ਜੋੜਦੇ ਹਨ ਤੇ ਗੁਰੂ ਦੇ ਸਿਧਾਤਾਂ 'ਤੇ ਪਹਿਰਾ ਦਿੰਦੇ ਹਨ।

# ਪ੍ਰੈਸ ਕਲੱਬ ਫਤਿਹਗੜ੍ਹ ਸਾਹਿਬ ਦੇ ਸਰਬ ਸੰਮਤੀ ਨਾਲ ਜਗਦੇਵ ਸਿੰਘ ਪ੍ਰਧਾਨ ਤੇ ਗੁਰਮਿੰਦਰ ਗਰੇਵਾਲ ਬਣੇ ਜਨਰਲ ਸਕੱਤਰ



ਫਤਿਹਗੜ੍ਹ ਸਾਹਿਬ, 7 ਮਈ (ਹਰਪ੍ਰੀਤ ਕੌਰ ਟਿਵਾਣਾ): ਜ਼ਿਲਾ ਫਤਿਹਗੜ੍ਹ ਸਾਹਿਬ ਦੇ ਸੀਨੀਅਰ ਪੱਤਰਕਾਰਾਂ ਵੱਲੋਂ ਪੱਤਰਕਾਰਾਂ ਦੀ ਭਲਾਈ ਅਤੇ ਬਿਹਤਰੀ ਲਈ ਬਣਾਏ ਗਏ ਪ੍ਰੈਸ ਕਲੱਬ ਫਤਿਹਗੜ੍ਹ ਸਾਹਿਬ ਦੀ ਇੱਕ ਅਹਿਮ ਮੀਟਿੰਗ ਅੱਜ ਗੁਰਦੁਆਰਾ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਸੁਰਜੀਤ ਸਿੰਘ ਸ਼ਾਹੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪੁਰਾਣੇ ਅਹੁਦੇਦਾਰਾਂ ਦੀ ਕਮੇਟੀ ਨੂੰ ਭੰਗ ਕਰਦੇ ਹੋਏ ਸਰਬ ਸੰਮਤੀ ਦੇ ਨਾਲ ਐਡਹਾਕ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਜਗਦੇਵ ਸਿੰਘ ਨੂੰ ਸਰਬਸੰਮਤੀ ਦੇ ਨਾਲ ਕਮੇਟੀ ਦਾ ਪ੍ਰੈਸ ਕਲੱਬ ਫਤਿਹਗੜ੍ਹ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸਦੇ ਨਾਲ ਕਮੇਟੀ ਦੇ ਤਿੰਨ ਸਰਪ੍ਰਸਤ ਜਿਨਾਂ ਵਿੱਚ ਸੁਰਜੀਤ ਸਿੰਘ ਸ਼ਾਹੀ, ਗੁਰਕਿਰਪਾਲ ਸਿੰਘ ਅਸ਼ਕ ਅਤੇ ਸੁਰਿੰਦਰ ਭਾਰਦਵਾਜ ਦੇ ਨਾਮ ਸ਼ਾਮਿਲ ਹਨ। ਜਨਰਲ ਸਕੱਤਰ ਦੀ ਜਿੰਮੇਦਾਰੀ ਗੁਰਮਿੰਦਰ ਸਿੰਘ ਗਰੇਵਾਲ ਕੈਸ਼ੀਅਰ ਰਾਜੇਸ਼ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਰਾਜੀਵ ਸੂਦ, ਮੀਤ ਪ੍ਰਧਾਨ ਨਵਨੀਤ ਛਿਬਰ, ਜੁਆਇੰਟ ਸਕੱਤਰ, ਬ੍ਰਿਜ ਭੂਸ਼ਨ ਗਰਗ, ਸਕੱਤਰ ਰਵਿੰਦਰ ਕੌਰ ਅਤੇ ਪ੍ਰੈਸ ਸਕੱਤਰ ਦੀ ਜਿੰਮੇਵਾਰੀ ਲਖਵੀਰ ਸਿੰਘ ਲੱਕੀ ਨੂੰ ਸੌਂਪੀ ਗਈ।ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਆਉਣ ਵਾਲੇ ਸਮੇਂ ਦੇ ਵਿੱਚ ਪੱਤਰਕਾਰਾਂ ਦੀ ਭਲਾਈ ਵਾਸਤੇ ਸੈਮੀਨਾਰ ਲਗਾਏ ਜਾਣਗੇ ਅਤੇ ਹੋਰ ਸਮਾਜ ਭਲਾਈ ਦੇ ਕੰਮ ਵੀ ਕੀਤੇ ਜਾਣਗੇ। ਇਸ ਮੌਕੇ ਤੇ ਨਵੇਂ ਬਣੇ ਪ੍ਰਧਾਨ ਜਗਦੇਵ ਸਿੰਘ ਅਤੇ ਜਰਨਲ ਸਕੱਤਰ ਗੁਰਮਿੰਦਰ ਸਿੰਘ ਗਰੇਵਾਲ ਨੇ ਸਮੁੱਚੇ ਕਲੱਬ ਮੈਂਬਰਾਂ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੁੱਚੀ ਟੀਮ ਨਾਲ ਰਲ ਕੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਕਰਵਾਉਣ ਵਿੱਚ ਆਪਣਾ ਅਹਿਮ ਯੋਗਦਾਨ ਅਦਾ ਕਰਨਗੇ। ਇਸ ਮੀਟਿੰਗ ਵਿੱਚ ਸੀਨੀਅਰ ਪੱਤਰਕਾਰ ਬਲਜਿੰਦਰ ਸਿੰਘ, ਹਰਪ੍ਰੀਤ ਸਿੰਘ ਗਿੱਲ, ਸਵਰਨਜੀਤ ਸਿੰਘ ਅਸ਼ਕ, ਗੁਰਿੰਦਰਜੀਤ ਸਿੰਘ ਪੀਰਜੈਨ,ਪਵਨ ਲਾਂਬਾ,ਰਾਮਚੇਤ ਗੌੜ, ਮੁਖਤਿਆਰ ਸਿੰਘ, ਕੁਲਦੀਪ ਸਿੰਘ ਸ਼ੁਤਰਾਣਾ, ਜੋਗਿੰਦਰ ਪਾਲ, ਹਰਜਿੰਦਰ ਧੀਮਾਨ, ਜਸਵੰਤ ਸਿੰਘ ਗੋਲਡ ਸਮੇਤ ਕਲੱਬ ਦੇ ਮੈਂਬਰ ਮੌਜੂਦ ਸਨ।

## ਜਨਮ ਦਿਨ ਮੁਬਾਰਕ



ਊਧਮ ਸਿੰਘ



ਭੁਪਿੰਦਰ ਪਾਲ ਸਿੰਘ ਅਤੇ ਨਰਿੰਦਰ ਕੌਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

# ਵੱਖ-ਵੱਖ ਪਿੰਡਾਂ ਵਿੱਚ ਲਗਾਏ ਕਿਸਾਨ ਸਿਖਲਾਈ ਕੈਂਪ




ਮਾਨਸਾ, 7 ਮਈ : (ਵਿਰੋਦਰਪਾਲ ਮੰਤਰੋ ) :ਖੇਤੀਬਾੜੀ ਮੰਤਰੀ ਸ਼੍ਰੀ ਗੁਰਮੀਤ ਸਿੰਘ ਜੀ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੁੱਖ ਖੇਤੀਬਾੜੀ ਅਫਸਰ ਮਾਨਸਾ ਡਾ. ਹਰਪ੍ਰੀਤ ਪਾਲ ਕੌਰ ਨੇ ਕਿਸਾਨਾਂ ਨੂੰ ਮਾਨਸਾ ਜਿਲ੍ਹੇ ਵਿੱਚ ਨਰਮੇ ਹੇਠ ਵੱਧ ਤੋਂ ਵੱਧਰਕਬਾ ਲਿਆਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਫਸਲੀ ਵਿਭਿੰਨਤਾ ਸਕੀਮ ਅਧੀਨਨਰਮੇ ਦੀ ਫਸਲ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਉਪਰਾਲੇ ਕਰ ਰਹੀ ਹੈ ਜਿਵੇਂ ਕਿ ਨਹਿਰੀ ਪਾਣੀ ਦੀ ਸਪਲਾਈ ਅਤੇ ਨਿਰਵਿਘਨ ਬਿਜਲੀ ਦੀ ਸਪਲਾਈ ਅਤੇ ਕਾਟਨ ਦੇ ਬੀ.ਟੀ ਬੀਜ ਉਪਰ ਸਬਸਿਡੀ ਦੇ ਰਹੀ ਹੈ। ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਇਸ ਲੜੀ ਅਧੀਨ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਅੱਜ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਤਕਨੀਕੀ ਕੈਂਪਲਗਾਏ ਗਏ। ਜਿਹਨਾਂ ਵਿੱਚ ਪਿੰਡ ਖਾਰਾ,ਦਾਨੇਵਾਲਾ, ਰਿਉਂਦ ਕਲਾਂ, ਦਾਤੇਵਾਸ, ਕਿਸ਼ਨਗੜ੍ਹ ਫਰਮਾਹੀ, ਭੋਪਾਲ, ਮੀਰਪੁਰ ਖੁਰਦ ਸ਼ਾਮਿਲ ਹਨ। ਡਾ. ਜਸਲੀਨ ਕੌਰ ਧਾਲੀਵਾਲ ਖੇਤੀਬਾੜੀ ਵਿਕਾਸ ਅਫਸਰ ਮਾਨਸਾ ਵੱਲੋਂ ਕੈਂਪ ਵਿੱਚ ਮੌਜੂਦ ਕਿਸਾਨਾਂ ਨੂੰ ਨਰਮੇ ਦੀ ਫਸਲ ਦੀ ਬਿਜਾਈ ਸਬੰਧੀ ਦੱਸਿਆ ਕਿ ਨਰਮੇ ਦੀ ਬਿਜਾਈ ਤੋਂ ਪਹਿਲਾ ਭਰਵੀਂ ਰੌਣੀ ਕਰਕੇ ਬੀਜਣਾ ਚਾਹੀਦਾ ਹੈ। ਇਸ ਤੋਂ ਇਲਾਵਾ ਨਰਮੇ ਦੀ ਫਸਲ 'ਤੇ ਕੀੜੇ ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਅਗੇਤੇ ਪ੍ਰਬੰਧਾ ਅਧੀਨ ਬਦਲਵੀਆਂ ਫਸਲਾਂ ਜਿਵੇਂ ਕਿ ਭਿੰਡੀ, ਮੂੰਗੀ, ਅਰਹਰ ਅਤੇ ਰਿੰਡ ਨੂੰ ਨਰਮੇ/ਕਪਾਹ ਦੇ ਖੇਤਾਂ ਅਤੇ ਆਲੇ ਦੁਆਲੇ ਨਹੀਂ ਬੀਜਣਾ ਚਾਹੀਦਾ। ਇਸ ਕੈਂਪ ਦੌਰਾਨ ਖੇਤੀਬਾੜੀ ਵਿਭਾਗ ਵੱਲੋਂਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਧੀਨ ਈ.ਕੇ.ਵਾਈ.ਸੀ. ਵੀ ਕੀਤੀ ਗਈ।ਇਸ ਕੈਂਪ ਵਿੱਚ ਧਰਮਪਾਲ ਸਿੰਘ ਖੇਤੀਬਾੜੀ ਉਪ ਨਿਰੀਖਕ, ਪਰਾਗਦੀਪ ਸਿੰਘ ਬੀ.ਟੀ.ਐਮ ਆਦਿ ਹਾਜ਼ਰ ਸਨ।

# ਕਿਸਾਨਾਂ ਵੱਲੋਂ ਸ਼ੰਭੂ ਥਾਣਾ ਘੇਰਨ ਦੇ ਐਲਾਨ ਤੋਂ ਬਾਅਦ ਪੰਜਾਬ ਵਿੱਚ ਵੱਖ ਵੱਖ ਥਾਂਈਂ ਪੁਲਿਸ ਦੀ ਨਾਕੇਬੰਦੀ



ਬਿਆਸ, 7 ਮਈ (ਬਲਰਾਜ ਸਿੰਘ ਰਾਜਾ) : 7 ਮਈ ਨੂੰ ਕਿਸਾਨਾਂ ਦੇ ਸਾਂਝੇ ਫੋਰਮ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਅੱਜ ਕਿਸਾਨਾਂ ਨੇ ਪ੍ਰਦਰਸ਼ਨ ਲਈ ਥਾਣਾ ਸ਼ੰਭੂ ਵਿਖੇ ਜਾਣਾ ਸੀ, ਜਿਸ ਦੇ ਚੱਲਦੇ ਹੋਏ ਪੰਜਾਬ ਭਰ ਦੇ ਵਿੱਚ ਵੱਖ ਵੱਖ ਜਗ੍ਹਾ 'ਤੇ ਪੁਲਿਸ ਵੱਲੋਂ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ । ਇਸ ਦੌਰਾਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਪੁਲਿਸ ਵੱਲੋਂ ਨਾਕੇਬੰਦੀ ਕਰਕੇ ਅੱਜ ਕਿਸਾਨਾਂ ਨੂੰ ਕਥਿਤ ਤੌਰ 'ਤੇ ਸ਼ੰਭੂ ਥਾਣੇ ਨੂੰ ਘੇਰਨ ਤੋਂ ਰੋਕਣ ਦੇ ਲਈ ਹਾਈਵੇ 'ਤੇ ਚੈਕਿੰਗ ਕੀਤੀ ਗਈ ਹੈ। ਅੰਮ੍ਰਿਤਸਰ ਦਿੱਲੀ ਮੁੱਖ ਰਾਜ ਮਾਰਗ ਉੱਤੇ ਕੀਤੀ ਗਈ ਨਾਕੇਬੰਦੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਬ ਇੰਸਪੈਕਟਰ ਸਰਦੂਲ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਇਹ ਰੁਟੀਨ ਚੈਕਿੰਗ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਨਾਕੇਬੰਦੀ ਦੌਰਾਨ ਕਰੀਬ 100 ਪੁਲਿਸ ਮੁਲਾਜ਼ਮ ਮੌਜੂਦ ਹਨ। ਹਾਲਾਂਕਿ ਇਹ ਸਮਝਣ ਦੀ ਲੋੜ ਹੈ ਕਿ ਰੁਟੀਨ ਚੈਕਿੰਗ ਲਈ ਪੁਲਸ ਵਲੋਂ ਕਰੀਬ 3 ਬੱਸਾਂ ਭਰ ਕੇ ਫੋਰਸ , ਹੈਵੀ ਬੈਰੀਗੇਡਿੰਗ ਅਤੇ ਮੁੱਖ ਮਾਰਗ ਨੂੰ ਕਿਸੇ ਵੀ ਤਰਾਂ ਦੇ ਧਰਨਾ ਪ੍ਰਦਰਸ਼ਨ ਤੋਂ ਬਚਾਉਣ ਲਈ ਜਰੂਰੀ ਪ੍ਰਬੰਧ ਕੀਤੇ ਹੋਏ ਨਜ਼ਰ ਆਏ ਹਨ।

# ਹੰਗਾਮੀ ਹਾਲਤ ਨਾਲ ਨਿਪਟਣ ਲਈ ਜ਼ਿਲ੍ਹਾ ਸੰਗਰੂਰ ਵਿੱਚ ਵੱਖ ਵੱਖ ਥਾਵਾਂ 'ਤੇ ਹੋਈ ਮੌਕ ਡਰਿੱਲ



ਸੰਗਰੂਰ, 7 ਮਈ (ਹਰਕੰਵਲ ਸਿੰਘ ਹੈਪੀ): ਜ਼ਿਲ੍ਹਾ ਸੰਗਰੂਰ ਵਿੱਚ ਜਿਵੇਂ ਹੀ ਸ਼ਾਮ ਦੇ 4 ਵਜੇ ਤਾਂ ਜ਼ਿਲ੍ਹੇ ਵਿੱਚ ਦੋ ਥਾਵਾਂ ਇੰਡੀਅਨ ਆਇਲ ਡੀਪੂ ਅਤੇ ਸਰਕਾਰੀ ਰਣਬੀਰ ਕਾਲਜ ਉੱਤੇ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੇ ਅਭਿਆਸ ਲਈ ਮੌਕ ਡਰਿੱਲ ਕੀਤੀ ਗਈ। ਇਸ ਸਬੰਧ ਵਿੱਚ ਦੋਵੇਂ ਥਾਵਾਂ ਉੱਤੇ ਕ੍ਰਮਵਾਰ 3 ਅਤੇ 4 ਵਜੇ ਇਕ ਸਾਇਰਨ ਵਜਾਇਆ ਗਿਆ, ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ। ਦੋਵੇਂ ਜਗ੍ਹਾ ਇਹ ਅਭਿਆਸ ਅੱਧਾ ਘੰਟਾ ਚੱਲਿਆ ਅਤੇ ਇੱਕ ਹੋਰ ਸ਼ਾਇਰਨ ਵੱਜਣ ਨਾਲ ਖਤਮ ਹੋਇਆ। ਇਸ ਦੌਰਾਨ ਅਭਿਆਸ ਕੀਤਾ ਗਿਆ, ਕਿ ਜੇਕਰ ਹਵਾਈ ਹਮਲਾ ਹੋ ਜਾਵੇ ਤਾਂ ਜੇਕਰ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਪਹੁੰਚੋ । ਜੇਕਰ ਬਹੁ ਮੰਜ਼ਲਾ ਇਮਾਰਤ ਵਿਚ ਹੋ ਤੇ ਹੇਠਲੇ ਤਲ 'ਤੇ ਆ ਜਾਓ। ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੌਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰਖਤ ਦੇ ਥੱਲੇ ਓਟ ਲਵੋ । ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਣ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦਾ ਰੌਸ਼ਨੀ ਨਾ ਕਰੋ। ਇਹਨਾਂ ਸਾਰੇ ਅਭਿਆਸਾਂ ਨੂੰ ਇਹਨਾਂ ਰਿਹਰਸਲਾਂ ਦੌਰਾਨ ਦੁਹਰਾਇਆ ਗਿਆ। ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ ਤਾਂ ਉਸਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ ਖਿੜਕੀਆਂ ਵਿੱਚ ਖੜ੍ਹੇ ਨਾ ਹੋਵੋ। ਗੈਸ ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ। ਦੱਸਣਯੋਗ ਹੈ ਕਿ ਰਣਬੀਰ ਕਾਲਜ ਵਿਖੇ ਹੋਇਆ ਮੌਕ ਡਰਿੱਲ ਦੀ ਅਗਵਾਈ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ ਦੀ ਅਗਵਾਈ ਵਿੱਚ ਹੋਈ ਜਦਕਿ ਇੰਡੀਅਨ ਆਇਲ ਡੀਪੂ ਵਿਖੇ ਮੌਕ ਡਰਿੱਲ ਦੀ ਅਗਵਾਈ ਸ਼੍ਰੀ ਸਾਹਿਲ ਗੋਇਲ, ਡਿਪਟੀ ਡਾਇਰੈਕਟਰ ਫੈਕਟਰੀ ਨੇ ਕੀਤੀ। ਇਸ ਤੋਂ ਇਲਾਵਾ ਦੋਵੇਂ ਮੌਕ ਡਰਿੱਲ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ, ਪੁਲਿਸ ਵਿਭਾਗ, ਸਿਹਤ ਵਿਭਾਗ, ਮਾਲ ਵਿਭਾਗ, ਖੇਤੀਬਾੜੀ ਵਿਭਾਗ, ਫਾਇਰ ਵਿਭਾਗ, ਲੋਕ ਨਿਰਮਾਣ ਵਿਭਾਗ, ਐਨ ਸੀ ਸੀ ਅਤੇ ਐਨ ਐਸ ਐਸ ਵਲੰਟੀਅਰਜ਼ ਅਤੇ ਹੋਰ ਵਿਭਾਗਾਂ ਨੇ ਅਹਿਮ ਹਿੱਸਾ ਪਾਇਆ। ਇਸ ਮੌਕੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਸ਼੍ਰੀ ਅਮਿਤ ਬੈਂਬੀ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾ ਕਿ ਕਿਸੇ ਵੀ ਖਤਰੇ ਮੌਕੇ ਇਹਨਾਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ। ਇਸ ਮੌਕੇ ਸੰਗਰੂਰ ਦੇ ਐੱਸ ਡੀ ਐੱਮ ਸ੍ਰ ਚਰਨਜੋਤ ਸਿੰਘ ਵਾਲੀਆ, ਡੀ ਐੱਸ ਪੀ ਸ੍ਰ ਸੁਖਦੇਵ ਸਿੰਘ ਅਤੇ ਹੋਰ ਅਧਿਕਾਰੀ, ਵਿਦਿਆਰਥੀ ਅਤੇ ਵਲੰਟੀਅਰ ਹਾਜ਼ਰ ਸਨ।

# ਬਟਾਲਾ 'ਚ ਵਿੱਚ ਹੋਈ ਮੌਕ ਡਰਿਲ



ਬਟਾਲਾ, 7 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ 'ਚ ਵਿੱਚ ਹਵਾਈ ਹਮਲੇ ਸਮੇਂ ਆਪਣੇ ਆਪ ਨੂੰ ਸੁਰੱਖਿਤ ਰੱਖਣ ਦੇ ਅਭਿਆਸ ਲਈ ਮੌਕ ਡਰਿੱਲ ਕੀਤੀ ਗਈ। ਇਸ ਸਬੰਧ ਵਿੱਚ ਇਕ ਸਾਇਰਨ ਵਜਾਇਆ ਗਿਆ, ਜਿਸ ਤੋਂ ਬਾਅਦ ਇਹ ਅਭਿਆਸ ਸ਼ੁਰੂ ਹੋਇਆ। ਇਸ ਦੌਰਾਨ ਅਭਿਆਸ ਕੀਤਾ ਗਿਆ ਕਿ ਜੇਕਰ ਹਵਾਈ ਹਮਲਾ ਹੋ ਜਾਵੇ ਤਾਂ ਜੇਕਰ ਤੁਸੀਂ ਖੁੱਲ੍ਹੇ ਵਿੱਚ ਹੋ ਤਾਂ ਜਲਦੀ ਤੋਂ ਜਲਦੀ ਕਿਸੇ ਇਮਾਰਤ ਦੇ ਅੰਦਰ ਪਹੁੰਚੋ। ਜੇਕਰ ਬਹੁ ਮੰਜ਼ਲਾਂ ਇਮਾਰਤ ਵਿਚ ਹੋ ਤੇ ਹੇਠਲੇ ਤਲ 'ਤੇ ਆ ਜਾਓ। ਹਰ ਪ੍ਰਕਾਰ ਦੀਆਂ ਲਾਈਟਾਂ ਬੰਦ ਕਰ ਦਿਓ ਅਤੇ ਕੋਈ ਵੀ ਰੌਸ਼ਨੀ ਨਾ ਕਰੋ। ਜੇਕਰ ਤੁਹਾਡੇ ਨੇੜੇ ਇਮਾਰਤ ਨਹੀਂ ਹੈ ਤਾਂ ਕਿਸੇ ਦਰਖਤ ਦੇ ਥੱਲੇ ਓਟ ਲਵੋ । ਜੇਕਰ ਤੁਸੀਂ ਵਾਹਨ ਚਲਾ ਰਹੇ ਹੋ ਤਾਂ ਵਾਹਣ ਛੱਡ ਕੇ ਥੱਲੇ ਆ ਜਾਓ। ਜੇਕਰ ਤੁਹਾਡੇ ਕੋਲ ਓਟ ਲੈਣ ਲਈ ਕੋਈ ਥਾਂ ਨਹੀਂ ਹੈ ਤਾਂ ਧਰਤੀ ਤੇ ਛਾਤੀ ਦੇ ਭਾਰ ਲੇਟ ਜਾਓ ਅਤੇ ਆਪਣੀਆਂ ਉਂਗਲਾਂ ਨਾਲ ਕੰਨ ਬੰਦ ਕਰ ਲਓ। ਇਸ ਸਮੇਂ ਦੌਰਾਨ ਕਿਸੇ ਵੀ ਪ੍ਰਕਾਰ ਦਾ ਰੌਸ਼ਨੀ ਨਾ ਕਰੋ। ਇਸ ਤੋਂ ਬਿਨਾਂ ਇਮਾਰਤ ਦੇ ਅੰਦਰ ਕਮਰੇ ਦੇ ਕੋਨੇ ਵਿੱਚ ਸ਼ਰਨ ਲਵੋ ਜਾਂ ਕੋਈ ਕੱਪ ਬੋਰਡ ਜਾਂ ਭਾਰੀ ਚੀਜ਼ ਹੈ ਤਾਂ ਉਸਦੇ ਹੇਠਾਂ ਵੀ ਸ਼ਰਨ ਲਈ ਜਾ ਸਕਦੀ ਹੈ ਖਿੜਕੀਆਂ ਵਿੱਚ ਖੜ੍ਹੇ ਨਾ ਹੋਵੋ। ਗੈਸ ਪਾਣੀ ਅਤੇ ਬਿਜਲੀ ਦੀਆਂ ਸਵਿੱਚਾਂ ਬੰਦ ਕਰ ਦਿਓ। ਇਸ ਮੌਕੇ ਨੀਰਜ ਸ਼ਰਮਾ ਫਾਇਰ ਬਿਰਗੇਡ ਅਫਸਰ,ਐਨ ਸੀ ਸੀ ਦੇ ਕਮਾਂਡੈਂਟ ਵੀਚਾਰ ਮਾਗੋ, ਹਰਦੀਪ ਸਿੰਘ ਬਾਜਵਾ ਡਿਪਟੀ ਚੀਫ ਵਾਰਡਨ, ਸੁਪਰਡੈਂਟ ਦਵਿੰਦਰ ਸਿੰਘ ਅਤੇ ਹਰਬਖ਼ਸ਼ ਸਿੰਘ ਨੇ ਸਮੂਹ ਲੋਕਾਂ ਨੂੰ ਇਨਾਂ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਖਤਰੇ ਮੌਕੇ ਇਹਨਾਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ।

# ਨਜਾਇਜ਼ ਪ੍ਰਾਪਰਟੀ 'ਤੇ ਕਬਜਾ ਛੁਡਵਾ ਗ੍ਰਾਮ ਪੰਚਾਇਤ ਨੂੰ ਸੌਂਪਿਆ

ਜਗਰਾਓਂ, 7 ਮਈ (ਦਵਿੰਦਰ ਜੈਨ): ਅੰਕੁਰ ਗੁਪਤਾ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਲੁਧਿਆਣਾ (ਦਿਹਾਤੀ), ਵਰਿੰਦਰ ਸਿੰਘ ਖੋਸਾ ਪੀ.ਪੀ.ਐਸ. ਉਪ ਕਪਤਾਨ_ਲਿਸ ਦਾਖਾ, ਲੁਧਿਆਣਾ (ਦਿਹਾਤੀ) ਦੀ ਰਹਿਨੁਮਾਈ ਹੇਠ ਨਸ਼ਾ ਵੇਚਣ ਵਾਲਿਆ ਨੂੰ ਫੜਨ ਲਈ ਅਤੇ ਇਹਨਾਂਵੱਲੋਂ ਬਣਾਈ ਗਈ ਨਜਾਇਜ ਪ੍ਰਾਪਰਟੀ ਜਬਤ ਕਰਵਾਉਣ ਲਈ ਵਿਸ਼ੇਸ ਮੁਹਿਮ ਸੁਰੂ ਕੀਤੀ ਗਈ ਹੈ। ਜੋ ਬਲਵੰਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਨਾਰੰਗਵਾਲ ਵੱਲੋਂ ਗ੍ਰਾਮ ਪੰਚਾਇਤ ਦੇ ਰਕਬੇ (ਛੱਪੜ) ਤੇ ਮਕਾਨ ਬਣਾਕੇ ਨਜਾਇਜ ਕਬਜਾ ਕਰਨ ਕਰਕੇ ਕੁਲੈਕਟਰ ਕਮ ਜਿਲ੍ਹਾ ਵਿਕਾਸ ਤੇਪੰਚਾਇਤ ਅਫਸਰ ਲੁਧਿਆਣਾ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਸੀ। ਜਿਸਦਾ ਫੈਸਲਾ ਕੁਲੈਕਟਰ ਕਮ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਲੁਧਿਆਣਾ ਦੀ ਅਦਾਲਤ ਵੱਲੋਂ ਮਿਤੀ27.03.2025 ਨੂੰ ਗ੍ਰਾਮ ਪੰਚਾਇਤ ਦੇ ਹੱਕ ਵਿੱਚ ਕੀਤਾ ਗਿਆ ਹੈ। ਜੋ ਬਲਵੰਤ ਸਿੰਘ ਉਕਤ ਦੇ ਖਿਲਾਫ ਮੁਕੱਦਮਾ ਨੰਬਰ 13 ਮਿਤੀ 14,01.2017 ਅ/ਧ 61-1-14 ਐਕਸਾਈਜ ਐਕਟ ਥਾਣਾ ਡੇਹਲੋ ਜਿਲ੍ਹਾ ਲੁਧਿਆਣਾ ਮੁਕੱਦਮਾ ਨੰਬਰ 61 ਦਰਜ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਪੰਜ-ਰੋਜ਼ਾ ਹੁਨਰ ਵਿਕਾਸ ਵਰਕਸ਼ਾਪ ਦਾ ਆਯੋਜਨ



ਫਤਹਿਗੜ੍ਹ ਸਾਹਿਬ, 7 ਮਈ (ਹਰਪ੍ਰੀਤ ਕੌਰ ਟਿਵਾਣਾ):ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ ਵਿਖੇ ਪੇਟੈਂਟ ਅਤੇ ਕਾਪੀਰਾਈਟਸ ਦੇ ਨਵੀਨਤਾਕਾਰੀ ਵਿਚਾਰਾਂ ਵਿਸ਼ੇ 'ਤੇ ਪੰਜ-ਰੋਜ਼ਾ ਹੁਨਰ ਵਿਕਾਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸਦਾ ਉਦੇਸ਼ ਫੈਕਲਟੀ, ਖੋਜ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਕਾਪੀਰਾਈਟ, ਟਰੇਡਮਾਰਕ ਅਤੇ ਪੇਟੈਂਟ ਦਾਇਰ ਕਰਨ ਵਿੱਚ ਮੁੱਖ ਪਹੁੰਚਾਂ ਦੀ ਵਿਹਾਰਕ ਸਿਖਲਾਈ ਅਤੇ ਡੂੰਘਾਈ ਨਾਲ ਸਮਝ ਪ੍ਰਦਾਨ ਕਰਨਾ ਸੀ। ਵਰਕਸ਼ਾਪ ਵਿੱਚ ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਦੇ ਫੈਕਲਟੀ, ਖੋਜ ਵਿਦਵਾਨਾਂ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ, ਜੋ ਬੌਧਿਕ ਸੰਪੱਤੀ ਅਧਿਕਾਰਾਂ (ਆਈਪੀਆਰ) ਦੇ ਖੇਤਰ ਵਿੱਚ ਇੱਕ ਮਜ਼ਬੂਤ ਅੰਤਰ-ਅਨੁਸ਼ਾਸਨੀ ਦਿਲਚਸਪੀ ਨੂੰ ਦਰਸਾਉਂਦੀ ਹੈ। ਵਰਕਸ਼ਾਪ ਦੀ ਸ਼ੁਰੂਆਤ ਡਾ. ਕਮਲਜੀਤ ਕੌਰ, ਮੈਂਬਰ ਸੀਐਸਆਰਆਈ ਦੁਆਰਾ ਇੱਕ ਸੈਸ਼ਨ ਨਾਲ ਹੋਈ, ਜਿਨ੍ਹਾਂ ਨੇ ਵਿਚਾਰਾਂ ਤੋਂ ਮਾਲਕੀ ਤੱਕ: ਅਕਾਦਮੀਆ ਵਿੱਚ ਬੌਧਿਕ ਸੰਪੱਤੀ ਅਧਿਕਾਰਾਂ (ਆਈਪੀਆਰ) ਦੀ ਸ਼ਕਤੀ ਨੂੰ ਅਨਲੌਕ ਕਰਨਾ ਵਿਸ਼ੇ 'ਤੇ ਭਾਸ਼ਣ ਦਿੱਤਾ, ਜਿਸ ਵਿੱਚ ਨਵੀਨਤਾ ਅਤੇ ਖੋਜ ਵਿੱਚ ਆਈਪੀਆਰ ਦੀ ਮਹੱਤਤਾ ਨੂੰ ਦਰਸਾਇਆ ਗਿਆ। ਦੂਜੇ ਦਿਨ, ਆਰਏਐਸ ਇੰਟੈਲੈਕਟ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ, ਮੋਹਾਲੀ ਦੀ ਡਾਇਰੈਕਟਰ ਅਤੇ ਸੀਈਓ ਡਾ. ਰੁਚੀ ਸਿੰਗਲਾ ਨੇ ਆਈਪੀਆਰ ਫਾਈਲਿੰਗ ਅਤੇ ਪ੍ਰੋਟੈਕਸ਼ਨ ਵਿਸ਼ੇ 'ਤੇ ਸੈਸ਼ਨ ਦੀ ਅਗਵਾਈ ਕੀਤੀ, ਜਿਸ ਵਿੱਚ ਪੇਟੈਂਟ ਫਾਈਲਿੰਗ ਅਤੇ ਆਈਪੀ ਦੀ ਸੁਰੱਖਿਆ ਵਿੱਚ ਸ਼ਾਮਲ ਪ੍ਰਕਿਰਿਆਤਮਕ ਕਦਮਾਂ ਬਾਰੇ ਵਿਆਪਕ ਸਿਖਲਾਈ ਦਿੱਤੀ ਗਈ। ਤੀਜੇ ਦਿਨ ਡਾ. ਪੰਕਜਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ ਅਤੇ ਮੁਖੀ, ਫਿਜ਼ੀਓਥੈਰੇਪੀ ਵਿਭਾਗ ਦੁਆਰਾ ਕਾਪੀਰਾਈਟਸ ਦੀ ਜਾਣ-ਪਛਾਣ ਵਿਸ਼ੇ 'ਤੇ ਜਾਣ-ਪਛਾਣ ਸੈਸ਼ਨ ਸੀ, ਜਿਸ ਤੋਂ ਬਾਅਦ ਡਾ. ਸੁਪ੍ਰੀਤ ਬਿੰਦਰਾ, ਸਹਾਇਕ ਪ੍ਰੋਫੈਸਰ, ਫਿਜ਼ੀਓਥੈਰੇਪੀ ਵਿਭਾਗ ਦੁਆਰਾ ਕਾਪੀਰਾਈਟ ਰਜਿਸਟਰੇਸ਼ਨ ਪ੍ਰਕਿਰਿਆ: ਤੁਹਾਡੇ ਰਚਨਾਤਮਕ ਕੰਮ ਦੀ ਰੱਖਿਆ, ਕਦਮ-ਦਰ-ਕਦਮ ਵਿਸ਼ੇ 'ਤੇ ਇੱਕ ਵਿਸਤ੍ਰਿਤ ਜਾਣਕਾਰੀ ਭਰਪੂਰ ਸੈਸ਼ਨ ਸੀ। ਚੌਥੇ ਦਿਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ, ਪ੍ਰੋ. ਬਲਵਿੰਦਰ ਸਿੰਘ ਸੂਚ ਦੁਆਰਾ ਅਕਾਦਮਿਕ ਸੰਸਥਾਵਾਂ ਤੋਂ ਆਈਪੀ ਦਾ ਵਪਾਰਕਕਰਨ ਵਿਸ਼ੇ 'ਤੇ ਸੈਸ਼ਨ ਆਯੋਜਿਤ ਕੀਤਾਗਿਆ, ਜਿਸ ਵਿੱਚ ਅਕਾਦਮਿਕ ਸੰਸਥਾਵਾਂ ਦੇ ਅੰਦਰ ਪੈਦਾ ਹੋਏ ਆਈਪੀ ਨੂੰ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਵਪਾਰਕ ਕਿਵੇਂ ਬਣਾਇਆ ਜਾ ਸਕਦਾ ਹੈ, 'ਤੇ ਜ਼ੋਰ ਦਿੱਤਾ ਗਿਆ। ਵਰਕਸ਼ਾਪ ਦੇ ਆਖਰੀ ਦਿਨ ਆਰਏਐਸ ਇੰਟੈਲੈਕਟ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ, ਮੋਹਾਲੀ ਦੀ ਪ੍ਰਤੀਨਿਧੀ ਡਾ. ਸ਼ਰਮਿਸ਼ਠਾ ਚੈਟਰਜੀ ਨੇ ਸੰਬੋਧਨ ਕੀਤਾ, ਜਿਨ੍ਹਾਂ ਨੇ ਟਰੇਡਮਾਰਕਸ ਅਤੇ ਕਾਪੀਰਾਈਟਸ ਸੁਰੱਖਿਆ ਵਿਸ਼ੇ 'ਤੇ ਭਾਸ਼ਣ ਦਿੱਤਾ, ਜਿਸ ਵਿੱਚ ਸਿਰਜਣਹਾਰਾਂ ਦੇ ਰਚਨਾਤਮਕ ਕੰਮਾਂ ਅਤੇ ਆਰਥਿਕ ਹਿੱਤਾਂ ਦੀ ਰੱਖਿਆ ਕਰਨ ਦੀ ਮਹੱਤਵਪੂਰਨ ਜ਼ਰੂਰਤ ਨੂੰ ਉਜਾਗਰ ਕੀਤਾ ਗਿਆ। ਸਰੋਤ ਵਿਅਕਤੀਆਂ ਦੁਆਰਾ ਵਰਤੇ ਗਏ ਰਣਨੀਤਕ ਪਹੁੰਚ ਦੇ ਨਾਲ ਮਿਲ ਕੇ ਕੀਤੇ ਗਏ ਇੰਟਰਐਕਟਿਵ ਲੈਕਚਰਾਂ ਨੇ ਭਾਗੀਦਾਰਾਂ ਨੂੰ ਆਈਪੀ ਫਾਈਲਿੰਗ ਅਤੇ ਸੁਰੱਖਿਆ ਬਾਰੇ ਕੀਮਤੀ ਸੂਝ ਪ੍ਰਦਾਨ ਕੀਤੀ। ਸਮਾਪਤੀ ਸੈਸ਼ਨ ਵਿੱਚ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਭਾਗੀਦਾਰਾਂ ਨੂੰ ਸੰਬੋਧਨ ਕੀਤਾ ਅਤੇ ਯੂਨੀਵਰਸਿਟੀ ਦੇ ਆਈਪੀਆਰ ਸੈੱਲ ਕੋਆਰਡੀਨੇਟਰ ਡਾ. ਰੁਪਿੰਦਰ ਕੌਰ ਅਤੇ ਸਾਰੇ ਸੀਐਸਆਰਆਈ ਮੈਂਬਰਾਂ ਦੁਆਰਾ ਅਜਿਹੀ ਹੁਨਰ ਵਧਾਉਣ ਵਾਲੀ ਵਰਕਸ਼ਾਪ ਦੇ ਆਯੋਜਨ ਵਿੱਚ ਕੀਤੀ ਗਈ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਫੈਕਲਟੀ, ਖੋਜ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਸਮਰਪਣ ਨਾਲ ਖੋਜ ਕਰਨ ਅਤੇ ਪੇਟੈਂਟ ਅਤੇ ਕਾਪੀਰਾਈਟ ਦਾਇਰ ਕਰਨ ਦੇ ਟੀਚੇ ਨੂੰ ਅੱਗੇ ਵਧਾਉਣ ਲਈ ਉਤਸ਼ਾਹਿਤ ਕੀਤਾ। ਸੀਐਸਆਰਆਈ ਦੇ ਚੇਅਰਮੈਨ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਸਮਾਪਤੀ ਟਿੱਪਣੀਆਂ ਦਿੱਤੀਆਂ, ਸਿਧਾਂਤਕ ਗਿਆਨ ਨੂੰ ਵਿਵਹਾਰਕ ਉਪਯੋਗ ਨਾਲ ਜੋੜਨ ਵਿੱਚ ਅਜਿਹੀਆਂ ਵਰਕਸ਼ਾਪਾਂ ਦੀ ਭੂਮਿਕਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਸੀਐਸਆਰਆਈ ਦੇ ਸਾਰੇ ਮੈਂਬਰਾਂ ਨੇ ਸਰੋਤ ਵਿਅਕਤੀਆਂ ਅਤੇ ਵਰਕਸ਼ਾਪ ਦੇ ਭਾਗੀਦਾਰਾਂ ਦਾ ਉਨ੍ਹਾਂ ਦੀ ਉਤਸ਼ਾਹੀ ਸ਼ਮੂਲੀਅਤ ਅਤੇ ਸਮਾਗਮ ਨੂੰ ਸ਼ਾਨਦਾਰ ਬਣਾਉਣ ਲਈ ਦਿਲੋਂ ਧੰਨਵਾਦ ਕੀਤਾ।

# ਲੰਬੇ ਸਮੇਂ ਤੋਂ ਕੇਂਦਰ ਦੀਆਂ ਸਰਕਾਰਾਂ ਮਾਰਦੀਆਂ ਰਹੀਆਂ ਪੰਜਾਬ ਦੇ ਹੱਕਾਂ 'ਤੇ ਡਾਕਾ ਜੱਥੇ.ਨਿਮਾਣਾ, ਮਖੂ



ਲੁਧਿਆਣਾ, 7 ਮਈ (ਕਰਨੈਲ ਸਿੰਘ ਐੱਮ.ਏ.): ਅੱਜ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜੱਥੇ: ਤਰਨਜੀਤ ਸਿੰਘ ਨਿਮਾਣਾ ਅਤੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮਖੂ ਦੀ ਪ੍ਰਧਾਨਗੀ ਹੇਠ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੀ ਮੀਟਿੰਗ ਮੁੱਖ ਦਫਤਰ ਮਾਡਲ ਟਾਊਨ ਐਕਸਟੈਂਸ਼ਨ, ਲੁਧਿਆਣਾ ਵਿਖੇ ਹੋਈ। ਇਸ ਸਮੇਂ ਮੀਟਿੰਗ ਵਿੱਚ ਕੋਰ ਕਮੇਟੀ ਮੈਂਬਰ ਮਨਜੀਤ ਸਿੰਘ ਬੁਟਾਹਰੀ, ਮੈਂਬਰ ਕੋਰ ਕਮੇਟੀ ਭੁਪਿੰਦਰ ਸਿੰਘ, ਮੈਂਬਰ ਕੋਰ ਕਮੇਟੀ ਸਰਪੰਚ ਮਨਜੀਤ ਸਿੰਘ ਤੂਰ, ਅਮਰਜੀਤ ਸਿੰਘ ਡੀ ਸੀ ਮੀਤ ਪ੍ਰਧਾਨ, ਸਰਪੰਚ ਨਿਰਮਲ ਸਿੰਘ ਬੇਰਕਲਾਂ ਜਨਰਲ ਸਕੱਤਰ, ਪਰਮਜੀਤ ਸਿੰਘ ਨੰਤ ਜਨਰਲ ਸਕੱਤਰ, ਬਲਦੇਵ ਸਿੰਘ ਸੰਧੂ ਮੀਤ ਪ੍ਰਧਾਨ, ਸੁਖਜਿੰਦਰ ਸਿੰਘ ਸੁੱਖੀ ਅਜਨੌਦ ਮੀਤ ਪ੍ਰਧਾਨ, ਮਹਿਲਾ ਵਿੰਗ ਮੀਤ ਪ੍ਰਧਾਨ ਬੀਬੀ ਆਸ਼ਾ ਰਾਣੀ, ਪ੍ਰਭਦੀਪ ਸਿੰਘ ਸੇਖੋਂ ਜ਼ਿਲ੍ਹਾ ਪ੍ਰਧਾਨ ਦਿਹਾਤੀ ਲੁਧਿਆਣਾ, ਗੁਰਿੰਦਰ ਸਿੰਘ ਕੀਰਤੋਂਵਾਲ, ਹਰਦਿਆਲ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਪੁਸ਼ਪਿੰਦਰ ਸਿੰਘ ਪ੍ਰਧਾਨ ਫਾਜ਼ਿਲਕਾ, ਸੁਖਵਿੰਦਰ ਸਿੰਘ ਸੁੱਖ ਥਿੰਦ, ਮਲਵਿੰਦਰ ਸਿੰਘ, ਚਰਨਜੀਤ ਸਿੰਘ, ਜੁਝਾਰ ਸਿੰਘ, ਤਜਿੰਦਰ ਸਿੰਘ ਬਿੱਟਾ ਸ਼ਾਮਿਲ ਹੋਏ । ਇਸ ਮੌਕੇ 'ਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਅਤੇ ਹਰਪ੍ਰੀਤ ਸਿੰਘ ਮਖੂ ਸੂਬਾ ਪ੍ਰਧਾਨ ਨੇ ਪਾਣੀਆਂ ਦੇ ਮਸਲੇ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਬੀ.ਬੀ.ਐਮ.ਬੀ ਵੱਲੋਂ ਹਰਿਆਣਾ ਨੂੰ ਫੋਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ। ਜੱਥੇਦਾਰ ਨਿਮਾਣਾ ਅਤੇ ਸ੍ਰ ਮਖੂ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਦਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸੰਬੰਧਿਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ । ਕਿਸਾਨ ਆਗੂਆਂ ਨੇ ਕਿਹਾ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਮਾਨਵਤਾ ਦੇ ਆਧਾਰ ਤੇ 4000 ਕਿਊਸਿਕ ਪਾਣੀ ਦਿੱਤਾ ਜਾ ਚੁੱਕਾ ਹੈ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀ.ਬੀ.ਐਮ.ਬੀ ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ।

# ਫਤਹਿਗੜ੍ਹ ਸਾਹਿਬ ਵਿਖੇ ਰੈਲੀ 10 ਦੀ ਬਜਾਏ ਹੁਣ 24 ਮਈ ਨੂੰ ਹੋਵੇਗੀ : ਪ੍ਰੋ. ਚੰਦੂਮਾਜਰਾ

ਫਤਹਿਗੜ੍ਹ ਸਾਹਿਬ, 7 ਮਈ (ਨਰਿੰਦਰ ਸਿੰਘ): ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਪੰਜ ਮੈਂਬਰੀ ਕਮੇਟੀ ਵੱਲੋਂ ਕੀਤੀ ਜਾਣ ਵਾਲੀ ਭਰਤੀ ਲਈ ਫਤਹਿਗੜ੍ਹ ਸਾਹਿਬ ਵਿਖੇ ਰੱਖੀ ਗਈ ਮੀਟਿੰਗ ਭਾਰਤ-ਪਾਕਿਸਤਾਨ ਦਰਮਿਆਨ ਦੋਵਾਂ ਦੇਸ਼ਾਂ ਵਿੱਚ ਪਹਿਲਗਾਮ ਹਮਲੇ ਨੂੰ ਲੈ ਕੇ ਚੱਲ ਰਹੇ ਤਣਾਅ ਕਾਰਨ ਬਣੇ ਹੋਏ ਅਣਸੁਖਾਵੇਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੋਇਆਂ 10 ਮਈ ਦੀ ਬਜਾਏ ਹੁਣ 24 ਮਈ ਨੂੰ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪਿੰਡ ਪੰਜੋਲੀ ਵਿਖੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਦੀ ਅਗਵਾਈ ਵਿੱਚੋਂ ਹੋਈ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਅਣਸੁਖਾਵੇਂ ਹਾਲਾਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਪ੍ਰਸ਼ਾਸਨ ਵੱਲੋਂ ਵੀ ਕਈ ਕਿਸਮ ਦੀਆਂ ਨਵੀਆਂ ਗਾਈਡਲਾਈਨਜ਼ (ਹਦਾਇਤਾਂ) ਜਾਰੀ ਕੀਤੀਆਂ ਜਾ ਰਹੀਆਂ ਹਨ ਤੇ ਉਸੇ ਨੂੰ ਮੁੱਖ ਰੱਖਦੇ ਹੋਏ ਰੈਲੀ ਦੀ ਤਰੀਕ ਵਧਾ ਕੇ 24 ਮਈ ਕੀਤੀ ਗਈ ਹੈ ਤੇ ਇਸ ਮੀਟਿੰਗ ਨੂੰ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾ, ਬੀਬੀ ਸਤਵੰਤ ਕੌਰ, ਸੰਤਾ ਸਿੰਘ ਉਮੈਦਪੁਰੀ ਸੰਬੋਧਨ ਕਰਨਗੇ ਜਦੋਂ ਕਿ ਪੰਜਵੇਂ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਵਿਦੇਸ਼ੀ ਦੌਰੇ 'ਤੇ ਜਾਣ ਕਾਰਨ ਇਸ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋ ਰਹੇ ਤੇ ਇਨ੍ਹਾਂ ਦੇ ਨਾਲ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਬੀਬੀ ਸਤਵਿੰਦਰ ਕੌਰ ਧਾਲੀਵਾਲ ਸਮੇਤ ਹੋਰ ਸੀਨੀਅਰ ਸੁਹਿਰਦ ਲੀਡਰਸ਼ਿਪ ਦੇ ਨਾਲ ਨਾਲ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਵੀ ਲੀਡਰਸ਼ਿਪ ਸ਼ਮੂਲੀਅਤ ਕਰਕੇ ਸੰਗਤ ਨੂੰ ਸੰਬੋਧਨ ਕਰੇਗੀ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਇਸ ਭਰਤੀ ਮੁਹਿੰਮ ਨੂੰ ਲੈ ਕੇ ਫਤਹਿਗੜ੍ਹ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿੱਚ ਕੀਤੀਆਂ ਜਾ ਰਹੀਆਂ ਮੀਟਿੰਗਾਂ ਦੌਰਾਨ ਜੋ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਇਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਸੰਗਤ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਪ੍ਰਵਾਨ ਕਰਦੀ ਹੋਈ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਵਿੱਚ ਹਿੱਸਾ ਲੈ ਰਹੀ ਹੈ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਸਾਰੀ ਅਕਾਲੀ ਲੀਡਰਸ਼ਿਪ ਜੋ ਇਸ ਭਰਤੀ ਮੁਹਿੰਮ ਵਿੱਚ ਸ਼ਾਮਿਲ ਹੋਈ ਹੈ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਸੁਨੇਹਾ ਦੇ ਰਹੀ ਹੈ ਅਤੇ ਹੁਣ 24 ਮਈ ਨੂੰ ਹੋਣ ਵਾਲੀ ਵੱਡੇ ਪੱਧਰ 'ਤੇ ਵਿਸ਼ਾਲ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਵਿਗੜੇ ਹੋਏ ਸਬੰਧਾਂ 'ਤੇ ਬੋਲਦਿਆਂ ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਦੋਵੇਂ ਦੇਸ਼ਾਂ ਨੂੰ ਜੰਗ ਵਾਲਾ ਮਾਹੌਲ ਛੱਡ ਕੇ ਸ਼ਾਂਤ ਮਾਹੌਲ ਬਣਾਇਆ ਜਾਣਾ ਚਾਹੀਦਾ ਹੈ।

# ਸਵਰਨਜੀਤ ਸਿੰਘ ਬਿੱਟੂ ਕਿਸਾਨ ਕਾਂਗਰਸ ਬਲਾਕ ਦੋਰਾਹਾ ਦੇ ਪ੍ਰਧਾਨ ਨਿਯੁਕਤ



ਪਾਇਲ, 7 ਮਈ (ਨਰਿੰਦਰ ਸ਼ਾਹਪੁਰ ): ਇੱਥੋਂ ਥੋੜ੍ਹੀ ਦੂਰ ਪਿੰਡ ਘਢਾਣੀ ਖੁਰਦ ਦੇ ਸਾਬਕਾ ਸਰਪੰਚ ਸਰਦਾਰ ਸਵਰਨਜੀਤ ਸਿੰਘ ਬਿੱਟੂ ਨੂੰ ਕਿਸਾਨ ਕਾਂਗਰਸ ਬਲਾਕ ਦੋਰਾਹਾ ਦਾ ਪ੍ਰਧਾਨ ਲਗਾਇਆ ਗਿਆ ਇਹ ਨਿਯੁਕਤੀ ਪੱਤਰ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਲਖਵੀਰ ਸਿੰਘ ਲੱਖਾ ਦੀ ਸਿਫਾਰਿਸ਼ 'ਤੇ ਦਿੱਤਾ ਗਿਆ ਕਿਰਨਜੀਤ ਸਿੰਘ ਸੰਧੂ ਮਹਿਤਾ ਪੰਜਾਬ ਕਾਂਗਰਸ ਕਿਸਾਨ ਵੱਲੋਂ ਅੱਜ ਇਹ ਪੱਤਰ ਪਾਇਲ ਵਿਖੇ ਲਖਵੀਰ ਸਿੰਘ ਲੱਖਾਂ ਵਲੋਂ ਸਵਰਨਜੀਤ ਸਿੰਘ ਨੂੰ ਸੋਪਿਆ ਗਿਆ । ਉਹਨਾਂ ਕਿਹਾ ਕਿ ਸਵਰਨਜੀਤ ਸਿੰਘ ਬਿੱਟੂ ਪੁਰਾਣੇ ਟਕਸਾਲੀ ਆਗੂ ਹਨ ਜੋ ਕਿ ਕਿਸਾਨਾਂ ਨੂੰ ਵੱਡੀ ਵੱਡੀ ਪੱਧਰ ਤੇ ਕਾਂਗਰਸ ਪਾਰਟੀ ਦੇ ਨਾਲ ਜੋੜਨਗੇ ।ਸਵਰਨਜੀਤ ਸਿੰਘ ਬਿੱਟੂ ਨੇ ਕਿਹਾ ਕਿ ਜੋ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ, ਉਸ ਨੂੰ ਤਨਦੇਹੀ ਨਾਲ ਨਿਭਾਵਾਗਾ ਅਤੇ ਪਾਰਟੀ ਦੇ ਲਈ ਘਰ ਘਰ ਜਾ ਕੇ ਪਾਰਟੀ ਨੂੰ ਮਜ਼ਬੂਤ ਕਰਨਗੇ । ਇਸ ਮੌਕੇ ਉਹਨਾਂ ਤੋਂ ਇਲਾਵਾ ਯਾਦਵਿੰਦਰ ਸਿੰਘ ਜੰਡਾਲੀ ਸਾਬਕਾ ਚੇਅਰਮੈਨ ਜਿਲ੍ਹਾ ਪ੍ਰੀਸ਼ਦ,ਪੀਏ ਰਣਜੀਤ ਸਿੰਘ ਪਾਇਲ,ਚੇਅਰਮੈਨ ਬੰਤ ਸਿੰਘ ਦੋ ਬੁਰਜੀ, ਜ਼ਿਲ੍ਹਾ ਪ੍ਰਧਾਨ ਸੁਖਰਾਜ ਸਿੰਘ ਗਿੱਲ ਪ੍ਰਧਾਨ ਕਮਲਜੀਤ ਸਿੰਘ ਸਿਆੜ,ਪ੍ਰਧਾਨ ਗੁਰਵਿੰਦਰ ਸਿੰਘ ਟੀਨੂ ਘਲੋਟੀ, ਮਨੀਸ਼ ਆਸ਼ਟ ਦੋਰਾਹਾ ਪ੍ਰਧਾਨ ਸ਼ਹਿਰੀ, ਜੱਸਵਿੰਦਰ ਸਿੰਘ ਜੱਸਾ ਰੋੜੀਆਂ ਕੌਂਸਲਰ, ਰੁਪਿੰਦਰ ਸਿੰਘ ਬਿੰਦੂ ਯੂਥ ਕਾਂਗਰਸ ਪ੍ਰਧਾਨ ਖੰਨਾ, ਕਾਂਗਰਸ ਸੇਵਾ ਦਲ ਦੇ ਜ਼ਿਲ੍ਹਾ ਪ੍ਰਧਾਨ ਮੁਖਤਿਆਰ ਸਿੰਘ, ਗਗਨਦੀਪ ਸਿੰਘ ਲੰਡਾ, ਰੁਪਿੰਦਰ ਸਿੰਘ ਗੋਲਡੀ ਭਰਥਲਾ ਰੰਧਾਵਾ, ਰੁਪਿੰਦਰ ਸਿੰਘ ਗੋਲਡੀ ਕਿਸਨ ਦੇਵ ਜੋਗੀ ਮਾਜਰਾ,ਬਿਨੇ ਕੁਮਾਰ,ਮਹੇਸ਼ ਇੰਦਰ ਸਿੰਘ ਬੋਪਾਰਾਏ ਕਸ਼ਮੀਰਾ ਸਿੰਘ ਬਰਮਾਲੀਪੁਰ ਕੁਲਵੰਤ ਸਿੰਘ ਹੇਅਰ, ਰਮਲਦੀਪ ਸਿੰਘ ਗਰਚਾ ਤੇ ਪਲਵਿੰਦਰ ਸਿੰਘ ਪਾਗਲੀ ਪਰਮਿੰਦਰ ਸਿੰਘ ਘੁਡਾ ਣੀ ਸੁਖਦੇਵ ਸਿੰਘ ਹਰਦੇਵ ਸਿੰਘ ਬੋਪਾਰਾਏ ਹਰਜੀਤ ਸਿੰਘ ਘੁਡਾਣੀ ਵੱਲੋਂ ਸਵਰਨਜੀਤ ਸਿੰਘ ਨੂੰ ਇਸ ਨਿਯੁਕਤੀ ਤੇ ਵਧਾਈ ਦਿੱਤੀ ਗਈ ।

# ਡੀ.ਸੀ. ਤੇ ਐਸ.ਐਸ.ਪੀ. ਵੱਲੋਂ ਸੋਸ਼ਲ ਮੀਡੀਆ ਉੱਤੇ ਫੈਲਣ ਵਾਲੀਆਂ ਅਫਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ

ਫਤਹਿਗੜ੍ਹ ਸਾਹਿਬ, 7 ਮਈ- (ਹਰਪ੍ਰੀਤ ਕੌਰ ਟਿਵਾਣਾ) :ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਅਤੇ ਐਸਐਸਪੀ ਸ਼ੁਭਮ ਅਗਰਵਾਲ ਨੇ ਅੱਜ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਗੁੰਮਰਾਹਕੁੰਨ ਅਫਵਾਹਾਂ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ । ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਰਕਾਰ ਵੱਲੋਂ ਸਮੇਂ ਸਮੇਂ ਉੱਤੇ ਲੋਕ ਹਿੱਤ ਵਿੱਚ ਜਾਰੀ ਹੋਣ ਵਾਲੀ ਅਡਵਾਈਜ਼ਰੀ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਅਫਵਾਹ ਫੈਲਾਉਂਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵਿਖੇ ਅੱਜ ਭਾਵੇਂ ਬਲੈਕ ਆਊਟ ਡਰਿੱਲ ਨਹੀਂ ਕੀਤੀ ਗਈ ਪਰ ਫਿਰ ਵੀ ਲੋਕਾਂ ਨੂੰ ਸ਼ਾਂਤ ਰਹਿੰਦੇ ਹੋਏ ਚੌਕਸੀ ਵਰਤਣ ਦੀ ਸਲਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਘਬਰਾਉਣ ਨਾ ਅਤੇ ਸਹਿਜ ਵਿੱਚ ਰਹਿੰਦੇ ਹੋਏ ਪ੍ਰਸ਼ਾਸਨ ਨੂੰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ ਵਾਸਤੇ ਸਹਿਯੋਗ ਦੇਣ। ਐਸ.ਐਸ.ਪੀ ਸ਼ੁਭਮ ਅਗਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪੁਲਿਸ ਪੂਰੀ ਤਰ੍ਹਾਂ ਸਰਗਰਮ ਹੈ ਅਤੇ ਚੈਕਿੰਗ ਅਭਿਆਨ ਨੂੰ ਜਾਰੀ ਰੱਖਣ ਦੇ ਨਾਲ ਨਾਲ ਨਾਗਰਿਕਾਂ ਦੇ ਮਨੋਬਲ ਨੂੰ ਉੱਚਾ ਚੁੱਕਣ ਲਈ ਯਤਨਸ਼ੀਲ ਹੈ। ਜ਼ਿਲ੍ਹਾ ਪੁਲਿਸ ਮੁਖੀ ਦੇ ਆਦੇਸ਼ਾਂ ਉਤੇ ਐਸ.ਪੀ ਰਾਕੇਸ਼ ਕੁਮਾਰ ਯਾਦਵ ਨੇ ਡੀ.ਐਸ.ਪੀ ਰਾਜ ਕੁਮਾਰ ਅਤੇ ਪੁਲਿਸ ਫੋਰਸ ਸਮੇਤ ਬਸੀ ਪਠਾਣਾਂ ਵਿਖੇ ਸੁਰੱਖਿਆ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਥਿਤੀ ਪੂਰੀ ਤਰ੍ਹਾਂ ਸ਼ਾਂਤ ਅਤੇ ਸੁਰੱਖਿਅਤ ਹੈ ਅਤੇ ਕਿਸੇ ਨੂੰ ਡਰਨ ਜਾਂ ਘਬਰਾਹਟ ਪੈਦਾ ਕਰਨ ਦੀ ਜ਼ਰੂਰਤ ਨਹੀਂ ਹੈ।

# ਮੁੱਖ ਮੰਤਰੀ ਪੈਨਸ਼ਨਰਾਂ ਨੂੰ ਪੇ ਕਮਿਸ਼ਨ ਦੇ ਬਕਾਏ ਦੇਣ ਦੇ ਫੈਸਲੇ 'ਤੇ ਪੁਨਰ ਵਿਚਾਰ ਕਰੇ

ਸਮਰਾਲਾ, 7 ਮਈ ( ਵਰਿੰਦਰ ਸਿੰਘ ਹੀਰਾ/ ਜਸਵੀਰ ਹੇਡੋਂ ):ਪੰਜਾਬ ਪੈਨਸ਼ਨਰ ਕਲਿਆਣ ਸੰਗਠਨ ਸਮਰਾਲਾ ਦੀ ਮਹੀਨਾਵਾਰ ਮੀਟਿੰਗ ਪੈਨਸ਼ਨਰ ਭਵਨ ਸਮਰਾਲਾ ਵਿਖੇ ਸੰਗਠਨ ਦੇ ਪ੍ਰਧਾਨ ਮੇਘ ਸਿੰਘ ਜਵੰਦਾ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਅੱਤਵਾਦੀਆਂ ਹੱਥੋਂ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਸੰਗਠਨ ਦੇ ਕਾਰਜਕਾਰੀ ਮੈਂਬਰ ਨੇਤਰ ਸਿੰਘ ਮੁੱਤਿਓਂ ਦੇ ਵੱਡੇ ਜੀਜਾ ਗੁਰਦੇਵ ਸਿੰਘ ਦੇ ਚਲਾਣਾ ਕਰਨ ਤੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜਵੰਦਾ ਨੇ ਕਿਹਾ ਤੇ ਇਕ ਜਨਵਰੀ 2016 ਤੋਂ ਬਾਅਦ ਪੇ ਕਮਿਸ਼ਨ ਦਾ ਬਕਾਇਆ ਉਡੀਕਦਿਆਂ ਲਗਭਗ 40 ਹਜਾਰ ਪੈਨਸ਼ਨਰ ਸਵਰਗਵਾਸ ਹੋ ਚੁੱਕੇ ਹਨ ਪ੍ਰੰਤੂ ਸਰਕਾਰ ਵੱਲੋਂ ਇਹ ਬਕਾਇਆ 42 ਕਿਸ਼ਤਾਂ ਵਿੱਚ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜੋ ਕਿ 1 ਅਪ੍ਰੈਲ 2025 ਤੋਂ ਸ਼ੁਰੂ ਹੋਈਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੈਨਸ਼ਨ ਜਥੇਬੰਦੀਆਂ ਵੱਲੋਂ ਵਾਰ ਵਾਰ ਲਿਖਤੀ ਅਪੀਲ ਕੀਤੀ ਗਈ ਕਿ ਬਕਾਏ ਸਬੰਧੀ ਜਾਰੀ ਸਮਾਂ ਸਾਰਨੀ 'ਤੇ ਪੁਨਰ ਵਿਚਾਰ ਕਰਕੇ ਬਕਾਇਆ ਯੱਕਮੁਸ਼ਤ ਦਿੱਤਾ ਜਾਵੇ।

# ਸਕੂਲੀ ਵਿਦਿਆਰਥੀਆਂ ਲਈ ਲਾਇਆ ਨਜ਼ਰ ਚੈਕਅਪ ਕੈਂਪ




ਕਾਦੀਆ, 7 ਮਈ (ਸਲਾਮ ਤਾਰੀ /ਸਿਕੰਦਰ ਸੰਧੂ ): ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਚੱਲ ਰਹੇ ਪ੍ਰੋਗਰਾਮਾਂ ਅਧੀਨ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ, ਐਸ ਐਮ ਓ ਆਈ ਮੋਬਾਇਲ ਯੂਨਿਟ ਡਾਕਟਰ ਵਿਮੀ ਮਹਾਜਨ ਦੀ ਅਗਵਾਈ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਨਰੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਬਲਾਕ ਭਾਮ ਅਧੀਨ ਆਉਂਦੇ ਸਕੂਲੀ ਬੱਚਿਆਂ ਨੂੰ ਆਰ ਬੀ ਐਸ ਕੇ ਪ੍ਰੋਗਰਾਮ ਹੇਠ ਨਜ਼ਰ ਦੀਆਂ ਐਨਕਾਂ ਮੁਫ਼ਤ ਵੰਡੀਆਂ ਗਈਆਂ। ਓਪਥਲਮਿਕ ਅਫਸਰ ਸ਼$ਰੀ ਕਾਰਤਿਕ ਗੁਲਾਟੀ ਨੇ ਦੱਸਿਆ ਕਿ ਨੈਸ਼ਨਲ ਪ੍ਰੋਗਰਾਮ ਕੰਟਰੋਲ ਆਫ ਬਲਾਇੰਡਨੈੱਸ ਹੇਠ ਬਲਾਕ ਭਾਮ ਦੇ ਵੱਖੋ ਵੱਖਰੇ ਸਰਕਾਰੀ ਹਸਪਤਾਲਾਂ ਵਿਖੇ ਸਿਹਤ ਵਿਭਾਗ ਵੱਲੋਂ ਸਕੂਲੀ ਬੱਚਿਆਂ ਦੀ ਨਜ਼ਰ ਚੈੱਕ ਕਰਨ ਦੇ ਕੈਂਪ ਲਗਾਏ ਜਾ ਰਹੇ ਹਨ ।ਹਰ ਮਹੀਨੇ 2 ਕੈਂਪ ਸਕੂਲ ਵਿਖੇ ਲਗਾਉਣ ਦਾ ਟਾਰਗੇਟ ਹੈ ਜਿਸ ਦੀ ਪੂਰਤੀ ਕਰਦੇ ਹੋਏ ਹੁਣ ਤਕ 30 ਵਿਦਿਆਰਥੀਆਂ ਨੂੰ ਮੁਫ਼ਤ ਨਜਰ ਦੀਆਂ ਐਨਕਾਂ ਵੰਡੀਆਂ ਜਾ ਚੁੱਕੀਆਂ ਹਨ। ਇਸਦੇ ਨਾਲ ਹੀ ਓ ਪੀ ਡੀ ਦੌਰਾਨ ਵੀ ਬੁਜ਼ੁਰਗਾਂ ਦੀ ਸਿਹਤ ਸੰਭਾਲ ਅਧੀਨ ਓਹਨਾ ਦੀ ਘਟਦੀ ਨਜਰ ਦਾ ਬਕਾਇਦਾ ਚੈਕਅਪ ਕੀਤਾ ਜਾ ਰਿਹਾ ਹੈ ਅਤੇ ਲੋੜਵੰਦਾਂ ਨੂੰ ਮੁਫ਼ਤ ਨਜਰ ਦੀਆਂ ਐਨਕਾਂ ਮੁਹਈਆ ਕਰਵਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਹੁਣ ਤੱਕ 120 ਬੁਜ਼ੁਰਗਾਂ ਨੂੰ ਐਨਕਾਂ ਵੰਡੀਆਂ ਜਾ ਚੁੱਕੀਆਂ ਹਨ। ਬੀ ਈ ਈ ਸੁਰਿੰਦਰ ਕੌਰ ਨੇ ਦੱਸਿਆ ਕਿ ਸੀ ਐਚ ਸੀ ਭਾਮ ਵਿਖੇ ਰੋਜ਼ਾਨਾ ਅੱਖਾਂ ਦਾ ਚੈਕਪ ਹੋ ਰਿਹਾ ਹੈ। ਓ ਪੀ ਡੀ ਦੌਰਾਨ ਕੋਈ ਵੀ ਮਰੀਜ ਨਜਰ ਦੀ ਜਾਂਚ ਕਰਵਾ ਸਕਦਾ ਹੈ। ਇਲਾਕਾ ਵਾਸੀਆਂ ਨੂੰ ਇਸਦਾ ਵੱਧ ਤੋਂ ਵੱਧ ਲਾਹਾ ਲੈਣ ਚਾਹੀਦਾ ਹੈ। ਇਸ ਮੌਕੇ ਤੇ ਏ ਐਮ ਓ ਡਾਕਟਰ ਸੰਦੀਪ ,ਓਪਥਲਮਿਕ ਅਫਸਰ ਸ਼$ਰੀ ਕਾਰਤਿਕ ਗੁਲਾਟੀ, ਬੀ ਈ ਈ ਸੁਰਿੰਦਰ ਕੌਰ, ਨਵਦੀਪ ਸਿੰਘ ਫਾਰਮੇਸੀ ਅਫਸਰ ਸਕੂਲੀ ਵਿਦਿਆਰਥੀ ਮੌਜੂਦ ਰਹੇ।

# ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਅਗਾਊਂ ਸਕੰਟ ਨਾਲ ਨਜਿੱਠਣ ਲਈ ਕੋਟਕਪੂਰਾ ਵਿਖੇ ਮੌਕ ਡਰਿੱਲ ਦਾ ਆਯੋਜਨ

## ਇਹ ਡਰਿੱਲ ਮਹਿਜ ਅਭਿਆਨ, ਜਿਲ੍ਹਾ ਵਾਸੀਆਂ ਨੂੰ ਡਰਨ ਜਾਂ ਘਬਰਾਉਣ ਦੀ ਜ਼ਰੂਰਤ ਨਹੀਂ-ਡਿਪਟੀ ਕਮਿਸ਼ਨਰ

ਕੋਟਕਪੂਰਾ, 7 ਮਈ (ਅਵਤਾਰ ਸ਼ਸਿੰਘ ਮੱਲਾ):ਭਾਰਤ ਸਰਕਾਰ ਦੇ ਆਦੇਸ਼ਾਂ ਅਨੁਸਾਰ ਜਿਲ੍ਹਾ ਵਾਸੀਆਂ ਨੂੰ ਕਿਸੇ ਵੀ ਸੰਕਟ ਦੀ ਸਥਿਤੀ ਤੇ ਅਣਸੁਖਾਵੀਂ ਘਟਨਾ ਤੋਂ ਬਚਾਅ ਸਬੰਧੀ ਸੁਚੇਤ ਕਰਨ ਦੇ ਉਦੇਸ਼ ਵਜੋਂ ਅੱਜ ਕੋਟਕਪੂਰਾ ਵਿਖੇ ਜਿਲ੍ਹਾ ਪੱਧਰੀ ਮੌਕ ਡਰਿੱਲ ਦਾ ਸਫਲ ਆਯੋਜਨ ਹੋਇਆ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਆਏ ਆਦੇਸ਼ਾਂ ਅਨੁਸਾਰ ਜਿਲ੍ਹਾ ਵਾਸੀਆਂ ਨੂੰ ਅਣਸੁਖਾਵੀਂ ਘਟਨਾ ਜਾਂ ਸੰਕਟ ਵਿੱਚ ਬਚਾਅ ਸਬੰਧੀ ਸਿਖਲਾਈ ਦੇਣ ਲਈ ਅੱਜ ਕੋਟਕਪੂਰਾ ਵਿਖੇ ਨਗਰ ਕੌਂਸਲ ਅਤੇ ਸਿਵਲ ਹਸਪਤਾਲ ਵਿਖੇ ਮੌਕ ਡਰਿੱਲ ਦਾ ਆਯੋਜਨ ਕਰਕੇ ਨਾਗਰਿਕਾਂ ਨੂੰ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਵਾਸੀਆਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਜਰੂਰਤ ਨਹੀਂ ਹੈ ।ਇਸ ਮੌਕੇ ਐਸ.ਡੀ.ਐਮ. ਕੋਟਕਪੂਰਾ ਸ. ਵਰਿੰਦਰ ਸਿੰਘ ਨੇ




ਦੱਸਿਆ ਕਿ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਕੋਟਕਪੂਰਾ ਵਿਖੇ ਸੰਕਟਕਾਲ ਨਾਲ ਕਿਵੇਂ ਨਜਿੱਠਣਾ ਹੈ, ਇਸ ਸਬੰਧੀ ਸਿਵਲ ਡਿਫੈਂਸ, ਮੈਡੀਕਲ ਟੀਮਾਂ, ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਮੌਕ ਡਰਿੱਲ ਕਰਵਾ ਕੇ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਲਈ ਕਿਸੇ ਕਿਸਮ ਦੀ ਘਬਰਾਉਣ ਦੀ ਜਰੂਰਤ ਨਹੀਂ ਉਹਨਾਂ ਕਿਹਾ ਕਿ ਕੱਲ ਜਾਂ ਉਸ ਤੋਂ ਬਾਅਦ ਜਦੋਂ ਵੀ ਅਜਿਹਾ ਸਾਇਰਨ ਵਜੇ ਤਾਂ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜਮੀਨ ਜਾਂ ਜਮੀਨ ਦੋਜ ਬੰਕਰ ਉੱਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਜਾਂ ਖੁੱਲੇ ਦੇ ਵਿੱਚ ਲੰਮੇ ਪੈ ਜਾਣ । ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ। ਇਸੇ ਦੌਰਾਨ ਉਹ ਆਪਣੀ ਗੈਸ ਅਤੇ ਬਿਜਲੀ ਦੇ ਕਨੈਕਸ਼ਨ ਬੰਦ ਰੱਖਣ। ਉਨਾਂ ਕਿਹਾ ਕਿ ਇਸ ਸਮੇਂ ਦੌਰਾਨ ਸੜਕ ਉੱਤੋਂ ਚਲਦੇ ਰਾਹਗੀਰ ਜਾਂ ਗੱਡੀਆਂ ਐਮਰਜੈਂਸੀ ਵਹੀਕਲ ਜਿੰਨਾ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ ਨੂੰ ਤੁਰੰਤ ਰਸਤਾ ਦੇਣ ।ਇਸ ਮੌਕੇ ਸ.ਗੁਰਕਰਨਦੀਪ ਸਿੰਘ ਪੀ.ਸੀ.ਐਸ. ਚੇਅਰਮੈਨ ਮਾਰਕਿਟ ਕਮੇਟੀ ਸ. ਗੁਰਮੀਤ ਸਿੰਘ ਆਰੇਵਾਲਾ, ਸ. ਨਿਰਮਲ ਸਿੰਘ ਕਮਾਂਡੈਂਟ ਪੰਜਾਬ ਹੋਮ ਗਾਰਡ, ਐਸ.ਪੀ. ਸ੍ਰੀ ਸੰਦੀਪ ਕੁਮਾਰ, ਡੀ.ਐਸ.ਪੀ. ਕੋਟਕਪੂਰਾ ਜਤਿੰਦਰ ਸਿੰਘ, ਈ.ਓ ਕੋਟਕਪੂਰਾ ਅਮਰਿੰਦਰ ਸਿੰਘ, ਅਮਨਦੀਪ ਸਿੰਘ ਪੀ.ਏ ਸਪੀਕਰ, ਐਨ.ਐਨ.ਸੀ. ਦੇ ਕੈਡਿਟ, ਡਿਜਾਸਟਰ ਮੈਨੇਜਮੈਂਟ ਨਾਲ ਸਬੰਧਤ ਕਰਮਚਾਰੀਆਂ ਤੋਂ ਇਲਾਵਾ ਜਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਕਰਾਟੇ ਚੈਂਪੀਅਨਸ਼ਿਪ 'ਚ ਫਤਿਹ ਅਕੈਡਮੀ ਆਫ ਮਾਰਸ਼ਲ ਆਰਟ ਦਾ ਸ਼ਾਨਦਾਰ ਪ੍ਰਦਰਸ਼ਨ

ਬਿਆਸ, 7 ਮਈ (ਬਲਰਾਜ ਸਿੰਘ ਰਾਜਾ) : ਕਰਾਟੇ ਡੂ ਐਸੋਸੀਏਸ਼ਨ ਆਫ ਅੰਮ੍ਰਿਤਸਰ ਵੱਲੋਂ ਤੀਜੀ ਜ਼ਿਲਾ ਕਰਾਟੇ ਚੈਂਪੀਅਨਸ਼ਿਪ 2025, ਹਿੰਦੂ ਕਾਲਜ ਅੰਮ੍ਰਿਤਸਰ ਦੇ ਵਿੱਚ ਕਰਵਾਈ ਗਈ।। ਜਿਸ ਵਿੱਚ ਫਤਿਹ ਅਕੈਡਮੀ ਆਫ ਮਾਰਸ਼ਲ ਆਰਟ ਬਿਆਸ ਦੀ ਟੀਮ ਦੇ 20 ਖਿਡਾਰੀਆਂ ਨੇ ਭਾਗ ਲਿਆ ।ਬਿਆਸ ਵਿਖੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਕੈਡਮੀ ਦੇ ਕੋਚ ਧਲਵਿੰਦਰ ਸਿੰਘ ਨਹੀਂ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਫਤਿਹ ਅਕੈਡਮੀ ਆਫ ਮਾਰਸ਼ਲ ਆਰਟ ਬਿਆਸ ਦੇ ਖਿਡਾਰੀ ਲਵਨੂਰ ਮਾਹੀ, ਕਿਰਨਪ੍ਰੀਤ ਕੌਰ, ਪਰਲੀਨ ਕੌਰ, ਹਰਕੀਰਤ ਕੌਰ ਅਤੇ ਨਿਮਰਤਪ੍ਰੀਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕੀਤੇ ਹਨ। ਇਸੇ ਤਰ੍ਹਾਂ ਵੰਸ਼ਪ੍ਰੀਤ ਸਿੰਘ, ਜੈ ਦੀਪ ਸਿੰਘ, ਸੀਰਤਜੋਤ ਕੌਰ ਅਤੇ ਸਿਮਰਨਜੀਤ ਕੌਰ ਨੇ ਸਿਲਵਰ ਮੈਡਲ ਪ੍ਰਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮੰਨਤਵੀਰ ਸਿੰਘ, ਗੁਰਨੂਰ ਸਿੰਘ, ਪਰਲਿਨ ਕੌਰ, ਸਰਗੁਣਪ੍ਰੀਤ ਕੌਰ ਅਤੇ ਸਤਿੰਦਰਬੀਰ ਸਿੰਘ ਨੇ ਬਰਾਉਨਜ਼ ਮੈਡਲ ਪ੍ਰਾਪਤ ਕੀਤੇ ਹਨ।। ਉਨ੍ਹਾਂ ਦੱਸਿਆ ਕਿ ਉਕਤ ਖਿਡਾਰੀਆਂ ਨੇ ਆਪਣੀ ਉਮਰ ਤੇ ਭਾਰ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਦਿਖਾਇਆ ਹੈ ਅਤੇ ਅਕੈਡਮੀ ਦੇ ਨਾਮ ਦੇ ਨਾਲ ਨਾਲ ਆਪਣੇ ਮਾਪਿਆਂ ਤੇ ਇਲਾਕੇ ਦਾ ਨਾਮ ਵੀ ਰੋਸ਼ਨ ਕੀਤਾ ਹੈ। ਇਸ ਦੇ ਨਾਲ ਹੀ ਚੈਂਪੀਅਨਸ਼ਿਪ ਦੇ ਵਿੱਚ ਰੋਮਿਰ ਯਾਦਵ, ਜੈ ਦੀਪ ਸਿੰਘ, ਆਆਰਵਜੋਤ ਸਿੰਘ, ਜਪਕੀਰਤ ਸਿੰਘ, ਫਤਿਹ ਸਿੰਘ, ਮੁਸਕਾਨ ਕੌਰ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ।ਉਕਤ ਚੈਂਪੀਅਨਸ਼ਿਪ ਦੇ ਦੌਰਾਨ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਬੱਚਿਆਂ ਦੀ ਹੌਸਲਾ ਅਫਜਾਈ ਕਰਦਿਆਂ ਉਹਨਾਂ ਨੂੰ ਮੈਡਲ ਭੇਂਟ ਕੀਤੇ ਅਤੇ ਭਵਿੱਖ ਵਿੱਚ ਹੋਰ ਵੀ ਸ਼ਾਨਦਾਰ ਖੇਡਣ ਲਈ ਪ੍ਰੇਰਿਤ ਕੀਤਾ।। ਇਸ ਮੌਕੇ ਸ਼ੇਹਾਨ ਕੁਲਦੀਪ ਸਿੰਘ ਟੈਕਨੀਕਲ ਚੇਅਰਮੈਨ ਪੰਜਾਬ ਐਮਚੂਰ ਕਰਾਟੇ ਫਾਊਂਡੇਸ਼ਨ (ਏ ਕੇ ਐਫ), ਸ਼ਿਵਮ ਤਿਵਾੜੀ, ਹਰਮੀਤ ਸਿੰਘ, ਦਿਨੇਸ਼ ਕੌਸ਼ਲ ਆਦਿ ਹਾਜਿਰ ਸਨ।

# ਐਸ. ਬੀ. ਐਸ. ਸਕੂਲ ਵਿਖੇ ਬੱਚਿਆਂ ਨੂੰ ਬਲੈਕ ਆਊਟ ਬਾਰੇ ਜਾਣਕਾਰੀ ਦਿੱਤੀ



ਬਰਨਾਲਾ, 7 ਮਈ (ਅਮਨਦੀਪ ਸਿੰਘ):ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਅਧਿਆਪਕ ਨਰਾਇਣ ਗਰਗ ਵੱਲੋਂ ਬੱਚਿਆਂ ਨੂੰ ਕਿਸੇ ਵੀ ਐਮਰਜੈਂਸੀ ਸਥਿਤੀ ਨੂੰ ਸੰਭਾਲਣ ਦੇ ਮਕਸਦ ਨਾਲ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਉਨ੍ਹਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਨੂੰ ਪ੍ਰੈਕਟੀਕਲ ਤਰੀਕਿਆਂ ਨਾਲ ਸਮਝਾਇਆ। ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਹਮਲੇ ਤੋਂ ਬਚਣ ਲਈ ਆਪਣੇ ਘਰ ਦੇ ਸ਼ੀਸ਼ਿਆਂ ਨੂੰ ਕਾਲੇ ਜਾਂ ਖਾਕੀ ਕਾਗਜ ਲਗਾ ਦਿੱਤੇ ਜਾਣ ਅਤੇ ਘਰ ਦੀਆਂ ਛੱਤਾਂ ਉੱਤੇ ਕੋਈ ਵੀ ਬਲਣ ਵਾਲੀ ਚੀਜ ਨਾ ਰੱਖੀ ਜਾਵੇ। ਆਪਣੇ ਘਰ ਵਿੱਚ ਸੁਰੱਖਿਅਤ ਜਗ੍ਹਾ ਬਣਾਈ ਜਾਵੇ ਜਿੱਥੇ ਖਾਣ-ਪੀਣ ਅਤੇ ਜ਼ਰੂਰੀ ਸਮਾਨ ਨੂੰ ਸੰਭਾਲਕੇ ਰੱਖਿਆ ਜਾਵੇ। ਉਨ੍ਹਾਂ ਹਵਾਈ ਹਮਲੇ ਦੌਰਾਨ ਨੁਕਸਾਨ ਤੋਂ ਬਚਣ ਲਈ ਹਦਾਇਤ ਦਿੰਦੇ ਹੋਏ ਕਿਹਾ ਕਿ ਜੇਕਰ ਤੁਸੀ ਮੈਦਾਨ ਵਿੱਚ ਹੋ ਤਾਂ ਕੁਹਣੀਆਂ ਭਾਰ ਉਲਟਾ ਲੇਟਕੇ ਛਾਤੀ ਨੂੰ ਉੱਪਰ ਚੁੱਕ ਲਓ ਅਤੇ ਕੰਨਾਂ ਵਿੱਚ ਉਂਗਲੀਆਂ ਲਈਆਂ ਜਾਣ। ਜੇਕਰ ਕਿਸੇ ਇਮਾਰਤ ਅੰਦਰ ਹੋ ਤਾਂ ਕੰਧ, ਪੌੜੀਆਂ, ਟੇਬਲ ਆਦਿ ਸਮਾਨ ਦੇ ਉਹਲੇ ਹੋ ਕੇ ਬੈਠ ਜਾਓ। ਜੇਕਰ ਸਫਰ ਕਰ ਰਹੇ ਹੋ ਤਾਂ ਆਪਣੇ ਸਾਧਨ ਵਿਚੋਂ ਨਿਕਲ ਕੇ ਸੜਕ ਦੇ ਖੱਬੇ ਪਾਸੇ ਮੈਦਾਨ ਵਿੱਚ ਦੱਸੇ ਤਰੀਕੇ ਅਨੁਸਾਰ ਲੇਟ ਜਾਓ। ਹਵਾਈ ਹਮਲੇ ਦੌਰਾਨ ਆਪਣੇ ਘਰ ਦੀ ਬਿਜਲੀ ਨੂੰ ਮੇਨ ਤੋਂ ਬੰਦ ਕੀਤਾ ਜਾਵੇ ਅਤੇ ਰੋਸ਼ਨੀ ਬਿਲਕੁਲ ਨਾ ਕੀਤੀ ਜਾਵੇ। ਸਕੂਲ ਪ੍ਰਿੰਸੀਪਲ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਰਾਤ ਨੂੰ 8 ਵਜੇ ਘਰ ਦੀਆਂ ਬੱਤੀਆਂ ਬੰਦ ਕਰ ਕੇ ਸਰਕਾਰ ਵੱਲੋ ਕੀਤੇ ਬਲੈਕ ਆਊਟ ਦੇ ਅਭਿਆਸ ਨੂੰ ਸਮੱਰਥਨ ਦੇਣ ਲਈ ਕਿਹਾ।

# ਉਪਕਾਰ ਕੋਆਰਡੀਨੇਸ਼ਨ ਸੁਸਾਇਟੀ ਵੱਲੋਂ ਪੈਰਾਡਾਈਜ਼ ਅਕੈਡਮੀ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ

ਬਰਨਾਲਾ, 7 ਮਈ (ਸੁਖਵਿੰਦਰ ਸਿੰਘ ਭੰਡਾਰੀ):ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਨੇ ਪੈਰਾਡਾਈਜ਼ ਅਕੈਡਮੀ ਹਮੀਦੀ ਵਿਖੇ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਜੁਗਰਾਜ ਸਿੰਘ ਕਾਹਲੋਂ ਫੀਲਡ ਅਫ਼ਸਰ ਬਰਨਾਲਾ ਅਤੇ ਅੰਮ੍ਰਿਤਪਾਲ ਸਿੰਘ ਐਸਐਚਓ ਠੁੱਲੀਵਾਲ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਨੀਰਜ ਕੁਮਾਰ ਸਿੰਗਲਾ ਪ੍ਰਧਾਨ, ਸੰਗੀਤ ਵਲੋਂ ਆਪਣੇ ਸੰਬੋਧਨ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਸ਼ਿਆਂ ਨੂੰ ਰੋਕਣ ਲਈ ਪੂਰੀ ਤਰਾਂ ਬਜਿੱਦ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਨਦੇਹੀ ਨਾਲ ਨਸ਼ਿਆ ਨੂੰ ਰੋਕਣ ਸਬੰਧੀ ਲੱਗਿਆ ਹੋਇਆ ਹੈ। ਇਸ ਲੜੀ ਤਹਿਤ ਹੀ ਸਕੂਲਾਂ,ਕਾਲਜਾਂ ਵਿੱਚ ਸੈਮੀਨਾਰ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਮੁੱਖ ਮਹਿਮਾਨ ਵੱਲੋਂ ਬੱਚਿਆਂ ਨੂੰ ਮੋਬਾਈਲ ਦੇ ਮਾੜੇ ਪ੍ਰਭਾਵ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਗੁਰਦੀਪ ਬਾਂਸਲ, ਅਕੈਡਮੀ ਦੇ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ, ਵਿਸ਼ਾਲ ਗਰਗ ਦੀ ਅਗਵਾਈ ਹੇਠ ਕਰਵਾਇਆ ਗਿਆ। ਵਿਦਿਆਰਥੀਆਂ ਦੁਆਰਾ ਨਸ਼ਿਆਂ ਵਿਰੁੱਧ ਗੀਤ ਗਾਏ ਗਏ ਅਤੇ ਸਮਾਜ ਨੂੰ ਨਸ਼ਾ ਮੁਕਤ ਕਰਨ ਸੰਬੰਧੀ ਨਾਟਕ ਪੇਸ਼ ਕੀਤਾ ਗਿਆ। ਬੱਚਿਆਂ ਨੂੰ ਨਸ਼ੇ ਨਾ ਕਰਨ ਸਬੰਧੀ ਸਹੁੰ ਚੁਕਾਈ ਗਈ। ਇਸ ਮੌਕੇ ਅਮਨਦੀਪ ਸਿੰਘ, ਕੁਲਦੀਪ ਕੌਰ, ਟੋਨੀ ਕੁਮਾਰ ਗੋਇਲ ਸਟੈਨੋ, ਅਕੈਡਮੀ ਦੇ ਚੇਅਰਮੈਨ ਸੁਰਿੰਦਰ ਬਾਵਾ, ਸਕੱਤਰ ਡਾਕਟਰ ਅਲੋਕ



ਸ਼ਰਮਾ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਵੱਖ ਵੱਖ ਬੁਲਾਰਿਆਂ ਵੱਲੋਂ ਨਸ਼ੇ ਨਾ ਕਰਨ ਸਬੰਧੀ ਅਪੀਲ ਕੀਤੀ ਗਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਇਆ ਗਿਆ। ਮੁੱਖ ਮਹਿਮਾਨ ਸੁਭਾਸ਼ ਭਾਰਤੀ, ਸਰਬਸੁਖਜੀਤ ਸਿੰਘ ਸੀਤਲ,ਵਿਜੈ ਗੁਪਤਾ, ਵਿਸ਼ਾਲ ਗਰਗ, ਪ੍ਰਿੰਸੀਪਲ ਹਰੀਸ਼ ਬਾਂਸਲ ਅਤੇ ਮੈਡਮ ਸੁਖਪਾਲ ਵੱਲੋਂ ਵੀ ਸੰਬੋਧਨ ਕੀਤਾ ਗਿਆ। ਇਹ ਪ੍ਰੋਗਰਾਮ ਪੈਰਾਡਾਈਜ਼ ਸਿੰਗਲਾ, ਵਿਸ਼ਾਲ ਗਰਗ, ਰਣਜੀਤ ਸਿੰਘ ਟੱਲੇਵਾਲ ਸੇਵਾ ਮੁਕਤ ਮੁੱਖ ਅਧਿਆਪਕ, ਸੰਜੀਵ ਸਿੰਗਲਾ,ਬਲਜਿੰਦਰ ਕੁਮਾਰ,ਮੁਨੀਸ਼ ਕੁਮਾਰ ਆਦਿ ਹਾਜ਼ਰ ਸਨ।

# ਵਾਈ.ਐਸ. ਸਕੂਲ ਦੇ ਵਿਦਿਆਰਥੀਆਂ ਨੇ ਸੌਰ ਊਰਜਾ ਦਾ ਵਿਗਿਆਨ ਸਮਝਿਆ



ਬਰਨਾਲਾ, 7 ਮਈ (ਤੁਸ਼ਾਰ ਗੋਇਲ):ਵਾਈਐਸ ਪਬਲਿਕ ਸਕੂਲ ਨੇ ਵਿਗਿਆਨਕ ਰੁਚੀ ਨੂੰ ਪ੍ਰੋਤਸਾਹਿਤ ਕਰਨ ਲਈ ਨਵੀਨ ਤੇ ਅਨੁਭਵਾਤਮਕ ਸਿੱਖਿਆ ਰਾਹੀਂ ਇੱਕ ਹੋਰ ਕਦਮ ਚੁੱਕਿਆ। "ਸੋਲਰ ਸਪਾਰਕਸ: ਅਕਸ਼ੈ ਊਰਜਾ ਸਬੰਧੀ ਹੱਥ-ਅਨੁਭਵ ਸਬਕ" ਨਾਂ ਦੀ ਜਮਾਤ 7 ਦੀ ਗਤੀਵਿਧੀ ਵਿਚ ਵਿਦਿਆਰਥੀਆਂ ਨੇ ਸਕੂਲ ਵਿਖੇ ਲੱਗੇ ਹੋਏ ਸੋਲ ਪੈਨਲ ਸਿਸਟਮ ਦੀ ਪੂਰੀ ਜਾਂਚ ਕੀਤੀ। ਸਮਾਜਿਕ ਵਿਗਿਆਨ ਦੇ 'ਸੰਸਾਧਨ' ਅਧਿਆਇ ਅਧੀਨ, ਵਿਦਿਆਰਥੀਆਂ ਨੇ ਸਿੱਖਿਆ ਕਿ ਫੋਟੋਵੋਲਟੇਇਕ ਪ੍ਰਭਾਵ ਨੂੰ ਸਮਝਿਆ-ਇਹ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਸੋਰ ਪੈਨਲ ਸੂਰਜੀ ਰੋਸ਼ਨੀ ਨੂੰ ਬਿਜਲੀ ਵਿੱਚ ਤਬਦੀਲ ਕਰਦੇ ਹਨ। ਇਹ ਅਨੁਭਵਾਤਮਕ ਸੈਸ਼ਨ ਵਿਦਿਆਰਥੀਆਂ ਲਈ ਸਿਧਾਂਤ ਅਤੇ ਅਮਲ ਵਿਚਕਾਰ ਪੁਲ ਬਣ ਗਿਆ,ਜਿਸ ਨਾਲ ਉਨ੍ਹਾਂ ਨੇ ਊਰਜਾ ਤਬਦੀਲੀ, ਟਿਕਾਊ ਵਿਕਾਸ ਅਤੇ ਵਾਤਾਵਰਨ ਸੰਰਕਸ਼ਣ ਨਾਲ ਸਬੰਧਤ ਵਿਗਿਆਨਕ ਧਾਰਨਾਵਾਂ ਨੂੰ ਸਮਝਿਆ। ਇਸ ਕਾਰਜਕ੍ਰਮ ਦਾ ਉਦੇਸ਼ 21ਵੀਂ ਸਦੀ ਦੇ ਹੁਨਰਾਂ ਜਿਵੇਂ ਕਿ ਆਲੋਚਨਾਤਮਕ ਸੋਚ, ਵਿਗਿਆਨਕ ਪੜਚੋਲ, ਵਾਤਾਵਰਨ ਸੂਝ ਅਤੇ ਮੁੱਦਿਆਂ ਦੇ ਹੱਲ ਨੂੰ ਵਿਕਸਤ ਕਰਨਾ ਸੀ। ਵਿਦਿਆਰਥੀਆਂ ਨੇ ਸਿੱਖਿਆ ਦੁਆਰਾ ਜਾਣਿਆ ਕਿ ਸਾਫ਼ ਤੇ ਨਵੀਨੀਕਰਨਯੋਗ ਊਰਜਾ ਕਿਵੇਂ ਕਲਾਈਮੇਟ ਚੇਂਜ ਦਾ ਮੁਕਾਬਲਾ ਕਰਨ ਵਿੱਚ ਮਦਦਗਾਰ ਹੋ ਸਕਦੀ ਹੈ। ਇਸ ਪਹਿਲ ਨੇ ਉਨ੍ਹਾਂ ਦੀ ਵਿਦਿਆ ਸਮਝ ਨੂੰ ਗਹਿਰਾਈ ਦਿੱਤੀ, ਨਾਲ ਹੀ ਪਰਿਆਵਰਨ ਜਾਗਰੂਕਤਾ, ਨਵੀਨਤਾ ਅਤੇ ਜ਼ਿੰਮੇਵਾਰ ਨਾਗਰਿਕਤਾ ਵਰਗੀਆਂ ਮੁੱਲਾਂ ਨੂੰ ਵੀ ਮਜ਼ਬੂਤ ਕੀਤਾ। ਇਹ ਸੈਸ਼ਨ ਇਸ ਗੱਲ ਦਾ ਜਿਉਂਦਾ-ਜਾਗਦਾ ਸਬੂਤ ਸੀ ਕਿ ਵਾਈਐਸ ਪਬਲਿਕ ਸਕੂਲ ਕਿਵੇਂ ਭਵਿੱਖ ਲਈ ਤਿਆਰ ਵਿਦਿਆਰਥੀਆਂ ਨੂੰ ਅਨੁਭਵਾਤਮਕ ਸਿੱਖਿਆ ਰਾਹੀਂ ਸਮਰਥ ਕਰ ਰਿਹਾ ਹੈ।

# ਬੱਚਿਆਂ ਨੇ ਆਪਣੇ ਸਾਰੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਸਹੁੰ ਚੁੱਕੀ



ਬਰਨਾਲਾ, 7 ਮਈ (ਹਿਮਾਂਸ਼ੂ ਗਰਗ):ਮਦਰ ਟੀਚਰ ਸਕੂਲ ਨੇ ਆਪਣਾ ਨਿਵੇਸ਼ਕਾਰ ਸੈਰੇਮਨੀ ਆਯੋਜਿਤ ਕੀਤੀ, ਜਿਸ ਵਿੱਚ ਨਵੇਂ ਚੁਣੇ ਗਏ ਵਿਦਿਆਰਥੀ ਪ੍ਰੀਸ਼ਦ ਮੈਂਬਰਾਂ ਨੂੰ ਲੀਡਰਸ਼ਿਪ ਭੂਮਿਕਾਵਾਂ ਸੌਂਪੀਆਂ ਗਈਆਂ। ਇਹ ਸਮਾਗਮ ਪ੍ਰਾਰਥਨਾ ਨਾਲ ਸ਼ੁਰੂ ਹੋਇਆ, ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਪ੍ਰਤੀ ਉਨ੍ਹਾਂ ਦੇ ਫਰਜ਼ ਦੇ ਪ੍ਰਤੀਕ ਬੈਜ ਅਤੇ ਸੈਸ਼ ਦਿੱਤੇ ਗਏ। ਇਸ ਸੈਰੇਮਨੀ ਵਿਚ ਹੈੱਡ ਬੁਆਏ, ਹੈੱਡ ਗਰਲ, ਹਾਊਸ ਕੈਪਟਨ ਅਤੇ ਹੋਰ ਸਕੂਲ ਕੌਂਸਲ ਮੈਂਬਰ ਚੁਣੇ ਗਏ। ਉਸਨੇ ਸਕੂਲ ਪ੍ਰਤੀ ਆਪਣੇ ਸਾਰੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੀ ਸਹੁੰ ਚੁੱਕੀ। ਇਹ ਸੈਰੇਮਨੀ ਅਨੁਸ਼ਾਸਨ, ਮਾਣ ਅਤੇ ਜ਼ਿੰਮੇਵਾਰੀ ਦੀ ਇੱਕ ਨਵੀਂ ਭਾਵਨਾ ਦੇ ਉਭਾਰ ਦਾ ਪ੍ਰਤੀਕ ਸੀ। ਇਹ ਪ੍ਰੋਗਰਾਮ ਰਾਸ਼ਟਰੀ ਗੀਤ ਨਾਲ ਸਮਾਪਤ ਹੋਇਆ, ਜੋ ਏਕਤਾ ਅਤੇ ਉਦੇਸ਼ ਦੀ ਭਾਵਨਾ ਨਾਲ ਗੂੰਜਦਾ ਸੀ।

# ਵਿਦਿਆਰਥੀਆਂ ਲਈ 3ਡੀ ਪੇਂਟਿੰਗ ਸੈਸ਼ਨ ਸ਼ੁਰੂ



ਬਰਨਾਲਾ, 7 ਮਈ (ਹਿਮਾਂਸ਼ੂ ਗਰਗ/ ਅਮਨਦੀਪ ਸਿੰਘ):ਵਾਈਐਸ ਸਕੂਲ ਨੇ ਕੁਐਲਿਟੀ ਐਂਡਰ 3ਡੀ ਪ੍ਰਿੰਟਰ ਦੀ ਵਰਤੋਂ ਕਰਦੇ ਹੋਏ ਵਿਦਿਆਰਥੀਆਂ ਲਈ 3ਡੀ ਪੇਂਟਿੰਗ ਸੈਸ਼ਨ ਸ਼ੁਰੂ ਕੀਤਾ ਹੈ, ਜੋ ਕਿ ਇੱਕ ਪ੍ਰਸਿੱਧ 3ਡੀ ਪ੍ਰਿੰਟਰ ਹੈ। ਵਾਈਐਸ ਸਕੂਲ ਵਿਦਿਆਰਥੀਆਂ ਲਈ 3ਡੀ ਪੇਂਟਿੰਗ ਸੈਸ਼ਨ ਦੀ ਸ਼ੁਰੂਆਤ ਕੀਤੀ ਹੈ, ਜਿਹੜਾ ਕਿ ਇੱਕ ਪ੍ਰਸਿੱਧ 3ਡੀ ਪ੍ਰਿੰਟਰ ਹੈ, ਜੋ ਕਿ ਆਪਣੀ ਸ਼ੁੱਧਤਾ ਅਤੇ ਅਨੁਕੂਲਤਾ ਲਈ ਜਾਣਿਆ ਜਾਂਦਾ ਹੈ। ਇਹ ਤਕਨੀਕ ਵਿਦਿਆਰਥੀਆਂ ਨੂੰ ਤਿੰਨ-ਵਸਤੂਆਂ ਨੂੰ ਡਿਜ਼ਾਈਨ ਕਰਨ ਅਤੇ ਬਣਾਉਣ ਵਿੱਚ ਮਦਦ ਕਰਕੇ ਉਹਨਾਂ ਦੀ ਸੋਚ ਨੂੰ ਹਕੀਕਤ ਵਿੱਚ ਲਿਆਉਣ ਵਿੱਚ ਮਦਦ ਕਰਦੀ ਹੈ। ਇਹ ਪਹੁੰਚ ਵਿਦਿਆਰਥੀਆਂ ਨੂੰ ਨਾ ਸਿਰਫ਼ ਡਿਜੀਟਲ ਮਾਡਲਿੰਗ, ਸਗੋਂ ਭੌਤਿਕ ਸਿਰਜਣਾ ਅਤੇ ਕਲਾਤਮਕ ਸਮਾਧਾਨ ਦੀ ਮਾਹਿਰ ਬਣਨ ਵਿੱਚ ਸਹਾਇਤਾ ਕਰਦੀ ਹੈ।

# 270 ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਕਾਬੂ



ਤਪਾ ਮੰਡੀ, 7 ਮਈ (ਭੂਸ਼ਣ ਘੜੈਲਾ):ਥਾਣਾ ਸਿਟੀ ਪੁਲਿਸ ਨੇ ਵੱਖ-ਵੱਖ ਥਾਵਾਂ 'ਤੇ ਕਾਰਵਾਈ ਕਰਦਿਆਂ ਦੋ ਵਿਅਕਤੀਆਂ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਤਪਾ ਚੌਂਕੀ ਪੁਲਿਸ ਦੇ ਇੰਚਾਰਜ ਬਲਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਮਾਤਾ ਦਾਤੀ ਰੋਡ ਨੇੜੇ ਰਾਧਾ ਸੁਆਮੀ ਸਤਿਸੰਗ ਬਿਆਸ ਘਰ ਤਪਾ ਸੌਰਵ ਕੁਮਾਰ ਪੁੱਤਰ ਅਨੂਪ ਚੰਦ ਅਤੇ ਹਰਜਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀਆਂ ਤਪਾ ਨੂੰ ਗੋਲੀਆਂ ਅਤੇ ਮੋਟਰਸਾਈਕਲ ਸਮੇਤ ਬਰਾਮਦ ਕਰਕੇ ਗ੍ਰਿਫਤਾਰ ਕੀਤਾ। ਮਾਮਲੇ 'ਚ ਸਿਟੀ ਥਾਣਾ ਤਪਾ ਪੁਲਿਸ ਨੇ ਦੋਵੇਂ ਨੌਜਵਾਨਾਂ ਨੂੰ 270 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਕੇਸ ਦਰਜ ਕਰ ਲਿਆ। ਇਸ ਮੌਕੇ ਸਹਾਇਕ ਥਾਣੇਦਾਰ ਸਤਗੁਰੁ ਸਿੰਘ, ਹੌਲਦਾਰ ਗੁਰਪਿਆਰ ਸਿੰਘ, ਸਿਪਾਹੀ ਗੁਰਜੀਤ ਸਿੰਘ, ਸੰਦੀਪ ਸਿੰਘ ਆਦਿ ਸਨ।

# ਰਾਹਗੀਰਾਂ ਲਈ ਠੰਡੇ ਜਲ ਜੀਰੇ ਦੀ ਛਬੀਲ ਲਗਾਈ



ਤਪਾ ਮੰਡੀ, 7 ਮਈ (ਭੂਸ਼ਣ ਘੜੈਲਾ):ਪਿੰਡ ਘੜੈਲੀ ਵਿਖੇ ਦਸਮੀਂ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਧਨੌਆ ਗੋਤਰ ਪਰਿਵਾਰ ਦੇ ਸਮੂਹ ਘਰਾਂ ਵੱਲੋਂ ਇਕੱਠੇ ਹੋ ਆਪਣੇ ਵੱਡ ਵਡੇਰਿਆਂ ਦੀ ਯਾਦ ਨੂੰ ਸਮਰਪਿਤ ਬਾਬਾ ਜੀ ਦੀ ਮਠੀ 'ਤੇ ਇੱਕ ਸਾਂਝਾ ਚੌਲਾਂ ਦਾ ਯੱਗ ਅਤੇ ਗਰਮੀ ਤੋਂ ਰਾਹਤ ਪਾਉਣ ਲਈ ਰਾਹਗੀਰਾਂ ਲਈ ਠੰਡੇ ਜਲਜ਼ੀਰੇ ਦੀ ਛਬੀਲ ਲਗਾਈ ਗਈ। ਇਸ ਉੱਦਮ ਦੀ ਰਾਹਗੀਰਾਂ ਨੇ ਬਹੁਤ ਹੀ ਸ਼ਲਾਘਾ ਕੀਤੀ। ਇਸ ਮੌਕੇ ਸਾਬਕਾ ਸਰਪੰਚ ਬੂਟਾ ਸਿੰਘ, ਸਾਬਕਾ ਪੰਚ ਪਰਮਜੀਤ ਸਿੰਘ ਪੰਮੀ,ਬਲਵੰਤ ਸਿੰਘ ਧਨੌਆ,ਭਿੰਦਰ ਸਿੰਘ,ਮਨਿੰਦਰ ਸਿੰਘ,ਗੋਪੀ ਸਿੰਘ, ਕਾਲਾ ਸਿੰਘ, ਨੀਲਾ ਸਿੰਘ, ਰੰਮੀ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੇ ਲੋਕ ਹਾਜ਼ਰ ਸਨ।

# ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਨੂੰ 21 ਹਜ਼ਾਰ ਰੁਪਏ ਦਾ ਚੈਕ ਭੇਂਟ



ਬਰਨਾਲਾ, 7 ਮਈ (ਸੁਖਵਿੰਦਰ ਸਿੰਘ ਭੰਡਾਰੀ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਜਾਂਦੀ ਸਹਾਇਤਾ ਵਿੱਚੋਂ ਜਥੇਦਾਰ ਪਰਮਜੀਤ ਸਿੰਘ ਖਾਲਸਾ ਮੈਂਬਰ ਅੰਤਰਿੰਗ ਕਮੇਟੀ ਨੇ ਬੀਬੀਆਂ ਦੇ ਜੱਥੇ ਧੰਨ ਧੰਨ ਮਾਤਾ ਗੁਜਰ ਕੌਰ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬਰਨਾਲਾ ਨੂੰ 21 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ। ਇਹ ਵਰਨਣਯੋਗ ਹੈ ਕਿ ਪਰਮਜੀਤ ਸਿੰਘ ਖ਼ਾਲਸਾ ਮੈਂਬਰ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਵੱਲੋਂ ਲੋੜਵੰਦ ਲੋਕਾਂ ਦੀ ਹਰ ਸਮੇਂ ਮੱਦਦ ਕੀਤੀ ਜਾਂਦੀ ਹੈ। ਇਸ ਮੌਕੇ ਅਵਤਾਰ ਸਿੰਘ ਲੀਲਾ, ਅਕਾਲੀ ਆਗੂ ਬੇਅੰਤ ਸਿੰਘ ਬਾਠ, ਬੇਅੰਤ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਨਾ, ਏਕਮ ਸਿੰਘ, ਬਿੱਟੂ ਸਿੰਘ ਮਾਂਗੇਵਾਲ, ਸੁਖਪਾਲ ਸਿੰਘ ਖੀਵਾ, ਬੀਬੀਆਂ ਰਜਿੰਦਰ ਕੌਰ, ਗੁਰਮੀਤ ਕੌਰ, ਗੁਰਦੀਪ ਕੌਰ, ਇੰਦਰਜੀਤ ਕੌਰ, ਭੁਪਿੰਦਰਜੀਤ ਕੌਰ, ਮਨਜੀਤ ਕੌਰ, ਹਰਪ੍ਰੀਤ ਕੌਰ, ਕੁਲਦੀਪ ਕੌਰ ਆਦਿ ਦਾ ਜੱਥਾ ਹਾਜ਼ਰ ਸੀ। ਅੰਤ ਵਿੱਚ ਬੀਬੀਆਂ ਦੇ ਜੱਥੇ ਵੱਲੋਂ ਪਰਮ ਸਿੰਘ ਖਾਲਸਾ ਨੂੰ ਸਨਮਾਨਿਤ ਕੀਤਾ ਗਿਆ।

# ਸੀ. ਐਮ. ਦੀ ਯੋਗਸ਼ਾਲਾ ਦਾ ਆਮ ਲੋਕਾਂ ਨੂੰ ਮਿਲ ਰਿਹੈ ਭਰਪੂਰ ਲਾਹਾ : ਡਿਪਟੀ ਕਮਿਸ਼ਨਰ

ਬਠਿੰਡਾ, 7 ਮਈ (ਜਗਸੀਰ ਭੁੱਲਰ) :ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ 'ਸੀ.ਐਮ. ਦੀ ਯੋਗਸ਼ਾਲਾ' ਜਿੱਥੇ ਕਿ ਆਮ ਲੋਕਾਂ ਦੇ ਲਈ ਵਰਦਾਨ ਸਾਬਿਤ ਹੋ ਰਹੀ ਹੈ ਉੱਥੇ ਹੀ ਲੋਕ ਸੀ.ਐਮ ਦੀ ਯੋਗਸ਼ਾਲਾ ਤਹਿਤ ਯੋਗ ਸਬੰਧੀ ਕਲਾਸਾ ਲਗਾ ਕੇ ਭਰਪੂਰ ਲਾਹਾ ਲੈ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀ.ਐਮ ਦੀ ਯੋਗਸ਼ਾਲਾ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਵਿੱਚ ਵੀ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਜ਼ਿਲ੍ਹੇ ਦੇ ਨਸ਼ਾ ਮੁਕਤੀ ਕੇਂਦਰ ਵਿੱਚ ਮੁਫਤ ਯੋਗ ਕਲਾਸ ਚਲਾਈ ਜਾ ਰਹੀ ਹੈ, ਜਿਸ ਵਿੱਚ ਪੀੜਤਾਂ ਨੂੰ ਯੋਗ ਦੇ ਜਰੀਏ ਉਨਾਂ ਦੀ ਸਰੀਰਕ ਤੇ ਮਾਨਸਿਕ ਸਥਿਤੀ ਨੂੰ ਠੀਕ ਕਰਨ ਦੇ ਲਈ ਵੀ ਯੋਗ ਕਰਵਾਇਆ ਜਾਂਦਾ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਜਿਥੇ ਯੋਗ ਆਸਨ ਦੇ ਜਰੀਏ ਉਨ੍ਹਾਂ ਦੀ ਸਰੀਰਕ ਸਮਰੱਥਾ ਨੂੰ ਵਧਾਇਆ ਜਾ ਰਿਹਾ ਹੈ ਉੱਥੇ ਹੀ ਪੁਰਾਣਾਯਮ ਦੀ ਵਿਧੀ ਰਾਹੀਂ ਉਨ੍ਹਾਂ ਦੇ ਮਨ ਉੱਪਰ ਕੰਟਰੋਲ ਪਾਉਣ ਲਈ ਕਾਰਜ ਕੀਤੇ ਜਾ ਰਹੇ ਹਨ।ਯੋਗਾ ਟਰੇਨਰ ਹਰਸ਼ ਕੁਮਾਰ ਨੇ ਦੱਸਿਆ ਕਿ ਇਸ ਨਸ਼ਾ ਮੁਕਤੀ ਕੇਂਦਰ ਵਿੱਚ ਦੋ ਸਮੇਂ 'ਤੇ ਕਲਾਸ ਲਗਾਈ ਜਾ ਰਹੀ ਹੈ, ਜਿਸ ਦਾ ਸਵੇਰ ਦਾ ਸਮਾਂ ਸਵੇਰੇ 7:30 ਤੋਂ 8:30 ਵਜੇ ਅਤੇ ਸ਼ਾਮ ਦਾ ਸਮਾਂ 3:50 ਤੋਂ 4:50 ਤੱਕ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਨ੍ਹਾਂ ਮਰੀਜ਼ਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਉਨਾਂ ਨੂੰ ਬਹੁਤ ਜਿਆਦਾ ਚੰਗਾ ਲੱਗਦਾ ਹੈ ਤੇ ਉਨ੍ਹਾਂ ਦੇ ਸਰੀਰ ਅਤੇ ਸੁਭਾਅ ਵਿੱਚ ਤਬਦੀਲੀ ਆ ਰਹੀ ਹੈ।

# ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਕਰਵਾਈ ਮੌਕ ਡਰਿੱਲ : ਡੀ. ਸੀ.

ਬਠਿੰਡਾ, 7 ਮਈ (ਜਗਸੀਰ ਭੁੱਲਰ): ਭਾਰਤ ਸਰਕਾਰ ਵਲੋਂ ਜਾਰੀ ਹਦਾਇਤਾਂ ਦੇ ਮੱਦੇਨਜ਼ਰ ਭਵਿੱਖ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਅੱਜ ਇਥੇ ਸਥਾਨਕ ਰੇਲਵੇ ਸਟੇਸ਼ਨ, ਮਿੱਤਲ ਮਾਲ ਅਤੇ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨਐਫਐਲ) ਵਿਖੇ ਮੌਕ ਡਰਿੱਲ ਅਭਿਆਸ ਕਰਵਾਏ ਗਏ, ਜੋ ਕਿ ਸਫਲਤਾਪੂਰਵਕ ਰਹੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਮੌਕ ਡਰਿੱਲ ਤੇ ਬਲੈਕ ਆਊਟ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਸਿਰਫ ਇੱਕ ਅਭਿਆਸ ਪ੍ਰਕਿਰਿਆ ਹੈ ਜੋ ਫੰਕਸ਼ਨਲਟੀ ਅਤੇ ਸਾਊਂਡ ਚੈੱਕ ਕਰਨ ਲਈ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਕਿ ਉਹਨਾਂ ਨੂੰ ਕਿਸੇ ਵੀ ਤਰ੍ਹਾਂ ਡਰਨ ਜਾਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਉਹਨਾਂ ਕਿਹਾ ਕਿ ਇਸ ਮੌਕ ਡਰਿੱਲ ਦਾ ਮੁੱਖ ਮੰਤਵ ਭਵਿੱਖ ਵਿੱਚ ਸੰਕਟਕਾਲ ਨਾਲ ਕਿਵੇਂ ਨਜਿੱਠਣਾ ਹੈ, ਇਸ ਸਬੰਧੀ ਸਿਵਲ ਡਿਫੈਂਸ, ਮੈਡੀਕਲ ਟੀਮਾਂ, ਸਿਵਲ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਮੌਕ ਡਰਿੱਲ ਕਰਵਾ ਕੇ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੰਕਟ ਆਉਂਦਾ ਹੈ ਤਾਂ ਕਿਸੇ ਕਿਸਮ ਦੀ ਘਬਰਾਉਣ ਦੀ ਜਰੂਰਤ ਨਹੀਂ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਅਜਿਹਾ ਸਾਇਰਨ ਵੱਜੇ ਤਾਂ ਉਸ ਤੋਂ ਬਾਅਦ ਆਮ ਜਨਤਾ ਕੋਲੋਂ ਇਹ ਆਸ ਰੱਖੀ ਜਾਂਦੀ ਹੈ ਕਿ ਉਹ ਇਹ ਆਵਾਜ਼ ਸੁਣਦੇ ਸਾਰ ਉੱਚੀਆਂ ਇਮਾਰਤਾਂ ਵਿੱਚੋਂ ਨਿਕਲ ਕੇ ਕਿਸੇ ਜ਼ਮੀਨ ਜਾਂ ਜਮੀਨ ਦੋਜ ਟਿਕਾਣੇ ਉੱਤੇ ਪਹੁੰਚ ਜਾਣ, ਜੇਕਰ ਉਹਨਾਂ ਕੋਲ ਉੱਥੇ ਕੋਈ ਛੱਤ ਨਹੀਂ ਹੈ ਤਾਂ ਉਹ ਦਰਖਤ ਦੇ ਹੇਠਾਂ ਬੈਠ ਜਾਣ, ਜੋ ਲੋਕ ਇਮਾਰਤਾਂ ਦੇ ਵਿੱਚ ਰਹਿ ਰਹੇ ਹੋਣਗੇ ਉਹ ਖਿੜਕੀਆਂ ਅਤੇ ਖਾਸ ਕਰਕੇ ਸ਼ੀਸ਼ੇ ਤੋਂ ਦੂਰ ਹੋ ਜਾਣ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਮੇਂ ਦੌਰਾਨ ਸੜਕ 'ਤੇ ਚਲਦੇ ਰਾਹਗੀਰ ਜਾਂ ਗੱਡੀਆਂ ਵੱਲੋਂ ਐਮਰਜੈਂਸੀ ਵਹੀਕਲ, ਜਿੰਨਾ ਵਿੱਚ ਅੱਗ ਬੁਝਾਊ ਗੱਡੀਆਂ ਜਾਂ ਐਂਬੂਲੈਂਸ ਹੋ ਸਕਦੀਆਂ ਹਨ, ਨੂੰ ਤੁਰੰਤ ਰਸਤਾ ਦਿੱਤਾ ਜਾਵੇ।

# ਭਦੌੜ ਸਬ ਤਹਿਸੀਲ ਨੂੰ ਤਹਿਸੀਲ ਦਾ ਦਰਜਾ ਦੇਣ ਅਤੇ ਹਸਪਤਾਲ 'ਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਸਬੰਧੀ ਧਰਨਾ ਜਾਰੀ



ਭਦੌੜ, 7 ਮਈ (ਸੁਖਵਿੰਦਰ ਪਲਾਹਾ):ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ (ਰਜਿ) ਵੱਲੋਂ 1 ਅਪ੍ਰੈਲ ਤੋਂ ਲਗਾਤਾਰ ਸਬ ਤਹਿਸੀਲ ਭਦੌੜ ਵਿਖੇ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ। ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਸੇਖੋਂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਵੱਲੋਂ ਇਹ ਧਰਨਾ ਭਦੌੜ ਸਬ ਤਹਿਸੀਲ ਨੂੰ ਅਪਗ੍ਰੇਡ ਕਰਕੇ ਤਹਿਸੀਲ ਦਾ ਦਰਜਾ ਦੇਣ ਸਬੰਧੀ ਅਤੇ ਸਰਕਾਰੀ ਹਸਪਤਾਲ ਭਦੌੜ ਵਿੱਚ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਨ ਸਬੰਧੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇੱਕ ਅਪ੍ਰੈਲ ਤੋਂ ਲਗਾਤਾਰ ਇਹ ਧਰਨਾ ਨਿਰਵਿਘਨ ਚੱਲ ਰਿਹਾ ਹੈ ਅਤੇ ਸਾਡੀ ਯੂਨੀਅਨ ਦੇ ਰੋਜ਼ਾਨਾ ਪੰਜ ਮੈਂਬਰ ਇਸ ਧਰਨੇ ਉੱਪਰ ਹਮੇਸ਼ਾ ਮੌਜੂਦ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਵੀ ਕਸਬਾ ਭਦੌੜ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਬੇਸ਼ੱਕ ਅਕਾਲੀ ਸਰਕਾਰ ਹੋਵੇ ਜਾਂ ਕਾਂਗਰਸ ਦੀ ਸਰਕਾਰ ਹੋਵੇ ਹਮੇਸ਼ਾ ਹੀ ਭਦੌੜ ਹਲਕੇ ਨਾਲ ਪੱਖਪਾਤ ਵਾਲਾ ਰਵਈਆ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਹਮੇਸ਼ਾ ਹੀ ਲੋਕ ਪੱਖਾਂ ਨੂੰ ਉਭਾਰਦੀ ਹੈ ਅਤੇ ਉਭਾਰਦੀ ਰਹੇਗੀ ਕਿਉਂਕਿ ਪੰਜਾਬੀ ਕਿਰਤੀ ਕਿਸਾਨ ਮਜ਼ਦੂਰ ਯੂਨੀਅਨ ਇਹ ਗਰੀਬ ਕਿਸਾਨਾਂ ਅਤੇ ਗਰੀਬ ਮਜ਼ਦੂਰਾਂ ਦੀ ਆਪਣੀ ਜਥੇਬੰਦੀ ਹੈ ਜੋ ਕਿ ਲੋਕ ਹਿੱਤਾਂ ਦੀ ਰਾਖੀ ਕਰਦੀ ਹੈ ਅਤੇ ਹਮੇਸ਼ਾ ਹੀ ਲੋਕ ਹਿੱਤਾਂ ਤਾਂ ਦੀ ਰਾਖੀ ਕਰਦੀ ਰਹੇਗੀ। ਇਸ ਮੌਕੇ ਪਰਮਜੀਤ ਸਿੰਘ ਸੇਖੋ ਸੂਬਾ ਪ੍ਰਧਾਨ ਪੰਜਾਬੀ ਕਿਰਤੀ ਕਿਸਾਨ ਯੂਨੀਅਨ, ਧੰਨਾ ਸਿੰਘ ਜਿਲਾ ਪ੍ਰਧਾਨ, ਕਾਲਾ ਸਿੰਘ ਇਕਾਈ ਪ੍ਰਧਾਨ, ਸ਼ਿੰਦਰ ਸਿੰਘ ਬਲਾਕ ਪ੍ਰਧਾਨ, ਬੰਤ ਸਿੰਘ ਗਰੇਵਾਲ ਮਲਕੀਤ ਸਿੰਘ ਜੱਥੇਦਾਰ, ਤਾਰਾ ਸਿੰਘ,ਨਛੱਤਰ ਸਿੰਘ, ਕਰਮਜੀਤ ਸਿੰਘ,ਸੁਦਾਗਰ ਸਿੰਘ, ਸੁਖਦੇਵ ਸਿੰਘ,ਪ੍ਰੀਤਮ ਸਿੰਘ ਆਦਿ ਹਾਜ਼ਰ ਸਨ।

# ਟਰਾਂਸਪੋਰਟ ਵਿਭਾਗ ਦੇ ਵਰਕਰ ਆਪਣੀਆਂ ਤਨ.ਖਾਹਾਂ ਨਾ ਮਿਲਣ ਦੇ ਰੋਸ ਵਜੋਂ ਸੰਘਰਸ਼ ਕਰਨ ਲਈ ਹੋਏ ਮਜਬੂਰ



ਬਰਨਾਲਾ, 7 ਮਈ (ਚਮਕੌਰ ਸਿੰਘ ਗੱਗੀ):ਪੰਜਾਬ ਰੋਡਵੇਜ/ਪਨਬੱਸ/ਪੀ. ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਵੱਲੋ ਸਮੂਹ ਡਿਪੂਆਂ ਦੇ ਗੇਟ ਤੇ ਰੈਲੀਆਂ ਕੀਤੀਆਂ ਗਈਆਂ। ਪੀ.ਆਰ.ਟੀ.ਸੀ ਬਰਨਾਲਾ ਡੀਪੂ ਦੀ ਗੇਟ ਰੈਲੀ ਤੋਂ ਸੂਬਾ ਆਗੂ ਰਣਧੀਰ ਸਿੰਘ ਰਾਣਾ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਹਰ ਪਾਸੇ ਫੇਲ੍ਹ ਨਜ਼ਰ ਆ ਰਹੀ ਹੈ। ਜਦੋਂ ਤੋਂ ਸਰਕਾਰ ਸੱਤਾ ਦੇ ਵਿੱਚ ਆਈ ਉਸ ਸਮੇਂ ਤੋਂ ਕੱਚੇ ਮੁਲਾਜ਼ਮਾਂ ਸੰਘਰਸ਼ ਕਰਦੇ ਆ ਰਹੇ ਹਨ। ਮੰਗਾਂ ਦਾ ਹੱਲ ਕਰਨ ਦੀ ਬਜਾਏ ਹਰ ਵਾਰ ਮੀਟਿੰਗ ਕਰਕੇ ਸਮਾਂ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਲਗਭਗ 3 ਸਾਲ ਤੋਂ ਉੱਪਰ ਹੋ ਗਿਆ ਸਰਕਾਰ ਬਣੀ ਨੂੰ ਪਰ ਇੱਕ ਵੀ ਵਿਭਾਗ ਦੀ ਨਵੀਂ ਬੱਸ ਨਹੀਂ ਖਰੀਦੀ ਗਈ ਜਦੋਂ ਕਿ ਵਿਭਾਗ ਨੇ ਆਪਣੇ ਪੱਧਰ 'ਤੇ ਲੋਨ ਤੇ ਹੀ ਬੱਸਾਂ ਪਾਉਣੀਆਂ ਹੁੰਦੀਆਂ ਹਨ। ਸਰਕਾਰ ਦੀ ਤਰਾਸਦੀ ਇਹ ਕਿ ਸਰਕਾਰ ਵੱਲੋਂ ਬੱਸਾਂ ਪਾਉਣ ਤੱਕ ਦੀ ਵਿਭਾਗਾਂ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਰਹੀ ਅਤੇ ਫਰੀ ਸਫ਼ਰ ਦਾ ਬਕਾਇਆ ਬੀ ਨਹੀਂ ਦਿੱਤਾ ਜਾ ਰਿਹਾ ਅਤੇ ਇਸਦੇ ਉਲਟ ਵੱਡੇ ਘਰਾਣਿਆਂ ਦੇ ਮਾਲਕਾਂ ਦੀਆਂ ਪ੍ਰਾਈਵੇਟ ਬੱਸਾਂ ਨੂੰ ਕਿਲੋ ਮੀਟਰ ਸਕੀਮ ਅਧੀਨ ਪਾ ਕੇ ਸਰਕਾਰ ਨਿੱਜੀਕਰਨ ਵਾਲੇ ਪਾਸੇ ਨੂੰ ਜਾ ਰਹੀ ਹੈ। ਔਰਤਾਂ ਦੇ ਫਰੀ ਸਫ਼ਰ ਤੋਂ ਵੀ ਇਲਾਵਾ ਸਰਕਾਰੀ ਬੱਸਾਂ 17 ਕੈਟਾਗਰੀ ਨੂੰ ਹੋਰ ਫਰੀ ਸਫ਼ਰ ਕਰਵਾ ਰਹੀ ਹੈ ਪਰ ਪੈਸੇ ਦੀ ਘਾਟ ਹੋਣ ਕਾਰਣ ਨਾ ਤਾਂ ਵਿਭਾਗ ਬੱਸਾਂ ਖਰੀਦ ਸਕਦਾ ਅਤੇ ਨਾ ਹੀ ਸਪੇਅਰ ਪਾਰਟ ਜਿਸ ਕਾਰਨ ਮੌਜੂਦਾ ਬੱਸਾਂ ਵੀ ਡਿਪੂਆਂ ਵਿਚ ਨਿੱਕੇ ਮੋਟੇ ਕੰਮ ਤੋਂ ਖੜੀ ਹੀ ਰਹਿੰਦੀ ਹਨ। ਟਰਾਂਸਪੋਰਟ ਵਿਭਾਗ ਵਿਚ ਕੰਮ ਕਰਦੇ ਡਰਾਈਵਰ,ਕੰਡਕਟਰ, ਵਰਕਸ਼ਾਪ ਅਤੇ ਹੋਰ ਸਟਾਫ਼ ਦੀ ਦਿਨ ਰਾਤ ਮਿਹਨਤ ਕਰਨ ਦੇ ਬਾਵਜੂਦ ਵੀ ਸਮੇਂ ਸਿਰ ਤਨਖਾਹ ਨਹੀਂ ਮਿਲਦੀ ਅਤੇ ਪਿਛਲੇ ਮਹੀਨੇ ਵੀ ਪੀ.ਆਰ.ਟੀ.ਸੀ ਵਿਚ ਤਨਖਾਹ ਅੱਧੀ-ਅੱਧੀ ਕਰਕੇ ਦੋ ਵਾਰੀ ਵਿਚ ਤਨਖਾਹ ਵਰਕਰਾਂ ਦੇ ਖਾਤੇ ਦੇ ਵਿੱਚ ਪਾਈ ਗਈ ਹੈ। ਅਸੀ ਯੂਨੀਅਨ ਵੱਲੋ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਆ ਕਿ ਪੰਜਾਬ ਦੇ ਵਿੱਚੋਂ ਠੇਕੇਦਾਰੀ ਪ੍ਰਥਾ ਨੂੰ ਖ਼ਤਮ ਕਰਕੇ ਕੱਚੇ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇ ਅਤੇ ਵਿਭਾਗਾਂ ਦਾ ਪੈਸਾ ਰਲੀਜ਼ ਕੀਤਾ ਜਾਵੇ ਤਾਂ ਜੋ ਵਿਭਾਗ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਸਮੇਂ ਸਿਰ ਦੇ ਸਕੇ ਅਤੇ ਖਰਾਬ ਬੱਸਾਂ ਦਾ ਕੰਮ ਹੋਕੇ ਆਮ ਲੋਕਾਂ ਨੂੰ ਸਫ਼ਰ ਦਾ ਸੁਖ ਦਿੱਤਾ ਜਾ ਸਕੇ ਜੇਕਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਨੇ ਮੁਲਾਜ਼ਮਾਂ ਦੀ ਤਨਖਾਹ 10 ਤਰੀਕ ਤੱਕ ਨਹੀਂ ਦਿੱਤੀ ਤਾਂ ਤਨਖਾਹ ਨਹੀਂ ਤਾਂ ਕੰਮ ਨਹੀਂ ਦਾ ਨਾਅਰਾ ਬੁਲੰਦ ਕਰਦਿਆਂ 11 ਮਈ ਨੂੰ ਸਰਕਾਰੀ ਬੱਸਾਂ ਪਹਿਲੇ ਟਾਈਮ ਤੋਂ ਡੀਪੂ ਵਿਚ ਬੰਦ ਕਰਕੇ ਸਰਕਾਰ ਅਤੇ ਮੈਨੇਜਮੈਂਟ ਦਾ ਪਿੱਟ ਸਿਆਪਾ ਕੀਤਾ ਜਾਵੇਗਾ, ਜਿਸ ਨਾਲ ਹੋਣ ਵਾਲੇ ਮਾਲੀ ਨੁਕਸਾਨ ਅਤੇ ਆਮ ਲੋਕਾਂ ਦੀ ਖੱਜਲ ਖ਼ੁਆਰੀ ਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਹੋਵੇਗੀ।

# ਬਾਬਾ ਗਾਂਧਾ ਸਿੰਘ ਸਕੂਲ ਵਿਖੇ ਮੌਕ ਡਰਿੱਲ ਕਰਵਾਈ



ਬਰਨਾਲਾ, 7 ਮਈ (ਬਘੇਲ ਸਿੰਘ ਧਾਲੀਵਾਲ):ਪੰਜਾਬ ਸਰਕਾਰ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਬਾਬਾ ਗਾਂਧਾ ਸਿੰਘ ਸਕੂਲ 'ਚ ਅੱਗ ਲੱਗਣ ਦੀ ਸਥਿਤੀ 'ਚ ਉਸ ਨਾਲ ਨਜਿੱਠਣ ਸਬੰਧੀ ਉਪਾਅ ਬਾਰੇ ਮੌਕ ਡਰਿੱਲ ਕੀਤੀ ਗਈ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਸਿਵਲ ਡਿਫੈਂਸ ਵਿਭਾਗ, ਪੁਲਸ ਵਿਭਾਗ, ਸਿਹਤ ਵਿਭਾਗ ਅਤੇ ਹੋਰਨਾਂ ਅਫਸਰਾਂ ਨੇ ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿਖਲਾਈ ਦਿੱਤੀ। ਅੱਗ ਲੱਗਣ ਦੀ ਸਥਿਤੀ 'ਚ ਉਸ ਨੂੰ ਬੁਝਾਉਣਾ ਅਤੇ ਅੱਗ ਕਾਰਨ ਜ਼ਖਮੀ ਹੋਏ ਪੀੜਤ ਲੋਕਾਂ ਨੂੰ ਦਿੱਤੀ ਜਾਣਾ ਵਾਲੀ ਸਿਹਤ ਸੁਵਿਧਾ ਦੀ ਸਿਖਲਾਈ ਦਿੱਤੀ ਗਈ। ਨਾਲ ਇਹ ਦਰਸਾਇਆ ਗਿਆ ਕਿ ਅੱਗ ਕਾਰਣ ਬੇਹੋਸ਼ ਜਾਂ ਫੱਟੜ ਹੋਏ ਵਿਅਕਤੀ ਨੂੰ ਮੌਕੇ ਉੱਤੇ ਦਿੱਤੀ ਜਾਣ ਵਾਲੀ ਮੁਢਲੀ ਸਿਹਤ ਸੁਵਿਧਾ (ਫਸਟ ਏਡ) ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਉੱਤੇ ਸਿਵਲ ਡਿਫੈਂਸ, ਫਾਇਰ ਵਿਭਾਗ, ਸਕੂਲ, ਸਿਹਤ ਵਿਭਾਗ ਵਲੋਂ ਫੁਰਤੀ ਨਾਲ ਕੰਮ ਕਰਦਿਆਂ ਸਾਰੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਗਈ।ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਪ ਮੰਡਲ ਮੈਜਿਸਟ੍ਰੇਟ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਇਹ ਮੌਕ ਡਰਿੱਲ ਕੀਤੀ ਗਈ ਹੈ, ਤਾਂ ਜੋ ਲੋਕਾਂ ਨੂੰ ਅੱਗ ਲੱਗਣ ਦੀ ਸਥਿਤੀ 'ਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਅਭਿਆਸ ਕਰਵਾਇਆ ਜਾ ਸਕੇ। ਉਨ੍ਹਾਂ ਸਲਾਹ ਦਿੱਤੀ ਕਿ ਲੋਕ ਇਸ ਤਰ੍ਹਾਂ ਦੀ ਸਥਿਤੀ 'ਚ ਸ਼ਾਂਤੀ ਨਾਲ ਕੰਮ ਲੈਣ ਅਤੇ ਅਫਵਾਹਾਂ ਤੋਂ ਬਚਣ।

# ਇੰਜੀ. ਤੇਜ ਬਾਂਸਲ ਨੇ ਮੁੱਖ ਇੰਜੀਨੀਅਰ ਵਜੋਂ ਅਹੁਦਾ ਸੰਭਾਲਿਆ



ਰਾਮਪੁਰਾ ਫੂਲ, 7 ਮਈ (ਚ.ਨ.ਸ.) : ਇੰਜੀਨੀਅਰ ਤੇਜ ਬਾਂਸਲ ਨੇ ਤਰੱਕੀ ਮਿਲਣ ਉਪਰੰਤ ਸ੍ਰੀ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਮੁੱਖ ਇੰਜੀਨੀਅਰ ਵਜੋਂ ਅਹੁੱਦਾ ਸੰਭਾਲ ਲਿਆ ਹੈ। ਇਸ ਮੌਕੇ ਅਹੁਦਾ ਸੰਭਾਲਣ ਸਮੇਂ ਜੇ. ਈ. ਕੌਂਸਲ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਦਿਆਂ ਸ੍ਰੀ ਤੇਜ ਬਾਂਸਲ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਇੰਜੀਨੀਅਰ ਤੇਜ ਬਾਂਸਲ ਨੇ ਜਥੇਬੰਦੀ ਦੇ ਆਗੂਆਂ ਨੂੰ ਜੀ ਆਇਆ ਆਖਿਆ ਤੇ ਧੰਨਵਾਦ ਕਰਦਿਆਂ ਕਿਹਾ ਕਿ ਤਾਪ ਘਰ ਦੀਆਂ ਜ਼ਿੰਮੇਵਾਰੀ ਹਰ ਕਰਮਚਾਰੀ ਨੂੰ ਤਨਦੇਹੀ ਨਾਲ ਨਿਭਾਉਣ ਅਤੇ ਹਰ ਸਮੇਂ ਉਨ੍ਹਾਂ ਨਾਲ ਖੜਨ ਦਾ ਭਰੋਸਾ ਦੁਆਇਆ। ਇਸ ਸਮੇਂ ਜਥੇਬੰਦੀ ਦੇ ਆਗੂਆਂ ਨੇ ਵੀ ਸ੍ਰੀ ਤੇਜ ਬਾਂਸਲ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਭਰੋਸਾ ਦੁਆਇਆ। ਇਸ ਮਿਲਣੀ ਵਿਚ ਜਥੇਬੰਦੀ ਦੇ ਲਹਿਰਾ ਮੁਹੱਬਤ ਸਰਕਲ ਪ੍ਰਧਾਨ ਇੰਜੀਨੀਅਰ ਕੁਲਵਿੰਦਰ ਸਿੰਘ, ਇੰਜੀਨੀਅਰ ਜਸਮੀਤ ਸਿੰਘ, ਇੰਜੀਨੀਅਰ ਮਨਦੀਪ ਸਿੰਘ, ਇੰਜੀਨੀਅਰ ਸ਼ਾਮ ਸਿੰਘ, ਇੰਜੀਨੀਅਰ ਪਵਨ ਕੁਮਾਰ, ਇੰਜੀਨੀਅਰ ਹਰਪਿੰਦਰ ਸਿੰਘ ਮੌਕੇ 'ਤੇ ਮੌਜੂਦ ਸਨ।

# ਹੈਰੋਇਨ ਸਮੇਤ 13 ਵਿਅਕਤੀ ਗ੍ਰਿਫ਼ਤਾਰ

ਬਠਿੰਡਾ, 7 ਮਈ ( ਦੀਪਕ ਸ਼ਰਮਾ) : ਜ਼ਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ 13 ਵਿਅਕਤੀਆਂ ਨੂੰ ਭਾਰੀ ਮਾਤਰਾ ਹੈਰੋਇਨ ਅਤੇ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਫੜੇ ਗਏ ਮੁਲਜ਼ਮਾਂ ਕੋਲੋਂ 93.56 ਗ੍ਰਾਮ ਹੈਰੋਇਨ ਅਤੇ 40 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਦੋ ਵਿਅਕਤੀਆਂ ਨੂੰ 13 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਥਾਣਾ ਕੋਤਵਾਲੀ ਦੇ ਸਹਾਇਕ ਥਾਣੇਦਾਰ ਰਜੀਵ ਕੁਮਾਰ ਦੀ ਅਗਵਾਈ ਹੇਠਲੀ ਪੁਲਿਸ ਪਾਰਟੀ ਨੇ ਸਰਹੰਦ ਨਹਿਰ ਦੀ ਪਟੜੀ ਨੇੜੇ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜ਼ਮ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਪਛਾਣ ਬਲਵੰਤ ਸਿੰਘ ਵਾਸੀ ਖੇਤਾ ਸਿੰਘ ਬਸਤੀ ਬਠਿੰਡਾ ਵਜੋਂ ਹੋਈ ਹੈ। ਇਸ ਤਰ੍ਹਾਂ ਹੀ ਥਾਣਾ ਕੋਤਵਾਲੀ ਦੇ ਸਹਾਇਕ ਥਾਣੇਦਾਰ ਜਸਕਰਨ ਸਿੰਘ ਨੇ ਬੱਸ ਅੱਡੇ ਵਿੱਚ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜ਼ਮ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਪਛਾਣ ਸੰਦੀਪ ਕੁਮਾਰ ਵਾਸੀ ਪਰਸਰਾਮ ਨਗਰ ਬਠਿੰਡਾ ਵਜੋਂ ਹੋਈ ਹੈ। ਇਸ ਤਰ੍ਹਾਂ ਹੀ ਨਸ਼ਿਆਂ ਦੇ ਇਕ ਹੋਰ ਮਾਮਲੇ ਵਿੱਚ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਭਾਰੀ ਮਾਤਰਾ ਹੈਰੋਇਨ ਸਮੇਤ ਕਾਬੂ ਕੀਤਾ ਹੈ। ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਹਰਪਾਲ ਨਗਰ ਵਿੱਚ ਗਸ਼ਤ ਦੌਰਾਨ ਪੁਲਿਸ ਪਾਰਟੀ ਨੇ ਦੋ ਸ਼ੱਕੀ ਮੁਲਜ਼ਮਾਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 51.56 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਦੋਵਾਂ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਨ੍ਹਾਂ ਦੀ ਪਛਾਣ ਦੀਪਕ ਕੁਮਾਰ ਵਾਸੀ ਵਿਸ਼ਾਲ ਨਗਰ ਬਠਿੰਡਾ ਅਤੇ ਅਨਮੋਲ ਕੋਹਲੀ ਵਾਸੀ ਪਰਸਰਾਮ ਨਗਰ ਬਠਿੰਡਾ ਵਜੋਂ ਹੋਈ ਹੈ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਦੋਵੇਂ ਮੁਲਜ਼ਮਾਂ ਖਿਲਾਫ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਵੀ ਦੋ ਵਿਅਕਤੀਆਂ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਿਨ੍ਹਾਂ ਦੀ ਪਛਾਣ ਤਰਸੇਮ ਸਿੰਘ ਵਾਸੀ ਨਰੂਆਣਾ ਰੋਡ ਬਠਿੰਡਾ ਅਤੇ ਜੀਤ ਸਿੰਘ ਵਾਸੀ ਅਮਰਪੁਰਾ ਬਸਤੀ ਬਠਿੰਡਾ ਵਜੋਂ ਹੋਈ ਹੈ। ਸਹਾਇਕ ਥਾਣੇਦਾਰ ਮਨਜੀਤ ਸਿੰਘ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਸ਼ਹੀਦ ਊਧਮ ਸਿੰਘ ਨਗਰ ਵਿੱਚੋਂ ਗ੍ਰਿਫਤਾਰ ਕੀਤਾ ਹੈ। ਥਾਣਾ ਰਾਮਾ ਮੰਡੀ ਦੀ ਪੁਲਿਸ ਨੇ ਵੀ ਇਕ ਵਿਅਕਤੀ ਨੂੰ 7 ਗ੍ਰਾਮ ਹੈਰੋਇਨ ਸਮੇਤ ਫੜਿਆ ਗਿਆ ਹੈ। ਮੁਲਜ਼ਮ ਦੀ ਪਛਾਣ ਅਵਤਾਰ ਸਿੰਘ ਵਾਸੀ ਪਿੰਡ ਬੰਗੀ ਦੀਪਾ ਵਜੋਂ ਹੋਈ ਹੈ। ਥਾਣਾ ਰਾਮਾ ਦੇ ਸਹਾਇਕ ਥਾਣੇਦਾਰ ਪਰਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੂੰ ਪਿੰਡ ਸੁਖਲੱਧੀ ਤੋਂ ਫੜਿਆ ਗਿਆ ਹੈ। ਇਸ ਤਰ੍ਹਾਂ ਹੀ ਥਾਣਾ ਸੰਗਤ ਮੰਡੀ ਦੀ ਪੁਲਿਸ ਨੇ ਵੀ ਦੋ ਵਿਅਕਤੀਆਂ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਿਨ੍ਹਾਂ ਦੀ ਪਛਾਣ ਜਸਵੀਰ ਸਿੰਘ ਵਾਸੀ ਕੋਟ ਗੁਰੂ ਅਤੇ ਲਵਪ੍ਰੀਤ ਸਿੰਘ ਬਾਸੀ ਸੰਗਤ ਮੰਡੀ ਵਜੋਂ ਹੋਈ ਹੈ। ਪੁਲਿਸ ਨੇ ਦੋਵਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਨਸ਼ਿਆਂ ਦੇ ਹੀ ਇੱਕ ਹੋਰ ਮਾਮਲੇ ਵਿੱਚ ਥਾਣਾ ਨੰਦਗੜ੍ਹ ਦੀ ਪੁਲਿਸ ਨੇ ਇਕ ਵਿਅਕਤੀ ਨੂੰ 40 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਮੁਲਜਮ ਦੀ ਪਛਾਣ ਮਨਦੀਪ ਕੁਮਾਰ ਵਾਸੀ ਪਿੰਡ ਘੁੱਦਾ ਵਜੋਂ ਹੋਈ ਹੈ। ਸਹਾਇਕ ਥਾਣੇਦਾਰ ਇਕਬਾਲ ਸਿੰਘ ਨੇ ਦੱਸਿਆ ਕਿ ਮੁਲਜਮ ਨੂੰ ਪਿੰਡ ਝੁੰਬਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

# ਨਸ਼ਾ ਤਸਕਰਾਂ ਨੂੰ ਫੜਨ ਗਈ ਐਸ.ਟੀ.ਐਫ. ਟੀਮ 'ਤੇ ਹਮਲਾ, ਦੋ ਥਾਣੇਦਾਰ ਜ਼ਖ਼ਮੀ

## ਦੋ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ, ਹਰਿਆਣਾ ਦੇ ਰਹਿਣ ਵਾਲੇ ਦੋ ਦੀ ਭਾਲ ਜਾਰੀ



ਬਠਿੰਡਾ, 7 ਮਈ ( ਦੀਪਕ ਸ਼ਰਮਾ) :ਜ਼ਿਲ੍ਹਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਨੂੰ ਜਿੱਥੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ, ਉੱਥੇ ਹੀ ਹੁਣ ਤਸਕਰ ਪੁਲਿਸ 'ਤੇ ਵੀ ਹਮਲੇ ਕਰਨ ਲੱਗ ਪਏ ਹਨ। ਮੰਗਲਵਾਰ ਦੇਰ ਸ਼ਾਮ ਐਸਟੀਐਫ ਅਤੇ ਤਲਵੰਡੀ ਸਾਬੋ ਥਾਣੇ ਦੀ ਪੁਲਿਸ ਪਾਰਟੀ ਉੱਪਰ ਨਸ਼ਾ ਤਸਕਰਾਂ ਨੇ ਹਮਲਾ ਕਰ ਦਿੱਤਾ, ਜਿਸ ਕਾਰਨ ਦੋ ਏਐਸਆਈ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਨਸ਼ਾ ਤਸਕਰਾਂ ਨੇ ਏਐਸਆਈ ਮੇਜਰ ਸਿੰਘ ਉੱਪਰ ਗੱਡੀ ਚੜਾਉਣ ਦਾ ਵੀ ਯਤਨ ਕੀਤਾ ਪਰ ਉਹ ਵਾਲ ਵਾਲ ਬਚ ਗਏ। ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਸੀਨੀਅਰ ਸਿਪਾਹੀ ਐਂਟੀ ਨਾਰਕੋਟਿਕ ਟਾਸਕ ਫੋਰਸ ਬਠਿੰਡਾ ਦੇ ਬਿਆਨਾਂ ਦੇ ਅਧਾਰ ਤੇ ਜਸ਼ਨਪ੍ਰੀਤ ਸਿੰਘ, ਹਰਪ੍ਰੀਤ ਸਿੰਘ ਵਾਸੀ ਪਿੰਡ ਤਲਵੰਡੀ ਸਾਬੋ ਅਤੇ ਗੁਰਪਿਆਰ ਸਿੰਘ ਤੇ ਜੱਸਾ ਸਿੰਘ ਬਾਸੀ ਸਿੰਘਪੁਰਾ ਹਰਿਆਣਾ ਖਿਲਾਫ ਕੇਸ ਦਰਜ ਕਰਕੇ ਮੁਲਜਮ ਜਸ਼ਨਪ੍ਰੀਤ ਤੇ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਜਦੋਂ ਕਿ ਹਰਿਆਣਾ ਦੇ ਰਹਿਣ ਵਾਲੇ ਦੋਵੇਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ। ਪ੍ਰਾਪਤ ਜਾਣਕਾਰੀ ਅਨੁਸਾਰ ਐਂਟੀ ਨਾਰਕੋਟਿਕ ਟਾਸਕ ਫੋਰਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇੱਕ ਸਵਿਫਟ ਅਤੇ ਹਾਂਡਾ ਸਿਟੀ ਇਮੇਜ ਕਾਰ ਰਾਹੀਂ ਕੁਝ ਮੁਲਜ਼ਮ ਨਸ਼ੇ ਦਾ ਕਾਰੋਬਾਰ ਕਰਦੇ ਆ ਰਹੇ ਹਨ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਸਿੰਘਪੁਰਾ ਤੇ ਤਿਉਣਾ ਪੁਜਾਰੀਆ ਰੋਡ ਉੱਪਰ ਇਹ ਦੋ ਕਾਰਾਂ ਵਿੱਚ ਨਸ਼ਾ ਲੈ ਕੇ ਆ ਰਹੇ ਹਨ। ਇਸ ਤੋਂ ਬਾਅਦ ਐਂਟੀ ਨਾਰਕੋਟਿਕ ਟਾਸਕ ਫੋਰਸ ਅਤੇ ਤਲਵੰਡੀ ਸਾਬੋ ਦੀ ਪੁਲਿਸ ਨੇ ਸਿੰਘਪੁਰਾ ਰੋਡ ਉੱਪਰ ਨਾਕਾਬੰਦੀ ਕਰ ਲਈ। ਇਸ ਦੌਰਾਨ ਹੀ ਹਰਿਆਣਾ ਵਾਲੇ ਪਾਸਿਓਂ ਹਾਂਡਾ ਸਿਟੀ ਕਾਰ ਆਉਂਦੀ ਦਿਖਾਈ ਦਿੱਤੀ ਤਾਂ ਸਹਾਇਕ ਥਾਣੇਦਾਰ ਮੇਜਰ ਸਿੰਘ ਨੇ ਕਾਰ ਨੂੰ ਰੋਕਣ ਦਾ ਯਤਨ ਕੀਤਾ ਪਰ ਮੁਲਜ਼ਮਾਂ ਨੇ ਉਹ ਉੱਪਰ ਕਾਰ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵਾਲ ਵਾਲ ਬਚ ਗਏ। ਸੀਨੀਅਰ ਸਿਪਾਹੀ ਨੇ ਦੱਸਿਆ ਕਿ ਇਸ ਦੌਰਾਨ ਹੀ ਮੁਲਜਮਾਂ ਨੇ ਆਪਣੀ ਗੱਡੀ ਰੋਕ ਲਈ ਅਤੇ ਹੇਠਾਂ ਉਤਰ ਕੇ ਇੱਟਾਂ ਰੋੜੇ ਚਲਾਉਣੇ ਸ਼ੁਰੂ ਕਰ ਦਿੱਤੇ ਜਿਸ ਕਾਰਨ ਪੁਲਿਸ ਦੇ ਦੋ ਏਐਸਆਈ ਜ਼ਖਮੀ ਹੋ ਗਏ ਜਿਨਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਮੁਲਜ਼ਮਾਂ ਕੋਲ ਅਸਲਾ ਵੀ ਸੀ। ਥਾਣਾ ਤਲਵੰਡੀ ਸਾਬੋ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਨ ਤੋਂ ਬਾਅਦ ਜਸ਼ਨਪ੍ਰੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਜਦੋਂ ਕਿ ਗੁਰਪਿਆਰ ਸਿੰਘ ਅਤੇ ਜੱਸਾ ਸਿੰਘ ਵਾਸੀ ਹਰਿਆਣਾ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹਨ। ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਸੀਆਈਏ ਸਟਾਫ ਦੀ ਟੀਮ ਤੇ ਵੀ ਲੁਟੇਰਿਆਂ ਨੇ ਹਮਲਾ ਕੀਤਾ ਗਿਆ ਸੀ। ਇਸ ਵਿੱਚ ਸੀਆਈਏ ਸਟਾਫ ਦੋ ਦੇ ਸਹਾਇਕ ਥਾਣੇਦਾਰ ਸੁਖਪ੍ਰੀਤ ਸਿੰਘ ਦੇ ਪੈਰ ਵਿੱਚ ਗੋਲੀ ਲੱਗੀ ਸੀ। ਇਸ ਤੋਂ ਬਾਅਦ ਪੁਲਿਸ ਨੇ ਲੁਟੇਰਿਆਂ ਨੂੰ ਪੁਲਿਸ ਮੁਕਾਬਲੇ ਦੌਰਾਨ ਜ਼ਖ਼ਮੀ ਕਰਨ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਸੀ।

# ਪੁੰਛ 'ਚ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨਾ ਅਤੀ ਨਿੰਦਣਯੋਗ : ਪੰਮਾ ਬਾਠ



ਧੂਰੀ, 7 ਮਈ ( ਰਣਜੀਤ ਸਿੰਘ ਧਪਨੀ ) :ਜੰਮੂ-ਕਸ਼ਮੀਰ ਦੇ ਪੁੰਛ ਸੈਕਟਰ ਵਿਖੇ ਨੇੜੇ ਸਥਿਤ ਗੁਰਦੁਆਰਾ ਸਾਹਿਬ 'ਤੇ ਪਾਕਿਸਤਾਨ ਵੱਲੋਂ ਬੰਬ ਨਾਲ ਹਮਲਾ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਧੂਰੀ ਇਲਾਕੇ ਦੇ ਉੱਘੇ ਸਮਾਜ ਸੇਵੀ ਪਰਮਜੀਤ ਸਿੰਘ ਪੰਮਾ ਬਾਠ ਨੇ ਕਿਹਾ ਗੁਰੂ ਘਰ 'ਤੇ ਹਮਲਾ ਕਰਨਾ ਅਤੀ ਨਿੰਦਣਯੋਗ ਹੈ। ਹਮਲਾ ਕਰਨ ਵਾਲਿਆਂ ਨੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਕੇ ਗੁਰੂ ਘਰ ਦੀ ਬੇਅਦਬੀ ਕੀਤੀ ਹੈ, ਹਮਲਾਵਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਇਸ ਹਮਲੇ ਵਿੱਚ ਘੱਟੋ ਘੱਟ 45 ਦੇ ਕਰੀਬ ਲੋਕ ਜ਼ਖਮੀ ਹੋਏ ਹਨ ਅਤੇ ਰਾਗੀ ਸਿੰਘ ਭਾਈ ਅਮਰੀਕ ਸਿੰਘ,ਅਮਰਜੀਤ ਸਿੰਘ, ਰਣਜੀਤ ਸਿੰਘ ਅਤੇ ਰੂਬੀ ਕੌਰ ਦੇ ਮਾਰੇ ਜਾਣ ਦੀ ਖਬਰ ਨਾਲ ਪੰਜਾਬੀਆਂ ਅਤੇ ਸਿੱਖ ਕੌਮ ਵਿੱਚ ਸੋਗ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਅਸੀ ਜਿੱਥੇ ਅਸੀਂ ਸਰਬੱਤ ਦਾ ਭਲੇ ਦੀ ਅਰਦਾਸ ਕਰਦੇ ਹਾਂ, ਉੱਥੇ ਇਸ ਤਰ੍ਹਾਂ ਦਾ ਹਮਲਾ ਕਰਨਾ ਬੇਹੱਦ ਨਿੰਦਣਯੋਗ ਹੈ।

# ਕਾਂਗੜ ਤੋਂ ਬੀੜ ਦਿਆਲਪੁਰਾ ਭਾਈਕਾ ਤੱਕ ਨਵੀਂ ਸੜਕ ਬਣਾਉਣ ਦਾ ਕੰਮ ਆਰੰਭ



ਭਗਤਾ ਭਾਈ ਕਾ, 7 ਮਈ(ਸਵਰਨ ਸਿੰਘ ਭਗਤਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦਾ ਸਰਬ ਪੱਖੀ ਵਿਕਾਸ ਕਰ ਰਹੀ ਹੈ ਅਤੇ ਹਰ ਵਰਗ ਦੀ ਬੇਹਤਰੀ ਲਈ ਸੂਬਾ ਸਰਕਾਰ ਵੱਲੋਂ ਅਹਿਮ ਯਤਨ ਕੀਤੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪਰਮਜੀਤ ਸਿੰਘ ਕਾਂਗੜ ਜਿਲਾ ਮੀਤ ਪ੍ਰਧਾਨ ਆਮ ਆਦਮੀ ਪਾਰਟੀ ਬਠਿੰਡਾ ਨੇ ਪਿੰਡ ਕਾਂਗੜ ਤੋਂ ਬੀੜ ਦਿਆਲਪੁਰਾ ਭਾਈਕਾ ਤੱਕ ਬਣਨ ਵਾਲੀ ਨਵੀਂ ਸੜਕ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਕੀਤਾ। ਇਸ ਮੌਕੇ ਪਰਮਜੀਤ ਸਿੰਘ ਕਾਂਗੜ ਨੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਧੰਨਵਾਦ ਕੀਤਾ ਉਹਨਾਂ ਕਿਹਾ ਕਿ ਪਿੰਡ ਕਾਂਗੜ ਤੋਂ ਬੀੜ ਦਿਆਲਪੁਰਾ ਭਾਈ ਕਾ ਤੱਕ ਲਗਭਗ ਸਵਾ ਕਿਲੋਮੀਟਰ ਕੱਚਾ ਰਾਹ ਸੀ ਜਿਸ ਦੇ ਸੜਕ ਬਣਨ ਨਾਲ ਲੋਕਾਂ ਦਾ ਸਫਰ ਘਟੇਗਾ ਉਹਨਾਂ ਦੱਸਿਆ ਕਿ ਇਸ ਦਸ ਫੁੱਟੀ ਸੜਕ ਦੀ ਉਸਾਰੀ ਤੇ ਲਗਭਗ 40 ਲੱਖ ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ ਉਨਾ ਕਿਹਾ ਕਿ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਹਲਕੇ ਦੇ ਸਰਬ ਪੱਖੀ ਵਿਕਾਸ ਲਈ ਯਤਨਸ਼ੀਲ ਹਨ। ਇਸ ਮੌਕੇ ਸਾਧੂ ਸਿੰਘ ਮੈਂਬਰ, ਰਵਿੰਦਰ ਸਿੰਘ ਮਿੱਠੂ ,ਭੋਲਾ ਸਿੰਘ ਸਿੰਦਰਪਾਲ ਸਿੰਘ, ਛੱਜੂ ਸਿੰਘ ਮੈਂਬਰ, ਪ੍ਰੇਮ ਸਿੰਘ ਅਤੇ ਜਰਨੈਲ ਸਿੰਘ ਆਦਿ ਹਾਜਰ ਸਨ।

# ਜ਼ਿਲ੍ਹਾ ਸੈਸ਼ਨ ਜੱਜ ਨੇ ਕੌਮੀ ਲੋਕ ਅਦਾਲਤ ਸਬੰਧੀ ਪੈਂਫਲੇਟ ਕੀਤਾ ਜਾਰੀ




ਸ੍ਰੀ ਮੁਕਤਸਰ ਸਾਹਿਬ, 7 ਮਈ (ਐਚ ਐਸ ਕਪੂਰ): ਮਾਨਯੋਗ ਚੀਫ ਜਸਟਿਸ ਸ੍ਰੀ ਸ਼ੀਲ ਨਾਗੂ, ਪੈਟਰਨ ਇਨ ਚੀਫ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਲ ਦੀ ਦੂਸਰੀ ਕੌਮੀ ਲੋਕ ਅਦਾਲਤ ਦਾ ਆਯੋਜਨ 10 ਮਈ 2025 ਨੂੰ ਸੈਸ਼ਨਜ਼ ਡਵੀਜਨ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਜਾ ਰਿਹਾ ਹੈ। ਇਸ ਲੋਕ ਅਦਾਲਤ ਵਿੱਚ ਸਾਰੇ ਦੀਵਾਨੀ, ਸਮਝੌਤਾ-ਯੋਗ ਫੋਜ਼ਦਾਰੀ, ਬੈਂਕ ਰਿਕਵਰੀ, ਚੈੱਕ ਬਾਊਂਸ, ਮਜ਼ਦੂਰਾਂ ਨਾਲ ਸਬੰਧਤ, ਬਿਜਲੀ, ਫਾਈਨਾਂਸ, ਇੰਸ਼ੌਰੈਂਸ, ਟਰਾਂਸਪੋਰਟ, ਪੋਸਟਲ, ਟੈਲੀਗ੍ਰਾਫ, ਟੈਲੀਫੋਨ, ਹਾਊਸਿੰਗ, ਪੈਨਸ਼ਨ, ਟਰੈਫਿਕ ਚਲਾਨ ਅਤੇ ਪਾਣੀ ਦੇ ਬਿੱਲਾਂ ਸਬੰਧੀ, ਘਰੇਲੂ ਝਗੜਿਆਂ ਸਬੰਧੀ ਅਤੇ ਭੌਂ ਪ੍ਰਾਪਤੀ ਮਾਮਲੇ ਨਾਲ ਸਬੰਧਤ ਪੈਂਡਿੰਗ ਅਤੇ ਪ੍ਰੀਲਿਟੀਗੇਟਿਵ ਕੇਸ ਵਿਚਾਰੇ ਜਾਣਗੇ। ਮਾਨਯੋਗ ਸੈਸ਼ਨ ਜੱਜ ਵੱਲੋਂ ਆਮ ਲੋਕਾਂ ਨੂੰ ਲੋਕ ਅਦਾਲਤ ਸਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਸਬੰਧੀ ਪੈਂਫਲੇਟ ਜਾਰੀ ਕੀਤਾ ਗਿਆ, ਜਿਸ ਵਿੱਚ ਲੋਕ ਅਦਾਲਤ ਦੀਆਂ ਸਕੀਮਾਂ ਸਬੰਧੀ ਜਾਣਕਾਰੀ ਦਰਜ ਹੈ ਇਹ ਪ੍ਰਚਾਰ ਸਮੱਗਰੀ ਪੈਰਾ ਲੀਗਲ ਵਲੰਟੀਅਰਜ ਦੇ ਸਹਿਯੋਗ ਨਾਲ ਵੱਖ ਵੱਖ ਪਿੰਡਾਂ ਵਿੱਚ ਵੰਡੀ ਜਾਵੇਗੀ । ਇਸ ਤੋਂ ਇਲਾਵਾ 10 ਮਈ 2025 ਦਾ ਬੈਨਰ ਵੀ ਵੱਖ ਵੱਖ ਵਿਭਾਗਾਂ, ਬੱਸ ਸਟੇਂਡ, ਰੇਲਵੇ ਸਟੇਸ਼ਨ, ਸਿਵਲ ਹਸਪਤਾਲ, ਸ੍ਰੀ ਗੁਰੂਦੁਆਰਾ ਸਾਹਿਬ, ਵੱਖ ਵੱਖ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਲਗਾਏ ਗਏ ਹਨ। ਸ੍ਰੀ ਹਿਮਾਂਸ਼ੂ ਅਰੋੜਾ, ਚੀਫ ਜੁਡੀਸੀਅਲ ਮੈਜਿਸਟਰੇਟ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵੱਲੋਂ ਅਪੀਲ ਕੀਤੀ ਗਈ ਜੇਕਰ ਪ੍ਰੀ-ਲਿਟੀਗੇਟਿਵ ਕੇਸ ਜਾਂ ਮਾਨਯੋਗ ਅਦਾਲਤਾਂ ਵਿੱਚ ਚੱਲ ਰਹੇ ਹਨ ਉਹ ਆਪਣੇ ਕੇਸਾਂ ਦਾ ਲੋਕ ਅਦਾਲਤ ਰਾਹੀਂ ਨਿਪਟਾਰਾ ਕਰਵਾ ਸਕਦੇ ਹਨ।

# ਆਪ੍ਰੇਸ਼ਨ ਸਿੰਦੂਰ ਤਹਿਤ ਭਾਰਤੀ ਫ਼ੌਜਾਂ ਨੇ ਅੱਤਵਾਦੀਆਂ ਨੂੰ ਸਿਖਾਇਆ ਚੰਗਾ ਸਬਕ : ਖੰਨਾ



ਸੰਗਰੂਰ, 7 ਮਈ (ਹਰਕੰਵਲ ਸਿੰਘ ਹੈਪੀ): ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੇ ਬਦਲੇ ਵਜੋਂ ਭਾਰਤੀ ਫੌਜਾਂ ਵੱਲੋਂ ਆਪਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ 'ਚ ਅੱਤਵਾਦੀਆਂ ਦੇ 9 ਠਿਕਾਣਿਆਂ ਉੱਤੇ ਕੀਤੇ ਜ਼ੋਰਦਾਰ ਮਿਜਾਇਲ ਅਟੈਕ ਉੱਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਕਿਹਾ ਕਿ ਭਾਰਤ ਵੱਲੋਂ ਅੱਤਵਾਦ ਖਿਲਾਫ ਜੀਰੋ ਟੋਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਹੁਣ ਅੱਤਵਾਦੀਆਂ ਨੂੰ ਉਹਨਾਂ ਦੇ ਘਰਾਂ ਵਿੱਚ ਵੜਕੇ ਮਾਰਿਆ ਜਾ ਰਿਹਾ ਹੈ। ਖੰਨਾ ਨੇ ਆਪਰੇਸ਼ਨ ਸਿੰਦੂਰ ਦੀ ਸਫਲਤਾ ਲਈ ਦੇਸ਼ ਵਾਸੀਆਂ ਅਤੇ ਭਾਰਤੀ ਸੈਨਾਵਾਂ ਨੂੰ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅੱਜ ਦਾ ਭਾਰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਅੱਤਵਾਦੀਆਂ ਨੂੰ ਮੂੰਹ ਤੋੜ ਜਵਾਬ ਦੇ ਕੇ ਉਹਨਾਂ ਦੀ ਕਮਰ ਤੋੜ ਰਿਹਾ ਹੈ ਆਪਰੇਸ਼ਨ ਸਿੰਦੂਰ ਦੀ ਸਫਲਤਾ ਨਾਲ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਨਿਰਦੋਸ਼ ਨਾਗਰਿਕਾਂ ਦੇ ਪਰਿਵਾਰਾਂ ਦੇ ਕਲੇਜਿਆਂ ਵਿੱਚ ਠੰਡ ਪਵੇਗੀ ਅਤੇ ਹੁਣ ਅੱਤਵਾਦੀ ਅਜਿਹੀ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ 100 ਵਾਰ ਸੋਚਣਗੇ। ਉਨ੍ਹਾਂ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਜੋ ਸੁਰੱਖਿਆ ਬਲਾਂ ਨੂੰ ਫਰੀ ਹੈਂਡ ਦੇਣ ਦੀ ਰਣਨੀਤੀ ਪ੍ਰਧਾਨ ਮੰਤਰੀ ਮੋਦੀ ਵੱਲੋਂ ਅਪਣਾਈ ਗਈ ਉਸਦੀ ਹੀ ਬਦੌਲਤ ਭਾਰਤ ਦੀਆਂ ਤਿੰਨੇ ਸੈਨਾਵਾਂ ਨੇ ਇਹ ਜੋਰਦਾਰ ਹਮਲਾ ਬੋਲ ਕੇ ਭਾਰੀ ਗਿਣਤੀ ਵਿੱਚ ਅੱਤਵਾਦੀਆਂ ਨੂੰ ਉਨ੍ਹਾਂ ਦੇ ਅੰਜਾਮ ਤੱਕ ਪਹੁੰਚਾ ਦਿੱਤਾ ਹੈ ਅਤੇ ਹੁਣ ਉਹਨਾਂ ਦੇ ਆਕਾਵਾਂ ਵਿੱਚ ਵੀ ਖੌਫ ਹੈ। ਉਹਨਾਂ ਕਿਹਾ ਕਿ ਭਾਰਤ ਨੇ ਕਦੇ ਵੀ ਜੰਗ ਅਤੇ ਹੋਰ ਕਿਸੇ ਕਿਸਮ ਦੀ ਹਿੰਸਾ ਦੀ ਕਦੇ ਪਹਿਲ ਨਹੀਂ ਕੀਤੀ ਪਰ ਦੁਸ਼ਮਣਾਂ ਦੇ ਨਾ ਪਾਕ ਇਰਾਦਿਆਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਸੈਨਾਵਾਂ ਜ਼ਰੂਰ ਮਲੀਆਮੇਟ ਕਰਨਗੀਆਂ ਤੇ ਭਾਰਤ ਉੱਤੇ ਮੈਲੀ ਅੱਖ ਰੱਖਣ ਵਾਲਿਆਂ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ।



ਸਰਹੱਦ 'ਤੇ ਮੁਸਤੈਦ ਫੌਜ ਦੇ ਜਵਾਨ : ਫੋਟੋ ਲਛਮਣ ਸਿੰਘ

# ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ:ਚੌਂਕੀ ਇੰਚਾਰਜ ਹਰਪ੍ਰੀਤ ਸਿੰਘ



ਧੂਰੀ,7 ਮਈ ( ਰਣਜੀਤ ਸਿੰਘ ਧਪਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਕਾਰਵਾਈ ਕਰਦਿਆਂ ਪੁਲਿਸ ਚੌਂਕੀ ਰਣੀਕੇ ਦੇ ਇੰਚਾਰਜ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਕੋਲੋਂ ਭੁੱਕੀ ਚੂਰਾ ਪੋਸਤ ਬਰਾਮਦ ਕੀਤੀ। ਇਸ ਮੌਕੇ ਚੌਂਕੀ ਇੰਚਾਰਜ ਹਰਪ੍ਰੀਤ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡਾਂ ਦੇ ਸਰਪੰਚਾਂ,ਪੰਚਾਂ ਤੇ ਅਹੁਦੇਦਾਰਾਂ ਨੂੰ ਨਸ਼ਾ ਤਸਕਰਾਂ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਨਾ ਕਰਨ ਦੀ ਅਪੀਲ ਕੀਤੀ ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰੀ ਰੋਕਣ ਅਤੇ ਨੌਜਵਾਨਾਂ ਨੂੰ ਨਸ਼ੇ ਵਰਗੇ ਦਲਦਲ ਵਿੱਚ ਬਾਹਰ ਕੱਢਣ ਲਈ ਉਕਤ ਮੁਹਿੰਮ ਵਰਦਾਨ ਸਾਬਤ ਹੋ ਸਕਦੀ ।

# ਕਾਮਰੇਡ ਭੀਮ ਸਿੰਘ ਨੂੰ ਸਮਰਪਿਤ ਖ਼ੂਨਦਾਨ ਅਤੇ ਮੈਡੀਕਲ ਚੈੱਕਅਪ ਕੈਂਪ ਲਗਾਇਆ



ਦਿੜ੍ਹਬਾ ਮੰਡੀ, 7 ਮਈ (ਸੁਖਵਿੰਦਰ ਸਿੰਘ ਵਿਰਕ): ਕਾਮਰੇਡ ਭੀਮ ਸਿੰਘ ਨੂੰ ਸਮਰਪਿਤ ਛੇਵਾਂ ਖੂਨਦਾਨ ਅਤੇ ਮੈਡੀਕਲ ਚੈਕ ਕੱਪ ਕੈਂਪ ਬਾਬਾ ਬੈਰਸੀਆਣਾ ਚੈਰੀਟੇਬਲ ਹਸਪਤਾਲ ਅੰਦਰ ਲਗਾਇਆ ਗਿਆ। ਇਹ ਕੈਂਪ ਸਾਹਿਤ ਤੇ ਸੱਭਿਆਚਾਰ ਮੰਚ ਦਿੜ੍ਹਬਾ, ਤਰਕਸ਼ੀਲ ਸੋਸਾਇਟੀ ਦਿੜ੍ਹਬਾ, ਬਾਬਾ ਬੈਰਸੀਆਣਾ ਸਾਹਿਬ ਚੈਰੀਟੇਬਲ ਹਸਪਤਾਲ ਪ੍ਰਬੰਧਕ ਕਮੇਟੀ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦਿੜ੍ਹਬਾ, ਕਰਿਆਨਾ ਐਸੋਸੀਏਸ਼ਨ ਦਿੜ੍ਹਬਾ, ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਦਿੜ੍ਹਬਾ, ਐਨਐਸਐਸ ਯੂਨਿਟ ਕਾਮਰੇਡ ਭੀਮ ਸਿੰਘ ਸਕੂਲ ਆਫ ਐਮੀਨੈਂਸ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ, ਚੇਅਰਪਰਸਨ ਮਾਰਕੀਟ ਕਮੇਟੀ ਦਿੜ੍ਹਬਾ ਜਸਵੀਰ ਕੌਰ ਸ਼ੇਰਗਿੱਲ, ਰਿਟਾਇਰਡ ਐਸਪੀ ਮਨਜੀਤ ਸਿੰਘ ਬਰਾੜ ਵਿਸ਼ੇਸ਼ ਤੌਰ ਤੇ ਕੈਂਪ ਅੰਦਰ ਸ਼ਾਮਿਲ ਹੋਏ। ਇਸ ਕੈਂਪ ਵਿੱਚ 80 ਯੂਨਿਟ ਖੂਨਦਾਨੀਆਂ ਨੇ ਖੂਨਦਾਨ ਕੀਤਾ। ਹਰ ਸਾਲ ਦੀ ਤਰ੍ਹਾਂ ਲੋਕਾਂ ਨੇ ਕਾਮਰੇਡ ਭੀਮ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਪਹੁੰਚੇ ਅਤੇ ਖ਼ੂਨਦਾਨ ਵੀ ਕੀਤਾ। ਇਸ ਤੋਂ ਇਲਾਵਾ ਮੈਡੀਕਲ ਚੈੱਕ ਅਪ ਕੈਂਪ ਦੌਰਾਨ 1500 ਦੇ ਕਰੀਬ ਮਰੀਜ਼ਾਂ ਦਾ ਮੈਡੀਕਲ ਚੈਕ ਅਪ ਕੀਤਾ ਗਿਆ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆ। ਇਸ ਦੇ ਨਾਲ ਕਈ ਟੈਸਟ ਵੀ ਹਸਪਤਾਲ ਦੇ ਵਿੱਚ ਮੁਫਤ ਕੀਤੇ ਗਏ। ਸਾਹਿਤ ਤੇ ਸੱਭਿਆਚਾਰ ਮੰਚ ਦੇ ਪ੍ਰਧਾਨ ਗੁਰਮੀਤ ਸਿੰਘ ਖੇਤਲਾ, ਪੈਨਸ਼ਨਰ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ ਰੋਗਲਾ ਅਤੇ ਹਸਪਤਾਲ ਪ੍ਰਬੰਧਕ ਕਮੇਟੀ ਦੇ ਆਗੂ ਰਾਜਕੁਮਾਰ ਰਾਮਾ ਨੇ ਕਿਹਾ ਕਿ ਕਾਮਰੇਡ ਭੀਮ ਸਿੰਘ ਸਾਡੇ ਇਲਾਕੇ ਦੀ ਮਹਾਨ ਸ਼ਖਸੀਅਤ ਸੀ ਜਿਸ ਦੀ ਬਦੌਲਤ ਬਾਬਾ ਬੈਰਸਿਆਣਾ ਚੈਰੀਟੇਬਲ ਹਸਪਤਾਲ ਲੋਕਾਂ ਨੂੰ ਸੇਵਾਵਾਂ ਦੇ ਰਿਹਾ ਹੈ ਇਸ ਮੌਕੇ ਪ੍ਰਿੰਸੀਪਲ ਭਾਰਤ ਭੂਸ਼ਨ, ਇੰਜੀਨੀਅਰ ਸੁਖਵੰਤ ਸਿੰਘ ਧੀਮਾਨ, ਕਸ਼ਮੀਰ ਸਿੰਘ ਰੋੜੇਵਾਲ, ਨੈਬ ਸਿੰਘ ਰਟੋਲਾਂ, ਰਾਮ ਸਿੰਘ ਮਾਨ, ਹਰਕੀਰਤ ਸਿੰਘ, ਮਾਸਟਰ ਤਰਸੇਮ ਸਿੰਘ ਸੇਮੀ ਰਜਿੰਦਰ ਸਿੰਘ, ਗੁਰਤੇਜ ਸਿੰਘ ਜਨਾਲ, ਹਰਮੇਸ਼ ਸਿੰਘ ਮੇਸ਼ੀ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ ।

# ਬੱਲ੍ਹੋ ਦੀ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਨੂੰ ਮੁੰਬਈ ਵਿਖੇ ਦਿੱਤਾ ਗਿਆ ਸਿੱਖ ਅਚੀਵਰਜ਼ ਐਵਾਰਡ



ਬਠਿੰਡਾ, 7 ਮਈ (ਜਗਸੀਰ ਭੁੱਲਰ) : ਨਿਵੇਕਲੇ ਕੰਮਾਂ ਕਰਕੇ ਚਰਚਾ ਵਿੱਚ ਆਏ ਪਿੰਡ ਬੱਲ੍ਹੋ ਦੀ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਨੂੰ ਮੰਬਈ ਵਿਖੇ ਹੋਏ ਸਨਮਾਨ ਸਮਾਰੋਹ ਦੌਰਾਨ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਨੇ ਸਿੱਖ ਅਚੀਵਰਜ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਇਹ ਐਵਾਰਡ ਸੰਸਥਾ ਵੱਲੋਂ ਚਲਾਏ ਜਾ ਰਹੇ ਬੇਬੇ ਬਾਪੂ ਦੇ ਸਕੂਲ ਚਲੋ ਦਸਤਖਤ ਕਰਨੇ ਸਿੱਖੋ ਤੇ ਇਨਾਮ ਪਾਓ ਸਕੀਮ ਦੇ ਤਹਿਤ ਬਜ਼ੁਰਗਾਂ ਨੂੰ ਦਸਤਖਤ ਕਰਨੇ ਸਿਖਾਉਣ ਵਾਲੀ ਧੀ ਰਾਜਵਿੰਦਰ ਕੌਰ ਨੂੰ ਟਰੱਸਟ ਦੇ ਚੇਅਰਮੈਨ ਐਸ ਜੀ ਐਸ ਬਾਵਾ ਅਤੇ ਪੂਰਨ ਸਿੰਘ ਬੰਗਾ ਨੇ ਦਿੱਤਾ।

ਇਸ ਸਨਮਾਨ ਸਮਾਰੋਹਾਂ ਵਿੱਚ ਸੰਸਥਾ ਦੇ ਸਲਾਹਕਾਰ ਭੁਪਿੰਦਰ ਸਿੰਘ ਜਟਾਣਾ ਵਿਸੇਸ ਤੌਰ ਤੇ ਹਾਜ਼ਰ ਹੋਏ। ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਮੁੰਬਈ ਵੱਲੋ ਪੂਰੇ ਭਾਰਤ ਵਿੱਚ ਕੁੱਲ 8 ਐਵਾਰਡ ਵੱਖ ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲਿਆਂ ਨੂੰ ਦਿੱਤੇ ਗਏ ਜਿਨ੍ਹਾਂ ਵਿੱਚੋ ਪੰਜਾਬ ਦੇ ਹਿੱਸੇ 3 ਐਵਾਰਡ ਆਏ। ਇਨ੍ਹਾਂ ਪੁਰਸਕਾਰ ਸਮਾਰੋਹ 'ਚ ਪੰਜਾਬੀ ਐਕਰ ਸਤਿੰਦਰ ਸੱਤੀ ਨੇ ਨੇਕ ਕਾਰਜਾਂ ਲਈ ਸੰਸਥਾ ਨੂੰ ਵਧਾਈ ਦਿੱਤੀ ਤੇ ਕੰਮਾਂ ਦੀ ਸ਼ਲਾਘਾ ਕੀਤੀ । ਪਿੰਡ ਪਹੰਚਣ 'ਤੇ ਸੰਸਥਾ ਦੇ ਭੁਪਿੰਦਰ ਸਿੰਘ ਜਟਾਣਾ ਤੇ ਧੀ ਰਾਜਵਿੰਦਰ ਕੌਰ ਦਾ ਅਮਰਜੀਤ ਕੌਰ ਸਰਪੰਚ ਦੀ ਅਗਵਾਈ ਵਿੱਚ ਸਨਮਾਨ ਕੀਤਾ ਗਿਆ ਤੇ ਖੁਸ਼ੀ ਵਿੱਚ ਲੱਡੂ ਵੰਡੇ ਗਏ। ਸੰਸਥਾ ਦੇ ਸਰਪ੍ਰਸਤ ਤੇ ਉੱਘੇ ਕਾਰੋਬਾਰੀ ਗੁਰਮੀਤ ਸਿੰਘ ਮਾਨ ਨੇ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾਂ ਕਿ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਪਿੰਡ ਨੂੰ ਮਾਣ ਹਾਸਲ ਹੋਇਆ ਹੈਲੂ ਇਸ ਸੰਸਥਾਂ ਨੇ ਬਜੁਰਗਾਂ ਨੂੰ ਦਸਤਖਤ ਕਰਨੇ ਸਿਖਾਏ ਜਾ ਰਹੇ ਹਨ ਤੇ ਮਾਣ ਭੇਟਾ ਦੇ ਕੇ ਹੌਸਲਾ ਅਫਜਾਈ ਕੀਤੀ ਜਾ ਰਹੀ ਹੈ ਗੁਰਬਚਨ ਸਿੰਘ ਸੇਵਾ ਸੰਮਤੀ ਸੁਸਾਇਟੀ ਦੇ ਪ੍ਰਧਾਨ ਕਰਮਜੀਤ ਸਿੰਘ ਤੇ ਅਵਤਾਰ ਸਿੰਘ ਟੋਫੀ ਨੇ ਦੱਸਿਆ ਕਿ ਸੰਸਥਾਂ ਨੇ ਪਿੰਡ ਦੇ ਬਜੁਰਗਾਂ ਨੂੰ ਸਿੱਖਿਅਤ ਕਰਨ ਲਈ ਬੇਬੇ ਬਾਪੂ ਦਾ ਸਕੂਲ ਖੋਲਿਆ ਤੇ ਅਨਪੜ੍ਹ ਬਜੁਰਗ ਜੋ ਅਗੂੰਠਾ ਛਾਪ ਸਨ ਲੂਉਨਾਂ ਦੀ ਕਲਾਸਾਂ ਲਗਾ ਕੇ ਦਸਤਖਤ ਕਰਨੇ ਸਿਖਾਏ ਤੇ ਇਨਾਮ ਦੇ ਤੌਰ ਤੇ ਹਰ ਇੱਕ ਨੂੰ 100 ਰੁਪਏ ਦਿੱਤੇ ਅਜਿਹਾ ਕਰਨ ਨਾਲ ਪਿੰਡ ਦੇ ਬਹੁਤੇ ਅਨਪੜ੍ਹ ਦਸਤਖਤ ਕਰਨੇ ਸਿੱਖ ਗਏ ।

ਇ ਮੌਕੇ ਸੰਸਥਾ ਦੇ ਮੈਂਬਰ ਰੇਸ਼ਮ ਸਿੰਘ, ਗੁਲਾਬ ਸਿੰਘਂ, ਚਮਕੌਰ ਸਿੰਘ ਨੂੰ ਜਗਤਾਰ ਸਿੰਘ, ਅਵਤਾਰ ਸਿੰਘ ਨੰਬਰਦਾਰ, ਦਰਸ਼ਨ ਸਿੰਘ, ਹਰਬੰਸ ਕੌਰ ਨੂੰ ਸੁਖਪਾਲ ਕੌਰ, ਬਲਵੀਰ ਕੌਰ ਅਤੇ ਪੰਚ ਹਰਵਿੰਦਰ ਕੌਰ, ਰਣਜੀਤ ਕੌਰ, ਰਾਜਵੀਰ ਕੌਰ ਪਰਮਜੀਤ ਕੌਰ, ਕਰਮਜੀਤ ਸਿੰਘ ਫੌਜੀ , ਹਰਬੰਸ ਸਿੰਘ , ਜਗਸੀਰ ਸਿੰਘ , ਰਾਮ ਸਿੰਘ,ਹਾਕਮ ਸਿੰਘਲੂ ਕੋਚਿੰਗ ਟੀਚਰ ਅਮਨਦੀਪ ਸਿੰਘ ਅਤੇ ਪਰਮਜੀਤ ਭੁੱਲਰ ਹਾਜ਼ਰ ਸਨ।

# ਜ਼ਹਿਰੀਲੀ ਗੈਸ ਚੜ੍ਹਨ ਕਾਰਨ ਮਰੇ ਮਜ਼ਦੂਰਾਂ ਦਾ ਮਾਮਲਾ

## ਨਿੰਬਜ ਕੰਪਨੀ ਦੇ ਜੀਐਮ, ਸੇਫ਼ਟੀ ਇੰਚਾਰਜ਼ ਅਤੇ ਮੈਨੇਜਰ ਖ਼ਿਲਾਫ਼ ਕੇਸ ਦਰਜ

ਬਠਿੰਡਾ, 7 ਮਈ ( ਦੀਪਕ ਸ਼ਰਮਾ) :ਰਾਮਸਰਾ ਰੋਡ 'ਤੇ ਸਥਿਤ ਟਾਊਨਸ਼ਿਪ 'ਚ ਸੀਵਰੇਜ਼ ਟਰੀਟਮੈਂਟ ਪਲਾਂਟ ਦੀ ਸਫਾਈ ਕਰਦੇ ਹੋਏ ਤਿੰਨ ਮਜ਼ਦੂਰ ਦੀ ਜਹਿਰੀਲੀ ਗੈਸ ਚੜ੍ਹਨ ਕਾਰਨ ਹੋਈ ਮੌਤ ਦ ਮਾਮਲੇ ਵਿਚ ਥਾਣਾ ਰਾਮਾਂ ਮੰਡੀ ਦੀ ਪੁਲਿਸ ਨਿੰਬਜ ਕੰਪਨੀ ਟਾਊਨਸ਼ਿਪ ਰਿਫਾਇਨਰੀ ਦੇ ਜੀਐਮ, ਸੇਫ਼ਟੀ ਇੰਚਾਰਜ ਅਤੇ ਮੈਨੇਜਰ ਖਿਲਾਫ ਕੇਸ ਦਰਜ ਕਰ ਲਿਆ ਹੈ। ਦੂਜੇ ਪਾਸੇ ਮ੍ਰਿਤਕਾਂ ਦੇ ਪਰਿਵਾਰਿਕ ਮੈਂਬਰਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਰਿਫਾਇਨਰੀ ਗੇਟ ਤੇ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਕੰਪਨੀ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਮਜ਼ਦੂਰਾਂ ਦੀ ਮੌਤ ਹੋਈ ਹੈ। ਪਰਿਵਾਰਾਂ ਦਾ ਦੋਸ਼ ਸੀ ਕਿ ਕੰਪਨੀ ਨੇ ਮਜ਼ਦੂਰਾਂ ਕੋਈ ਸੇਫ਼ਟੀ ਕਿੱਟਾਂ ਨਹੀਂ ਦਿੱਤੀਆਂ, ਜਿਸ ਕਾਰਨ ਮਜ਼ਦੂਰ ਮੌਤ ਦੇ ਮੂੰਹ ਵਿਚ ਜਾ ਪਏ। ਦਰਜ ਮਾਮਲੇ ਵਿਚ ਕਿਹਾ ਗਿਆ ਹੈ ਕਿ ਕੰਪਨੀ ਦੇ ਅਧਿਕਾਰੀਆਂ ਨੇ ਦਾ ਪ੍ਰੋਹੈਬੀਟੇਸ਼ਨ ਆਫ ਇੰਪਲਾਈਮੈਂਟ ਐਸ ਮੈਨੂਅਲ ਸਕੈਵਨਜਰਜ਼ ਅਤੇ ਦੇਅਰ ਰੀਹੈਬਲੀਟੇਸ਼ਨ ਐਕਤ 2013 ਦਾ ਵੀ ਉਲੰਘਣ ਕੀਤਾ ਹੈ। ਜ਼ਿਕਰਯੋਗ ਹੈ ਕਿ ਨਿੰਬਸ ਹਾਰਬਰ ਕੰਟਰੈਕਟਰ ਕੰਪਨੀ ਦੇ ਚਾਰ ਮਜ਼ਦੂਰ ਟਾਊਨਸ਼ਿਪ ਵਿਚ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਫਾਈ ਕਰਨ ਲਈ ਸੀਵਰੇਜ 'ਚ ਹੇਠਾਂ ਉਤਰ ਗਏ, ਜਿੱਥੇ ਉਨ੍ਹਾਂ ਨੂੰ ਸਾਹ ਲੈਣ ਵਿਚ ਤਕਲੀਫ਼ ਹੋਣ ਲੱਗੀ। ਸੂਚਨਾ ਮਿਲਣ 'ਤੇ ਸਿਹਤ ਅਤੇ ਸੁਰੱਖਿਆ ਟੀਮ ਮੌਕੇ 'ਤੇ ਪਹੁੰਚੀ, ਜਿਨ੍ਹਾਂ ਨੇ ਤੁਰੰਤ ਪ੍ਰਭਾਵਿਤ ਲੋਕਾਂ ਨੂੰ ਇਲਾਜ ਲਈ ਬਠਿੰਡਾ ਦੇ ਏਮਜ਼ ਹਸਪਤਾਲ ਵਿਖੇ ਪਹੁੰਚਾਇਆ। ਟਾਊਨਸ਼ਿਪ ਦੇ ਪ੍ਰਬੰਧਕਾਂ ਵੱਲੋਂ ਘਟਨਾ ਦੀ ਤੁਰੰਤ ਸੂਚਨਾ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਦਿੱਤੀ ਗਈ। ਇਲਾਜ ਦੌਰਾਨ ਤਿੰਨ ਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸੁਖਪਾਲ ਸਿੰਘ, ਰਾਜਵਿੰਦਰ ਸਿੰਘ ਅਤੇ ਅਸਤਰ ਅਲੀ ਵਜੋਂ ਹੋਈ ਹੈ,ਜਦਕਿ ਚੌਥੇ ਕ੍ਰਿਸ਼ਨ ਕੁਮਾਰ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਸ ਸਬੰਧੀ ਤਲਵੰਡੀ ਸਾਬੋ ਏਐਸਆਈ ਰਵਨੀਤ ਸਿੰਘ ਨੇ ਦੱਸਿਆ ਅਨਵਰ ਅਲੀ ਪੁੱਤਰ ਜਾਨ ਮੁਹੰਮਦ ਵਾਸੀ ਪਿੰਡ ਜੱਸੀ ਬਾਗਵਾਲੀ ਨੇ ਦੱਸਿਆ ਕਿ ਉਸਦਾ ਭਰਾ ਅਸਤਰ ਅਲੀ ਬਾਕੀ ਮੁਜ਼ਦੂਰਾਂ ਨਾਲ ਸੀਵਰੇਜ ਟਰੀਟਮੈਂਟ ਪਲਾਂਟ ਵਿਚ ਬਤੌਰ ਹੈਲਪਰ ਡਿਊਟੀ ਕਰਦਾ ਸੀ।ਡਿਊਟੀ ਦੌਰਾਨ ਜਦੋਂ ਉਹ ਸਫਾਈ ਕਰਨ ਲਈ ਹੇਠਾਂ ਉਤਰੇ ਤਾਂ ਗੈਸ ਚੜ੍ਹਨ ਨਾਲ ਉਹ ਬੇਹੋਸ਼ ਹੋ ਗਏ, ਜਿੰਨ੍ਹਾਂ ਨੂੰ ਇਲਾਜ ਲਈ ਏਮਜ਼ ਹਸਪਤਾਲ ਲਿਆਂਦਾ ਗਿਆ। ਜਦੋਂ ਉਹ ਆਪਣੇ ਚਾਚੇ ਵਜ਼ੀਰ ਖਾਨ ਸਮੇਤ ਏਮਜ਼ ਹਸਪਤਾਲ ਪੁੱਜਾ ਤਾਂ ਪਤਾ ਲੱਗਾ ਕਿ ਅਸਤਰ ਅਲੀ, ਸੁਖਪਾਲ ਸਿੰਘ ਤੇ ਰਾਜਵਿੰਦਰ ਸਿੰਘ ਦੀ ਮੌਤ ਹੋ ਗਈ ਹੈ।

# ਮਲੋਟ ਹਲਕੇ 'ਚ 5 ਕਰੋੜ 90 ਲੱਖ ਦੀ ਲਾਗਤ ਨਾਲ ਬਣਨਗੇ ਖੇਡ ਮੈਦਾਨ : ਡਾ. ਬਲਜੀਤ ਕੌਰ



ਮਲੋਟ, 7 ਮਈ ( ਅਮਨਦੀਪ ਸਿੰਘ ਮਹਿਰਾ ):ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਦੀ ਮਾੜੀ ਆਦਤ ਤੋਂ ਬਚਾਉਣ ਅਤੇ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਇਸ ਲੜੀ ਤਹਿਤ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਮਲੋਟ ਦੇ ਪਿੰਡ ਦਾਨੇਵਾਲਾ ਵਿਖੇ ਬਣਨ ਵਾਲੇ ਖੇਡ ਗਰਾਉਂਡ ਦਾ ਨੀਂਹ ਪੱਥਰ ਰੱਖਿਆ ਅਤੇ ਉਨ੍ਹਾਂ ਕਿਹਾ ਕਿ ਮਲੋਟ ਹਲਕੇ ਦੇ 22 ਪਿੰਡਾਂ ਵਿੱਚ ਤਕਰੀਬਨ 5 ਕਰੋੜ 90 ਲੱਖ ਰੁਪਏ ਦੀ ਲਾਗਤ ਨਾਲ ਖੇਡ ਗਰਾਊਂਡ ਬਣਾਏ ਜਾ ਰਹੇ ਹਨ। ਉਨ੍ਹਾਂ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਲੋਟ ਹਲਕੇ ਦੇ ਪਿੰਡ ਔਲਖ ਵਿਖੇ 39.77 ਲੱਖ ਰੁਪਏ, ਭੰਗਚੜੀ ਵਿਖੇ 28.24 ਲੱਖ ਰੁਪਏ, ਦਾਨੇਵਾਲਾ ਵਿਖੇ 38.37 ਲੱਖ ਰੁਪਏ, ਈਨਾ ਖੇੜਾ ਵਿਖੇ 39.86 ਲੱਖ ਰੁਪਏ, ਘੁਮਿਆਰਾ ਖੇੜਾ ਵਿਖੇ 35.77 ਲੱਖ ਰੁਪਏ, ਝੋਰੜ ਵਿਖੇ 39.8 ਲੱਖ ਰੁਪਏ, ਕਟੋਰੇਵਾਲਾ ਵਿਖੇ 39.94 ਲੱਖ ਰੁਪਏ, ਖੁੰਨਣ ਕਲਾਂ ਵਿਖੇ 38.59 ਲੱਖ ਰੁਪਏ, ਲਖਮੀਰੇ ਆਣਾ ਵਿਖੇ 39.17 ਲੱਖ ਰੁਪਏ, ਨਵਾਂ ਪਿੰਡ ਮਲੋਟ ਵਿਖੇ 36.32 ਲੱਖ ਰੁਪਏ, ਫੂਲੇਵਾਲਾ ਵਿਖੇ 39.89 ਲੱਖ ਰੁਪਏ, ਸ਼ੇਰਗੜ੍ਹ ਗਿਆਨ ਸਿੰਘ ਵਿਖੇ 39.98 ਲੱਖ ਰੁਪਏ, ਢਾਣੀ ਗੁਰੂ ਕੇ ਆਸਲ ਵਿਖੇ 7.31 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨਾਂ ਦਾ ਨਿਰਮਾਣ ਕੀਤਾ ਜਾਵੇਗਾ। ਇਸੇ ਤਰ੍ਹਾਂ ਹੀ ਕਟੋਰੇਵਾਲਾ ਵਿਖੇ 7.31 ਲੱਖ ਰੁਪਏ, ਪਿੰਡ ਮਲੋਟ ਵਿਖੇ 7.31 ਲੱਖ ਰੁਪਏ, ਸਾਉਂਕੇ ਵਿਖੇ 7.31 ਲੱਖ ਰੁਪਏ, ਤਰਖਾਣਵਾਲਾ ਵਿਖੇ 7.31 ਲੱਖ ਰੁਪਏ, ਸ਼ੇਖੂ ਵਿਖੇ 2.03 ਲੱਖ ਰੁਪਏ, ਜੰਡਵਾਲਾ ਵਿਖੇ 19.15 ਲੱਖ ਰੁਪਏ, ਤਾਮਕੋਟ ਵਿਖੇ 20.6 ਲੱਖ ਰੁਪਏ, ਵਿਰਕ ਖੇੜਾ ਵਿਖੇ 18.06 ਲੱਖ ਰੁਪਏ ਅਤੇ ਰੱਥੜੀਆਂ ਵਿਖੇ 37.13 ਲੱਖ ਰੁਪਏ ਦੀ ਲਾਗਤ ਨਾਲ ਖੇਡ ਗਰਾਉਂਡਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਖੇਡ ਮੈਦਾਨ ਨਿਰਮਾਣ ਦੀ ਇਹ ਲੜੀ ਇਥੇ ਹੀ ਨਹੀਂ ਰੁਕੇਗੀ। ਆਉਂਣ ਵਾਲੇ ਸਮੇਂ ਵਿੱਚ ਹੋਰ ਪਿੰਡਾਂ ਵਿੱਚ ਵੀ ਆਧੁਨਿਕ ਖੇਡ ਮੈਦਾਨ ਬਣਾਏ ਜਾਣਗੇ ਇਹ ਖੇਡ ਗਰਾਉਂਡ ਨੌਜਵਾਨਾਂ ਨੂੰ ਪ੍ਰੇਰਿਤ ਕਰਨਗੇ ਕਿ ਉਨ੍ਹਾਂ ਦੀ ਜਵਾਨੀ ਨਸ਼ਿਆਂ ਤੋਂ ਦੂਰ ਇਨ੍ਹਾਂ ਖੇਡ ਗਰਾਉਂਡਾਂ ਦੇ ਵਿੱਚ ਬੀਤੇਗੀ। ਇਥੇ ਹੀ ਨਹੀਂ ਰੁਕੇਗੀ।ਆਉਂਣ ਵਾਲੇ ਸਮੇਂ ਵਿੱਚ ਹੋਰ ਪਿੰਡਾਂ ਵਿੱਚ ਵੀ ਆਧੁਨਿਕ ਖੇਡ ਮੈਦਾਨ ਬਣਾਏ ਜਾਣਗੇ ਇਹ ਖੇਡ ਗਰਾਉਂਡ ਨੌਜਵਾਨਾਂ ਨੂੰ ਪ੍ਰੇਰਿਤ ਕਰਨਗੇ ਕਿ ਉਨ੍ਹਾਂ ਦੀ ਜਵਾਨੀ ਨਸ਼ਿਆਂ ਤੋਂ ਦੂਰ ਇਨ੍ਹਾਂ ਖੇਡ ਗਰਾਉਂਡਾਂ ਦੇ ਵਿੱਚ ਬੀਤੇਗੀਇਸ ਮੌਕੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ, ਸ਼ਿੰਦਰਪਾਲ ਸਿੰਘ ਪੀ.ਏ., ਸਰਪੰਚ, ਸੁਖਪਾਲ ਸਿੰਘ, ਗਗਨਦੀਪ ਸਿੰਘ ਔਲਖ, ਬਿੱਟੂ ਜਟਾਣਾ, ਰਾਜਪਾਲ ਸਿੰਘ, ਉਂਕਾਰ ਸਿੰਘ, ਪ੍ਰੀਤਮ ਸਿੰਘ ਤੋਂ ਇਲਾਵਾ ਪਤਵੰਤੇ ਵਿਅਕਤੀ ਹਾਜ਼ਰ ਸਨ।

# ਪੰਜਾਬ ਦੇ ਬਿਜਲੀ ਮੰਤਰੀ ਵੱਲੋਂ ਵੇਦਾਂਤਾ ਪਾਵਰ ਦੀ ਟੀ.ਐਸ.ਪੀ.ਐਲ. ਯੂਨਿਟ ਦਾ ਦੌਰਾ

## ਨਿਰਵਿਘਨ ਬਿਜਲੀ ਸਪਲਾਈ ਅਤੇ ਵਾਤਾਵਰਣੀ ਉਪਰਾਲਿਆਂ ਵਿੱਚ ਟੀਐਸਪੀਐਲ ਦੀ ਭੂਮਿਕਾ ਦੀ ਪ੍ਰਸ਼ੰਸਾ



ਸਰਦੂਲਗੜ੍ਹ, 7 ਮਈ, (ਲਛਮਣ ਸਿੰਘ):ਪੰਜਾਬ ਵਿਚ ਸ਼ੁਰੂ ਹੋ ਚੁੱਕੇ ਗਰਮੀ ਦੇ ਮੌਸਮ ਦੌਰਾਨ ਲੋੜ ਅਨੁਸਾਰ ਬਿਜਲੀ ਦੀ ਸਪਲਾਈ ਸੁਨਿਸ਼ਚਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ, ਪੰਜਾਬ ਸਰਕਾਰ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗ ਮੰਤਰੀ ਹਰਭਜਨ ਸਿੰਘ ਈਟੀਓ ਨੇ ਮਾਨਸਾ ਵਿਖੇ ਸਥਾਪਿਤ ਤਲਵੰਡੀ ਸਾਬੋ ਪਾਵਰ ਲਿਮਿਟੇਡ ਪਲਾਂਟ ਦਾ ਦੌਰਾ ਕੀਤਾ। ਇਹ ਪਲਾਂਟ ਵੇਦਾਂਤਾ ਗਰੁੱਪ ਦਾ ਹੈ, ਜੋ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਨਿੱਜੀ ਥਰਮਲ ਪਾਵਰ ਉਤਪਾਦਕ ਹੈ। 1980 ਮੇਗਾਵਾਟ ਦੀ ਸਮਰੱਥਾ ਨਾਲ, ਟੀਐਸਪੀਐਲ ਇਸ ਵੇਲੇ ਪੰਜਾਬ ਦੀ ਕੁੱਲ ਬਿਜਲੀ ਦੀ ਮੰਗ ਦਾ ਲਗਭਗ 30% ਪੂਰਾ ਕਰ ਰਿਹਾ ਹੈ। ਮੌਕੇ 'ਤੇ ਮਾਣਯੋਗ ਬਿਜਲੀ ਮੰਤਰੀ ਦੇ ਨਾਲ ਸਰਦੂਲਗੜ੍ਹ ਦੇ ਵਿਧਾਇਕ ਗੁਰਪ੍ਰੀਤ ਸਿੰਘ ਬਨਾਵਾਲੀ, ਵਿਭਾਗ ਦੇ ਪ੍ਰਿੰਸੀਪਲ ਸੱਕਤਰ ਅਤੇ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ ਦੇ ਸੀਐਮਡੀ ਅਜੋਇ ਕੁਮਾਰ ਸਿਨ੍ਹਾ ਸਮੇਤ ਪੀਐਸਪੀਸੀਏਲ ਅਤੇ ਸਥਾਨਕ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਿਲ ਸਨ। ਇਨ੍ਹਾਂ ਮਿਹਮਾਨਾਂ ਦਾ ਜੀ ਆਇਆਂ ਨੂੰ ਟੀਐਸਪੀਐਲ ਦੇ ਮੁਖ ਸੰਚਾਲਨ ਅਧਿਕਾਰੀ ਪੰਕਜ ਸ਼ਰਮਾ ਅਤੇ ਕੰਪਨੀ ਦੇ ਹੋਰ ਸੀਨੀਅਰ ਅਧਿਕਾਰੀਆਂ ਵੱਲੋਂ ਕੀਤਾ ਗਿਆ। ਮਾਣਯੋਗ ਮੰਤਰੀ ਨੇ ਪੂਰੇ ਪਲਾਂਟ ਦਾ ਵਿਸਥਾਰਪੂਰਵਕ ਦੌਰਾ ਕਰਦਿਆਂ ਹੋਇਆਂ ਓਥੇ ਚੱਲ ਰਹੇ ਸਭ ਕੰਮਾਂ ਦੀ ਸਮੀਖਿਆ ਕੀਤੀ ਅਤੇ ਵੇਖਿਆ ਕਿ ਪਲਾਂਟ ਪੰਜਾਬ ਦੀ ਬਿਜਲੀ ਮੰਗ ਨੂੰ ਪੂਰਾ ਕਰਨ ਲਈ ਕਿੰਨਾ ਤਿਆਰ ਹੈ, ਜੋ ਆਮਤੌਰ ਤੇ ਜੂਨ ਦੀ ਸ਼ੁਰੂਆਤ 'ਚ ਧਾਨ ਦੀ ਬਿਜਾਈ ਨਾਲ ਵਧ ਜਾਂਦੀ ਹੈ ਅਤੇ ਖਰੀਫ ਮੌਸਮ ਤੱਕ ਜਾਰੀ ਰਹਿੰਦੀ ਹੈ।ਦੌਰੇ ਦੌਰਾਨ ਬੋਲਦੇ ਹੋਏ ਮਾਣਯੋਗ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ, "ਅੱਜ ਮੈਂ ਤਲਵੰਡੀ ਸਾਬੋ ਪਲਾਂਟ ਦਾ ਦੌਰਾ ਕੀਤਾ ਹੈ ਅਤੇ ਮੈਂ ਇੱਥੇ ਚੱਲ ਰਹੀਆਂ ਕਾਰਵਾਈਆਂ ਤੋਂ ਸੰਤੁਸ਼ਟ ਹਾਂ। 660 ਮੇਗਾਵਾਟ ਦੀ ਸਮਰੱਥਾ ਵਾਲੀਆਂ ਤਿੰਨੋਂ ਯੂਨਿਟਾਂ ਸੁਚੱਜੀ ਤਰ੍ਹਾਂ ਚੱਲ ਰਹੀਆਂ ਹਨ। ਇਥੇ ਮੌਜੂਦ ਪ੍ਰਣਾਲੀਆਂ ਇਹਨਾਂ ਦੀਆਂ ਯੋਜਨਾਬੱਧਤਾ ਨੂੰ ਦਰਸਾਉਂਦੀਆਂ ਹਨ। ਮੌਜੂਦਾ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਲਈ ਨਿਰਵਿਘਨ ਅਤੇ ਭਰੋਸੇਜੋਗ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਹੈ ਮਾਣਯੋਗ ਮੰਤਰੀ ਅਤੇ ਮੌਜੂਦ ਬਾਕੀ ਮੈਂਬਰਾਂ ਨੇ ਟੀਐਸਪੀਐਲ ਵਿੱਖੇ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਵੀ ਭਾਗ ਲਿਆ। ਟੀਐਸਪੀਐਲ ਨੇ ਆਪਣੇ ਪਲਾਂਟ ਅੰਦਰ ਅਤੇ ਆਸਪਾਸ 800 ਏਕੜ ਤੋਂ ਵੱਧ ਹਿੱਸੇ ਵਿਚ ਗ੍ਰੀਨ ਬੈਲਟ ਵਿਕਸਿਤ ਕੀਤੀ ਹੈ, ਜੋ ਮਾਨਸਾ ਜ਼ਿਲ੍ਹੇ ਦੇ ਖੇਤਰ ਦਾ ਲਗਭਗ 85% ਕਵਰ ਕਰਦਾ ਹੈ। ਇਹ ਕੰਪਨੀ ਦੀ ਉਦਯੋਗਿਕ ਕਾਰਵਾਈਆਂ ਦੇ ਨਾਲ-ਨਾਲ ਵਾਤਾਵਰਨ ਦੀ ਸੰਭਾਲ ਵੱਲ ਗੰਭੀਰਤਾ ਨੂੰ ਦਰਸਾਉਂਦਾ ਹੈ।ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਟੀਐਸਪੀਐਲ ਵੱਲੋਂ ਖੇਤਰ ਵਿੱਚ ਕੀਤੇ ਜਾ ਰਹੇ ਸਮਾਜਿਕ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ, ਖਾਸ ਕਰਕੇ ਸਿੱਖਿਆ, ਸਿਹਤ, ਹੁਨਰ ਵਿਕਾਸ ਅਤੇ ਟਿਕਾਊ ਖੇਤੀ ਨੂੰ ਲੈ ਕੇ ਚਲ ਰਹੇ ਕਾਰਜਾਂ ਦੀ, ਜਿਨ੍ਹਾਂ ਰਾਹੀਂ ਆਮ ਆਦਮੀ ਦੀ ਆਮਦਨ ਵਿੱਚ ਵਾਧਾ ਹੋਇਆ ਹੈ।ਕੰਪਨੀ ਦੇ ਸੀਨੀਅਰ ਆਗੂਆਂ ਵੱਲੋਂ ਬਿਜਲੀ ਸਪਲਾਈ ਨੂੰ ਨਿਰਵਿਘਨ ਰੱਖਣ ਅਤੇ ਜ਼ਿੰਮੇਵਾਰ ਕਾਰੋਬਾਰੀ ਪ੍ਰਚਾਲਨਾਂ ਨੂੰ ਜਾਰੀ ਰੱਖਣ ਦੀ ਭਰੋਸਗੀ ਦਿੱਤੀ ਗਈ। ਸੀ.ਓ.ਓ ਸ਼੍ਰੀ ਪੰਕਜ ਸ਼ਰਮਾ ਨੇ ਦੱਸਿਆ ਕਿ ਟੀਐਸਪੀਐਲ ਪੰਜਾਬ ਦੀਆਂ ਬਿਜਲੀ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਕੰਮ ਕਰ ਰਿਹਾ ਹੈ ਅਤੇ ਟਿਕਾਊ ਵਿਕਾਸ ਅਤੇ ਸਮਾਜਿਕ ਭਲਾਈ ਕਾਰਜਾਂ ਵਿਚ ਵੀ ਲਗਾਤਾਰ ਵਾਧਾ ਕਰ ਰਿਹਾ ਹੈ । ਮੰਤਰੀ ਦਾ ਇਹ ਦੌਰਾ ਪੰਜਾਬ ਦੀ ਊਰਜਾ ਢਾਂਚੇ ਵਿੱਚ ਟੀਐਸਪੀਐਲ ਦੀ ਰਣਨੀਤਕ ਭੂਮਿਕਾ ਨੂੰ ਦਰਸਾਉਂਦਾ ਹੈ, ਜੋ ਵੱਡੇ ਪੈਮਾਨੇ ਉੱਤੇ ਬਿਜਲੀ ਉਤਪਾਦਨ ਨੂੰ ਲੰਬੇ ਸਮੇਂ ਦੀ ਵਾਤਾਵਰਣਕ ਅਤੇ ਸਮਾਜਕ ਜ਼ਿੰਮੇਵਾਰੀ ਨਾਲ ਜੋੜਦਾ ਹੈ।

# ਅੱਗ ਨਾਲ ਸੜੀ ਕਣਕ ਦੇ ਪੀੜਤ ਕਿਸਾਨਾਂ ਨੂੰ ਪੈਂਤੀ ਹਜ਼ਾਰ ਰੁਪਏ ਪ੍ਰਤੀ ਏਕੜ ਮਾਲੀ ਸਹਾਇਤਾ ਦਿੱਤੀ



ਭਗਤਾ ਭਾਈ ਕਾ, 7 ਮਈ (ਸਵਰਨ ਸਿੰਘ ਭਗਤਾ):ਸਥਾਨਕ ਸ਼ਹਿਰ ਦੇ ਬਾਘਾਪੁਰਾਣਾ ਰੋਡ 'ਤੇ ਸਥਿਤ ਦੇ ਕੋਠੇ ਭਾਈਆਣਾ ਸਾਹਿਬ ਦੇ ਖੇਤਾਂ 'ਚ ਬੀਤੇ ਦਿਨੀਂ ਭਾਰੀ ਅੱਗ ਲੱਗਣ ਕਾਰਨ ਜਿਨ੍ਹਾਂ ਕਿਸਾਨਾਂ ਦੀ ਕਣਕ ਦੀ ਫ਼ਸਲ ਸੜ ਗਈ ਸੀ,ਨੂੰ ਐੱਨਆਰਆਈਜ਼ ਤੇ ਨਗਰ ਨਿਵਾਸੀਆਂ ਦੇ ਯਤਨਾਂ ਸਦਕਾ ਪ੍ਰਤੀ ਏਕੜ 35 ਹਜਾਰ ਮਾਲੀ ਮੱਦਦ ਵਜੋਂ ਦਿੱਤੇ ਗਏ ਜਿਸ ਤਹਿਤ ਬਲਕਾਰ ਸਿੰਘ ਨੂੰ 2 ਲੱਖ 10 ਹਜ਼ਾਰ, ਅਜਮੇਰ ਸਿੰਘ ਨੂੰ 2 ਲੱਖ 10 ਹਜ਼ਾਰ, ਜਗਤਾਰ ਸਿੰਘ ਨੂੰ 1 ਲੱਖ 75 ਹਜ਼ਾਰ, ਬਲਰਾਜ ਸਿੰਘ ਨੂੰ 1 ਲੱਖ 75 ਹਜ਼ਾਰ ਰੁਪਏ, ਪ੍ਰਗਟ ਸਿੰਘ ਨੂੰ 79 ਹਜ਼ਾਰ, ਨਛੱਤਰ ਸਿੰਘ ਨੂੰ 44 ਹਜ਼ਾਰ ਦੀ ਮਾਲੀ ਮਦਦ ਕੀਤੀ ਗਈ। ਇਸ ਮੌਕੇ ਸੁਖਜਿੰਦਰ ਸਿੰਘ ਖਾਨਦਾਨ, ਜਸਪ੍ਰੀਤ ਸਿੰਘ ਬੂਟਾ ਖਾਲਸਾ ਤੇ ਸੁਖਚੈਨ ਸਿੰਘ ਖਾਲਸਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਵਾਸੀਆਂ ਤੇ ਐੱਨਆਰਆਈਜ਼ ਦੇ ਸਹਿਯੋਗ ਨਾਲ ਲੱਗਭੱਗ 20 ਲੱਖ ਰੁਪਏ ਇਕੱਠੇ ਹੋਏ ਹਨ, ਜਿਨ੍ਹਾਂ 'ਚੋਂ 9 ਲੱਖ ਰੁਪਏ ਕਿਸਾਨਾਂ ਨੂੰ ਵੰਡੇ ਗਏ ਹਨ ਤੇ ਕਰੀਬ 11 ਲੱਖ ਰੁਪਏ ਬਾਕੀ ਹਨ। ਉਨ੍ਹਾਂ ਦੱਸਿਆ ਕਿ ਬਾਕੀ ਰੁਪਿਆਂ ਨਾਲ ਨਗਰ ਵਾਸੀਆਂ ਨੇ ਸਰਬਸੰਮਤੀ ਨਾਲ ਪਿੰਡ ਦੀ ਸਹੂਲਤ ਲਈ ਨਿੱਜੀ ਫਾਇਰ ਬ੍ਰਿਗੇਡ ਲਿਆਉਣ ਦਾ ਫੈਸਲਾ ਕੀਤਾ ਹੈ ,ਤਾਂ ਜੋ ਭਵਿੱਖ 'ਚ ਅੱਗ ਕਾਰਨ ਵਾਪਰ ਵਾਲੀਆਂ ਘਟਨਾਵਾਂ ਮੌਕੇ ਸਮੇਂ ਸਿਰ ਮਦਦ ਕੀਤੀ ਜਾ ਸਕੇ। ਉਨ੍ਹਾਂ ਨੇ ਦਾਨੀ ਪਰਿਵਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਦਰਸ਼ਨ ਸਿੰਘ ਭਾਈਕੇ ,ਅਵਤਾਰ ਸਿੰਘ ਤਾਰੀ, ਗੁਰਚਰਨ ਸਿੰਘ ਖਾਲਸਾ, ਸਤਵਿੰਦਰਪਾਲ ਸਿੰਘ ਪਿੰਦਰ, ਕਾਕਾ ਖਾਨਦਾਨ, ਸਰਪੰਚ ਹਰਪ੍ਰੀਤ ਸਿੱਧੂ, ਹਰਪਿੰਦਰ ਬੱਬੂ, ਜਸਪਾਲ ਵੜਿੰਗ, ਵਿੱਕੀ ਸਿੱਧੂ ਤੇ ਜਗਰੂਪ ਸਿੰਘ ਆਦਿ ਹਾਜ਼ਰ ਸਨ।



# ਪਟਿਆਲਾ-ਆਸ/ਪਾਸ



## ਹੋਮ ਗਾਰਡਜ਼ ਸਿਵਲ ਡਿਫੈਂਸ ਵੱਲੋਂ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਮੌਕ ਡ੍ਰਿਲ



ਪਟਿਆਲਾ, 7 ਮਈ (ਗੁਰਮੁੱਖ ਰੁਪਾਣਾ): ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਤੇ ਡਾਇਰੈਕਟੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ਼ ਦੀਆਂ ਹਦਾਇਤਾਂ 'ਤੇ ਹੋਮ ਗਾਰਡਜ਼ ਦੇ ਸਿਵਲ ਡਿਫੈਂਸ ਪਟਿਆਲਾ ਨੇ ਇੱਥੇ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਜੰਗਾਂ ਜਾਂ ਹੋਰ ਹੰਗਾਮੀ ਸਥਿਤੀ ਮੌਕੇ ਜਾਨੀ ਤੇ ਮਾਲੀ ਨੁਕਸਾਨ ਨੂੰ ਘਟਾਉਣ ਦੀ ਮੌਕ ਡਰਿੱਲ ਕਰਵਾਈ।ਇਸ ਮੌਕੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜ਼ਿਲ੍ਹਾ ਕਮਾਂਡਰ ਗੁਰਲਵਦੀਪ ਸਿੰਘ ਦੀ ਦੇਖ-ਰੇਖ ਹੇਠ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਕਾਕਾ ਰਾਮ ਵਰਮਾ ਸਮੇਤ ਐਨ ਸੀ ਸੀ ਕੇਡਿਟਜ ਐਨ ਐਸ ਐਸ ਵੰਲਟੀਅਰਾਂ ਸਕਾਊਟ ਗਾਈਡ ਅਤੇ ਰੈੱਡ ਕਰਾਸ ਵਰਕਰਾਂ ਨੇ ਜੰਗਾਂ ਮਹਾਂਮਾਰੀਆਂ ਤੇ ਕੁਦਰਤੀ ਆਫ਼ਤਾਂ ਦੌਰਾਨ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਤਬਾਹੀ ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਮੌਕ ਡਰਿੱਲ ਦਾ ਪ੍ਰਦਰਸ਼ਨ ਕੀਤਾ।ਇਸ ਦੌਰਾਨ ਵਿਦਿਆਰਥੀਆਂ ਅਤੇ ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਜਵਾਨਾਂ ਦੀਆਂ 10 ਪ੍ਰਕਾਰ ਦੀਆਂ ਟੀਮਾਂ ਬਣਾਕੇ ਸਾਇਰਨ ਵਜਾਉਣਾ, ਅਸੈਂਬਲੀ ਪੁਆਇੰਟ 'ਤੇ ਗਿਣਤੀ ਕਰਨੀ, ਫ਼ਸੇ ਲੋਕਾਂ ਨੂੰ ਰੈਸਕਿਊ ਕਰਨਾ, ਫੋਨ ਕਰਕੇ ਪੁਲਿਸ, ਐਂਬੂਲੈਂਸ ਤੇ ਫਾਇਰ ਬ੍ਰਿਗੇਡ ਨੂੰ ਬੁਲਾਉਣਾ, ਜ਼ਖਮੀਆਂ ਨੂੰ ਮੁਢਲੀ ਸਹਾਇਤਾ, ਸੀ ਪੀ ਆਰ ਵੈਂਟੀਲੈਟਰ ਸਿਸਟਮ, ਅੱਗ ਬੁਝਾਉਣਾ, ਕੰਟਰੋਲ ਰੂਮ, ਲਿਸਟਾਂ ਬਣਾਉਣਾ, ਚੋਰਾਂ ਤੋਂ ਬਚਾਓ, ਧਰਤੀ ਤੇ ਲੇਟਣ ਦੇ ਢੰਗ ਤਰੀਕੇ, ਹਸਪਤਾਲਾਂ ਨੂੰ ਸੰਪਰਕ ਕਰਨਾ ਆਦਿ ਦੀ ਮੌਕ ਡ੍ਰਿਲ ਕੀਤੀ ਗਈ।ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਕਮਾਂਡੈਂਟ ਗੁਰਲਵਦੀਪ ਸਿੰਘ ਨੇ ਸਿਵਲ ਡਿਫੈਂਸ ਫਸਟ ਏਡ ਫਾਇਰ ਸੇਫਟੀ ਦੀ ਟ੍ਰੇਨਿੰਗ ਅਭਿਆਸ ਅਤੇ ਮੌਕ ਡਰਿੱਲਾਂ ਦੀ ਮਹੱਤਤਾ ਦੱਸੀ ਅਤੇ ਕਿਹਾ ਕਿ ਐਮਰਜੈਂਸੀ ਦੌਰਾਨ ਕੇਵਲ ਸਿੱਖੀ ਹੋਈ ਟ੍ਰੇਨਿੰਗ ਅਭਿਆਸ ਅਤੇ ਮੌਕ ਡਰਿੱਲਾਂ ਹੀ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਤਬਾਹੀਆਂ ਤੋਂ ਬਚਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹਰੇਕ ਸੰਸਥਾ ਨੂੰ ਆਪਣੇ ਵਿਦਿਆਰਥੀਆਂ ਅਧਿਆਪਕਾਂ ਅਤੇ ਕਰਮਚਾਰੀਆਂ ਲਈ ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ੍ਰੇਨਿੰਗ ਅਭਿਆਸ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ।ਪੰਜਾਬ ਹੋਮ ਗਾਰਡ ਸਿਵਲ ਡਿਫੈਂਸ ਦੇ ਕੰਪਨੀ ਕਮਾਂਡਰ ਮੋਹਨ ਦੀਪ ਸਿੰਘ, ਮਨਿੰਦਰ ਕੁਮਾਰ, ਪਲਟੂਨ ਕਮਾਂਡਰ ਸਰਵਿੰਦਰ ਸਿੰਘ, ਹੌਲਦਾਰ ਅਰਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਹੋਮ ਗਾਰਡ ਸਿਵਲ ਡਿਫੈਂਸ ਦੇ ਜਵਾਨਾਂ ਨੇ ਮੌਕ ਡਰਿੱਲ ਦੌਰਾਨ ਲੋਕਾਂ ਨੂੰ ਰੈਸਕਿਊ, ਟਰਾਂਸਪੋਰਟ ਕਰਨ, ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਕਰਨ ਦੇ ਪ੍ਰਦਰਸ਼ਨ ਕੀਤੇ। ਇਸ ਮੌਕੇ ਸਾਕੇਤ ਨਸ਼ਾ ਮੁਕਤੀ ਤੇ ਪੁਨਰਵਾਸ ਸੇਂਟਰ ਦੇ ਡਾਇਰੈਕਟਰ ਪ੍ਰਮਿੰਦਰ ਕੌਰ ਮਨਚੰਦਾ, ਪ੍ਰਿੰਸੀਪਲ ਸਰਲਾ ਭਟਨਾਗਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਕਾਕਾ ਰਾਮ ਵਰਮਾ ਤੇ ਹੋਮ ਗਾਰਡਜ਼ ਸਿਵਲ ਡਿਫੈਂਸ ਸਦਕਾ ਜ਼ਿਲ੍ਹੇ ਦੇ ਵਿਦਿਆਰਥੀਆਂ, ਅਧਿਆਪਕਾਂ ਐਨ ਐਸ ਐਸ ਵੰਲਟੀਅਰਾਂ, ਐਨ ਸੀ ਸੀ ਕੇਡਿਟਜ ਅਤੇ ਪੁਲਿਸ ਫੈਕਟਰੀਆਂ ਕਰਮਚਾਰੀਆਂ ਨੂੰ ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ, ਆਫ਼ਤ ਪ੍ਰਬੰਧਨ ਦੀ ਟ੍ਰੇਨਿੰਗ ਲਗਾਤਾਰ ਮਿਲ ਰਹੀ ਹੈ।

## ਪੰਜਾਬ ਸਾਹਿਤ ਸਭਾ ਵੱਲੋਂ ਸਾਹਿਤਕ ਸਮਾਗਮ 11 ਨੂੰ

ਪਟਿਆਲਾ, 7 ਮਈ (ਚ.ਨ.ਸ.): ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ 11 ਮਈ,2025 ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਅਨੁਸਾਰ ਇਸ ਸਮਾਗਮ ਦੇ ਮੁੱਖ ਮਹਿਮਾਨ ਸਾਬਕਾ ਡਿਪਟੀ ਕਮਿਸ਼ਨਰ ਅਤੇ ਸਾਹਿਤ ਹਿਤੈਸ਼ੀ ਸ. ਸ਼ਿਵਦੁਲਾਰ ਸਿੰਘ ਢਿੱਲੋਂ ਆਈ.ਏ.ਐਸ. ਹੋਣਗੇ ਅਤੇ ਪ੍ਰਧਾਨਗੀ ਉਸਤਾਦ ਗ਼ਜ਼ਲਗੋ ਅਤੇ ਸਾਹਿਤਕ ਰਿਸਾਲੇ 'ਮੂਲ ਸੁਰਾਹੀ' ਦੇ ਸੰਪਾਦਕ ਬਲਬੀਰ ਸਿੰਘ ਸੈਣੀ (ਨੰਗਲ ਟਾਊਨਸ਼ਿਪ) ਕਰਨਗੇ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਉੱਘੀ ਲੇਖਿਕਾ ਅਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਟੇਟ ਐਵਾਰਡੀ ਡਾ. ਗੁਰਪ੍ਰੀਤ ਕੌਰ ਸੈਣੀ, ਐਨ. ਆਈ. ਐਸ.ਪਟਿਆਲਾ ਦੇ ਸਾਬਕਾ ਡਾਇਰੈਕਟਰ ਡਾ. ਜੀ. ਐਸ. ਆਨੰਦ ਅਤੇ ਬਹੁਪੱਖੀ ਤੌਰ ਉੱਘੇ ਲੇਖਕ ਧਰਮ ਕੰਮੇਆਣਾ ਹੋਣਗੇ। ਇਸ ਸਮਾਗਮ ਵਿਚ ਪੁੱਜੇ ਲੇਖਕ ਵੀ ਵੰਨ ਸੁਵੰਨੀਆਂ ਰਚਨਾਵਾਂ ਸੁਣਾਉਣਗੇ ਅਤੇ ਚਰਚਾ ਵੀ ਹੋਵੇਗੀ

## ਪੰਜਾਬੀ ਯੂਨੀਵਰਸਿਟੀ ਗ਼ੈਰ ਅਧਿਆਪਨ ਕਰਮਚਾਰੀਆਂ ਨੇ ਚੋਣਾਂ ਕਰਵਾਉਣ ਦੀ ਮੰਗ ਉਠਾਈ

### -ਗ਼ੈਰ ਅਧਿਆਪਨ ਕਰਮਚਾਰੀਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਹੱਲ ਕਰੇ ਯੂਨੀਵਰਸਿਟੀ ਪ੍ਰਸ਼ਾਸਨ : ਬਾਗੜੀਆਂ



ਪਟਿਆਲਾ, 7 ਮਈ (ਗੁਰਮੁੱਖ ਰੁਪਾਣਾ): ਅੱਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੈਰ ਅਧਿਆਪਨ ਕਰਮਚਾਰੀ ਸੰਘ ਦੇ ਆਗੂ ਰਾਜਿੰਦਰ ਸਿੰਘ ਬਾਗੜੀਆਂ ਦੀ ਪ੍ਰਧਾਨਗੀ ਹੇਠ ਵੱਖ ਵੱਖ ਕਰਮਚਾਰੀਆਂ ਦੀ ਅਹਿਮ ਮੀਟਿੰਗ ਹੋਈ। ਜਾਣਕਾਰੀ ਦਿੰਦਿਆਂ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਧਾਲੀਵਾਲ, ਅਮਰਜੀਤ ਕੌਰ ਗਿੱਲ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਖੇ ਹਰ ਸਾਲ ਗੈਰ ਅਧਿਆਪਨ ਕਰਮਚਾਰੀਆਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਕਰਮਚਾਰੀ ਸੰਘ ਦੀਆਂ ਚੋਣਾਂ ਕਰਵਾਈਆਂ ਜਾਂਦੀਆਂ ਹਨ। ਯੂਨੀਵਰਸਿਟੀ ਕੈਲੰਡਰ ਦੇ ਨਿਯਮਾਂ ਅਨੁਸਾਰ ਹਰੇਕ ਰੈਗੂਲਰ ਮੁਲਾਜ਼ਮ ਵੋਟ ਪਾਉਣ ਦਾ ਅਧਿਕਾਰ ਰੱਖਦਾ ਹੈ। ਇਸ ਸਾਲ ਜਨਵਰੀ ਮਹੀਨੇ ਕਿਸੇ ਕਾਨੂੰਨੀ ਨੁਕਤੇ ਕਾਰਨ ਪ੍ਰਸ਼ਾਸਨ ਵੱਲੋਂ ਚੋਣਾਂ ਮੁਲਤਵੀ ਕਰ ਦਿੱਤਿਆਂ ਸਨ। ਜਾਣਕਾਰੀ ਅਨੁਸਾਰ ਮਾਨਯੋਗ ਕੋਰਟ ਵਲੋਂ ਚੋਣਾਂ ਮੁਲਤਵੀ ਕਰਾਉਣ ਲਈ ਲਗਾਏ ਇਤਰਾਜ਼ ਕਲੀਅਰ ਹੋ ਗਏ ਹਨ।ਜਿਸ 'ਤੇ ਪ੍ਰਤਿਕ੍ਰਿਆ ਦਿੰਦਿਆਂ ਯੂਨੀਵਰਸਿਟੀ ਕਰਮਚਾਰੀਆਂ ਨੇ ਚੋਣਾਂ ਕਰਵਾਉਣ ਦੀ ਆਵਾਜ਼ ਬੁਲੰਦ ਕੀਤੀ। ਰਾਜਿੰਦਰ ਸਿੰਘ ਬਾਗੜੀਆਂ ਨੇ ਕਿਹਾ ਕਿ ਚੋਣਾਂ ਨਾ ਹੋਣ ਕਾਰਨ ਗੈਰ ਅਧਿਆਪਨ ਕਰਮਚਾਰੀਆਂ ਦੇ ਅਹਿਮ ਕੰਮ ਰੁਕੇ ਹੋਏ ਹਨ। ਪ੍ਰਸ਼ਾਸਨ ਵੱਲੋਂ ਕਰਮਚਾਰੀਆਂ ਦੀਆਂ ਤਰੱਕੀਆਂ, ਬਕਾਇਆ ਰਾਸ਼ੀ ਰਿਲੀਜ਼ ਕਰਨ, ਪ੍ਰੀਖਿਆ ਸ਼ਾਖਾ ਦੇ ਕਰਮਚਾਰੀਆਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਹੱਲ ਕਰਨ ਆਦਿ ਵੱਡੇ ਮਸਲੇ ਚੋਣਾਂ ਤੋਂ ਤੁਰੰਤ ਬਾਅਦ ਹੱਲ ਕਰਵਾਏ ਜਾਣਗੇ। ਆਗੂਆਂ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਦੌਰਾਨ ਸੰਘ ਵੱਲੋਂ ਵੱਡੇ ਪੱਧਰ 'ਤੇ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਵਾਉਣ ਦੀ ਲੜਾਈ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਆਉਣ ਵਾਲੇ ਸਮੇਂ ਦੌਰਾਨ ਯੂਨੀਵਰਸਿਟੀ ਕਰਮਚਾਰੀਆਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਰਾਜਿੰਦਰ ਸਿੰਘ ਬਾਗੜੀਆਂ, ਪ੍ਰਕਾਸ਼ ਧਾਲੀਵਾਲ, ਅਮਰਜੀਤ ਕੌਰ ਗਿੱਲ, ਤੇਜਿੰਦਰ ਸਿੰਘ ਨਵਦੀਪ ਸਿੰਘ ਚੰਨੀ, ਪ੍ਰਭਜੋਤ ਸਿੰਘ, ਮੁਹੰਮਦ ਜ਼ਹੀਰ,ਗੁਰਪਿਆਰ ਸਿੰਘ ਰਛਪਾਲ ਸਿੰਘ,ਸੁਰੇਸ਼ ਸਿੰਘ ,ਲੱਖੀ ਰਾਮ , ਕਰਨੈਲ ਸਿੰਘ, ਸੋਹਣ ਸਿੰਘ ਆਦਿ ਕਰਮਚਾਰੀਆਂ ਮੌਜੂਦ ਸਨ।

## ਪੁਰਾਣੀ ਰੰਜਿਸ਼ ਦੇ ਚਲਦਿਆਂ ਬਾਈਕ ਸਵਾਰ ਨੌਜਵਾਨ 'ਤੇ ਫ਼ਾਈਰਿੰਗ, ਤਿੰਨ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 7 ਮਈ (ਵਿਜੇ ਕੁਮਾਰ) : ਪੁਰਾਣੀ ਰੰਜਿਸ਼ ਦੇ ਚਲਦਿਆਂ ਬਾਇਕ ਸਵਾਰ ਨੌਜਵਾਨ ਨੂੰ ਮਾਰਨ ਦੀ ਨਿਯਤ ਨਾਲ ਫਾਇਰਿੰਗ ਕਰਕੇ ਜ਼ਖ਼ਮੀ ਕਰਨ ਅਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਇਕ ਮਾਮਲੇ 'ਚ ਸਦਰ ਪੁਲਿਸ ਨੇ ਬਲੈਰੋ ਸਵਾਰ ਤਿੰਨ ਨੌਜਵਾਨਾਂ ਖਿਲਾਫ ਆਰਮਜ਼ ਐਕਟ ਸਣੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ 'ਚ ਗੁਰਲਵਲੀਨ ਸਿੰਘ , ਮਸਤਾਨ ਸਿੰਘ ਅਤੇ ਅਕਾਸ਼ ਸੋਹੀ ਸ਼ਾਮਲ ਹਨ।ਸੰਬਧਿਤ ਪੁਲਿਸ ਚੌਕੀ ਮਵੀਕਲਾ ਮੁਖੀ ਸਬ-ਇੰਸਪੈਕਟਰ ਬਲਕਾਰ ਸਿੰਘ ਨੇ ਦੱਸਿਆ ਕਿ ਸੁਖਮਨ ਸਿੰਘ ਨਿਵਾਸੀ ਪਿੰਡ ਤੰਬੂਵਾਲਾ ਵੱਲੋਂ ਦਰਜ਼ ਕਰਵਾਈ ਸ਼ਿਕਾਇਤ ਅਨੁਸਾਰ ਮੁਲਜ਼ਮਾਂ ਦੀ ਉਸ ਦੇ ਦੋਸਤ ਕਰਨਵੀਰ ਸ਼ਰਮਾ ਦੇ ਨਾਲ ਪੁਰਾਣੀ ਰੰਜਿਸ਼ ਸੀ। 5 ਮਈ ਨੂੰ ਦੇਰ ਸ਼ਾਮ ਉਹ ਆਪਣੇ ਦੋਸਤ ਕਰਨਵੀਰ ਸ਼ਰਮਾ ਦੇ ਨਾਲ ਕਕਰਾਲਾ ਭਾਇਕਾ ਪਿੰਡ ਨਿਵਾਸੀ ਦੋਸਤ ਦਿਲਪ੍ਰੀਤ ਸਿੰਘ ਦੇ ਘਰ ਤੋਂ ਬਾਇਕ 'ਤੇ ਸਵਾਰ ਹੋ ਕੇ ਆਪਣੇ ਘਰ ਵਾਪਸ ਜਾ ਰਹੇ ਸੀ, ਕਿ ਗੁਰਦੁਆਰਾ ਸਾਹਿਬ ਨੇੜੇ ਪੁੱਜਣ 'ਤੇ ਇਕ ਬਲੈਰੋ ਗੱਡੀ ਪਿੱਛੇ ਆ ਕੇ ਰੁਕੀ ਅਤੇ ਡਰਾਇਵਰ ਸੀਟ 'ਤੇ ਬੈਠੇ ਮੁਲਜ਼ਮ ਲਵਲੀਨ ਸਿੰਘ ਨੇ ਸ਼ੀਸ਼ਾ ਨੀਚੇ ਕਰਕੇ ਜਾਨ ਤੋਂ ਮਾਰਨ ਦੀ ਨਿਯਤ ਨਾਲ ਉਸ 'ਤੇ ਫਾਇਰ ਕੀਤਾ ਜੋ ਉਸ ਦੀ ਬਾਂਹ 'ਤੇ ਲੱਗਿਆ ਅਤੇ ਕੰਡਕਟਰ ਸੀਟ 'ਤੇ ਬੈਠੇ ਅਕਾਸ਼ ਸਿੰਘ ਨੇ ਆਪਣੇ ਹੱਥ ਵਿਚ ਫੜੇ ਪਿਸਤੋਲ ਨਾਲ ਫਾਇਰ ਕੀਤਾ, ਜੋ ਉਸ ਦੇ ਪੈਰ ਵਿਚ ਲੱਗਿਆ। ਇਸ ਦੌਰਾਨ ਮੁਲਜ਼ਮ ਮਸਤਾਨ ਸਿੰਘ ਨੇ ਗੱਡੀ ਤੋਂ ਬਾਹਰ ਆ ਕੇ ਉਨ੍ਹਾਂ ਨੂੰ ਲਲਕਾਰਦੇ ਹੋਏ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਤਾਂ ਉਹ ਆਪਣੇ ਬਾਇਕ ਨੂੰ ਹਾਦਸੇ ਵਾਲੀ ਥਾਂ 'ਤੇ ਛੱਡ ਕੇ ਆਪਣੇ ਦੋਸਤ ਕਰਨਵੀਰ ਸ਼ਰਮਾ ਸਣੇ ਉਥੋਂ ਦੌੜ ਗਿਆ। ਉਸ ਨੂੰ ਜ਼ਖ਼ਮੀ ਹਾਲਤ ਵਿਚ ਪਾਤੜਾਂ ਦੇ ਇਕ ਨਿਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਅਧਿਕਾਰੀ ਅਨੁਸਾਰ ਪੁਲਿਸ ਵਲੋਂ ਛਾਪੇਮਾਰੀ ਦੇ ਬਾਵਜੂਦ ਅਜੇ ਤੱਕ ਕੋਈ ਵੀ ਮੁਲਜ਼ਮ ਕਾਬੂ ਨਹੀਂ ਆਇਆ।

## 1 ਕਿੱਲੋ 400 ਗ੍ਰਾਮ ਭੁੱਕੀ ਸਮੇਤ ਇਕ ਕਾਬੂ

ਸਮਾਣਾ, 7 ਮਈ (ਵਿਜੇ ਕੁਮਾਰ) : ਸਿਟੀ ਪੁਲਿਸ ਨੇ ਇਕ ਵਿਅਕਤੀ ਨੂੰ 1 ਕਿੱਲੋ 400 ਗ੍ਰਾਮ ਭੁੱਕੀ ਚੂਰਾ ਸਣੇ ਕਾਬੂ ਕਰਕੇ ਉਸ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਗੁਰਚਰਨ ਸਿੰਘ ਨਿਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ। ਸਿਟੀ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਿਟੀ ਪੁਲਸ ਅਧਿਕਾਰੀ ਰਾਜਵਿੰਦਰ ਕੌਰ ਨੇ ਪੁਲਿਸ ਪਾਰਟੀ ਸਣੇ ਅਗਰਸੈਨ ਚੌਂਕ 'ਚ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਭੁੱਕੀ ਵੇਚਣ ਲਈ ਟੀ-ਪੁਆਇੰਟ ਪਿੰਡ ਫਤਿਹਪੁਰ ਨੇੜੇ ਬੈਠੇ ਹੋਣ ਸੰਬਧੀ ਮਿਲੀ ਸੂਚਨਾਂ ਤੇ ਰੇਡ ਕੀਤੀ ਅਤੇ 1 ਕਿੱਲੋ 400 ਗ੍ਰਾਮ ਭੁੱਕੀ ਚੂਰਾ ਬਰਾਮਦ ਹੋਣ 'ਤੇ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ 'ਤੇ ਪਹਿਲਾਂ ਵੀ ਕਈ ਮਾਮਲੇ ਦਰਜ ਹਨ, ਜਿਸ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰ ਰਿਮਾਂਡ 'ਤੇ ਲੈ ਕੇ ਪੁਛਗਿੱਛ ਕੀਤੀ ਜਾਵੇਗੀ।

## ਆਈ.ਸੀ.ਆਈ.ਸੀ.ਆਈ. ਬੈਂਕ ਦਾ ਪਲੇਸਮੈਂਟ ਕੈਂਪ ਭਲਕੇ

ਪਟਿਆਲਾ, 7 ਮਈ (ਚ.ਨ.ਸ.) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 9 ਮਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਆਈ.ਸੀ.ਆਈ.ਸੀ.ਆਈ. ਬੈਂਕ 'ਚ ਰਿਲੇਸ਼ਨਸ਼ਿਪ ਮੈਨੇਜਰ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਆਈ.ਸੀ.ਆਈ.ਸੀ.ਆਈ. ਬੈਂਕ ਵੱਲੋਂ ਰਿਲੇਸ਼ਨਸ਼ਿਪ ਮੈਨੇਜਰ ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ ਗ੍ਰੈਜੂਏਸ਼ਨ ਦੀ ਯੋਗਤਾ ਹੋਵੇ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਦੀ ਉਮਰ 19-25 ਸਾਲ ਹੋਵੇ ਅਤੇ ਪੁਰਸ਼/ਮਹਿਲਾ ਦੋਵੇਂ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਨਿਯੋਜਕ ਵੱਲੋਂ ਇਸ ਆਸਾਮੀ ਦੀ ਟ੍ਰੇਨਿੰਗ ਲਈ 49,500/- ਰੁਪਏ ਲਏ ਜਾਣਗੇ।ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 09-05-2025 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ।ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

## ਐੱਸ.ਆਰ. ਐੱਸ. ਵਿੱਦਿਆਪੀਠ ਸਮਾਣਾ 'ਚ ਇਨਵੈਸਟੀਚਰ ਸੈਰੇਮਨੀ




ਸਮਾਣਾ, 7 ਮਈ (ਵਿਜੇ ਕੁਮਾਰ/ ਜਵੰਦਾ) ਐੱਸ. ਆਰ. ਐੱਸ. ਵਿੱਦਿਆਪੀਠ ਸਮਾਣਾ 'ਚ ਇਨਵੈਸਟੀਚਰ ਸਮਾਰੋਹ (2025-26) ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਉਹਨਾਂ ਦੀ ਯੋਗਤਾ ਦੇ ਅਨੁਸਾਰ ਪਦਵੀਆਂ ਦਿੱਤੀਆਂ ਗਈਆਂ । ਬਾਰ੍ਹਵੀਂ ਜਮਾਤ ਦੀ ਸਾਇੰਸ ਗਰੁੱਪ ਦੀ ਵਿਦਿਆਰਥਣ ਹਰਨੂਰ ਕੌਰ ਨੂੰ ਹੈੱਡ ਗਰਲ ਅਤੇ ਸਾਇੰਸ ਗਰੁੱਪ ਦੇ ਵਿਦਿਆਰਥੀ ਅਰਮਾਨ ਸ਼ਰਮਾ ਨੂੰ ਹੈੱਡ ਬੁਆਏ ਦਾ ਖਿਤਾਬ ਦਿੱਤਾ ਗਿਆ। 'ਸਪੋਰਟਸ ਕੈਪਟਨ' ਲਈ ਕੁੜੀਆਂ ਵਿੱਚੋਂ ਬਾਰਵੀਂ ਜਮਾਤ ਦੇ ਸਾਇੰਸ ਗਰੁੱਪ ਦੀ ਵਿਦਿਆਰਥਣ ਅਵਨੀਤ ਕੌਰ ਅਤੇ ਮੁੰਡਿਆਂ ਵਿੱਚੋਂ ਬਾਰਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਕਰਨਵੀਰ ਸਿੰਘ ਨੂੰ ਚੁਣਿਆ ਗਿਆ ਹੈ ਜਦੋਂ ਕਿ ਕਾਮਰਸ ਗਰੁੱਪ ਦੇ ਵਿਦਿਆਰਥੀ ਦਿਵਾਂਸ਼ੂ ਸ਼ਰਮਾ ਅਤੇ ਵਿਦਿਆਰਥਣ ਕੋਮਲਪ੍ਰੀਤ ਕੌਰ ਨੂੰ ਚੁਣਿਆ ਗਿਆ ਹੈ। 'ਐਕਟੀਵਿਟੀ ਇੰਚਾਰਜ' ਲਈ ਕੁੜੀਆਂ ਵਿੱਚੋਂ ਬਾਰਵੀਂ ਜਮਾਤ ਦੇ ਕਾਮਰਸ ਗਰੁੱਪ ਦੀ ਵਿਦਿਆਰਥਣ ਖੁਸ਼ਦੀਪ ਕੌਰ ,ਦਸਵੀਂ ਜਮਾਤ ਦੀ ਵਿਦਿਆਰਥਣ ਨਵਨੂਰ ਕੌਰ ਅਤੇ ਮੁੰਡਿਆਂ ਵਿੱਚੋਂ ਬਾਰਵੀਂ ਜਮਾਤ ਦੇ ਆਰਟਸ ਗਰੁੱਪ ਦੇ ਵਿਦਿਆਰਥੀ ਮਯੰਕ ਪੁਰੀ ਨੂੰ ਚੁਣਿਆ ਗਿਆ ਹੈ। ਗਰੀਨ ਹਾਊਸ ਲਈ ਦਸਵੀਂ ਜਮਾਤ ਦੀ ਵਿਦਿਆਰਥਣ ਅਸ਼ਮੀਤ ਕੌਰ ਅਤੇ ਵਿਦਿਆਰਥੀ ਬੀਰਨਮਨ ਸਿੰਘ ,ਲਾਇਨ ਹਾਊਸ ਲਈ ਦਸਵੀਂ ਜਮਾਤ ਦੀ ਵਿਦਿਆਰਥਣ ਇਸ਼ਿਕਾ ਅਤੇ ਵਿਦਿਆਰਥੀ ਅੰਸ਼ਵੀਰ ਸਿੰਘ ਸਿੰਘ , ਜੈਗੂਆਰ ਹਾਊਸ ਲਈ ਦਸਵੀਂ ਜਮਾਤ ਦੀ ਵਿਦਿਆਰਥਣ ਹੁਸਨਦੀਪ ਕੌਰ ਅਤੇ ਵਿਦਿਆਰਥੀ ਹਰਗੁਰਜਾਪ ਸਿੰਘ ,ਟਾਈਗਰ ਹਾਊਸ ਲਈ ਦਸਵੀਂ ਜਮਾਤ ਦੀ ਵਿਦਿਆਰਥਣ ਕਸ਼ਵੀ ਅਗਰਵਾਲ ਅਤੇ ਵਿਦਿਆਰਥੀ ਅਵਤਾਰ ਸਿੰਘ ਨੂੰ ਚੁਣਿਆ ਗਿਆ ਹੈ। 'ਡਿਪਟੀ ਹਾਊਸ ਲੀਡਰਸ' ਲਈ ਲੈਪਰਡ ਹਾਊਸ ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਪਲਕ ਅਤੇ ਵਿਦਿਆਰਥੀ ਏਕਮਜੀਤ ਸਿੰਘ ,ਲਾਇਨ ਹਾਊਸ ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਅਤੇ ਵਿਦਿਆਰਥੀ ਹਰਮਨਪ੍ਰੀਤ ਸਿੰਘ, ਜੈਗੂਆਰ ਹਾਊਸ ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਨਿਮਰਤਪਾਲ ਕੌਰ ਅਤੇ ਵਿਦਿਆਰਥੀ ਜਤਿਨ ਜਿੰਦਲ ,ਟਾਈਗਰ ਹਾਊਸ ਲਈ ਅੱਠਵੀਂ ਜਮਾਤ ਦੀ ਵਿਦਿਆਰਥਣ ਰੂਬੀ ਸ਼ਰਮਾ ਅਤੇ ਵਿਦਿਆਰਥੀ ਦਿਵਿਅਮ ਗੋਇਲ ਨੂੰ ਚੁਣਿਆ ਗਿਆ ਹੈ। ਇਸ ਮੌਕੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਬੱਚਿਆਂ ਨੂੰ ਜ਼ਿੰਮੇਵਾਰੀ ਦਾ ਮਹੱਤਵ ਸਮਝਾਇਆ ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਇੱਕ ਗੰਭੀਰ ਜ਼ਖ਼ਮੀ

ਸਮਾਣਾ, 7 ਮਈ (ਵਿਜੇ ਕੁਮਾਰ) : ਦੋਸਤ ਦੀ ਜਨਮ ਦਿਨ ਪਾਰਟੀ ਮਨਾ ਕੇ ਵਾਪਸ ਆ ਰਹੇ ਦੋਸਤਾਂ ਦਾ ਬਾਈਕ ਹਾਦਸਾ ਗ੍ਰਸਤ ਹੋਣ 'ਤੇ ਇੱਕ ਦੋਸਤ ਦੀ ਮੌਤ ਹੋ ਗਈ, ਜਦੋਂਕਿ ਦੂਜਾ ਗੰਭੀਰ ਜ਼ਖਮੀ ਹੋ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਘੱਗਾ ਪੁਲਿਸ ਦੇ ਏ.ਐਸ.ਆਈ ਸ਼ੇਰ ਸਿੰਘ ਨੇ ਦੱਸਿਆ ਕਿ ਜਗਦੀਪ ਸਿੰਘ ਨਿਵਾਸੀ ਪਾਤੜਾਂ ਆਪਣੇ ਦੋਸਤ ਬੀਰਬਲ ਸਿੰਘ ਨਿਵਾਸੀ ਪਿੰਡ ਕਾਹਨਗੜ੍ਹ ਦੇ ਨਾਲ ਪਿੰਡ ਕਲਵਾਣੂ 'ਚ ਕਿਸੇ ਦੋਸਤ ਦੀ ਜਨਮ ਦਿਨ ਦੀ ਪਾਰਟੀ ਉਪਰੰਤ ਬਾਈਕ 'ਤੇ ਸਵਾਰ ਹੋ ਕੇ ਵਾਪਸ ਆ ਰਹੇ ਸੀ, ਕਿ ਸਮਾਣਾ- ਪਾਤੜਾ ਸੜਕ ਤੇ ਘੱਗਾ ਨੇੜੇ ਬਾਈਕ ਦਾ ਸੰਤੁਲਨ ਵਿਗੜ ਜਾਣ ਕਾਰਨ ਹਾਦਸਾਗ੍ਰਸਤ ਹੋ ਗਿਆ। ਹਾਦਸੇ 'ਚ ਦੋਵੇਂ ਸੜਕ 'ਤੇ ਡਿੱਗ ਕੇ ਗੰਭੀਰ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਬੀਰਬਲ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ, ਜਦੋਂ ਕਿ ਜ਼ਖ਼ਮੀ ਜਗਦੀਪ ਸਿੰਘ ਨੂੰ ਇਲਾਜ ਲਈ ਪਟਿਆਲਾ ਦੇ ਇੱਕ ਨਿਜੀ ਹਸਪਤਾਲ ਦਾਖਲ ਕਰਵਾਇਆ ਗਿਆ।

## ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 7 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਰੇਸ਼ ਕੁਮਾਰ ਪੁੱਤਰ ਅਨੰਤ ਰਾਮ ਵਾਸੀ ਕਿਰਾਏਦਾਰ ਮਕਾਨ ਮਾਲਕ ਵਿੱਕੀ ਸੂਰਾ ਵਾਲਾ ਗੋਪਾਲ ਕਲੋਨੀ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇੰਸਪੈਕਟਰ ਜਸਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਵੱਡੀ ਨਦੀ ਸਨੌਰ ਰੋਡ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 710 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਪੰਜਾਬ ਦੇ ਪਾਣੀਆਂ 'ਤੇ ਪੈਂਦੇ ਡਾਕੇ ਨੂੰ ਕਦੇ ਬਰਦਾਸ਼ਤ ਨਹੀਂ ਕਰਾਂਗੇ : ਹਰਿਆਊ, ਚੀਮਾ, ਬੱਲੀ

ਸਮਾਣਾ, 7 ਮਈ (ਜਵੰਦਾ) : ਪੰਜਾਬ ਦੇ ਪਾਣੀ ਨੂੰ ਬੀ.ਬੀ.ਐੱਮ.ਬੀ. ਵਲੋਂ ਹਰਿਆਣਾ ਨੂੰ ਅਲਾਟ ਕਰਨ ਦੇ ਫੈਸਲੇ ਦੀ ਸਖ਼ਤ ਨਿੰਦਾ ਕਰਦਿਆਂ ਯੂਥ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ ਅਤੇ ਯੂਥ ਅਕਾਲੀ ਦਲ ਦੇ ਕੌਮੀ ਜਰਨਲ ਸਕੱਤਰ ਮਲਕੀਤ ਸਿੰਘ ਚੀਮਾ ਅਤੇ ਕੌਮੀ ਜਨਰਲ ਸਕੱਤਰ ਬਲਜਿੰਦਰ ਸਿੰਘ ਬੱਲੀ ਨੇ ਕਿਹਾ ਕਿ ਪੰਜਾਬ ਦੇ ਪਾਣੀ 'ਤੇ ਪੈਂਦੇ ਡਾਕੇ ਨੂੰ ਯੂਥ ਅਕਾਲੀ ਦਲ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦਾ



ਕਿਸਾਨ ਪਹਿਲਾਂ ਹੀ ਪਾਣੀ ਦੀ ਭਾਰੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਤੇ ਕਈ ਜ਼ਿਲਿਆਂ 'ਚ ਪਾਣੀ ਦੀ ਘਾਟ ਕਾਰਨ ਜ਼ਮੀਨਾਂ ਬੰਜਰ ਹੋਣ ਕਿਨਾਰੇ ਹਨ । ਨੰਗਲ ਡੈਮ ਪੰਜਾਬ ਦੀ ਧਰਤੀ 'ਤੇ ਸਥਿਤ ਹੈ, ਇਸ ਲਈ ਪਾਣੀ ਤੇ ਪਹਿਲਾ ਹੱਕ ਵੀ ਪੰਜਾਬ ਦਾ ਹੀ ਬਣਦਾ ਹੈ । ਇਸ ਲਈ ਯੂਥ ਅਕਾਲੀ ਦਲ ਇਹ ਗੱਲ ਸਪਸ਼ਟ ਕਰਦਾ ਹੈ ਕਿ ਪੰਜਾਬ ਦੇ ਪਾਣੀ ਨੂੰ ਦੂਜੇ ਰਾਜਾਂ ਨੂੰ ਦੇਣਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਮੋਦੀ ਕਾਲਜ ਵੱਲੋਂ ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਨਾਲ ਆਪਸੀ ਇਕਰਾਰਨਾਮੇ 'ਤੇ ਦਸਤਖ਼ਤ

ਪਟਿਆਲਾ, 7 ਮਈ (ਰੁਪਾਣਾ) : ਵਿਦਿਆਰਥੀਆਂ ਦੇ ਸਰੀਰਕ, ਮਾਨਸਿਕ, ਸਮਾਜਿਕ ਵਿਕਾਸ ਅਤੇ ਭਾਈਚਾਰਕ ਸੇਵਾ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁਲਤਾਨੀ ਮਲ ਮੋਦੀ ਕਾਲਜ ਨੇ ਭਾਰਤ ਸਕਾਊਟਸ ਐਂਡ ਗਾਈਡਜ਼, ਪੰਜਾਬ ਨਾਲ ਇੱਕ ਇਕਰਾਰਨਾਮੇ 'ਤੇ ਦਸਤਖਤ ਕੀਤੇ। ਇਸ ਇਕਰਾਰਨਾਮੇ ਮੁਤਾਬਿਕ ਮੋਦੀ ਕਾਲਜ ਦੇ ਵਿਦਿਆਰਥੀਆਂ ਨੂੰ ਸਕਾਊਟਿੰਗ ਗਤੀਵਿਧੀਆਂ, ਲੀਡਰਸ਼ਿਪ ਟ੍ਰੇਨਿੰਗ ਅਤੇ ਸਮਾਜਿਕ ਸੇਵਾ ਉਪਰਾਲਿਆਂ ਵਿੱਚ ਅਹਿਮ ਭੂਮਿਕਾ ਨਿਭਾਉਣ ਦਾ ਮੌਕਾ ਦੇਣ ਦੇ ਨਾਲ-ਨਾਲ ਮੋਦੀ ਕਾਲਜ ਦੇ ਹਰ ਕੋਰਸ ਵਿੱਚ ਭਾਰਤ ਸਕਾਊਟਸ ਐਂਡ ਗਾਈਡਜ਼ ਦੇ ਮੈਂਬਰ ਵਿਦਿਆਰਥੀਆਂ ਨੂੰ ਤਰਜੀਹ ਮਿਲੇਗੀ। ਕਾਲਜ ਪ੍ਰਿੰਸੀਪਲ ਡਾ. ਨੀਰਜ ਗੋਇਲ ਨੇ ਇਸ ਮੌਕੇ 'ਤੇ ਬੀ.ਐਸ.ਜੀ ਯੂਨਿਟ ਦੇ ਅਹੁਦੇਦਾਰਾਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਕਿਹਾ, ਸਾਨੂੰ ਭਾਰਤ ਸਕਾਊਟਸ ਐਂਡ ਗਾਈਡਜ਼ ਨਾਲ ਸਾਂਝਦਾਰੀ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ। ਇਹ ਇਕਰਾਰਨਾਮਾ ਸਾਡੇ ਵਿਦਿਆਰਥੀਆਂ ਨੂੰ ਲੀਡਰਸ਼ਿਪ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਜ਼ਰੂਰੀ ਗੁਣ ਵਿਕਸਤ ਕਰਨ ਲਈ ਵਧੀਆ ਮੌਕੇ ਦੇਵੇਗਾ। ਸਾਡਾ ਕਾਲਜ ਹਰ ਪੱਖੋਂ ਜ਼ਿੰਮੇਵਾਰ ਨਾਗਰਿਕ ਤਿਆਰ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ ਜੋ ਕਿ ਸਮਾਜ ਦੀ ਬਿਹਤਰੀ ਲਈ ਵਚਨਵੱਧ ਹੋਣ।ਸ੍ਰ. ਓਂਕਾਰ ਸਿੰਘ, ਸਟੇਟ ਆਰਗਨਾਈਜ਼ਰ ਕਮਿਸ਼ਨਰ, ਭਾਰਤ ਸਕਾਊਟਸ ਐਂਡ ਗਾਈਡਜ਼, ਪੰਜਾਬ ਨੇ ਇਸ ਮੌਕੇ ਤੇ ਮੋਦੀ ਕਾਲਜ ਦੀ ਬੀ.ਐੱਸ.ਜੀ ਯੂਨਿਟ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਤੇ ਜ਼ਿਲ੍ਹਾ ਸਕੱਤਰ ਸ੍ਰ. ਜਸਪਾਲ ਸਿੰਘ ਅਤੇ ਹੋਰ ਮਾਣਯੋਗ ਮੈਂਬਰਾਂ ਜਿਵੇਂ ਕਿ ਡੀ.ਟੀ.ਸੀ ਸ੍ਰ. ਰਣਜੀਤ ਸਿੰਘ, ਗਾਈਡ ਕੈਪਟਨ ਕਿਰਨਪਾਲ ਕੌਰ, ਡੀ.ਓ.ਸੀ ਸ੍ਰ..ਜਗਮੋਹਨ ਸਿੰਘ, ਸ਼੍ਰੀਮਤੀ ਸਿਮਰ, ਅਤੇ ਮੀਡੀਆ ਕੋਆਰਡੀਨੇਟਰ ਸੁਖਜੀਵਨ ਸਿੰਘ ਤੇ ਪਰਮਿੰਦਰ ਸਿੰਘ ਨੇ ਵੀ ਇਸ ਇਕਰਾਰਨਾਮੇ 'ਤੇ ਖੁਸ਼ੀ ਜ਼ਾਹਿਰ ਕੀਤੀ।ਡੀ.ਟੀ.ਸੀ ਸ੍ਰ.ਰਣਜੀਤ ਸਿੰਘ ਨੇ ਉਤਸ਼ਾਹ ਜ਼ਾਹਿਰ ਕਰਦਿਆਂ ਕਿਹਾ 'ਇਹ ਸਮਝੌਤਾ ਨੌਜਵਾਨਾਂ ਲਈ ਸਿੱਖਣ, ਸੇਵਾ ਕਰਨ ਅਤੇ ਸਮਾਜ ਨੂੰ ਨਵੀਂ ਦਿਸ਼ਾ ਦੇਣ ਲਈ ਸ਼ਾਨਦਾਰ ਮੰਚ ਪੇਸ਼ ਕਰਦਾ ਹੈ। ਇਸ ਸਮਾਗਮ ਦੌਰਾਨ ਸਟੇਜ ਪ੍ਰਬੰਧਨ ਦੀ ਕਾਰਵਾਈ ਡਾ. ਰੁਪਿੰਦਰ ਸਿੰਘ ਢਿੱਲੋਂ, ਰੋਵਰ ਸਕਾਊਟਸ ਲੀਡਰ ਵੱਲੋਂ ਬਾਖੂਬੀ ਨਬਾਈਈ ਗਈ ਅਤੇ ਡਾ. ਵੀਨੂ ਜੈਨ, ਰੇਜਰ ਸਕਾਊਟਸ ਲੀਡਰ ਵੱਲੋਂ ਪ੍ਰਭਾਵਸ਼ਾਲੀ ਤਰੀਕੇ ਨਾਲ ਇਸ ਸਮਾਗਮ ਦੀ ਦੇਖ-ਰੇਖ ਕੀਤੀ ਗਈ। ਕਾਲਜ ਵੱਲੋਂ ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਦੇ ਅਹੁਦੇਦਾਰਾਂ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤੇ ਗਏ।



## ਮਿਲੇਨੀਅਮ ਵਰਲਡ ਸਕੂਲ ਸਮਾਣਾ ਨੇ ਵਿਸ਼ਵ ਐਥਲੈਟਿਕਸ ਦਿਵਸ ਮਨਾਇਆ

ਸਮਾਣਾ, 7 ਮਈ (ਵਿਜੇ ਕੁਮਾਰ) : ਮਿਲੇਨੀਅਮ ਵਰਲਡ ਸਕੂਲ ਸਮਾਣਾ ਨੇ ਵਿਸ਼ਵ ਅਥਲੈਟਿਕਸ ਦਿਵਸ ਮਨਾਇਆ।ਇਸ ਸਮਾਗਮ ਵਿੱਚ ਵੱਖ-ਵੱਖ ਗ੍ਰੇਡਾ ਦੇ ਵਿਦਿਆਰਥੀਆਂ ਨੇ ਐਥਲੈਟਿਕ ਦੌੜਾਂ ਸਪ੍ਰਿੰਟ, ਲੰਬੀ ਦੂਰੀ ਦੀਆਂ ਦੌੜਾਂ ਅਤੇ ਰੀਲੇਅ ਦੌੜ ਵਿਚ ਹਿਸਾ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ। ਸਕੂਲ ਦੇ ਮੈਦਾਨ ਵਿੱਚ ਆਯੋਜਿਤ ਇੱਕ ਵਿਸ਼ੇਸ਼ ਪੁਰਸਕਾਰ ਸਮਾਰੋਹ ਵਿੱਚ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਮੈਡਲਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਚੇਅਰਮੈਨ ਡਾ. ਕੇ.ਕੇ. ਜੌਹਰੀ ਨੇ ਭਾਗੀਦਾਰਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਐਥਲੈਟਿਕਸ ਨਾ ਸਿਰਫ ਸਰੀਰ ਨੂੰ ਮਜਬੂਤ ਬਣਾਉਂਦਾ ਹੈ ਬਲਕਿ ਨੌਜਵਾਨ ਮਨਾਂ ਵਿੱਚ ਚਰਿੱਤਰ ਅਤੇ ਲਚਕੀਲਾਪਣ ਵੀ ਬਣਾਉਂਦਾ ਹੈ।ਸਾਡੇ ਵਿਦਿਆਰਥੀਆਂ ਦੀ ਅਜਿਹੀ ਉਤਸ਼ਾਹੀ ਭਾਗੀਦਾਰੀ ਦੇਖ ਕੇ ਖੁਸ਼ੀ ਹੁੰਦੀ ਹੈ। ਪ੍ਰਿੰਸੀਪਲ ਸ੍ਰੀਮਤੀ ਸਾਲਿਨੀ ਕਾਜਲਾ ਨੇ ਵੀ ਵਿਦਿਆਰਥੀਆਂ ਅਤੇ ਸਟਾਫ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਥਲੈਟਿਕਸ ਦਿਵਸ ਵਰਗੇ ਸਮਾਗਮ ਬੱਚਿਆਂ ਵਿੱਚ ਤੰਦਰੁਸਤੀ ਅਤੇ ਸਿਹਤਮੰਦ ਜੀਵਨ ਸੈਲੀ ਲਈ ਪਿਆਰ ਪੈਦਾ ਕਰਨ ਵਿੱਚ ਸਾਡੀ ਮਦਦ ਕਰਦੇ ਹਨ। ਉਨ੍ਹਾਂ ਦੀ ਸਖਤ ਮਿਹਨਤ ਸਕੂਲ ਦੀ ਸਰਬਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਦਾ ਪ੍ਰਤੀਬਿੰਬ ਹੈ।




## ਦਰਬਾਰ ਪੀਰ ਬਾਬਾ ਨੌਂ ਗਜਾ ਪਿੰਡ ਦੁੱਲੜ ਵਿਖੇ ਸਾਲਾਨਾ ਮੇਲਾ ਅੱਜ

ਸਮਾਣਾ, 7 ਮਈ (ਹਰਜਿੰਦਰ ਸਿੰਘ ਜਵੰਦਾ) : ਦਰਬਾਰ ਪੀਰ ਬਾਬਾ ਨੌਂ ਗਜਾ ਪਿੰਡ ਦੁੱਲੜ ਵਿਖੇ ਸਾਲਾਨਾ ਮੇਲਾ ਗੱਦੀ ਨਸ਼ੀਨ ਬਾਬਾ ਇਮਰਾਨ ਸ਼ਾਹ ਦੀ ਅਗਵਾਈ ਹੇਠ ਪਿੰਡ ਵਾਸੀਆਂ ਅਤੇ ਐਨ.ਆਰ.ਆਈਜ਼ ਵੱਲੋਂ ਆਉਣ ਵਾਲੀ 8 ਮਈ ਨੂੰ ਬਹੁਤ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਕਰਵਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਮੇਲੇ ਦੀਆਂ ਤਿਆਰੀਆਂ ਪਿਛਲੇ ਕਈ ਦਿਨਾਂ ਤੋਂ ਪੂਰੇ ਜ਼ੋਰਾਂ ਨਾਲ ਚਲ ਰਹੀਆਂ ਹਨ ਅਤੇ ਮੇਲੇ ਦੌਰਾਨ ਇਲਾਕੇ ਭਰ 'ਚੋਂ ਵੱਡੀ ਗਿਣਤੀ ਵਿਚ ਸੰਗਤਾਂ ਦਰਗਾਹ 'ਤੇ ਨਮਸਤਕ ਹੋਣ ਲਈ ਪੁੱਜਣਗੀਆਂ। ਇਸ ਮੌਕੇ ਚਾਦਰ ਚੜ੍ਹਾਉਣ ਦੀ ਰਸਮ ਸਵੇਰੇ 9 ਵਜੇ ਅਦਾ ਕੀਤੀ ਜਾਵੇਗੀ, ਉਪਰੰਤ ਅੱਖਾਂ ਚੈੱਕਅਪ ਅਤੇ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਕਰਵਾਏ ਜਾ ਰਹੇ ਸੱਭਿਆਚਾਰਕ ਪ੍ਰੋਗਰਾਮ ਮੌਕੇ ਨਾਮੀ ਵਿਸ਼ਵ ਪ੍ਰਸਿੱਧ ਗਾਇਕਾ ਜਸਵਿੰਦਰ ਬਰਾੜ ਹਾਜ਼ਰੀ ਭਰਨਗੇ ਅਤੇ ਆਪਣੀ ਗਾਇਕੀ ਰਾਹੀਂ ਸੰਗਤਾਂ ਦਾ ਮਨੋਰੰਜਨ ਕਰਨਗੇ। ਇਸ ਮੇਲੇ ਤੇ ਪਹੁੰਚਣ ਲਈ ਗੱਦੀ ਨਸ਼ੀਨ ਬਾਬਾ ਇਮਰਾਨ ਸ਼ਾਹ ਵੱਲੋਂ ਸਮੂਹ ਇਲਾਕਾ ਵਾਸੀਆਂ ਨੂੰ ਖੁੱਲ੍ਹਾ ਸੱਦਾ ਹੈ।

## ਸਾਬਕਾ ਮੰਤਰੀ ਧਰਮਸੋਤ ਦੀ ਰਿਹਾਇਸ਼ 'ਤੇ ਅੱਜ ਹੋਣ ਵਾਲੇ ਪ੍ਰੋਗਰਾਮ ਸਬੰਧੀ ਮੀਟਿੰਗ



ਨਾਭਾ, 7 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : 8 ਮਈ ਨੂੰ ਹਲਕਾ ਨਾਭਾ ਦੇ ਵਿੱਚ ਕਾਂਗਰਸ ਪਾਰਟੀ ਦੇ ਦਿੱਗਜ਼ ਆਗੂ ਜਿਨ੍ਹਾਂ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਪਾ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਬੜਿੰਗ, ਪਹੁੰਚ ਰਹੇ ਹਨ, ਜਿਸ ਨੂੰ ਲੈ ਕੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਰਿਹਾਇਸ਼ ਤੇ ਨਾਭਾ ਹਲਕੇ ਦੇ ਵਰਕਰਾਂ ਦਾ ਵੱਡਾ ਇਕੱਠ ਕਰ 8 ਮਈ ਦੇ ਪ੍ਰੋਗਰਾਮ ਸਬੰਧੀ ਮੀਟਿੰਗ ਕੀਤੀ ਗਈ। ਇਸ ਮੌਕੇ 'ਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਜੁੜੇਗਾ ਬਲਾਕ ਜਿੱਤੇਗੀ ਕਾਂਗਰਸ ਦੇ ਤਹਿਤ ਨਾਭਾ ਦੇ ਵਿੱਚ 8 ਮਈ ਨੂੰ ਇੱਕ ਵੱਡਾ ਇਕੱਠ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਤਿਆਰੀਆਂ ਵਿੱਢ ਦਿੱਤੀਆਂ ਹਨ। ਇਸ ਮੌਕੇ ਤੇ ਬਲਾਕ ਪ੍ਰਧਾਨ ਜ਼ਿਲ੍ਹਾ ਪ੍ਰਧਾਨ ਕਾਂਗਰਸ ਪਾਰਟੀ ਵੀ ਹਾਜ਼ਰ ਰਹੇ।

## 'ਨਟਾਸ' ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤੇ 273ਵੇਂ ਮਾਸਿਕ ਨਾਟਕ ਮੇਲੇ 'ਚ ਨਸ਼ਿਆਂ ਤੇ ਪ੍ਰਦੂਸ਼ਨ ਵਿਰੁੱਧ ਨਾਟਕ ਪੇਸ਼



ਪਟਿਆਲਾ, 7 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਜਗਤ ਪ੍ਰਸਿੱਧ ਦਾਨਵੀਰ, ਕਲਾ-ਸਰਪਰਸਤ ਡਾ: ਐਸ.ਪੀ. ਸਿੰਘ ਓਬਰਾਏ (ਦੁਬਈ) ਦੇ ਸਹਿਯੋਗ ਨਾਲ 11ਵਾਂ 'ਯੁੱਧ ਨਸ਼ਿਆ ਵਿਰੁੱਧ' ਅਤੇ 273ਵਾਂ ਮਾਸਿਕ ਗਾਰਡਨ ਥੀਏਟਰ ਨਾਟਕ ਮੇਲਾ ਅਤੇ ਵਿਸ਼ਵ ਹਾਸ ਦਿਵਸ ਜਸ਼ਨ, ਬਾਰਾਦਰੀ ਬਾਗ ਵਿਖੇ ਆਯੋਜਿਤ ਕੀਤੇ ਗਏ।ਮੁੱਖ ਮਹਿਮਾਨ ਆਰਕੀਟੈਕਟ ਐਲ.ਆਰ ਗੁਪਤਾ ਪ੍ਰਿੰਸੀਪਲ ਆਰਕੀਟੈਕਟ, ਯੂਨੀਕ ਆਰਕੀਟੈਕਟਸ ਅਤੇ ਵਿਸ਼ੇਸ਼ ਮਹਿਮਾਨ ਮੈਡਮ ਮਾਲਾ ਗੋਪਾਲ ਸੁਪਤਨੀ ਸੇਠ ਅਕਸ਼ੇ ਗੋਪਾਲ ਐਮ.ਡੀ. ਹੋਟਲ ਫਲਾਈ ਓਵਰ ਕਲਾਸਿਕ, ਸ. ਜਸਬੀਰ ਸਿੰਘ ਓਬਰਾਏ ਤੋਂ ਬਿਨਾ ਨਟਾਸ ਪ੍ਰਧਾਨ ਸ. ਗੁਰਬਚਨ ਸਿੰਘ ਕੱਕੜ, ਨਿਰਦੇਸ਼ਕ ਸ਼੍ਰੀ ਪ੍ਰਾਣ ਸੱਭਰਵਾਲ ਅਤੇ ਪ੍ਰਸ਼ੰਸ਼ਕਾਂ ਨੇ ਸ਼ਲੋਕਾਂ ਦੇ ਉਚਾਰਣ ਦੌਰਾਨ ਭਗਵਾਨ ਨਟਰਾਜ ਨੂੰ ਸ਼ਰਧਾਂਜਲੀ ਭੇਟ ਕਰਕੇ ਸਮਾਗਮ ਦਾ ਉਦਘਾਟਨ ਕੀਤਾ। ਆਰਕੀਟੈਕਟ ਸ਼੍ਰੀ ਗੁਪਤਾ ਅਤੇ ਮੈਡਮ ਮਾਲਾ ਗੋਪਾਲ ਨੇ ਕਰਮਵਾਰ 3100/- ਰੁਪਏ ਅਤੇ 2100/- ਰੁਪਏ ਨਟਾਸ ਨੂੰ ਨਕਦ ਉਪਹਾਰ ਭੇਟ ਕੀਤੇ। ਸ਼੍ਰੀ ਗੁਪਤਾ ਨੇ ਕਿਹਾ ਕਿ ਨਸ਼ਿਆ ਨੇ ਪੰਜਾਬ ਦੀ ਜਵਾਨੀ ਤਬਾਹ ਕਰ ਦਿੱਤੀ ਹੈ। ਨਸ਼ਾ ਵਿਉਪਾਰੀਆਂ ਅਤੇ ਤਸਕਰਾਂ ਨੂੰ ਸਜਾ ਮਿਲਣੀ ਜਰੂਰੀ ਹੈ। ਪੇਸ਼ ਨਾਟਕਾਂ ਚ ਡਾ. ਹਰਚਰਨ ਸਿੰਘ ਦੇ 'ਕਿਰਤ ਦਾ ਸਤਿਕਾਰ', ਪਾਂਧੀ ਨਨਕਾਨਵੀਂ ਦੇ 'ਲੱਖੀ ਸ਼ਾਹ ਵਣਜਾਰਾ' , ਪਰਿਆਵਰਣ ਸੰਭਾਲ ਤਹਿਤ 4 ਲਘੂ ਨਾਟਕ 'ਸਵੱਛਤਾ ਅਭਿਆਨ', 'ਪਾਣੀ ਹੈ ਤੋਂ ਪ੍ਰਾਣੀ ਹੈ', 'ਬਿਰਖ ਉਗਾਓ- ਬਿਰਖ ਬਚਾਓ' ਅਤੇ 'ਖੇਤਾਂ ਚ ਸੌ ਨਹੀਂ' ਤੋਂ ਬਿਨਾਂ ਡੀ.ਸੀ. ਪਟਿਆਲਾ ਡਾ: ਪ੍ਰੀਤੀ ਯਾਦਵ ਆਈ.ਏ.ਐਸ.ਦੀ ਪ੍ਰੇਰਨਾ ਸਦਕਾ ਤਿਆਰ ਸੁਨੀਤਾ ਸੱਭਰਵਾਲ ਵਲੋਂ ਲਿਖਿਤ ਅਤੇ ਪ੍ਰਾਣ ਸੱਭਰਵਾਲ ਵਲੋਂ ਨਿਰਦੇਸ਼ਤ ਬਹੁ ਚਰਚਿਤ 'ਯੁੱਧ ਨਸ਼ਿਆ ਵਿਰੁੱਧ' ਅਤੇ ਗੀਤ ਸੰਗੀਤ ਨੇ ਧੂੰਮਾਂ ਪਾਈਆਂ। ਨਟਾਸ ਵੱਲੋਂ ਨਾਮਵਰ ਕਲਾਕਾਰਾਂ ਗਾਇਕ- ਕੰਪੋਜ਼ਰ-ਐਕਟਰ ਗਿਲਦੀਪ ਟਿੰਮੀ, ਸੁਭਾਸ਼ ਭਗਤ, ਪਰਮਜੀਤ ਕੌਰ (ਪੰਮੀ), ਸਿਮਰਨਜੀਤ ਕੌਰ ਸਮਰਾ, ਬਲਜੀਤ ਚੰਦ, ਹਰਪਾਲ ਮਾਨ, ਅਕਸ਼ਤ ਖੰਨਾ, ਸੰਜੀਵ ਕੁਮਾਰ, ਬਲਵਿੰਦਰ ਸਿੰਘ ਅਤੇ ਪ੍ਰਬੰਧਕੀ ਅਤੇ ਟੈਕਨੀਕਲ ਟੀਮਾਂ ਦੇ ਮੈਂਬਰਾਂ ਨੂੰ 14050/- ਰੁਪਏ ਦੇ ਕੈਸ਼ ਅਵਾਰਡ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਸ. ਜੀ.ਐਸ. ਕੱਕੜ ਅਤੇ ਪ੍ਰੋਫੈਸਰ ਸੁਭਾਸ਼ ਸ਼ਰਮਾ ਨੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ। ਸ੍ਰ: ਜਸਬੀਰ ਸਿੰਘ ਓਬਰਾਏ ਵੱਲੋਂ ਸ. ਸੁਰਿੰਦਰ ਸਿੰਘ ਆਨੰਦ ਦੀ ਰਹਿਨੁਮਾਈ ਚ ਚਾਹ ਪਕੌੜੇ ਦਾ ਲੰਗਰ ਵਰਤਾਇਆ ਗਿਆ। ਨਟਾਸ ਵਲੋਂ ਸਹਿਯੋਗੀ ਸਰਪ੍ਰਸਤ ਸਖਸੀਅਤਾਂ ਡੀ.ਸੀ. ਪਟਿਆਲਾ ਡਾ: ਪ੍ਰੀਤੀ ਯਾਦਵ ਆਈ.ਏ.ਐਸ., ਡਾ. ਐਸ.ਪੀ. ਸਿੰਘ ਓਬਰਾਏ, ਫੁਲਕੀਆਂ ਪ੍ਰੈਸ, ਅਵਿਨਾਸ਼ ਮਹਿਤਾ ਪਟਿਆਲਾ ਸ਼ਾਹੀ ਲੱਸੀ, ਜਸਬੀਰ ਸਿੰਘ ਓਬਰਾਏ ਆਦਿ ਵਲੋਂ ਮਿਲੀ ਰਹਿਨੁਮਾਈ ਅਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

## ਗੁਰਮੀਤ ਸਿੰਘ, ਗਿੱਲ ਤੇ ਖੇੜਕੀ ਨੇ ਕੀਤੇ ਬੱਦਰੀਨਾਥ ਦੇ ਦਰਸ਼ਨ



ਸਮਾਣਾ, 7 ਮਈ (ਹਰਜਿੰਦਰ ਸਿੰਘ) : ਉੱਤਰਾਖੰਡ ਦੇ ਗਵਰਨਰ ਸ. ਗੁਰਮੀਤ ਸਿੰਘ, ਰਿਐਲਟੀ ਗਰੁੱਪ ਦੇ ਐਮ ਡੀ ਡੀ ਐਸ ਗਿੱਲ ਅਤੇ ਸਰਦਾਰ ਐਗਰੋਟੈਕ ਕੁਲਬੁਰਛਾਂ ਦੇ ਐੱਮ.ਡੀ. ਹਰਿੰਦਰ ਸਿੰਘ ਦਿਓਲ ਖੇੜਕੀ ਵੱਲੋਂ ਪਿਛਲੇ ਦਿਨੀਂ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਬਦਰੀਨਾਥ ਵਿਖੇ ਨਤਮਸਤਕ ਹੋ ਕੇ ਨਰੈਣ ਜੀ ਦੇ ਦਰਸ਼ਨ ਕੀਤੇ ਗਏ। ਇਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਦੇਸ਼ ਦੇਵਤਿਆਂ, ਗੁਰੂਆਂ, ਪੀਰਾਂ ਤੇ ਪੈਗੰਬਰਾਂ ਦੀ ਧਰਤੀ ਹੈ ਅਤੇ ਅਸੀਂ ਸੁਭਾਗ ਵਾਲੇ ਹਾਂ ਕਿ ਸਾਨੂੰ ਅਜਿਹੇ ਇਤਿਹਾਸਕ, ਧਾਰਮਿਕ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰੇਕ ਵਿਅਕਤੀ ਨੂੰ ਸਮਾਜ ਵਿਚ ਰਹਿੰਦਿਆਂ ਆਪਣੇ ਕੰਮਾਂ-ਕਾਜਾਂ ਤੋਂ ਵਿਹਲ ਕੱਢ ਕੇ ਗੁਰਧਾਮਾਂ ਦੇ ਦਰਸ਼ਨਾਂ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ। ਉਨ੍ਹਾਂ ਭਾਰਤ ਦੇਸ਼ ਦੇ ਕੋਨੇ-ਕੋਨੇ ਵਿਚ ਵੱਸਦੇ ਲੋਕਾਂ ਨੂੰ ਇਕ ਵਾਰ ਬਦਰੀਨਾਥ ਦੇ ਦਰਸ਼ਨਾਂ ਲਈ ਆਉਣ ਵਾਸਤੇ ਆਖਿਆ। ਇਸ ਮੌਕੇ ਉਨ੍ਹਾਂ ਵਲੋਂ ਬਦਰੀਨਾਥ ਦੇ ਆਸ-ਪਾਸ ਇਤਿਹਾਸਕ ਗੁਰਧਾਮਾਂ ਦੇ ਵੀ ਦਰਸ਼ਨ ਦੀਦਾਰ ਵੀ ਕੀਤੇ ਗਏ।



# ਪਟਿਆਲਾ-ਆਸ/ਪਾਸ



## ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਲੱਖਾਂ ਦੇ ਵਿਕਾਸ ਕਾਰਜ ਕੀਤੇ ਲੋਕ ਅਰਪਿਤ



ਪਾਤੜਾਂ, 7 ਮਈ (ਹਰਮਿੰਦਰ ਕਰਤਾਰਪੁਰ) : ਮੁੱਖ ਮੰਤਰੀ ਪੰਜਾਬ ਸ੍ਰ: ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਸ੍ਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸ਼ੁਤਰਾਣਾ ਤੋਂ ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸਰਕਾਰੀ ਹਾਈ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਲਵਾਣੂ ਵਿਖੇ ਲੱਖਾਂ ਰੁਪਏ ਦੀ ਗਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ।ਉਹਨਾਂ ਕਿਹਾ ਕਿ ਸਿੱਖਿਆ ਹੀ ਅਸਲ ਆਧਾਰ ਹੈ, ਜਿਸ ਰਾਹੀਂ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾ ਸਕਦਾ ਹੈ ।ਅੱਜ ਸਵੇਰ ਦੇ ਇਹਨਾਂ ਸਮਾਗਮਾਂ ਤੋਂ ਬਾਅਦ ਸਿੱਖਿਆ ਕ੍ਰਾਂਤੀ ਦੇ ਪ੍ਰੋਗਰਾਮ ਅਗਲੇ ਹੁਕਮਾਂ ਤੱਕ ਬੰਦ ਕਰ ਦਿੱਤੇ ਗਏ।ਵਿਧਾਇਕ ਸ੍ਰ. ਕੁਲਵੰਤ ਸਿੰਘ ਨੇ ਸਰਕਾਰੀ ਪ੍ਰਾਇਮਰੀ ਸਕੂਲ ਕਲਵਾਣੂ ਵਿਖੇ 7 ਲੱਖ 51 ਹਜ਼ਾਰ ਰੁਪਏ ਦੀ ਲਾਗਤ ਨਾਲ ਅਧੁਨਿਕ ਕਲਾਸ ਰੂਮ ਅਤੇ 1 ਲੱਖ 25 ਰੁਪਏ ਦੀ ਲਾਗਤ ਨਾਲ ਨਵੀਂ ਚਾਰ ਦੀਵਾਰੀ ਦੀ ਉਸਾਰੀ ਦਾ ਕੰਮ , ਸਰਕਾਰੀ ਹਾਈ ਸਕੂਲ ਮਵੀ ਕਲਾਂ ਵਿਖੇ 16 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਬੁਜ਼ਰਕ ਵਿਖੇ 1 ਲੱਖ 50 ਹਜ਼ਾਰ ਦੀ ਲਾਗਤ ਨਾਲ ਚਾਰਦੀਵਾਰੀ , 7 ਲੱਖ 51 ਹਜ਼ਾਰ ਦੀ ਲਾਗਤ ਨਾਲ ਨਵੇਂ ਕਮਰੇ ਦਾ ਉਦਘਾਟਨ ਕੀਤਾ। ਇਸਦੇ ਨਾਲ ਹੀ ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਦੇ ਸਪੁੱਤਰ ਹਰਮੀਤ ਸਿੰਘ ਵਿੱਕੀ ਨੇ ਸਰਕਾਰੀ ਐਲੀਮੈਂਟਰੀ ਸਕੂਲ ਕਲਵਾਣੂ ਵਿਖੇ 8 ਲੱਖ 76 ਹਜ਼ਾਰ ਅਤੇ ਸਰਕਾਰੀ ਹਾਈ ਸਕੂਲ ਕਲਵਾਣੂ ਵਿਖੇ 13 ਲੱਖ 7 ਹਜ਼ਾਰ ਦੀ ਲਾਗਤ ਨਾਲ ਨਵੇਂ ਆਧੁਨਿਕ ਕਲਾਸ ਰੂਮ , ਚਾਰਦੀਵਾਰੀ ਦਾ ਉਦਘਾਟਨ ਕੀਤਾ। ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ ਤਾਂ ਜੋ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਿਆ ਵਾਲਾ ਮਾਹੌਲ ਮਿਲ ਸਕੇ । ਇਸ ਮੌਕੇ ਸਕੂਲ ਪ੍ਰਬੰਧਨ ਅਤੇ ਸਥਾਨਕ ਨਿਵਾਸੀਆਂ ਨੇ ਵਿਧਾਇਕ ਕੁਲਵੰਤ ਸਿੰਘ ਦੀ ਪ੍ਰਸੰਸਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ । ਸਮਾਗਮ ਦੌਰਾਨ ਸਕੂਲ ਇੰਚਾਰਜ਼ ਸ੍ਰੀਮਤੀ ਰੂਬੀ ਘਈ, ਕੁਲਦੀਪ ਸਿੰਘ ਸਰਪੰਚ ਮਵੀ ਕਲਾਂ, ਐਸ.ਐਮ.ਸੀ. ਚੇਅਰਮੈਨ ਗੁਰਪ੍ਰੀਤ ਸਿੰਘ, ਸਮਾਜ ਸੇਵੀ ਗੁਰਪ੍ਰੀਤ ਸਿੰਘ, ਬੀਪੀਓ ਗੁਰਪ੍ਰੀਤ ਸਿੰਘ, ਬੀਐਨਓ ਭੂਸ਼ਣ ਕੁਮਾਰ, ਸੀਨੀਅਰ ਆਪ ਆਗੂ ਕੁਲਦੀਪ ਸਿੰਘ ਥਿੰਦ, ਸੋਨੀ ਠੇਕੇਦਾਰ, ਸਰਪੰਚ ਜਗਤਾਰ ਸਿੰਘ , ਕੁਲਦੀਪ ਸਿੰਘ ਥਿੰਦ ਪਾਤੜਾਂ, ਈਸ਼ਵਰ ਰਾਣਾ ਜ਼ਿਲ੍ਹਾ ਕੋਆਰਡੀਨੇਟਰ, ਰਣਜੀਤ ਸਿੰਘ ਵਿਰਕ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ, ਮਿੰਟੂ ਸਿੰਘ ਪ੍ਰਧਾਨ ਨਗਰ ਪੰਚਾਇਤ ਘੱਗਾ, ਸ਼ਕਤੀ ਗੋਇਲ ਮੀਤ ਪ੍ਰਧਾਨ ਘੱਗਾ, ਨੰਦ ਲਾਲ ਸ਼ਹਿਰੀ ਪ੍ਰਧਾਨ ਘੱਗਾ, ਗੁਰਪ੍ਰੀਤ ਸਿੰਘ ਵਰਮਾ ਬੀਪੀਓ ਸਮਾਣਾ, ਸੀ.ਐਚ.ਟੀ. ਗੁਰਮੀਤ ਸਿੰਘ, ਸੁਖਵਿੰਦਰ ਸਿੰਘ ਸਰਪੰਚ ਕਲਵਾਣੂ , ਮੁੱਖ ਅਧਿਆਪਕ ਸ੍ਰ. ਰਜਿੰਦਰ ਸਿੰਘ, ਬਲਜੀਤ ਸਿੰਘ ਤੋਂ ਇਲਾਵਾ ਪਿੰਡ ਦੇ ਪੰਚ, ਸਕੂਲ ਦੇ ਅਧਿਆਪਕ ਅਤੇ ਬੱਚਿਆਂ ਦੇ ਮਾਪੇ ਮੌਜੂਦ ਸਨ। ਵਿਧਾਇਕ ਸ੍ਰ. ਕੁਲਵੰਤ ਸਿੰਘ ਬਾਜ਼ੀਗਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਬਹੁਤ ਉਪਰਾਲੇ ਕਰ ਰਹੀ ਹੈ ਤਾਂ ਜੋ ਹਰੇਕ ਬੱਚੇ ਨੂੰ ਪੂਰਣ ਸਿੱਖਿਆ ਅਤੇ ਅਨੁਕੂਲ ਸਿੱਖਆ ਵਾਲਾ ਮਾਹੌਲ ਮਿਲ ਸਕੇ ।

## ਡਾ. ਬਲਬੀਰ ਸਿੰਘ ਤੇ ਜੌੜਾਮਾਜਰਾ ਨੇ ਸਮਾਣਾ-ਪਟਿਆਲਾ ਰੋਡ 'ਤੇ ਹੋਏ ਦਰਦਨਾਕ ਸੜਕ ਹਾਦਸੇ ਦੇ ਪੀੜਤ ਬੱਚਿਆਂ ਦਾ ਹਾਲ-ਚਾਲ ਜਾਣਿਆ

### ਸਕੂਲੀ ਬੱਚਿਆਂ ਦੀ ਸੁਰੱਖਿਆ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਡਾ. ਬਲਬੀਰ ਸਿੰਘ



ਪਟਿਆਲਾ/ਸਮਾਣਾ, 7 ਮਈ (ਰੁਪਾਣਾ/ਵਿਜੇ ਕੁਮਾਰ/ਜਵੰਦਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਮਾਣਾ-ਪਟਿਆਲਾ ਰੋਡ 'ਤੇ ਪਿੰਡ ਨੱਸੂਪੁਰ ਨੇੜੇ ਵਾਪਰੇ ਭਿਆਨਕ ਹਾਦਸੇ ਦੇ ਪੀੜਤ ਬੱਚਿਆਂ ਦਾ ਸਰਕਾਰੀ ਰਾਜਿੰਦਰਾ ਹਸਪਤਾਲ ਸਮੇਤ ਨਿਜੀ ਹਸਪਤਾਲ ਵਿੱਚ ਜਾ ਕੇ ਹਾਲ-ਚਾਲ ਜਾਣਿਆ। ਉਨ੍ਹਾਂ ਦੇ ਨਾਲ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਮੌਜੂਦ ਸਨ।ਇਸ ਮੌਕੇ ਸਿਹਤ ਮੰਤਰੀ ਨੇ ਮੈਡੀਕਲ ਸੁਪਰਡੈਂਟ ਤੇ ਸਿਵਲ ਸਰਜਨ ਨੂੰ ਹਦਾਇਤ ਕੀਤੀ ਕਿ ਫੱਟੜ ਬੱਚਿਆਂ ਦਾ ਇਲਾਜ ਮੁਫ਼ਤ ਕੀਤਾ ਜਾਵੇ ਤੇ ਇਲਾਜ ਪ੍ਰਬੰਧਾਂ ਵਿੱਚ ਕੋਈ ਕਮੀ ਨਾ ਆਉਣ ਦਿੱਤੀ ਜਾਵੇ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਲਾਜ ਅਧੀਨ ਬੱਚਿਆਂ ਦੇ ਵਾਰਸਾਂ ਦੀ ਦੇਖਭਾਲ ਕਰਨ ਲਈ ਵੀ ਯੋਗ ਪ੍ਰਬੰਧ ਕੀਤੇ ਜਾਣ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਇਸ ਦਰਦਨਾਕ ਹਾਦਸੇ ਵਿੱਚ ਆਪਣੀਆਂ ਜਾਨਾਂ ਅਜਾਂਈ ਗਵਾਉਣ ਵਾਲੇ 5 ਅਣਭੋਲ ਬੱਚਿਆਂ ਤੇ ਇਨੋਵਾ ਚਾਲਕ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੀੜਤ ਪਰਿਵਾਰਾਂ ਨਾਲ ਆਪਣੀ ਹਮਦਰਦੀ ਦਾ ਇਜ਼ਹਾਰ ਵੀ ਕੀਤਾ। ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਅਜਿਹੇ ਹਾਦਸਿਆਂ ਦਾ ਕਾਰਨ ਬਣਦੀ ਕਿਸੇ ਵੀ ਅਧਿਕਾਰੀ ਦੀ ਅਣਗਹਿਲੀ ਨੂੰ ਵੀ ਗੰਭੀਰਤਾ ਨਾਲ ਲੈ ਰਹੀ ਹੈ ਤੇ ਜ਼ਿੰਮੇਵਾਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਮੁਢਲੀ ਜਾਂਚ ਤੇ ਪ੍ਰਤੱਖ ਦਰਸੀਆਂ ਮੁਤਾਬਕ ਹਾਦਸੇ ਲਈ ਟਿੱਪਰ ਚਾਲਕ ਦੀ ਗਲਤੀ ਹੈ। ਉਨ੍ਹਾਂ ਕਿਹਾ ਕਿ ਬਹੁਤ ਛੋਟੇ-ਛੋਟੇ ਬੱਚਿਆਂ ਦੀਆਂ ਜਾਨਾਂ ਇਸ ਤਰ੍ਹਾਂ ਅਜਾਂਈ ਚਲੇ ਜਾਣੀਆਂ ਪਰਿਵਾਰਾਂ ਲਈ ਦੁੱਖਾਂ ਦਾ ਪਹਾੜ ਟੁੱਟਣ ਦੇ ਸਮਾਨ ਹੈ। ਡਾ. ਬਲਬੀਰ ਸਿੰਘ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਹ ਭਲਕੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਇੱਕ ਬੈਠਕ ਕਰਕੇ ਇਸ ਹਾਦਸੇ ਦੀ ਸਮੀਖਿਆ ਕਰਨਗੇ ਅਤੇ ਅਜਿਹੇ ਪ੍ਰਬੰਧ ਕਰਨੇ ਯਕੀਨੀ ਬਣਾਉਣਗੇ ਕਿ ਅਜਿਹੇ ਹਾਦਸੇ ਭਵਿੱਖ ਵਿੱਚ ਨਾ ਵਾਪਰਨ। ਉਨ੍ਹਾਂ ਕਿਹਾ ਕਿ ਹਾਲਾਂਕਿ ਸੇਫ਼ ਸਕੂਲ ਵਾਹਨ ਨੀਤੀ ਤਹਿਤ ਬੱਚਿਆਂ ਦੀ ਸਕੂਲੀ ਆਵਾਜਾਈ ਸੁਰੱਖਿਅਤ ਕਰਨ ਲਈ ਸਮੇਂ-ਸਮੇਂ 'ਤੇ ਲੋੜੀਂਦੇ ਕਦਮ ਵੀ ਚੁੱਕੇ ਜਾਂਦੇ ਹਨ, ਪਰੰਤੂ ਜਿਸ ਕਿਸੇ ਦੀ ਵੀ ਅਣਗਹਿਲੀ ਹੋਈ ਉਸ ਸਬੰਧੀ ਕਾਰਵਾਈ ਕੀਤੀ ਜਾਵੇਗੀ। ਜਿਕਰਯੋਗ ਹੈ ਕਿ ਅੱਜ ਦੁਪਹਿਰ ਸਮੇਂ ਸਮਾਣਾ-ਪਟਿਆਲਾ ਰੋਡ 'ਤੇ ਪਟਿਆਲਾ ਦੇ ਇੱਕ ਨਿਜੀ ਸਕੂਲ ਤੋਂ ਛੁੱਟੀ ਉਪਰੰਤ ਸਮਾਣਾ ਵਾਪਸ ਪਰਤ ਰਹੇ ਬੱਚਿਆਂ ਦੀ ਇਨੋਵਾ ਗੱਡੀ ਨਾਲ ਤੇਜ ਰਫ਼ਤਾਰ ਟਿੱਪਰ ਟਕਰਾਉਣ ਕਰਕੇ ਇਹ ਹਾਦਸਾ ਵਾਪਰ ਗਿਆ ਸੀ।

## ਪੰਜਾਬੀ ਯੂਨੀਵਰਸਿਟੀ ਵਿਖੇ ਲੇਖਕ ਹਰਲੀਨ ਸਿੰਘ ਦੀ ਪੁਸਤਕ 'ਤੇ ਚਰਚਾ



ਪਟਿਆਲਾ, 7 ਮਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਸਾਹਿਤ ਸਭਾ, ਅਤੇ ਅੰਗਰੇਜ਼ੀ ਵਿਭਾਗ ਦੀ ਲਿਟਰੇਰੀ ਸੁਸਾਇਟੀ ਵੱਲੋਂ ਲੇਖਕ ਹਰਲੀਨ ਸਿੰਘ ਦੀ ਪੁਸਤਕ 'ਦੀ ਲੌਸਟ ਹੀਰ ਵਿਮਨ ਇਨ ਕੋਲੋਨੀਅਲ ਪੰਜਾਬ' ਬਾਰੇ ਗੋਸ਼ਟੀ ਕਰਵਾਈ ਗਈ।ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਜਯੋਤੀ ਪੁਰੀ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਇਸ ਕਿਤਾਬ ਦਾ ਮੁੱਢ ਲੇਖਕ ਹਰਲੀਨ ਸਿੰਘ ਦੇ ਪਰਿਵਾਰ ਦੀਆਂ ਨਿੱਜੀ ਯਾਦਾਂ ਤੋਂ ਬੱਝਦਾ ਹੈ। ਉਨ੍ਹਾਂ ਦੱਸਿਆ ਕਿ ਵੰਡ ਵੇਲੇ ਹਰਲੀਨ ਸਿੰਘ ਦਾ ਪਰਿਵਾਰ ਵੀ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਲੋਕਾਂ ਵਿਚ ਸ਼ਾਮਲ ਸੀ। ਇਸ ਤਰ੍ਹਾਂ ਪਰਿਵਾਰ ਦੇ ਇਤਿਹਾਸ ਨੇ ਲੇਖਕ ਨੂੰ ਵੰਡ ਨਾਲ ਸੰਬੰਧਿਤ ਅਣਗੌਲਿਆ ਤੇ ਅਲਿਖਤ ਇਤਿਹਾਸ ਅਤੇ ਕਹਾਣੀਆਂ ਸਾਹਮਣੇ ਲਿਆਉਣ ਲਈ ਪ੍ਰੇਰਿਤ ਕੀਤਾ। ਡਾ. ਪੁਰੀ ਨੇ ਕਿਤਾਬ ਦੀ ਵਿਸ਼ੇਸ਼ਤਾ ਦੱਸਦੇ ਹੋਏ ਕਿਹਾ ਕਿ ਇਹ ਕਿਤਾਬ ਔਰਤਾਂ ਨੂੰ ਅਲੌਕਿਕ ਹੋਂਦ ਵਜੋਂ ਨਹੀਂ ਸਗੋਂ ਜੀਵੰਤ ਵਜੂਦ ਵਿਚ ਪੇਸ਼ ਕਰਦੀ ਹੈ। ਲੇਖਕ ਹਰਲੀਨ ਸਿੰਘ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਹਰ ਪੰਜਾਬੀ ਔਰਤ ਵਿਚ ਹੀਰ ਦਾ ਅੰਸ਼ ਸ਼ਾਮਿਲ ਹੈ ਕਿਉਂਕਿ ਹਰ ਪੰਜਾਬੀ ਔਰਤ ਦੇ ਜੀਵਨ ਵਿਚ ਹੀਰ ਵਾਂਗ ਸੰਘਰਸ਼ ਅਤੇ ਪ੍ਰਤੀਰੋਧ ਦੇਖਿਆ ਜਾ ਸਕਦਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਮੁਖ ਸਿੰਘ ਨੇ ਕਿਹਾ ਕਿ ਇਸ ਕਿਤਾਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸਦਾ ਅਚੰਭਿਤ ਕਰਨ ਵਾਲਾ ਅੰਸ਼ ਹੈ ਕਿਉਂਕਿ ਇਹ ਕਿਤਾਬ ਕਈ ਅਜਿਹੇ ਨਵੇਂ ਇਤਿਹਾਸਕ ਤੱਥ ਸਾਡੇ ਸਾਹਮਣੇ ਲਿਆਉਂਦੀ ਹੈ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕਦੇ ਸਾਡੀਆਂ ਔਰਤਾਂ ਅਜਿਹਾ ਜੀਵਨ ਵੀ ਜਿਉਂਦੀਆਂ ਰਹੀਆਂ ਹਨ।

## ਸੁਰਜੀਤ ਸਿੰਘ ਰੱਖੜਾ ਨੇ ਸਮਾਣਾ 'ਚ ਵਾਪਰੇ ਹਾਦਸੇ 'ਤੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ



ਪਟਿਆਲਾ, 7 ਮਈ (ਰੁਪਾਣਾ) : ਸਾਬਕਾ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਨੇ ਪਟਿਆਲਾ ਦੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ ਦੀ ਗੱਡੀ ਦੇ ਟਿੱਪਰ ਨਾਲ ਐਕਸੀਡੈਂਟ ਹੋਣ ਕਾਰਨ ਸੱਤ ਵਿਦਿਆਰਥੀਆਂ ਸਮੇਤ ਡਰਾਈਵਰ ਦੀ ਮੌਤ ਹੋਣ 'ਤੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਹੈ। ਘਟਨਾ ਵਾਲੀ ਜਗ੍ਹਾ ਦਾ ਦੌਰਾ ਕਰਨ ਉਪਰੰਤ ਸਾਬਕਾ ਮੰਤਰੀ ਰੱਖੜਾ ਸਿਵਲ ਹਸਪਤਾਲ ਪਹੁੰਚ ਕੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ। ਸਾਬਕਾ ਮੰਤਰੀ ਰੱਖੜਾ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ, ਇਸ ਦੁੱਖਦਾਈ ਘਟਨਾ ਨੇ ਸਭ ਦੇ ਹਿਰਦੇ ਵਲੂੰਧਰੇ ਹਨ।ਸ. ਰੱਖੜਾ ਨੇ ਇਸ ਮੰਦਭਾਗੀ ਘਟਨਾ ਦੇ ਦੁੱਖ ਦੇ ਚਲਦੇ ਸਥਾਨਕ ਵਾਸੀਆਂ ਨੂੰ ਵੀਰਵਾਰ ਨੂੰ ਮੁਕੰਮਲ ਸਮਾਣਾ ਬੰਦ ਕਰਕੇ ਸਰਧਾਂਜ਼ਲੀ ਦੇਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਸ. ਰੱਖੜਾ ਨੇ ਪੰਜਾਬ ਸਰਕਾਰ ਤੋਂ ਪੀੜਤ ਪਰਿਵਾਰਾਂ ਲਈ ਢੁੱਕਵੇਂ ਮੁਆਵਜ਼ੇ ਦੀ ਮੰਗ ਕੀਤੀ ਅਤੇ ਅਜਿਹੇ ਮੰਦਭਾਗੇ ਹਾਦਸੇ ਨਾ ਵਾਪਰਨ ਇਸ ਲਈ ਜ਼ਰੂਰੀ ਕਦਮ ਉਠਾਏ ਜਾਣ।

## ਮਿਲੇਨੀਅਮ ਸਕੂਲ 'ਚ ਲੜਕੀਆਂ ਲਈ ਸਵੈ-ਸੁਰੱਖਿਆ ਤਾਈਕਵਾਂਡੋ ਕੈਂਪ

### ☛ਕੋਚ ਸਤਵਿੰਦਰ ਸਿੰਘ ਤੇ ਪ੍ਰਧਾਨ ਅਰਵਿੰਦਰ ਸਿੰਘ ਸਵੈ ਰੱਖਿਆ ਕੈਂਪਾਂ ਰਾਹੀ ਸਮਾਜ ਨੂੰ ਦੇ ਰਹੇ ਨੇ ਵੱਡਮੁੱਲਾ ਯੋਗਦਾਨ



ਪਟਿਆਲਾ, 7 ਮਈ (ਅਮਰਜੀਤ) : ਬੱਚਿਆਂ ਨੂੰ ਸਵੈ ਰੱਖਿਅਕ ਬਣਾਉਣ ਦੇ ਮਕਸਦ ਨਾਲ ਦਾ ਮਿਲੇਨੀਅਮ ਸਕੂਲ ਪਟਿਆਲਾ ਵਿਚ ਸਵੈ ਰੱਖਿਅਕ ਦੇ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸਕੂਲ ਪ੍ਰਿੰਸੀਪਲ ਹਰਪ੍ਰੀਤ ਪੰਧੇਰ ਦੀ ਅਗਵਾਈ ਹੇਠ ਅਤੇ ਤਾਇਕਵਾਂਡੋ ਕੋਚ ਸਤਵਿੰਦਰ ਸਿੰਘ ਉਮੰਗ ਵੈਲਫੇਅਰ ਫਾਊਂਡੇਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ ਦੀ ਦੇਖ ਰੇਖ ਹੇਠ ਸਕੂਲ ਕੈਂਪਸ ਵਿਖੇ ਲਗਾਇਆ ਗਿਆ। ਇਸ ਮੌਕੇ ਪੁਸ਼ਪਾ ਦੇਵੀ ਰਿਟਾਇਰਡ ਇੰਸਪੈਕਟਰ ਪੰਜਾਬ ਪੁਲਿਸ ਮੁੱਖੀ ਵੂਮੈਨ ਸੈੱਲ ਵੀ ਸ਼ਾਮਲ ਹੋਏ । ਉਹਨਾਂ ਤੋਂ ਇਲਾਵਾ ਤੀਰਥ ਟੱਕਰ ਸੀਨੀਅਰ ਮੈਂਬਰ ਉਮੰਗ ਵੈਲਫੇਅਰ ਫਾਊਂਡੇਸ਼ਨ ਵੀ ਸ਼ਾਮਲ ਹੋਏ। ਸਕੂਲ ਪ੍ਰਿੰਸੀਪਲ ਹਰਪ੍ਰੀਤ ਪੰਧੇਰ ਵੱਲੋਂ ਇਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਪ੍ਰਿੰਸੀਪਲ ਹਰਪ੍ਰੀਤ ਪੰਧੇਰ ਨੇ ਕਿਹਾ ਕਿ ਸਵੈ ਸੁਰੱਖਿਆ ਕੈਂਪ ਦੇ ਸਮੇਂ ਦੀ ਲੋੜ ਹੈ ਤੇ ਇਸ ਦਾ ਸਮੇਂ-ਸਮੇਂ 'ਤੇ ਆਯੋਜਨ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੋਚ ਸਤਵਿੰਦਰ ਸਿੰਘ ਅਤੇ ਪ੍ਰਧਾਨ ਅਰਵਿੰਦਰ ਸਿੰਘ ਸਵੈ ਰੱਖਿਆ ਕੈਂਪਾਂ ਰਾਹੀ ਸਮਾਜ ਨੂੰ ਵਡਮੁੱਲਾ ਯੋਗਦਾਨ ਦੇ ਰਹੇ ਹਨ। ਇਸ ਕੈਂਪ ਦੀ ਦਿਲਚਸਪ ਗੱਲ ਇਹ ਹੈ ਕਿ ਇਸ ਕੈਂਪ ਵਿੱਚ ਮੁੱਖ ਮਹਿਮਾਨ ਪੁਸ਼ਪਾ ਦੇਵੀ ਅਤੇ ਉਨ੍ਹਾਂ ਖੁਦ ਵੀ ਬੱਚਿਆਂ ਨੂੰ ਸਿਖਲਾਈ ਦੇਣ ਲਈ ਯਤਨ ਕੀਤੇ ਅਤੇ ਪ੍ਰੈਕਟੀਕਲੀ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਜੋ ਇੱਕ ਖਿੱਚ ਦਾ ਕੇਂਦਰ ਵੀ ਬਣਿਆ। ਸਤਵਿੰਦਰ ਸਿੰਘ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਵੱਖ-ਵੱਖ ਤਕਨੀਕਾਂ ਸਿਖਾਈਆਂ ਗਈਆਂ।ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

## ਫ਼ਸਟਏਡ ਦੀ ਸਿਖਲਾਈ ਲਈ ਵਿਦਿਆਰਥੀਆਂ ਤੇ ਹਸਪਤਾਲ ਸਟਾਫ਼ ਲਈ ਲਗਾਇਆ ਜਾਗਰੂਕਤਾ ਸੈਸ਼ਨ



ਪਟਿਆਲਾ, 7 ਮਈ (ਚ.ਨ.ਸ.) : ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ.ਸੁਮੀਤ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਐਮ.ਕੈ.ਐਚ ਪਟਿਆਲਾ ਡਾ.ਵਿਕਾਸ ਗੋਇਲ ਦੀ ਕੁਆਰਡੀਨੇਸ਼ਨ ਹੇਠ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਅਤੇ ਡੀ.ਏ.ਵੀ ਪਬਲਿਕ ਸਕੂਲ ਵਿਖੇ ਜਾਗਰੂਕਤਾ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਐਮ.ਕੈ.ਐਚ ਦਾ ਸਟਾਫ, ਵਾਰਡ ਬੁਆਏ, ਸੁਰੱਖਿਆ ਕਰਮਚਾਰੀ, ਨਰਸਿੰਗ ਵਿਦਿਆਰਥੀ ਅਤੇ ਹਰ ਤਰ੍ਹਾਂ ਦੇ ਸਟਾਫ ਮੈਂਬਰਾਂ ਨੇ ਭਾਗ ਲਿਆ।ਇਸ ਸੈਸ਼ਨ ਦੌਰਾਨ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਜਖਮੀਆਂ ਦੀ ਸਿਹਤ ਸੰਭਾਲ, ਟਰੌਮਾਂ ਕੇਸ ਜਾਂ ਕਿਸੇ ਦੀ ਧੜਕਨ ਰੁਕਨ ਤੇ ਸੀ.ਪੀ.ਆਰ ਦੀ ਸਿਖਲਾਈ ਦਿੱਤੀ ਗਈ। ਇਸ ਮੌਕੇ ਅਮਨਦੀਪ ਸਿੰਘ ਜਿਲ੍ਹਾ ਮੈਨੇਜਰ ਅਤੇ ਐਫ.ਆਰ.ਪੀ ਟ੍ਰੇਨਰ ਜਸਵਿੰਦਰ ਸਿੰਘ 108 ਐਂਬੂਲੈਂਸ ਪੰਜਾਬ ਜੈਨ ਪਲੱਸ ਪ੍ਰਾਈਵੇਟ ਲਿਮਿਟਿਡ ਜ਼ੀਰਕਪੁਰ ਪੰਜਾਬ ਵੱਲੋਂ ਦੱਸਿਆ ਗਿਆ ਕਿ ਕਿਸੇ ਦੀ ਦਿਲ ਦੀ ਧੜਕਣ ਬੰਦ ਹੋਣ 'ਤੇ 30 ਵਾਰ ਚੈਸਟ ਕੰਪਰੈਸ਼ਨ ਦੇਣ ਤੋਂ ਬਾਦ 2 ਵਾਰ ਮੂੰਹ ਰਾਹੀਂ ਸਾਹ ਦਿੱਤਾ ਜਾਵੇ। ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਐਸ.ਜੇ ਸਿੰਘ, ਡੈਂਟਲ ਡਾ.ਬਲਜਿੰਦਰ ਸਿੰਘ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਬੀ.ਸੀ.ਸੀ ਕੁਆਰਡੀਨੇਟਰ ਜਸਬੀਰ ਕੌਰ, ਬੀ.ਈ.ਈ ਸ਼ਾਯਾਨ ਜ਼ਫਰ, ਐਸ.ਆਈ ਅਨਿਲ ਗੁਰੂ, ਪਰਮਜੀਤ ਸਿੰਘ,ਰਣ ਸਿੰਘ, ਸੀ.ਓ ਲਵਲਿੰਦਰ ਸਿੰਘ, ਐਲ.ਐਚ.ਵੀ ਅਨੀਤਾ, ਬਿੱਟੂ ਕੁਮਾਰ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਐਸ.ਬੀ.ਆਈ. ਸਵੈ-ਰੁਜ਼ਗਾਰ ਸਿਖਲਾਈ ਸੰਸਥਾ 'ਚ ਇੱਕ ਦਿਨਾ ਡੋਮੇਨ ਸਕਿੱਲ ਟਰੇਨਰ ਟੈਸਟ ਕਰਵਾਇਆ

ਪਟਿਆਲਾ, 7 ਮਈ (ਰੁਪਾਣਾ) : ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲ ਦੀ ਅਗਵਾਈ ਹੇਠ ਅੱਜ ਪਿੰਡ ਜੱਸੋਵਾਲ ਵਿਖੇ ਸਥਿਤ ਸਟੇਟ ਬੈਂਕ ਆਫ਼ ਇੰਡੀਆ ਦੇ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ ਵਿਖੇ ਇਕ ਦਿਨਾਂ ਡੋਮੇਨ ਸਕਿੱਲ ਟਰੇਨਰ ਟੈਸਟ ਕਰਵਾਇਆ ਗਿਆ। ਇਸ ਸਮਾਰੋਹ ਦਾ ਉਦਘਾਟਨ ਸ੍ਰੀਮਤੀ ਪਦਮਾਵਤੀ (ਡਿਪਟੀ ਨੈਸ਼ਨਲ ਕੰਟਰੋਲਰ ਐਨ.ਏ.ਆਰ. ਬੰਗਲੌਰ) ਅਤੇ ਪੰਜਾਬ ਦੇ ਕੰਟਰੋਲਰ ਆਰਸੇਟੀ ਸ੍ਰੀ ਰਜਤ ਉਤਰੇਜਾ ਨੇ ਕੀਤਾ। ਇਸ ਮੌਕੇ 'ਤੇ ਬੋਲਦਿਆਂ ਸ੍ਰੀਮਤੀ ਪਦਮਾਵਤੀ ਨੇ ਕਿਹਾ ਕਿ ਸਟੇਟ ਬੈਂਕ ਆਫ਼ ਇੰਡੀਆ ਦੇਸ਼ ਦੀ ਇੱਕ ਪ੍ਰਮੁੱਖ ਸੰਸਥਾ ਹੈ, ਜੋ ਭਾਰਤ ਦੇ ਹਰ ਕੋਨੇ ਅਤੇ ਕੋਨੇ ਵਿੱਚ ਸੇਵਾ ਕਰ ਰਹੀ ਹੈ। ਉਹਨਾਂ ਐਸ ਬੀ ਆਈ ਪਟਿਆਲਾ ਦੀ ਆਰਸੇਟੀ ਵਿਖੇ ਟੈਸਟ ਕਰਵਾਉਣ ਲਈ ਪੇਂਡੂ ਵਿਕਾਸ ਮੰਤਰਾਲੇ, ਭਾਰਤ ਸਰਕਾਰ ਅਤੇ ਨੈਸ਼ਨਲ ਅਕੈਡਮੀ ਆਫ਼ ਰੁਡਸੈਟੀ ਬੰਗਲੌਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨਵੇਂ ਡੀ.ਐਸ.ਟੀ. ਦੇ ਪ੍ਰਮਾਣੀਕਰਣ ਤੋਂ ਬਾਅਦ, ਆਰ.ਐਸ.ਈ.ਟੀ.ਆਈ ਨਵੇਂ ਖੇਤਰ ਵਿੱਚ ਸਿਖਲਾਈ ਪ੍ਰੋਗਰਾਮ ਕਰਵਾਏਗੀ ਅਤੇ ਵੱਧ ਤੋਂ ਵੱਧ ਪੇਂਡੂ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਨੌਕਰੀਆਂ ਬਹੁਤ ਘੱਟ ਹਨ ਅਤੇ ਪੇਂਡੂ ਅਬਾਦੀ ਦੀ ਰੋਜ਼ੀ-ਰੋਟੀ ਵਧਾਉਣ ਦਾ ਇੱਕ ਮਾਤਰ ਵਿਕਾਸ ਹੀ ਇੱਕ ਰਸਤਾ ਹੈ। ਉਨ੍ਹਾਂ ਨੇ ਭਾਰਤ ਦੇ ਪ੍ਰਮੁੱਖ ਬੈਂਕ ਸਟੇਟ ਬੈਂਕ ਆਫ਼ ਇੰਡੀਆ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ।ਸਮਾਰੋਹ ਵਿੱਚ ਸ੍ਰੀ ਰਜਤ ਉਤਰੇਜਾ ਪੰਜਾਬ ਸਟੇਟ ਕੰਟਰੋਲਰ ਆਰਸੈਟੀ ਨੇ ਡੋਮੇਨ ਸਕਿੱਲ ਟਰੇਨਰਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਅੱਜ ਦੇ ਟੈਸਟ ਤੋਂ ਬਾਅਦ ਤੁਸੀਂ ਅਲੱਗ ਅਲੱਗ ਆਰਸੇਟੀਆਂ ਵਿੱਚ ਜਾ ਕੇ ਨੌਜਵਾਨਾਂ ਨੂੰ ਵਧੀਆ ਤਰੀਕੇ ਦੇ ਨਾਲ ਸਕਿੱਲ ਦੇਣੀ ਹੈ ਤਾਂ ਜੋ ਉਹ ਭਾਰਤ ਦੇ ਅੱਛੇ ਨਾਗਰਿਕ ਬਣ ਸਕਣ। ਉਨ੍ਹਾਂ ਕਿਹਾ ਕਿ ਸਾਡਾ ਵਿਜ਼ਨ ਅਤੇ ਮਿਸ਼ਨ ਲਾਭਕਾਰੀ ਰੁਜ਼ਗਾਰ ਲਈ ਹੁਨਰ ਵਿਕਾਸ ਦੀ ਸਹੂਲਤ ਦੇਣਾ ਹੈ। ਇਸ ਪ੍ਰੋਗਰਾਮ ਵਿੱਚ ਐਸਬੀਆਈ ਆਰਸੈਟੀ ਦੇ ਸਮੂਹ ਸਟਾਫ਼ ਨੇ ਸ਼ਲਾਘਾਯੋਗ ਕੰਮ ਕੀਤਾ ।

## ਸੀਨੀਅਰ ਵਕੀਲ ਦੇ ਦੇਹਾਂਤ 'ਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਵੱਲੋਂ ਦੁੱਖ ਦਾ ਪ੍ਰਗਟਾਵਾ

### ਕੰਮ ਕਾਜ ਬੰਦ ਰੱਖਿਆ

ਪਟਿਆਲਾ, 7 ਮਈ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਮਨਵੀਰ ਸਿੰਘ ਟਿਵਾਣਾ ਦੀ ਅਗਵਾਈ ਹੇਠ ਸਮੂਹ ਬਾਰ ਦੇ ਮੈਂਬਰਾਂ ਅਤੇ ਹੋਰ ਸੀਨੀਅਰ ਅਤੇ ਜੂਨੀਅਰ ਵਕੀਲਾਂ ਵੱਲੋਂ ਸੀਨੀਅਰ ਵਕੀਲ ਸੁਧੀਰ ਕੁਮਾਰ (ਨੋਟਰੀ) ਦੇ ਅਚਾਨਕ ਸਵਰਗ ਸਿਧਾਰ ਜਾਣ ਕਾਰਨ ਅੱਜ ਸਮੂਹ ਵਕੀਲਾਂ ਵੱਲੋਂ ਆਪਣਾ ਕੰਮ ਕਾਜ ਬੰਦ ਰੱਖਿਆ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ।

## ਆਈ.ਐਮ.ਏ. ਨੇ ਸਿਵਲ ਸਰਜਨ ਨਾਲ ਕੀਤੀ ਮੁਲਾਕਾਤ



ਪਟਿਆਲਾ, 7 ਮਈ (ਰੁਪਾਣਾ/ਦੀਪਕ ਜੈਦਕਾ) : ਆਈਐਮਏ ਪਟਿਆਲਾ ਨੇ ਅੱਜ ਸਿਵਲ ਸਰਜਨ ਪਟਿਆਲਾ ਨਾਲ ਮੁਲਾਕਾਤ ਕੀਤੀ, ਜਿਸ ਵਿੱਚ ਪਾਕਿਸਤਾਨ ਨਾਲ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਵਧਦੇ ਤਣਾਅ ਦੇ ਮੌਜੂਦਾ ਹਾਲਾਤ ਨੂੰ ਧਿਆਨ ਵਿੱਚ ਰੱਖਦਿਆ ਗੱਲਬਾਤ ਹੋਈ। ਇੰਡੀਅਨ ਮੈਡੀਕਲ ਐਸੋਸੀਏਸ਼ਨ ਪਟਿਆਲਾ ਦੀ ਪ੍ਰਧਾਨ ਡਾ ਨਿਧੀ ਬਾਂਸਲ ਨੇ ਸਰਕਾਰ ਨੂੰ, ਹਰੇਕ ਮੈਂਬਰ ਵੱਲੋਂ, ਐਮਰਜੈਂਸੀ ਬੈਂਡ, ਉਪਕਰਣਾਂ, ਮੈਡੀਕਲ ਅਫਸਰਾਂ ਅਤੇ ਐਮਰਜੈਂਸੀ ਦਵਾਈਆਂ ਦੀ ਸਪਲਾਈ ਦੇ ਸੰਬੰਧ ਵਿੱਚ ਕਿਸੇ ਵੀ ਸਮੇਂ ਹਰ ਸੰਭਵ ਸਹਾਇਤਾ ਦੇਣ ਦਾ ਵਾਅਦਾ ਕੀਤਾ। ਡਾ. ਨਿਧੀ ਬਾਂਸਲ ਨੇ ਸਰਕਾਰੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ ਦੀ ਆਈਐਮਏ ਦੀ ਵਚਨਬੱਧਤਾ ਨੂੰ ਦੁਹਰਾਇਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਐਮਰਜੈਂਸੀ ਮੈਡੀਕਲ ਸੇਵਾਵਾਂ ਪ੍ਰਭਾਵਿਤ ਨਾ ਹੋਣ ਅਤੇ ਕਿਸੇ ਵੀ ਜੰਗ ਵੇਲੇ ਬਦਕਿਸਮਤੀ ਨਾਲ ਹੋਣ ਵਾਲੇ ਕਿਸੇ ਦੇ ਵੀ ਸ਼ਰੀਰਕ ਨੁਕਸਾਨ ਮਗਰੋਂ ਨਿੱਜੀ ਖੇਤਰ ਦੇ ਹਸਪਤਾਲਾਂ ਸਮੇਤ ਵੱਡੇ ਕਾਰਪੋਰੇਟ ਹਸਪਤਾਲਾਂ ਤੋਂ ਹਰ ਸੰਭਵ ਸਹਾਇਤਾ ਦਿਵਾਉਣ ਦਾ ਵੀ ਵਾਅਦਾ ਕੀਤਾ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੱਲੋਂ ਅੱਜ ਬੁਲਾਈ ਗਈ ਇਸ ਮੀਟਿੰਗ ਵਿੱਚ ਉਨ੍ਹਾਂ ਆਈਐਮਏ ਦੇ ਅਹੁਦੇਦਾਰਾਂ ਨੂੰ ਮੌਜੂਦਾ ਸਥਿਤੀ ਬਾਰੇ ਜਾਗਰੂਕ ਕੀਤਾ ਅਤੇ ਸਾਰੇ ਹਸਪਤਾਲਾਂ ਅਤੇ ਨਰਸਿੰਗ ਹੋਮਾਂ ਤੋਂ ਮੌਕ ਡ੍ਰਿਲਸ ਅਤੇ ਬਲੈਕਆਊਟ ਡ੍ਰਿਲਸ ਦੌਰਾਨ ਪੂਰੀ ਸਹਾਇਤਾ ਅਤੇ ਸਹਿਯੋਗ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਆਈਐਮਏ ਦੀ ਟੀਮ ਨੂੰ ਲੋੜ ਪੈਣ ਤੇ ਬੁਨਿਆਦੀ ਢਾਂਚੇ, ਐਮਰਜੈਂਸੀ ਬੈਡਾਂ, ਟਰੌਮਾ ਬੈਡਾਂ, ਬੈਕਅੱਪ ਸੇਵਾਵਾਂ ਅਤੇ ਐਂਬੂਲੈਂਸ ਸੇਵਾਵਾਂ ਦਾ ਪੂਰਾ ਡੇਟਾ ਪ੍ਰਦਾਨ ਕਰਨ ਅਤੇ ਹਰੇਕ ਹਸਪਤਾਲ ਦੇ ਨੋਡਲ ਅਫਸਰ ਦੇ ਨਾਲ ਹਰੇਕ ਹਸਪਤਾਲ ਵਿੱਚ ਉਪਲਬਧ ਐਮਰਜੈਂਸੀ ਮੈਡੀਕਲ ਅਫਸਰਾਂ, ਇੰਟੈਂਸੀਵਿਟਸ ਅਤੇ ਟਰੌਮਾ ਮੈਨੇਜਮੈਂਟ ਟੀਮਾਂ ਦੀ ਸੂਚੀ ਦੇਣ ਲਈ ਵੀ ਕਿਹਾ। ਇਸ ਮੌਕੇ ਸਕੱਤਰ ਡਾ ਅਮਨਦੀਪ ਬਖਸ਼ੀ ਨੇ ਮੀਡੀਆ ਨੂੰ ਦੱਸਿਆ ਕਿ ਸਮੂਹ ਮੈਂਬਰਾਂ ਵਲੋਂ ਹਰ ਸੰਭਵ ਤਰੀਕੇ ਨਾਲ ਬਿਨਾਂ ਸ਼ਰਤ ਸਹਾਇਤਾ ਦਿੱਤੀ ਜਾਵੇਗੀ।ਡਾ ਨਿਧੀ ਬਾਂਸਲ ਨੇ ਮੀਡੀਆ ਨੂੰ ਦੱਸਿਆ ਕਿ ਅੱਜ ਹੀ ਸਿਵਲ ਸਰਜਨ ਦਫ਼ਤਰ ਨੂੰ ਸਾਰਾ ਲੋੜੀਂਦਾ ਡੇਟਾ ਸਪਲਾਈ ਕਰ ਦਿੱਤਾ ਗਿਆ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਲਈ ਤਿਆਰ ਬਰ ਤਿਆਰ ਰਹਿਣ ਦੀ ਗੱਲ ਵੀ ਆਖੀ ਹੈ। ਇਸ ਮੀਟਿੰਗ ਦੌਰਾਨ ਆਈ ਐਮ ਆਈ ਦੇ ਸਾਬਕਾ ਪ੍ਰਧਾਨ ਡਾ ਜੇ ਪੀ ਐਸ ਸੋਢੀ ਅਤੇ ਅਤੇ ਡਾ ਹਰਸਿਮਰਨ ਤੁਲੀ ਦੇ ਨਾਲ ਵੱਡੇ ਕਾਰਪੋਰੇਟ ਹਸਪਤਾਲਾਂ ਦੇ ਨੁਮਾਇਦੇ ਵੀ ਮੌਜੂਦ ਰਹੇ।

## ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਲਗਾਇਆ ਕਿਸਾਨ ਸਿਖਲਾਈ ਕੈਂਪ

ਮਲੇਰਕੋਟਲਾ, 7 ਮਈ (ਚ.ਨ.ਸ.) : ਡਿਪਟੀ ਕਮਿਸ਼ਨਰ ਵਿਰਾਜ ਐਸ ਤਿੜਕੇ ਦੀਆਂ ਹਦਾਇਤਾਂ ਅਤੇ ਮੁੱਖ ਖੇਤੀਬਾੜੀ ਅਫਸਰ ਧਰਮਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਅਹਿਮਦਗੜ੍ਹ ਦੇ ਪਿੰਡ ਜਿੱਤਵਾਲ ਕਲਾਂ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।ਇਸ ਕੈਂਪ ਦੌਰਾਨ ਖੇਤੀਬਾੜੀ ਵਿਕਾਸ ਅਫ਼ਸਰ ਨਵਦੀਪ ਕੁਮਾਰ ਨੇ ਕਿਸਾਨਾਂ ਨੂੰ ਰਿਵਾਇਤੀ ਫਸਲੀ ਚੱਕਰ ਕਣਕ-ਝੋਨੇ ਨੂੰ ਛੱਡ ਕੇ ਫਸਲੀ ਵਿਭਿੰਨਤਾ ਅਧੀਨ ਮੱਕੀ ਦੀ ਕਾਸ਼ਤ ਕਰਨ ਸਬੰਧੀ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਕਿਸਾਨਾਂ ਨੂੰ ਮੱਕੀ ਉਗਾਉਣ ਲਈ ਪ੍ਰੇਰਿਤ ਕੀਤਾ। ਉਨਾਂ ਦੱਸਿਆ ਕਿ ਪੰਜਾਬ ਅਤੇ ਹੋਰਨਾਂ ਰਾਜਾਂ ਵਿੱਚ ਮੱਕੀ ਦੀ ਮੰਗ ਦਿਨ-ਬ-ਦਿਨ ਵੱਧ ਰਹੀ ਹੈ।ਉਹਨਾਂ ਕਿਹਾ ਕਿ ਈਥੇਨੋਲ ਪਲਾਂਟਾਂ, ਮੱਕੀ ਦਾ ਆਚਾਰ ਤਿਆਰ ਕਰਨ ਵਾਲੀਆਂ ਕੰਪਨੀਆਂ, ਗਊਸ਼ਾਲਾ, ਫੂਡ ਪ੍ਰੋਡਕਟ ਤਿਆਰ ਕਰਨ ਵਾਲੀਆਂ ਕੰਪਨੀਆਂ ਵਿੱਚ ਮੱਕੀ ਦੀ ਵਧੇਰੇ ਮੰਗ ਹੈ। ਬਾਜ਼ਾਰ ਦੀਆਂ ਇਸ ਤਰ੍ਹਾਂ ਦੀਆਂ ਮੰਗਾਂ ਦੀ ਪੂਰਤੀ ਕਰ ਕੇ ਕਿਸਾਨ ਮੱਕੀ ਦੀ ਕਾਸ਼ਤ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾ ਸਕਦਾ ਹੈ। ਇਸ ਕੈਂਪ ਦੌਰਾਨ ਖੇਤੀਬਾੜੀ ਉਪ-ਨਿਰਖਿਕ ਹਰਮਿੰਦਰ ਸਿੰਘ ਨੇ ਕਿਸਾਨਾਂ ਨੂੰ ਪੀ.ਐੱਮ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਈ.ਕੇ.ਵਾਈ.ਸੀ ਅਤੇ ਲੈਂਡ ਸੀਡਿੰਗ ਸਕੀਮਾਂ ਬਾਰੇ ਜਾਣੂੰ ਕਰਵਾਇਆ।

## ਸਾਂਝਾ ਅਧਿਆਪਕ ਮੋਰਚਾ ਨੇ ਮੰਗਾਂ ਦਾ ਹੱਲ ਨਾ ਹੋਣ ਦੇ ਰੋਸ ਵਜੋਂ ਕੀਤਾ ਰੋਸ ਪ੍ਰਦਰਸ਼ਨ



ਸਮਾਣਾ, 7 ਮਈ (ਅਮਿਤ ਸ਼ਰਮਾ) : ਸਾਂਝੇ ਅਧਿਆਪਕ ਮੋਰਚੇ ਪੰਜਾਬ ਇਕਾਈ ਸਮਾਣਾ ਦੇ ਆਗੂਆਂ ਜਸਵਿੰਦਰ ਸਿੰਘ ਸਮਾਣਾ, ਗੁਰਪ੍ਰੀਤ ਸਿੰਘ ਸਿੱਧੂ, ਮਨਜਿੰਦਰ ਸਿੰਘ ਗੋਲਡੀ, ਕਮਲ ਨੈਣ , ਪ੍ਰਗਟ ਸਿੰਘ, ਨਾਥ ਸਿੰਘ, ਪ੍ਰਵੀਨ ਕੌਰ, ਅਮਰੀਕ ਸਿੰਘ,ਗੁਰਵਿੰਦਰ ਸਿੰਘ ਖੰਗੂੜਾ, ਸੀਮਾ ਰਾਣੀ, ਨਵਦੀਪ ਕੁਮਾਰ ਸ਼ਰਮਾ ਕਕਰਾਲਾ, ਨਛੱਤਰ ਸਿੰਘ ਨੇ ਤਨਖਾਹਾਂ ਉੱਤੇ ਅਣ ਐਲਾਨੀ ਰੋਕ ਲਾਉਣ, ਸਕੂਲ ਮੁਖੀ ਦੇ ਇੰਚਾਰਜ ਨੂੰ ਸਸਪੈਂਡ ਕਰਨ ਅਤੇ ਅਧਿਆਪਕਾਂ ਦੀਆਂ ਮੰਗਾਂ ਹੱਲ ਨਾ ਕਰਨ ਦੇ ਰੋਸ ਵਜੋਂ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਪੰਜਾਬ ਦਾ ਪੁਤਲਾ ਫੂਕ ਕੇ ਰੋਸ ਪ੍ਰਦਸ਼ਨ ਕੀਤਾ ਗਿਆ । ਉਨ੍ਹਾਂ ਮੰਗ ਕੀਤੀ ਕਿ ਤਨਖਾਹਾਂ ਉੱਤੇ ਅਣਐਲਾਨੀ ਰੋਕ ਖਤਮ ਕਰਕੇ ਤਰੁੰਤ ਤਨਖਾਹ ਪਾਈ ਜਾਵੇ, ਸਸਪੈਂਡ ਅਧਿਆਪਕ ਬਹਾਲ ਕੀਤਾ ਜਾਵੇ । ਇਸ ਮੌਕੇ ਦੀਦਾਰ ਸਿੰਘ,ਪ੍ਰਭਾਤ ਵਰਮਾ, ਭੁਪਿੰਦਰ ਸਿੰਘ ਕੌੜਾ, ਗੁਰਵਿੰਦਰ ਸਿੰਘ ਤਰਖਾਣਮਾਜਰਾ, ਵੀਰਿੰਦਰ ਸਿੰਘ, ਜੁਗਪ੍ਰਗਟ ਸਿੰਘ, ਅਵਤਾਰ ਸਿੰਘ ਆਗੂਆਂ ਸਪੱਸ਼ਟ ਕੀਤਾ ਅਧਿਆਪਕ ਮੰਗਾ ਪੂਰੀਆਂ ਨਾ ਹੋਣ ਕਾਰਨ ਸਮੁੱਚੇ ਅਧਿਆਪਕਾਂ ਵਿੱਚ ਰੋਸ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਜੇਕਰ ਅਧਿਆਪਕਾਂ ਦੀਆਂ ਮੰਗਾਂ ਦਾ ਹੱਲ ਨਹੀਂ ਹੋਇਆ ਤਾਂ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ । ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਬੋਪਾਰਾਏ, ਸੁਰਜੀਤ ਸਿੰਘ ਕਕਰਾਲਾ, ਅਸ਼ਵਨੀ ਬਾਂਸਲ, ਗੁਰਵਿੰਦਰ ਸਿੰਘ ਗਹੀਰ, ਸੁਧੀਰ ਕੁਮਾਰ, ਦਰਸ਼ਨ ਕੁਮਾਰ ਸਰਬਜੀਤ ਸਿੰਘ, ਮਲਕੀਤ ਸਿੰਘ, ਧੀਰਜ ਕੁਮਾਰ, ਹਰਜਿੰਦਰ ਸਿੰਘ, ਸ਼ਾਲੂ ਰਾਣੀ ਅਰੁਣਾ ਰਾਣੀ, ਭਰਪੂਰ ਸਿੰਗਲਾ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ,ਸੁਚੇਤ ਕੌਰ,ਦੀਪਿਕਾ ਸ਼ਰਮਾ, ਮਲਕੀਤ ਕੌਰ, ਹਰਵਿੰਦਰ ਸਿੰਘ ਸੰਧੂ, ਸੰਦੀਪ ਕੁਮਾਰ, ਰੋਹਿਤ ਚੋਪੜਾ, ਗੁਰਵਿੰਦਰ ਸਿੰਘ, ਸੋਨੀਆ ਰਾਣੀ, ਅਮਨਦੀਪ ਕੌਰ, ਯੋਗਰਾਜ, ਅਨੂ ਗੁਪਤਾ, ਮਿਥੁਨ ਧੂਰੀ,ਗੁਰਪ੍ਰੀਤ ਕੌਰ, ਪਰਮਜੀਤ ਕੁਮਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਸਾਥੀ ਤੇ ਅਧਿਆਪਕਾਵਾਂ ਹਾਜ਼ਰ ਸਨ।

## ਆੜ੍ਹਤੀ ਐਸੋਸੀਏਸ਼ਨ ਨੇ ਚੇਅਰਮੈਨ ਜਰਨੈਲ ਸਿੰਘ ਮਨੂੰ ਨੂੰ ਦਿੱਤਾ ਮੰਗ ਪੱਤਰ



ਘਨੌਰ, 7 ਮਈ (ਰਾਜਿੰਦਰ ਸਿੰਘ ਕੰਬੋਜ) : ਆੜ੍ਹਤੀ ਐਸੋਸੀਏਸ਼ਨ ਘਨੌਰ ਵੱਲੋ ਮਾਰਕਿਟ ਕਮੇਟੀ ਘਨੌਰ ਦੇ ਚੇਅਰਮੈਨ ਜਰਨੈਲ ਸਿੰਘ ਮਨੂੰ ਨਾਲ ਆੜ੍ਹਤੀਆਂ ਵੱਲੋਂ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਉਹਨਾਂ ਵੱਲੋਂ ਅਨਾਜ ਮੰਡੀ ਘਨੌਰ ਦੇ ਦੋਵੇਂ ਐਂਟਰੀ ਗੇਟ ਬਣਾਉਣ ਸਬੰਧੀ ਕਿਹਾ ਗਿਆ ਅਤੇ ਅਨਾਜ ਮੰਡੀ ਦੇ ਫੜ੍ਹ ਵਿਚ ਵਾਧਾ ਕਰਨ ਬਾਰੇ ਮੰਗ ਕੀਤੀ ਗਈ ਅਤੇ ਹੋਰ ਆੜ੍ਹਤੀਆਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਗਿਆ। ਜਿਸ ਦੀ ਚੇਅਰਮੈਨ ਮਾਰਕਿਟ ਕਮੇਟੀ ਘਨੌਰ ਵੱਲੋਂ ਆੜ੍ਹਤੀਆਂ ਨੂੰ ਪੂਰਾ ਭਰੋਸਾ ਦਿਤਾ ਗਿਆ ਕਿ ਮੈਂ ਤੁਹਾਡੀਆਂ ਮੰਗਾਂ ਦਾ ਪਹਿਲ ਦੇ ਅਧਾਰ ਤੇ ਹੱਲ ਕਰਾਗਾਂ । ਇਸ ਮੌਕੇ ਸਕੱਤਰ ਮਾਰਕਿਟ ਕਮੇਟੀ ਘਨੌਰ ਸ੍ਰੀ ਨਰਿੰਦਰ ਪਾਲ ਸਿੰਘ ਬੜਿੰਗ ਮਾਰਕਿਟ ਕਮੇਟੀ ਘਨੌਰ,ਮੰਡੀ ਸੁਪਰਵਾਈਜ਼ਰ ਚਰਨਜੀਤ ਸਿੰਘ ਬਾਜਵਾ, ਮੰਡੀ ਸੁਪਰਵਾਈਜ਼ਰ ਕਰਨਵੀਰ ਸਿੰਘ, ਸੀਨਿਅਰ ਆਪ ਆਗੂ ਗੁਲਜਾਰ ਸਿੰਘ ਸਮੇਤ ਟੀਮ ਅਤੇ ਘਨੌਰ ਐਸੋਸੀਏਸ਼ਨ ਦੇ ਆੜ੍ਹਤੀ ਹਾਜ਼ਰ ਸਨ।

## ਪੀ.ਯੂ. ਕੰਟਰੈਕਟ ਅਧਿਆਪਕ ਐਸੋਸੀਏਸ਼ਨ (ਪੁਕਟਾ) ਵੱਲੋਂ ਲੜੀਵਾਰ ਭੁੱਖ ਹੜਤਾਲ ਸ਼ੁਰੂ

### ਸਿਰਫ ਕੰਟਰੈਕਟ ਅਧਿਆਪਕਾਂ ਨੂੰ ਹੀ ਰੱਖਿਆ ਜਾ ਰਿਹੈ ਵਾਂਝੇ



ਦੇਵੀਗੜ੍ਹ, 7 ਮਈ (ਗੁਰਜੀਤ ਸਿੰਘ ਢੋਟ) : ਪੰਜਾਬੀ ਯੂਨੀਵਰਸਿਟੀ ਕੰਟਰੈਕਟ ਅਧਿਆਪਕ ਐਸੋਸੀਏਸ਼ਨ (ਪੁਕਟਾ) ਨੇ ਬੁੱਧਵਾਰ ਤੋਂ ਅਪਣਾ ਧਰਨਾ ਤਿੱਖਾ ਕਰ ਦਿੱਤਾ ਹੈ। ਇਸਦੇ ਤਹਿਤ ਪੁਕਟਾ ਆਗੂਆਂ ਨੇ ਆਪਣੀ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਪੁਕਟਾ ਆਗੂਆਂ ਨੇ ਦੋਸ਼ ਲਾਇਆ ਕਿ ਯੂਨੀਵਰਸਿਟੀ ਨੇ ਕੰਟਰੈਕਟ ਅਧਿਆਪਕਾਂ ਨੂੰ ਛੱਡ ਕੇ ਬਾਕੀ ਸਭ ਅਧਿਆਪਕ ਸ਼੍ਰੇਣੀਆਂ ਉਤੇ ਯੂ.ਜੀ.ਸੀ. ਰੈਗੂਲੇਸ਼ਨ 2018 ਪੇ ਸਕੇਲ ਲਾਗੂ ਕਰ ਦਿੱਤਾ ਹੈ। ਯੂਨੀਵਰਸਿਟੀ ਸਰਕਾਰ ਨੂੰ ਹਨ੍ਹੇਰੇ ਵਿੱਚ ਰੱਖ ਕੇ ਸਰਕਾਰ ਨੂੰ ਬਦਨਾਮ ਕਰ ਰਹੀ ਹੈ। ਬੁੱਧਵਾਰ ਨੂੰ ਸ਼ੁਰੂ ਕੀਤੀ ਗਈ ਭੁੱਖ ਹੜ੍ਹਤਾਲ ਵਿੱਚ ਪੁਕਟਾ ਆਗੂ ਡਾ. ਲਵਦੀਪ ਸ਼ਰਮਾ, ਡਾ. ਬਲਜਿੰਦਰ ਸਿੰਘ ਅਤੇ ਡਾ. ਤੇਜਿੰਦਰ ਪਾਲ ਸਿੰਘ ਨੇ ਪੂਰਾ ਦਿਨ ਭੁੱਖੇ ਰਹਿ ਕੇ ਇਸ ਲੜੀਵਾਰ ਭੁੱਖ ਹੜ੍ਹਤਾਲ ਦੀ ਸ਼ੁਰੂਆਤ ਕੀਤੀ।ਪੰਜਾਬੀ ਯੂਨੀਵਰਸਿਟੀ ਅਧੀਨ ਕੰਮ ਕਰ ਰਹੇ 100 ਤੋਂ ਵੱਧ ਅਧਿਆਪਕਾਂ ਨੇ ਖੁੱਲ੍ਹ ਕੇ ਇਸ ਹੜ੍ਹਤਾਲ ਦੀ ਹਮਾਇਤ ਕੀਤੀ ਅਤੇ ਯੂਨੀਵਰਸਿਟੀ ਨੂੰ ਚੇਤਾਇਆ ਕਿ ਜੇਕਰ ਉਹਨਾਂ ਦੀ ਜਾਇਜ ਮੰਗ ਨਾ ਮੰਨੀ ਗਈ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਪੁਕਟਾ ਪ੍ਰਧਾਨ ਡਾ. ਤਰਨਜੀਤ ਕੌਰ ਨੇ ਦੱਸਿਆ ਕਿ ਕੰਟਰੈਕਟ ਅਧਿਆਪਕ ਯੂ.ਜੀ.ਸੀ. ਦੁਆਰਾ 2018 ਵਿੱਚ ਪ੍ਰਵਾਨਿਤ ਪੇ ਕਮਿਸ਼ਨ ਸਮੂਹ ਕੰਟਰੈਕਟ ਅਧਿਆਪਕਾਂ ਉਤੇ ਲਾਗੂ ਕਰਵਾਉਣ ਲਈ ਧਰਨਾ ਦੇ ਰਹੇ ਹਨ। ਯੂਨੀਵਰਸਿਟੀ ਅਥਾਰਟੀ ਆਪਣੇ ਕੀਤੇ ਗਏ ਵਾਅਦੇ ਉਤੇ ਬਿਲਕੁਲ ਵੀ ਖਰਾ ਨਹੀਂ ਉੱਤਰ ਰਹੀ ਹੈ। ਇਸ ਲਈ ਅੱਜ ਤੋਂ ਯੂਨੀਵਰਸਿਟੀ ਅਥਾਰਟੀ ਖਿਲਾਫ਼ ਲੜੀਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਅਧਿਆਪਕ ਆਗੂ ਡਾ. ਲਵਦੀਪ ਸ਼ਰਮਾਂ ਅਨੁਸਾਰ ਯੂਨੀਵਰਸਿਟੀ ਅਥਾਰਟੀ ਪੰਜਾਬ ਸਰਕਾਰ ਨੂੰ ਵੀ ਹਨ੍ਹੇਰੇ ਵਿੱਚ ਰੱਖ ਰਹੀ ਹੈ। ਅਧਿਆਪਕਾਂ ਦੀਆਂ ਬਾਕੀਆਂ ਸ਼੍ਰੇਣੀਆਂ ਦਾ ਪੇ ਸਕੇਲ ਯੂਨੀਵਰਸਿਟੀ ਨੇ ਅਪਣੇ ਪੱਧਰ ਉਤੇ ਵਧਾ ਦਿੱਤਾ ਹੈ ਪਰੰਤੂ ਕੰਟਰੈਕਟ ਅਧਿਆਪਕਾਂ ਬਾਰੇ ਸਰਕਾਰੀ ਕਾਲਜਾਂ ਦੇ ਨਿਯਮ ਦੱਸੇ ਜਾ ਰਹੇ ਹਨ। ਜਦਕਿ ਯੂਨੀਵਰਸਿਟੀ ਦੇ ਸਾਰੇ ਕੰਟਰੈਕਟ ਅਧਿਆਪਕ ਯੋਗ ਅਤੇ ਯੂ.ਜੀ.ਸੀ. ਦੀਆਂ ਸਾਰੀਆਂ ਸ਼ਰਤਾਂ ਅਤੇ ਨਿਯਮ ਪੂਰੇ ਕਰਦੇ ਹਨ। ਇਸ ਦੇ ਬਾਵਜੂਦ ਉਹਨਾਂ ਨੂੰ ਤਨਖਾਹ ਦੇਣ ਦੇ ਮਸਲੇ ਵਿੱਚ ਵੱਖ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਹਨਾਂ ਦੀ ਮੰਗ ਜਲਦੀ ਪੂਰੀ ਨਹੀਂ ਕੀਤੀ ਗਈ ਤਾਂ ਰੋਸ ਨੂੰ ਹੋਰ ਤਿੱਖਾ ਕੀਤਾ ਜਾਵੇਗਾ।